ਵਾਹਿਗੁਰੂ

ਦਰਸ਼ਨ

2

ਡਾ. ਸ਼ੇਰ ਸਿੰਘ ਐਮ. ਐਸ ਸੀ

ਤਤਕਰਾ

ਵਾਹਿਗੁਰੂ ਦਰਸ਼ਨ

ਭਾਗ ੨

ਸਿੱਕ ਅੰਕ

(ਸੰਖੇਪ)

(Consciousness of Separation)

ਏਸ ਅੰਕ ਵਿਚ ਗਵਾਚੀ-ਜਿੰਦੜੀ ਦਾ ਹਾਲ ਏ-ਤੱਤੀ ਲੂਠ ਹੋਈ ਜਿੰਦੜੀ ਦਾ! ਕੀਕਣ ਓਹ ਨਿਜ-ਘਰ ਛਡ ਕੇ ਮਾਇਆ ਵਿਚ ਫਸ ਗਈ-ਸੌਂ ਗਈ, ਜਾਗੀ ਤਾਂ ਵੀ ਉਨੀਂਦਰੀ, ਉਠੀ ਤਾਂ ਵੀ ਭਰਮਾਂ ਕੁੱਠੀ! ਜਿਥੇ ਜਿਥੇ ਗਈ ਤਿਥੇ ਤਿਥੇ ਓਹ ਸੂਤਰ, ਓਹ ਤੰਦ, ਓਹ 'ਸੁਰਤ-ਰੱਸੀ' ਨਾਲ। ਆਖਰ 'ਸੁਰਤ' ਨੇ ਡੁਬੜੀ-ਜਿੰਦੜੀ ਨੂੰ ਖਿਚ ਕੰਢੇ ਤਾ ਲਾਇਆ! ਕੰਢੇ ਚੜ੍ਹੀ, ਟੁਰੀ, ਪਰ ਬਿਖੈ-ਬਨ, ਭਾਵ ਸੰਸਾਰ ਵਿਚ ਫਸ ਗਈ। ਬਿਰਹੋਂ-ਕੁਠੀ ਜਦ ਜਾਗਦੀ ਏ ਤਾਂ ਆਪਣੀ ਸੇਜ ਅਕੇਲੀ ਵੇਖ ਕੇ ਮਹਾਂ-ਉਦਾਸ ਹੋ ਕੀਰਨੇ ਪਾਉਂਦੀ ਏ ਏਹ ਕੀਰਨੇ ਤੱਤੜੀ ਨੂੰ ਰਤਾ ਕੁ ਠੰਢਾ ਕਰਦੇ ਨੇ। ਸੁਰਤੀ ਦੀ ਸਿਖਰ ਤੇ ਚੜ੍ਹ ਹੁਣ ਚਿਰੀ-ਵਿਛੁੰਨੇ ਨੂੰ ਭਾਲਦੀ ਏ, ਪਰ ਅਜਾਂ ਪਿਆਰਾ ਦੂਰ ਏ। ਨੇੜੇ—ਪਰ ਫਿਰ ਭੀ ਸੈਂਕੜੇ ਕੋਹਾਂ ਦੂਰ !! ਅੰਦਰ-ਪਰ ਅੱਜਾਂ ਢੇਰ ਦੂਰ, ਕਿਧਰੇ ਬਾਹਰ (Transcendent)

ਸਿਕ-ਸਿਕੇਂਦੀ ਦੇ ਤਰਲੇ, ਹਾੜੇ ਤੇ ਹਾਵੇ (Sobs & Sighs) ਪ੍ਰਗਟ ਕਰਨ ਲਈ 'ਓ ਹਾੜਾ! ਹਾੜਾ!' ਦੇ ਅਖਰ ਵਰਤੇ ਗਏ ਨੇ—ਇਨ੍ਹਾਂ ਵਿਚ ਲੁਕੇ ਹੋਏ' ਬਿਰਹੋਂ-ਕੁਠੀ ਦੇ ਬੇਅੰਤ-ਕੀਰਨੇ। ਇਨ੍ਹਾਂ ਦਾ ਅੰਦਰ ਆਵਣਾ ਏਸ ਗੱਲ ਦੀ ਸੋਝੀ ਹੈ

ਜੋ ਜ਼ਿੰਦਗੀ (Soul) ਵਾਸਤਵ ਵਿਚ ਕਿਧਰੋਂ ਉਚੇਰੇ ਲੈਵਲ ਤੋਂ ਢਠੀ ਹੋਈ ਹੈ, ਤੇ ਓਹਨੂੰ ਲਭਣਾ ਯੋਗ ਏ। ਏਹ ਜਿੰਦੜੀ ਦੇ ਮੁੜਣ ਦੀ ਵਾਚਕ ਹੈ। ਇਹ ਕਾਇਆਂ-ਪਲਟਣ (Conversion) ਦੀ ਨੀਂਹ ਹੈ।

ਸਿਕ ਦੇ ਪਿਛੋਂ ਪ੍ਰੀਤੀ ਤੇ ਪਿਆਰ ਦੀ ਗੰਢ ਹੈ, ਫਿਰ 'ਸੁਰਤੀ' ਮਾਤਾ 'ਨਾਮ' ਦਾ ਝਲਕਾਰਾ ਦੇ ਕੇ ਸਾਨੂੰ ਵਾਹਿਗੁਰੂ ਜੀ ਨਾਲ ਗੰਢਦੀ ਹੈ : ਕੀਕਣ ? ਤੇ ਕੀ ਕੀ ਮਰਹਲੇ ਹਨ ? ਸ੍ਰੀ ਸਚਖੰਡ ਕੀ ਕੋਈ ਥਾਂ ਹੈ ਯਾ ਅਵਸਥਾ ? ਇਹਨਾਂ ਔਖੇ ਪ੍ਰਸ਼ਨਾਂ ਦੇ ਸੰਖੇਪ ਉਤਰ ਹਨ...ਅੰਤ ਨੂੰ ਏਕੰਕਾਰ ਦਰਸ਼ਨ ਹਨ।

ੴ ਸਤਿਗੁਰ ਪ੍ਰਸਾਦਿ ॥

ਸਿੱਕ-ਅੰਕ, ਬਿਖੈ ਬੱਨ ! ਸੁੱਤੀ-ਸੁਰਤੀ

੧.

ਆਹ ਟਾਹਣੀਓਂ ਟੁਟਾ ਫੁੱਲ !— ਕਦੀ ਦਮਕਦਾ ਤੇ ਵਿਗਸਦਾ, ਅੱਜ ਭੁਏਂ ਢਠਾ ਤੇ ਧੂੜੀ ਵਿਚ ਰੁਲਿਆ-ਪਠੁੱਲਿਆ ਤੇ ਕੁਮਲਾਇਆ ! ਓ ਨਿਮਾਣੀ-ਜਿੰਦੇ, ਕਦੇ ਤੂੰ ਅਰਸ਼ ਉਤੇ ਮੋਰਾਂ ਵਾਂਙ ਪਾਇਲਾਂ ਪਾਵੇਂ,ਤੇ ਅਜ ਕੋਹੜੀ ਕੋਹੜਕਿਰਲੀ ਵਾਂਙ ਮਿੱਟੀ ਚੱਟੇਂ ਤੇ ਕੀੜੇ ਖਾਂਏਂ ! ਓ ਨਿਮਾਣੀ ਜਿੰਦੇ,ਕਦੀ ਤੂੰ ਕਰਿਕਟੀਆਂ ਨਾਲ ਅੰਮ੍ਰਿਤ-ਕੁੰਡ ਵਿਚ ਨਹਾਣ ਜਾਏਂ ਤੇ ਅਜ ਤੂੰ ਢਠੇ ਹੋਏ ਖੂਹ ਵਿਚ ਸਿਰ-ਤਲੇ ਤੇ ਪੈਰ-ਉਤਾਂਹ ਲਟਕੇਂ ! ਓ ਨਿਮਾਣੀ ਜਿੰਦੇ,ਕਦੇ ਤੂੰ ਅਪ-ਸਰਾਂ ਬਣ ਰਾਜੇ ਇੰਦਰ ਦੇ ਨੰਦਨ-ਬਾਗ ਵਿਚ ਅਨੰਦ ਮਾਣੇਂ, ਤੇ ਅਜ ਪਾਤਾਲ ਵਿਚ ਕੁੰਭ ਕਰਨ ਦੀ ਕਮਬਖਤ ਲਾੜ੍ਹੀ ਬਣ ਸੁਤਿ-ਆਂ ਝਟ ਕਟੇਂ । ਓ ਸੋਹਲ ਜਿੰਦੇ, ਕਦੇ ਤੂੰ ਜੀਂਵਦੀ-ਜਾਗਦੀ ਥਰ ਥਰ ਕਰਦੀ, ਪਰ ਹਾਏ ਅਜ ਤੂੰ ਸੁੱਤੀ ਪੈਰ ਪਸਾਰ ਲੰਮੀਆਂ ਤਾਣ ਕੇ ! ਓ ਗਰਬ–ਗਹੇਲੀ ਜਿੰਦੇ, ਕਦੇ ਤੂੰ ਨੂਰ ਕੋਹਿਨੂਰ, ਅੱਜ ਤੂੰ ਕਾਲਾ ਕੋਲਾ, ਪਰ ਫਿਰ ਵੀ ਤੈਂਡੀ ਗਰਦਨ ਫੁੱਲ ਵਾਂਙ ਲਸ ਲਸ ਕਰਦੀ ਤੇ ਸੁਗੰਧ ਖਲੇਰਦੀ, ਅਜ ਤੂੰ ਲੂਠੀ ਅੰਗਾਰਾਂ ਵਿਚ ਤਪਦੀ ! ਓ ਮੋਹ-ਮਲਨ-ਜਿੰਦੇ, ਕਦੀ ਤੂੰ ਸੁਧ-ਚੇਤਨ ਅਨੰਦ-ਕੰਦ, ਅਜ ਤੂੰ ਅਵਾਣ, ਮੋਹ–ਧ੍ਰੋਹ ਵਿਚ ਨੱਕ ਨੱਕ ਡੁੱਬੀ,

ਆਪਣਾ ਆਪ ਨਾ ਜਾਣਦੀ ! ਓ ਕੁਚਲ–ਕਠੋਰ ਜਿੰਦੇ ! ਕਦੀ ਤੂੰ ਸੋਨੇ ਵਾਂਗ ਨਿਰਮਲ ਤੇ ਕੰਚਨ, ਅਜ ਤੂੰ ਕਚ-ਪਿਚ ਸਿੱਕੇ ਤੋਂ ਵੀ ਵਧੇਰੀ–ਸਿਥਲ ਤੇ ਕਾਲੀ-ਕਲੱਖਣ-ਖਾਣ ! ਓ ਕਾਲੀ-ਬੋਲੀ ਜਿੰਦੇ-ਕਦੀ ਤੂੰ ਹੂਰ–ਪਰੀ, ਚੰਨ ਵਾਂਙ ਚਮਕਦੀ, ਤਾਰਾ ਰਾਣੀ ਵਾਂਙ ਅਖ–ਮਟੱਕੇ ਮਾਰਦੀ, ਅਜ ਤੂੰ ਮਸਿਆ ਦੀ ਰਾਤ, ਹੱਥ ਤੇ ਰੱਖਿਆ ਹਥ ਨਾ ਪਛਾਣਦੀ । ਓ ਸਿਥਲ-ਜਿੰਦੇ ! ਕਦੀ ਤੂੰ ਸੂਰਜ-ਕਿਰਨਾਂ ਵਾਂਙ ਬੇਅੰਤ ਪੈਂਡੇ ਖਿਣ ਵਿਚ ਕਛਦੀ, ਅਜ ਤੂੰ ਠੂਹੇਂ ਵਾਂਙ ਢਿਡ ਦੇ ਭਾਰ ਰੀਂਗਦੀ ਤੇ ਵਿਸ-ਕੰਡੇ ਚੋਭਦੀ ! ਓ ਵਿਸ-ਭਰੀਏ ਜਿਦੇ, ਕਦੇ ਤੂੰ ਸੋਹਲ, ਗੋਰੀ, ਕੇਸਰ-ਕਿਆਰੜੀ, ਅੱਜ ਤੂੰ ਅੱਕ ਦੀ ਬਿਖ-ਭਰੀ ਖੱਖੜੀ; ਨਿਮ ਦੀ ਕੌੜੱਤਨ ਤੇ ਧਰੇਕਾਂ ਦੇ ਧਰਕਾਣੂ ! ਓ ਰਤਨਾਕਰ, ਜਿੰਦੇ, ਕਦੀ ਤੂੰ ਗੁਣ ਨਿਧਾਨ, ਹਭ–ਰਸ–ਮਾਣ, ਅੱਜ ਤੂੰ ਰਤ–ਪਿਤ-ਕੋੜ੍ਹੀ ਕੁਲਖਣੀ ਕੁਨਾਰ, ਡੈਣ, ਫਫੇਕੁਟਣ......ਪੂਤਨਾ......ਪਾਤਾਲ਼-ਵਾਸਣ ! ਓ ਹਾੜਾ ! ਬੈਕੰਠੋਂ ਡਿਗ ਪਾਤਾਲ ਵਿਚ ਜਾ ਲਟਕੀ ! ਓ ਸੋਨ–ਪਰੀ ਅਹਿਲਿਆ ਅਜ ਸੈਲ–ਪਥਰ ! ਓ ਰਾਮ–ਸੁਵਾਣੀ ਸੀਤਾ ਅਜ ਰਾਵਣ ਦੇ ਹੱਥ ! ਓ ਧਰੁਪਦ ਦੀ ਧੀ ਧ੍ਰੋਪਦੀ, ਪੰਚਾਲੀ ਅਜ ਪੰਜਾਂ ਪਾਂਡਵਾਂ ਸੰਗ ਬਾਂਧੀ ! ਓ ਹਾੜਾ, ਓ ਹਾੜਾ, ਓ ਹਾੜਾ...ਓ ਗਰਭ—ਗਹੇਲੜੇ ਹੀਅੜੜੇ ਮੋਰੜੇ...ਓ ਗਰਧਭ–ਭਸਮ–ਪ੍ਰੀਤ:—

ਰਤਨੁ ਤਿਆਗਿ ਕਉਡੀ ਸੰਗਿ ਰਚੈ ।
ਸਾਚੁ ਛੋਡਿ ਝੂਠ ਸੰਗਿ ਮਚੈ ।
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ।
ਜੋ ਹੋਵਨੁ ਸੋ ਦੂਰਿ ਪਰਾਨੈ ।
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ।
ਸੰਗਿ ਸਹਾਈ ਤਿਸੁ ਪਰਹਰੈ ।
ਚੰਦਨ ਲੇਪੁ ਉਤਾਰੈ ਧੋਇ ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ ।

ਅੰਧਕੂਪ ਮਹਿ ਪਤਿਤ ਬਿਕਰਾਲ ।
ਨਾਨਕ ਕਾਢਿ ਲੇਹੁ ਪ੍ਰਭ ਦਇਆਲ ।

ਮੇਰੀ ਜਿੰਦੜੀਏ ਅਰਸ਼ੋਂ ਢਠੀ ਤੇ ਖਜੂਰ ਵਿਚ ਅੜੀ, ਤੇ ਖਜੂਰੋਂ ਢਠੀ ਤੇ ਖੂਹ ਦੇ ਕੰਢੇ ਤੇ ਜਾ ਟਪਕੀ ! ਪਰ ਅੰਨ੍ਹੀ ਅਜਾਂ ਵੀ ਅੰਨ੍ਹੀ, ਤੇ ਉਤੋਂ ਕਾਲੀ ਬੋਲੀ ਮਸਿਆ ਦੀ ਰਾਤ, ਨਾ ਹੱਥ ਵਿਚ ਡੰਗੋਰੀ, ਨਾ ਅਖਾਂ ਵਿਚ ਜੋਤਨਾ...ਜੇ ਹੋਰ ਰਤਾ ਕੁ ਸਿਰਕੀ ਤਾਂ ਗੜ੍ਹੱਮ ਢੱਠੇ-ਖੂਹ ਵਿਚ ਜਾ ਡਿਗੀ ! ਓ ਹਾੜ੍ਹਾ, ਓ ਹਾੜ੍ਹਾ, ਓ ਵਿਲਕਦੀ ਲੁਛ ਲੁਛ ਕਰੇਂਦੜੀ ਜਿੰਦੜੀ ! ਓ ਕਦੀ ਬੋਦੀ ਵਾਲੇ ਤਾਰੇ ਵਾਂਙ ਅਰਸ਼ ਵਿਚ ਲੰਮੜੇ ਕੇਸ਼ ਖਿਲਾਰ ਮਟਕਦੀ,ਅਜ ਗੰਧਾਰੀ (ਧ੍ਰਿਤ–ਰਾਸ਼ਟਰ ਦੀ ਵਹੁਟੀ) ਵਾਂਙ ਅਖਾਂ ਤੇ ਬੱਧੀ ਹੋਈ ਘੁਟ-ਪੱਟੀ, ਤੇ ਢਠੀ ਡੂੰਘੇ ਖੂਹ ਵਿਚ ਗੋਤੇ ਖਾਂਵਦੀ ! ਓ ਮੇਰੀ ਜਿੰਦ-ੜੀਏ, ਕਦੇ ਤੂੰ 'ਉਰਵਸ਼ੀ' ਮਨਾਂ ਨੂੰ ਮੋਹਣ ਵਾਲੀ ਸੁੰਦਰੀ, ਅਜ ਮਤਹੀਨ, ਬਲਹੀਣ, ਰੂਪਹੀਣ, ਕੋਈ ਸਾਕ ਨਾ ਸਿੱਨਾ ! ਓ ਕਲ-ਮੁਕੱਲੀ ਜਿੰਦੜੀ, ਓਏ ਡਾਰੋਂ ਵਿਛੜੀ ਕੂੰਜ । ਓ ਭੁਲੀ ਭੇਡ, ਓ ਗਵਾਚੇ ਗੰਗਾ ! ਓ ਨਦੀ ਕੰਢੇ ਰੁਖੜਾ ! ਓ ਅਸਤ ਹੋਇਆ ਸੂਰਜ ! ......ਓ ਘੁਮਣ ਘੇਰਾਂ ਵਿਚ ਫਾਥੀ ਬੇੜੀ, ਉਤੋਂ ਝਖੜ ਤੇ ਵਾ-ਵਿਰੋਲੇ ਤੇ ਬੇੜੀ ਡਕਾ ਡੋਲੇ—

'ਮੋਕਉ ਬਾਂਹ ਦੇਹਿ ਬਾਂਹ ਦੇਹਿ, ਬਾਪ ਬੀਠਲਾ ।'
(ਬਸੰਤ ਨਾਮਦੇਵ ਜੀ)

੩

ਓ ਮੰਦਭਾਗਣ ਜਿੰਦੜੀ (ਵੇਖੋ ਬਾਈਬਲ ਦੀ ਗਾਥਾ ਆਤਮ ਦਰਸ਼ਨ ਵਿਚ ਜਾਂ ਬਾਈਬਲ ਅੰਕ ਵਿਚ) ਤੂੰ ਬਾਗਿ ਅਦਨ ਛਡ ਕੀਕਣ ਸੱਪ ਦੀਆਂ ਵਿਹੁ ਭਰੀਆਂ ਗਲਾਂ ਵਿਚ ਫਸ ਗਈ ? ਓ ਸੁਜਾਣ ਪਰ ਹਾਏ ਅੰਜਾਣ ਜਿੰਦੇ, ਤੂੰ ਕੀਕਣ ਜਾਣ

ਆਪਣਾ ਆਪ ਨਾ ਜਾਣਦੀ ! ਓ ਕੁਚਲ-ਕਠੋਰ ਜਿੰਦੇ ! ਕਦੀ ਤੂੰ ਸੋਨੇ ਵਾਂਗ ਨਿਰਮਲ ਤੇ ਕੰਚਨ, ਅਜ ਤੂੰ ਕਚ-ਪਿਚ ਸਿੱਕੇ ਤੋਂ ਵੀ ਵਧੇਰੀ-ਸਿਥਲ ਤੇ ਕਾਲੀ-ਕਲੱਖਣ-ਖਾਣ ! ਓ ਕਾਲੀ-ਬੋਲੀ ਜਿੰਦੇ-ਕਦੀ ਤੂੰ ਹੂਰ-ਪਰੀ, ਚੰਨ ਵਾਂਙ ਚਮਕਦੀ, ਤਾਰਾ ਰਾਣੀ ਵਾਂਙ ਅਖ-ਮਟੱਕੇ ਮਾਰਦੀ, ਅਜ ਤੂੰ ਮਸਿਆ ਦੀ ਰਾਤ; ਹੱਥ ਤੇ ਰੱਖਿਆ ਹਥ ਨਾ ਪਛਾਣਦੀ । ਓ ਸਿਥਲ-ਜਿੰਦੇ ! ਕਦੀ ਤੂੰ ਸੂਰਜ-ਕਿਰਨਾਂ ਵਾਂਙ ਬੇਅੰਤ ਪੌਂਡੇ ਖਿਣ ਵਿਚ ਕਛਦੀ, ਅਜ ਤੂੰ ਠੂਹੇਂ ਵਾਂਙ ਢਿਡ ਦੇ ਭਾਰ ਰੀਂਗਦੀ ਤੇ ਵਿਸ-ਕੰਡੇ ਚੋਭਦੀ ! ਓ ਵਿਸ-ਭਰੀਏ ਜਿਦੇ, ਕਦੇ ਤੂੰ ਸੋਹਲ, ਗੋਰੀ, ਕੇਸਰ-ਕਿਆਰੜੀ, ਅੱਜ ਤੂੰ ਅੱਕ ਦੀ ਬਿਖ-ਭਰੀ ਖੱਖੜੀ; ਨਿੰਮ ਦੀ ਕੌੜੱਤਣ ਤੇ ਥੂਰੇਕਾਂ ਦੇ ਧਰਕਾਨੂ ! ਓ ਰਤਨਾਕਰ, ਜਿੰਦੇ, ਕਦੀ ਤੂੰ ਗੁਣ ਨਿਧਾਨ, ਹਕ-ਭਸਮਾਣ, ਅੱਜ ਤੂੰ ਰਤ-ਪਿਣ-ਕੋੜ੍ਹੀ ਕੁਲਖਣੀ ਕੁਲਾਲ, ਡੈਣ, ਫਫੇਕੁਟਣ......ਪੂਤਨਾ......ਪਾਪ-ਪ੍ਰ-ਵਾਸ਼ਨ ! ਓ ਹਲਚਾ ! ਬੈਕੁੰਠੋਂ ਡਿਗ ਪਾਤਾਲ ਵਿਚ ਜਾ ਲਟਕੀ ! ਓ ਸੋਨ-ਪਰੀ ਅਹਿੱਲਿਆਏ ਅਜ ਸ਼ੈਲ-ਪਥਰ ! ਓ ਰਾਮ-ਸੁਵਾਣੀ ਸੀਤਾ ਅਜ ਰਾਵਣ ਦੇ ਹੱਥ ! ਓ ਧਰੁਪਦ ਦੀ ਧੀ ਧ੍ਰੋਪਦੀ, ਪੰਚਾਲੀ ਅਜ ਪੰਜਾਂ ਪਾਂਡਵਾਂ ਸੰਗ ਬਾਂਧੀ ! ਓ ਹਾੜਾ, ਓ ਹਾੜਾ, ਓ ਹਾੜਾ...ਓ ਗਰਭ—ਚਖੇਲੜੇ ਹੋਸ਼ਲੇੜੇ ਮੋਰਕੇ...ਓ ਗਰਧਭ-ਭਸਮ-ਪ੍ਰੀਤ:—

ਰਤਨੁ ਤਿਆਗਿ ਕਉਡੀ ਸੰਗਿ ਰਚੈ ।
ਸਾਚੁ ਛੋਡਿ ਝੂਠ ਸੰਗਿ ਮਚੈ ।
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ।
ਜੋ ਹੋਵਨੁ ਸੋ ਦੂਰਿ ਪਰਾਨੈ ।
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ।
ਸੰਗਿ ਸਹਾਈ ਤਿਸੁ ਪਰਹਰੈ ।
ਚੰਦਨ ਲੇਪੁ ਉਤਾਰੈ ਧੋਇ ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ ।

ਅੰਧਕੂਪ ਮਹਿ ਪਤਿਤ ਬਿਕਰਾਲ ।
ਨਾਨਕ ਕਾਢਿ ਲੇਹੁ ਪ੍ਰਭ ਦਇਆਲ ।

ਮੇਰੀ ਜਿੰਦੜੀਏ ਅਰਸ਼ੋਂ ਢਠੀ ਤੇ ਖਜੂਰ ਵਿਚ ਅੜੀ, ਤੇ ਖਜੂਰੋਂ ਢਠੀ ਤੇ ਖੂਹ ਦੇ ਕੰਢੇ ਤੇ ਜਾ ਟਪਕੀ ! ਪਰ ਅੰਨ੍ਹੀ ਅਜਾਂ ਵੀ ਅੰਨ੍ਹੀ, ਤੇ ਉਤੋਂ ਕਾਲੀ ਬੋਲੀ ਮਸਿਆ ਦੀ ਰਾਤ, ਨਾ ਹੱਥ ਵਿਚ ਡੰਗੋਰੀ, ਨਾ ਅਖਾਂ ਵਿਚ ਜੋਤਨਾ...ਜੇ ਹੋਰ ਰਤਾ ਕੁ ਸਿਰਕੀ ਤਾਂ ਗੜ੍ਹੱਮ ਢੱਠੇ-ਖੂਹ ਵਿਚ ਜਾ ਡਿਗੀ ! ਓ ਹਾੜਾ, ਓ ਹਾੜਾ, ਓ ਵਿਲਕਦੀ ਲੁਛ ਲੁਛ ਕਰੇਂਦੜੀ ਜਿੰਦੜੀ ! ਓ ਕਦੀ ਬੋਦੀ ਵਾਲੇ ਤਾਰੇ ਵਾਂਙ ਅਰਸ਼ ਵਿਚ ਲੰਮੜੇ ਕੇਸ਼ ਖਿਲਾਰ ਮਟਕਦੀ,ਅਜ ਗੰਧਾਰੀ (ਧ੍ਰਿਤ-ਰਾਸ਼ਟਰ ਦੀ ਵਹੁਟੀ) ਵਾਂਙ ਅਖਾਂ ਤੇ ਬੱਧੀ ਹੋਈ ਘੁਟ-ਪੱਟੀ, ਤੇ ਢਠੀ ਡੂੰਘੇ ਖੂਹ ਵਿਚ ਗੋਤੇ ਖਾਂਵਦੀ ! ਓ ਮੇਰੀ ਜਿੰਦ-ੜੀਏ, ਕਦੇ ਤੂੰ 'ਉਰਵਸ਼ੀ' ਮਨਾਂ ਨੂੰ ਮੋਹਣ ਵਾਲੀ ਸੁੰਦਰੀ, ਅਜ ਮਤਹੀਨ, ਬਲਹੀਣ, ਰੂਪਹੀਣ, ਕੋਈ ਸਾਕ ਨਾ ਸਿੰਨਾ ! ਓ ਕਲ-ਮੁਕੱਲੀ ਜਿੰਦੜੀ, ਓਏ ਡਾਰੋਂ ਵਿਛੜੀ ਕੂੰਜ । ਓ ਭੁਲੀ ਭੇਡ, ਓ ਗਵਾਚੀ ਗੰਗਾ ! ਓ ਨਦੀ ਕੰਢੇ ਰੁਖੜਾ ! ਓ ਅਸਤ ਹੋਇਆ ਸੂਰਜ ! ......ਓ ਘੁਮਣ ਘੇਰਾਂ ਵਿਚ ਫਾਥੀ ਬੇੜੀ, ਉਤੋਂ ਝਖੜ ਤੇ ਵਾ-ਵਿਰੋਲੇ ਤੇ ਬੇੜੀ ਡਕਾ ਡੋਲੇ—

'ਮੋਕਉ ਬਾਂਹ ਦੇਹਿ ਬਾਂਹ ਦੇਹਿ, ਬਾਪ ਬੀਠਲਾ ।'
(ਬਸੰਤ ਨਾਮਦੇਵ ਜੀ)

੩.

ਓ ਮੰਦਭਾਗਣ ਜਿੰਦੜੀ (ਵੇਖੋ ਬਾਈਬਲ ਦੀ ਗਾਥਾ ਆਤਮ ਦਰਸ਼ਨ ਵਿਚ ਜਾਂ ਬਾਈਬਲ ਅੰਕ ਵਿਚ) ਤੂੰ ਬਾਗਿ ਅਦਨ ਛਡ ਕੀਕਣ ਸੱਪ ਦੀਆਂ ਵਿਹੁ ਭਰੀਆਂ ਗਲਾਂ ਵਿਚ ਫਸ ਗਈ ? ਓ ਸੁਜਾਣ ਪਰ ਹਾਏ ਅੰਜਾਣ ਜਿੰਦੇ, ਤੂੰ ਕੀਕਣ ਜਾਣ

ਬੁਝ ਕੇ ਇਨ੍ਹਾਂ ਭੁਲ-ਭੁਲੱਈਆਂ ਵਿਚ ਫਸ ਗਈ ? ਓ ਸੁਤੰਤਰ, ਪਰ ਹਾਇ ਅਜ ਪ੍ਰਤੰਤਰ ਜਿੰਦੇ, ਤੂੰ ਖੁਲ੍ਹੀਆਂ ਛੂਟਾਂ ਮਾਰਨ ਵਾਲੀ ਅਜ ਕੀਕਣ ਬੰਧਨ ਦੇ ਬਿਖਰੇ ਜਾਲ ਵਿਚ ਅੜ ਗਈ ? ਓ ਗਰੜ ਸਵਾਰ, ਪਰ ਹਾਇ ਅਜ ਗਰਧਭ ਪਿਆਰ ਜਿੰਦੇ, ਤੂੰ ਕੀਕਣ ਅਟੱਲ ਦੇਸ਼ ਛਡ ਰਸਾਤਲ ਵਿਚ ਆ ਗਈ ? ਓ ਬੀਰ-ਬਹੁਟੀਏ, ਪਰ ਹਾਏ ਅਜ ਲਹੂ-ਲਿਬੜੀਏ, ਤੂੰ ਸੁਧਾ-ਰਸ ਛਡ ਕੀਕਣ ਅਜ 'ਅਘੋਰੀ' ਮਲਮੂਤ ਵਿਚ ਪਲਣ ਵਾਲੀ ਬਣ ਗਈ ? ਓ ਕਮਲ-ਫੁਲੜੀ ਜਿੰਦੇ, ਪਰ ਹਾਏ ਅਜ ਵਿਸ ਭਰੀ ਜਿੰਦੜੀ, ਤੂੰ ਕੀਕਣ ਉਹ ਰਸ ਛਡ ਏਸ ਰਸ-ਪਿਤ ਵਿਚ ਡੁਬ ਗਈ ? ਓ ਕਚਨ-ਕਾਇਆਂ ਜਿੰਦੇ, ਪਰ ਅਜ ਧੂੜੀ ਵਿਚ ਰੁਲੀ-ਪਰੁਲੀ ਜਿੰਦੇ ! ਤੂੰ ਕੀਕਣ ਚਿਕੜ ਵਿਚ ਫਸ ਗਈ ?

"ਤੂ ਕੈਸੇ ਆਿੜ ਫਾਥੀ ਜਾਲ ?"
"ਜਲ-ਤਰਤੀ ਬੂਡੀ ਜਲ ਮਾਹੀ ।"
"ਜਬ ਗਲਿ ਫਾਸ ਪੜੀ ਅਤਿ ਭਾਰੀ
ਊਡਿ ਨ ਸਾਕੈ ਪੰਖ ਪਸਾਰੀ ।" (ਮਲਾਰ ਮ: ੫)

ਓਏ ਜਿੰਦੇ, ਹਥਾਂ ਵਿਚ ਹਥ-ਕੜੀਆਂ ਪੈਰਾਂ ਵਿਚ ਲੋਹੇ ਦੀਆਂ ਬੇੜੀਆਂ ਤੇ ਗਲ ਵਿਚ ਸਿਕੇ ਦੀਆਂ ਹਸੀਰੀਆਂ । ਓ ਡੁਬਦੀ ਜਿੰਦੇ ! ਓ "ਮਾਇਆ-ਮੋਹ ਪਗੁ ਨਹੀਂ ਚਾਲੈ ।" ਓ ਚਿਕੜ-ਫਾਥੀਏ ਜਿੰਦੇ ! ਓ ਰੁਲ-ਪਰੁਲੀ ਕਾਇਆਂ !

"ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਊਪਰਿ ਛਾਰੋ।
ਤੂੰ ਕਾਇਆ ਰਹੀਅਹਿ ਸੁਪਨੰਤਰਿ
ਤੁਧ ਕਿਆ ਕ਼ਰਮ ਕਮਾਇਆ !
ਹਲਤਿ ਨ ਸੋਭਾ ਪਲਤਿ ਨ ਢੋਈ
'ਅਹਿਲਾ' ਜਨਮ ਗਵਾਇਆ ।"
(ਗਉੜੀ ਚੇਤੀ ਮ: ੫)

ਓ ਅਹਿਲ-ਐਹਲੀਆ, ਅਹਿਲਾ ਜਨਮ ਗਵਾਇਆ ।
ਓ ਹਾੜਾ, ਓ ਹਾੜਾ, ਓ ਹਾੜਾ !

੪.

ਓ ਕੰਚਨ ਜਿੰਦੇ, ਅਜ ਕੋੜ੍ਹੀ ਇੰਦਰ ਵਾਂਗ ਸਹੰਸ ਭੱਗ ਧਾਰੀ ! ਓ ਜਿੰਦੇ, ਅਜ ਪਰੀਆਂ ਦਾ ਰੂਪ ਛਡ ਡੈਣ ਬਣ ਬੈਠੀ, ਮੂੰਹ ਕਾਲਾ ਤੇ ਵਾਲ ਖੁਲ੍ਹੇ, ਪੈਰ ਪੁਠੇ ਪਿਛਾਂਹ ਟੁਰਦੇ । ਓ ਪਿੱਛਾਂ-ਖਿੱਚੂ ਕਾਇਆਂ ! ਇਕ ਡੈਣ ਤੇ ਦੂਜਾ ਦਰਿੰਦਿਆਂ ਵਿਚ ਵਾਸਾ, ਕਾਮ ਕਰੋਧ ਦੇ ਬਿਕਰਾਲ ਬਘਿਆੜ ਰਿੱਛ ਤੇ ਚੀਤੇ ! ਓ ਡੈਣੇਂ, ਮਦ ਦਾ ਠੂਠਾ ਪਿਆਲਾ ਤੇਰੇ ਹਥ ਵਿਚ ਤੇ ਕੁਤੇ ਕੁਤੀਆਂ ਤੈਂਡੇ ਨਾਲ । ਓਏ ਅਗਿਆਨ ਦਾ ਵਡਾ ਭਲਕਾ ਕੁਤਾ ਤੇ ਰਾਗ ਦਵੈਸ਼ ਦੀਆਂ ਦੋ ਬੂਲੀ-ਕੁਤੀਆਂ । ਓਏ ਤੈਂਡਾ ਰੂਪ ਡਰਾਵਣਾ, ਬੋਲ ਕਰਾਰੇ, ਖਰ੍ਹਵੇ, ਵਿਸ ਭਰੇ । ਓ ਢਿਡ-ਚੀਰਨੀ ਡੈਣ, ਓ ਗਜ਼ ਗਜ਼ ਲੰਮੇ ਦੰਦ, ਹੜਬਾਂ ਉਭਰੀਆਂ, ਸਤੋਗੁਣ ਨੂੰ ਚਿਥਦੀ ਤੇ ਥੁਕਦੀ, ਪਰ ਲਬ-ਲੋਭ ਦੇ ਮੁਰਦਾਰ ਖਾ ਕੇ ਵਿਗਸਦੀ । ਹਾਏ ਹਾਏ ਇਹ ਡਰਾਵਣਾ ਵੇਸ ਤੇ ਡਰਾਵਣਾ ਦੇਸ਼—ਠਗਾਂ ਦੀ ਧਰਤੀ ਤੇ ਉਤੋਂ ਉਹ ਤਾੜਦਾ, ਓ ਕਾਲਾਬੋਲਾ 'ਯਮਰਾਜ', ਅਖਾਂ ਲਾਲ ਤੇ ਲਹੂ-ਵੀਟਦੀਆਂ । ਓ ਧਰਮ ਰਾਜ ਤੈਂਡਾ ਅਜ ਅਤੀ ਡਰਾਵਣਾ ਧਾਣਕ ਰੂਪ ਤੇ ਓ ਮਲੂਕ-ਜਿੰਦੇ ਤੈਂਡਾ ਅਜ ਮੈਲਾ-ਕੁਚੈਲਾ ਵੇਸ । ਓ ਹਾੜਾ, ਓ ਹਾੜਾ, ਓ ਹਾੜਾ—

"ਏਕ ਸੁਆਨੁ, ਦੋਇ ਸੁਆਨੀ ਨਾਲਿ ।
ਭਲਕੇ ਭਉਕਹਿ ਸਦਾ ਬਇਆਲਿ ॥
ਕੂੜ ਛੁਰਾ ਮੁਠਾ ਮੁਰਦਾਰਿ ॥
ਧਾਣਕ ਰੂਪਿ ਰਹਾ ਕਰਤਾਰ ।
ਕਾਮ ਕਰੋਧ ਤਨਿ ਵਸਹਿ ਚੰਡਾਲ ।
ਧਾਣਕ ਰੂਪਿ ਰਹਾ ਕਰਤਾਰ ।

ਫਾਹੀ ਸੁਰਤਿ ਮਲੂਕੀ ਵੇਸੁ ।
ਹਉ ਠਗਵਾੜਾ ਠਗੀ ਦੇਸੁ ।
ਖਰਾ ਸਿਆਣਾ ਬਹੁਤਾ ਭਾਰੁ ।
ਧਾਣਕ ਰੂਪਿ ਰਹਾ ਕਰਤਾਰੁ ।

(ਸਿਰੀ ਰਾਗੁ, ਮ: ੧)

ਤ੍ਰਾਹ ! ਤ੍ਰਾਹ !! ਓ ਭੀਆਵਲੇ ਰੂਪ !
ਓ ਧਾਣਕ ਰੂਪ ਤੇ ਓ ਫਾਥੀ-ਸੁਰਤੇ !

੫.

ਓ ਸਚੀਏ-ਜਿੰਦੇ, ਅਜ ਕੂੜ ਰਚਾਇਆ ਈ ਪਾਜੋ। ਓ ਸ਼ਾਹ ਸਰਾਫੀ ਕਰਨ ਵਾਲੀ ਜਿੰਦੇ, ਅਜ ਜਾਪਾਨੀ ਅੱਚ-ਕੱਚ ਦੇ ਲਾਏ ਨੀ ਸਟਾਲ ! ਓ ਸੰਗਮਰਮਰ ਦੇ ਬੁਰਜ ਉਸਾਰਨ ਵਾਲੀਏ ਜਿੰਦੇ, ਅਜ ਤੈਂ ਗਾਰੇ ਦੀ ਕੱਚੀ ਮੜ੍ਹੀ ਉਸਾਰਣ ਦੀ ਠਾਣੀ ਊ । ਓ ਫੂਲ-ਪਰੋਏ ਜਿੰਦੇ, ਅਜ ਤੂੰ ਵਿਸ-ਭਰੀਆਂ ਗੰਦਲਾਂ ਵੇਚਣ ਵਾਲੀ ਮਾਲਣ ਬਣ ਟੁਰੀ । ਓ ਦੰਦ-ਖੰਦ ਦੀ ਵਣਜਾਰਨੇ, ਅਜ ਤੈਂ ਚਿਕੜੀ ਦੀ ਕੰਘੀ ਸਿਰ ਲਾਈ । ਓ ਪਕੀਆਂ ਇੱਟਾਂ ਲਾਉਣ ਵਾਲੀਏ ਜਿੰਦੇ, ਤੈਂ ਅਜ ਕਚੀ ਕੰਧ ਉਸਾਰੀ, ਓ ਬਾਲੂ ਦੀ ਕੰਧ, ਬਾਲੂ ਦੀ ਨੀਂਹ ਤੇ ਵਿਚ ਬੈਠਾ ਫੋਕਟ ਨਾਥ। ਓ ਹਾੜ੍ਹਾ ! ਓ ਹਾੜ੍ਹਾ !! ਓ ਹਾੜ੍ਹਾ !!!

ਕਚੀ ਕੰਧ ਕਥਾ ਵਿਚਿ ਰਾਜ, ਮਤਿ ਅਲੂਣੀ ਫਿਕਾ ਸਾਦ ।
ਆਪੇ ਸਚੁ ਭਾਵੈ ਤਿਸੁ ਸਚੁ, ਅੰਧਾ ਕਚਾ ਕਚੁ ਨਿਕਚ ।

(ਸਿਰੀ ਰਾਗੁ ਮ: ੧)

੬.

ਓ ਆਤਮ-ਜੋਤ, ਕਦੀ ਪ੍ਰਚੰਡ ਤੇਂਛੀ ਜਵਾਲਾ, ਅਜ ਸੁੱਤੀ ! ਓਏ ਕਦੇ ਤੂੰ ਭੜ ਭੜ ਭਖੇਂ, ਅਜ ਮਸ਼ਿਆ-ਗੁਸੀ ! ਓ ਨਿਤ-ਵਧਦੇ

ਚੰਦ੍ਰਮਾ, ਜਦ ਤੂੰ ਵਧਦਾ ਵਧਦਾ ਪੂਰਨ ਹੋ ਆਇਓਂ, ਤੇ ਆਪਣਾ ਘਰ (ਪੱਛਮ) ਛਡ ਪੂਰਬ ਵਲ ਧਾਇਓਂ, ਤਾਂ ਤੇਂਡਾ ਤੇਜ ਸੂਰਜ ਨੇ ਇਕ-ਡੀਕੇਂ ਪੀਤਾ ! ਓ ਅਬਚਲੀ ਜੋਤ, ਅਜ ਬੁਝੀ ! ਓ ਤੇਲ-ਹੀਣ ਦੀਵਿਆ, ਭਲਾ ਤੂ ਕੀਕਣ ਜਲੈਂ—

"ਬਿਨ ਤੇਲ ਦੀਵਾ ਕਿਉ ਜਲੈ । ਰਹਾਉ...
ਅਛਲ ਛਲਾਈ ਨਹ ਛਲੈ !" (ਸਿਰੀ ਰਾਗੁ ਮ: ੧)

ਓ ਤੇਲ-ਹੀਣ, ਰਸ-ਹੀਣ, ਬੁਧ-ਹੀਣ ਸੁਧ-ਹੀਣ ਜਿੰਦੇ, ਵਡੀ ਫਾਹੀ ਵਿਚ ਅਜ ਫਸ ਗਈ ! ਓ ਹਾੜਾ, ਓ ਹਾੜਾ, ਓ ਹਾੜਾ !

ਓ ਮਣ-ਤਾਰੂ (ਮੋਤੀ ਲਭਣ ਲਈ ਜੋ ਟੁਭੀ ਪਾਣੀ ਵਿਚ ਮਾਰਦੇ ਨੇ । ਅਣਤਾਰੂ ਤਾਂ ਉਸਨੂੰ ਕਹਿੰਦੇ ਹਨ ਜੋ ਤਰਨਾ ਨਾ ਜਾਣੇ) ਜਿੰਦੇ, ਤੂੰ ਮੋਤੀ ਵਿਰੋਲਣ ਲਈ ਏਸ ਸੰਸਾਰ ਦੇ ਕੰਢੇ ਤੇ ਆਈ ! ਤੂੰ ਸਿਪੀਆਂ ਵਿਚੋਂ ਮੋਤੀ ਸੰਗ੍ਰਹਣ ਲਈ ਹੇਠ ਟੁਭੀ ਮਾਰਣ ਟੁਰੀ-ਮੋਤੀ ਲਭਦੇ ਲਭਦੇ ਆਪ ਸਿਪੀਆਂ ਦੇ ਸੰਨ੍ਹੀ-ਮੂੰਹ ਵਿਚ ਬੰਦ ਹੋ ਗਈ । ਓ ਹੋਰਾਂ ਨੂੰ ਲਭਦੀ ਆਪ ਗਵਾਚ ਗਈਏ-ਓਏ ਰਿਛ ਨੂੰ ਫੜਦੀ ਆਪ ਰਿਛ ਦੀ ਗਲਵਕੜੀ ਵਿਚ ਪਸਲੀਆਂ ਭਨਾ ਬੈਠੀ ! ਓ ਮਣ-ਤਾਰੂ ਜਿੰਦ, ਹੁਣ ਪਾਤਾਲ ਪੁਰੀ ਮਲ ਬੈਠੀ, ਪਾਣੀ ਵਿਚ ਡੁਬੀ ਆਪਣੇ ਨਿਜ-ਘਰ ਸਥਿਰ ਕੰਢੇ ਨੂੰ ਭੁਲ ਬੈਠੀ । ਓ ਸਿਪੀਆਂ ਵਿਚ ਸਿਪੀ ਹੋਈ ਜਿੰਦੇ, ਤੂੰ ਤਾਂ ਮੋਤੀ-ਚੁਗਣੀ ਹੰਸਣੀ ਸੈਂ, ਅਜ ਤੂ ਆਪ ਕਚ-ਨਿਕਚ ਨਿਲੱਜ ਹੋ ਗਈ, ਓ ਤੈਰਾਕ-ਜਿੰਦੇ ਅਜ ਤੂੰ ਡੁਬ ਗਈ । ਓ ਡੁਬਕੀ-ਲੈਣ ਵਾਲੀਏ ਜਿੰਦੇ, ਤੂੰ ਆਪ ਡੁਬ ਗਈ ! ਓ ਸੁਬਕ ਕਾਰਕ ਵਾਂਗ ਤਰਦੀ ਜਿੰਦੇ, ਤੂੰ ਅਜ ਪਥਰ ਬਣ ਕੇ ਸਾਗਰ ਦੀ ਸਤਹ ਤੇ ਫਸ ਗਈ ! ਓ ਹਾੜਾ, ਓ ਹਾੜਾ, ਓ ਹਾੜਾ...!

ਪਰ ਗਵਾਚੀ ਜਿੰਦੇ !

ਯਾਦ ਰਖ :—

"ਜਹ ਜਹ ਮਨ ਤੂੰ ਧਾਵਦਾ ਤਹ ਤਹ ਹਰਿ ਤੇਰੈ ਨਾਲੇ ।"

(ਆਸਾ ਮ. ੩)

ਓ ਮਨ-ਤਾਰੂ-ਜਿੰਦੇ, ਕੀ ਤੈਨੂੰ ਯਾਦ ਨਹੀਂ, ਜੁ ਟੁਭੀ ਮਾਰਣ ਵੇਲੇ ਤੈਂ ਆਪਣੇ ਗਲ ਲੰਮੜੀ ਰੁਸੀ ਬਧੀ ਸੀ, ਹਾਂ ਕੰਢੇ-ਬੈਠਿਆਂ ਹਥ ਲੋਮ-ਸਲੰਮੀ ਰਸੀ. ਓ ਵੰਨ-ਵੰਨੀ-ਰਸੀ, ਜੁ ਭੁਲਿਆਂ ਨੂੰ ਨਾ ਭੁਲਣ ਦਏ, ਡੁੱਬਿਆ ਨੂੰ ਖਿਚ ਕੇ ਕਢ ਲਏ, ਪਾਤਾਲ-ਵਾਸੀਆਂ ਨੂੰ ਖਿਣ-ਭਰ ਵਿਚ ਖਿਚ ਕੇ ਉਤ੍ਹਾਂ ਮੁੜ ਲਿਆਏ । ਓ ਵੰਨ-ਸੁਵਨੜੀ ਰਸੀ, ਓ ਸੁੰਦਰ-ਮੁੰਦਰੀ-ਰਸੀ, ਓ ਸੁਰਤ-ਸੀਤੀ-ਰਸੀ, ਹਾਂ ਸੁਰਤੀ ਦੀ ਅਣਟੁਟੀ ਰਸੀ, ਘਟ ਘਟ ਵਿਚ ਲਮਕੀ, ਗਵਾਚਿਆਂ ਦ ਨਾਲ... ਓਏ ਮੈਂਡੇ, ਤੈਂਡੇ ਹਭ-ਕਈਂ ਦੇ ਅੰਗ-ਸੰਗ—

"ਏਕਾ 'ਸੁਰਤਿ' ਜੇਤੇ ਹਹਿ ਜੀਅ ।
'ਸੁਰਤਿ' ਵਿਹੂਣਾ ਕੋਇ ਨ ਕੀਅ ।"

(ਸਿਰੀ ਰਾਗੁ ਮ. ੧)

੮

ਓਏ ਮੈਂ ਸੋਤਲ ਸੁਤੀ, ਸੁਤੀ ਲੰਮੀਆਂ ਤਾਣ ਕੇ ਸੁਤੀ । ਮੈਂ ਸੁਤੀ ਸੁਤੀ ਚੌਰਾਸੀ-ਸੁਤੀ । ਮੈਂ ਸੁਤੀ ਸੁਤੀ ਜੁਗ ਜੁਗਾਂਤਰ ਬੀਤੇ । ਮੈਂ ਸੁਤੀ ਮੈਂ ਸੁਤੀ ਇੰਦ੍ਰ-ਇੰਦ੍ਰਾਸਣ ਬਦਲੇ । ਮੈਂ ਸੁਤੀ ਮੈਂ ਸੁਤੀ ਬ੍ਰਹਮੇ ਦੇ ਕਈ ਯੁਗ ਪਲਟੇ । ਓ ਪਾਣੀ ਢੂੰਢਦੀ ਮ੍ਰਿਗ-ਜਲੀਆਂ (Mirage) ਵਿਚ ਫਸ ਗਈ । ਓ ਮੋਤੀ ਢੂੰਡਦੀ ਸਿਪ ਵਿਚ ਫਸ ਗਈ। ਓ ਸੁਖ, ਢੂੰਡਦਿਆਂ ਗੰਧਰਵਾ ਨਗਰੀ ਦੀ ਬਨਾਵਟੀ ਸੁਹਣਪ ਵਿਚ ਫਸ ਗਈ । ਓਏ ਸਿਧਾ-ਪੰਧ ਛਡ ਕਵਾਟੜੀ ਪੈ ਗਈ ਤੇ ਪਾਤਾਲ ਜਾ ਨਿਕਲੀ ! ਹਾਏ ਮੈਂ ਮੁਠੀ, ਮੈਂ ਲੁਠੀ...ਸਭ ਸਾਥੀ ਟੁਰ ਗਏ, ਮੈਂ ਸੁਤੀ ਮੈਂ ਸੁਤੀ । ਸੁਤੀ ਸੁਤੀ ਝਾਲੂ ਥੀਆ, ਪਰ ਮੈਂ ਅਜੇ ਵੀ ਸੁੱਤੀ । ਮੈਂ ਵਾਂਗ ਸੁੱਤੀਆਂ ਹੋਰ ਵੀ ਸੌਤਲਾਂ—

'ਸੁਤੜੇ ਅਸੰਖ ਮਾਇਆ ਝੂਠੀ ਕਾਰਨੇ''

(ਸਲੋਕ ਮ. ੫)

ਪਰ ਜਦ 'ਸੁਰਤ ਆਈ ਤਾਂ ਜਾਗੀ, ਤੇ ਖੰਭ–ਟੁਟੀ ਘੁਘੀ ਵਾਂਗ ਰੋਈ ਕੁਸਕੀ ਡੁਸਕੀ। ਓਏ ਮੈਂ ਖੰਭ–ਖੁਥੀ ਜਿੰਦੜੀ ਰੁੱਨੀ, ਰੁਨੀ ਧਾਹੀਆਂ ਮਾਰ ਕੇ—ਮੈਂ ਰੁਨੀ, ਮੈਂ ਰੁਨੀ, ਮੈਂ ਵੇਖ–ਰੁਨੇ ਵਣ-ਪੰਖੇਰੂ :

ਮੈਂ ਰੋਵੰਦੀ ਸਭੁ ਜਗੁ ਰੁਨਾ, ਰੁਨੜੇ ਵਣਹੁ ਪੰਖੇਰੂ ।
ਇਕ ਨ ਰੁਨਾ ਮੇਰੇ ਤਨਕਾ ਬਿਰਹਾ ਜਿਨ ਹਉ ਪਿਰਹੁ ਵਿਛੋੜੀ ।

(ਵਡਹੰਸ ਮਃ ੧)

ਹਾਂ ਰੁਨੀ ਮੈਂ, ਰੁਨਾ ਵਣਤ੍ਰਿਣ, ਰੁਨਾ ਜਲ-ਥੱਲ। ਓਏ ਮੈਂ ਡਾਲੀਓਂ ਢਠੀ ਕਲੀ। ਓਏ ਕਬਰ ਵਿਚੋਂ ਨਿਕਲੀ ਅਨਾਰ–ਕਲੀ। ਓਏ ਕੱਲੀ ਕਲ-ਮੁਕੱਲੀ ਨਾ ਕੋਈ ਸੰਗੀ ਨਾ ਕੋਈ ਸਾਥਣ। ਪੰਨਿਓਂ ਤਿਖੀ, ਵਾਟ ਦੁਹੇਲੀ! ਜਾਂ ਮੁੜ ਤੱਕਾਂ ਉਹ ਆਪ ਮੈਂਡਾ ਬੇਲੀ। ਓਏ ਲੰਮੀ ਸੁਰਤ-ਰਸੀ ਲਮਕਾਉਣ ਵਾਲੜਾ!

੬

ਓਏ ਭਉਂਦਲੀਏ ਜਿੰਦੇ, ਓਏ ਸੁਪਨੇ ਵਿਚ ਬਿਰੜਾਨੀਏ ਜਿੰਦੇ, ਤੈਂ ਕੀ ਵੇਖਿਆ ਤੈਂ ਕੀ ਚਖਿਆ? ਉਏ ਉਂਘਲਾਣੀ ਜਿੰਦੇ, ਤੈਂ ਕੀ ਵੇਖਿਆ ਸੁਫਨੇ ਵਿਚ? ਨੀ ਮੈਂ ਵੇਖਿਆ ਮੈਂਡਾ ਗਵ਼ਾਚਾ ਮਾਹੀ, ਸੋਹਣਿਆਂ ਦਾ ਸਿਰਤਾਜ, ਚੰਨਾਂ ਦਾ ਚੈਨ, ਅਰਸ਼ ਕੁਰਸ਼ ਦਾ ਮਾਲਕ, ਪਰ ਅਖ ਨਾਲ ਅਖ ਮਿਲਾ ਭਜ ਗਿਆ। ਹਾਏ ਮੈਂ ਰੁਨੀ, ਮੈਂ ਰੁਨੀ। ਓ ਕਾਜਲ ਹਾਰ ਤੰਬੋਲ ਭਜ ਜਾਓ, ਸੜ ਜਾਓ। ਓਏ ਰੰਗ ਬਰੰਗੀਓ ਵੰਗੋ ਟੁਟ ਜਾਓ। ਤੁਹਾਨੂੰ ਭੰਨਾਂ ਇਹਨਾਂ ਬਾਹੜੀਆਂ ਨਾਲ, ਓ ਸੜੀਓ ਬਾਹੋਂ, ਓ ਭਾਰੇ ਭੂਸ਼ਨੋ ਸੜ ਗਲ ਜਾਓ, ਤੁਸੀਂ ਮੈਂਡੇ ਹਥਾਂ ਪੈਰਾਂ ਦੀਆਂ ਹਥਕੜੀਆਂ,

ਓਏ ਉਹ ਆਇਆ ਤੇ ਤੁਸਾਂ ਮੈਨੂੰ ਟੁਰਨ ਨਾ ਦਿਤਾ। ਓਏ ਬੰਧਨ ਬੇੜੀਓ, ਓਏ ਸਖੀਏ, ਕਿਧਰੇ ਆਇਆ ਉਹ ਸੋਹਣਾ ਸੁਫਨੇ ਵਿਚ, ਹਾਂ ਅਜਾਂ ਪਰਤਖ ਨਹੀਂ ਸੁਫਨੇ ਵਿਚ। ਪਰ ਆਕੇ ਭਜ ਗਿਆ। ਓ ਅਲਿਪਤ ਅਨੂਠੜਾ, ਓ ਤਿਲਕ ਤਿਲਕ ਪੈਂਦਾ ਕੂਲੜਾ, ਓ ਸਾਬਣ ਕੂਲਾ—

> 'ਸੁਪਨੈ ਆਇਆ ਭੀ ਗਇਆ, ਮੈਂ ਜਲ ਭਰਿਆ ਰੋਇ।
> ਆਇ ਨ ਸਕਾ ਤੁਝ ਕਨਿ ਪਿਆਰੇ, ਭੇਜ ਨ ਸਕਾ ਕੋਇ।
> ਆਉ ਸਭਾਗੀ ਨੀਂਦੜੀਏ, ਮਤੁ ਸਹੁ ਦੇਖਾ ਸੋਇ।'
>
> (ਵਡਹੰਸ ਮ: ੧)

ਹਾਂ ਮਿਠਾ ਸੁਫਨਾ, ਪਰ ਅਜਾਂ ਸੁਫਨਾ। ਰਸ ਗੁਧਾ ਝੌਲਾ, ਪਰ ਅਜਾਂ ਧੁੰਧਲਾ ਝੌਲਾ। ਮੈਂ ਸੁੱਤੀ, ਅਧ ਸੁਤੀ, ਸਹੁ ਰਾਤਾ ਅਵਰਾਹਾਂ। ਨੀ ਉਨੀਂਦਲੀ ਜਿੰਦੇ, ਫਿਰ, ਫਿਰ ਵੇਖ ਚਾ, ਓ ਭਲੇ ਸੁਫਨੇ, ਓ ਨਿਹਾਲਵੇਂ ਸੁਫਨੇ।

੧੦.

ਓਏ ਮੈਂ ਅਜ ਉਠੀ, ਅੱਖਾਂ ਮਲਦੀ, ਬਿਟ ਬਿਟ ਤਕਦੀ, ਮੈਂ ਪਲੰਘੋਂ ਢਠੀ ਗੇਂਦ! ਓ ਹਥੋਂ ਢਠੀ ਗੇਂਦ, ਰੁੜ੍ਹਦੀ ਖੁਡ ਵਿਚ ਜਾ ਫਾਥੀ। ਓਏ ਮੈਂ ਚੰਬੇ ਦੀ ਕਲੀ, ਪਰ ਕੋਈ ਨਾ ਮੈਂਡਾ ਭੌਰਾ। ਓਏ ਮੈਂ ਲਸ਼ ਲਸ਼ ਕਰਦੀ ਚੰਦਨ ਡਾਲੀ। ਪਰ ਮੈਂਡਾ ਨਾ ਕੋਈ ਵਾਲੀ ਤੇ ਨਾ ਕੋਈ ਮਾਲੀ। ਓਏ ਹੋਰ ਕਲੀਆਂ ਸਿਰਾਂ ਦੇ ਤਾਜ, ਗਲਾਂ ਦੇ ਹਾਰ, ਪਰ ਮੈਂ ਚੰਬੇ ਦੀ ਕਲੀ, ਕਾਈ ਨਾ ਮਲੀ। "ਸਭ ਸਈਆਂ ਸਹੁ ਰਾਵਣਿ ਗਈਆਂ, ਮੈਂ ਦਾਧੀ ਕੇ ਦਰ ਜਾਵਾਂ।" ਨੀ 'ਸੋਦਰ' ਮੈਂਡਾ ਬੰਦ, ਨੀ 'ਸੋ ਘਰ' ਦੇ ਬੂਹੇ ਭਿਚ। ਮੈਂ ਖੜੀ ਉਡੀਕਾਂ ਅੰਦਰੋਂ, ਬਾਹਰ ਤੇ ਕਰਮ ਹੀਨ ਪਈ ਕੂਕਾਂ:—

> "ਕਰਮਹੀਨ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ।'
>
> (ਸਲੋਕ ਮ: ੫, ਰਾਮਕਲੀ)

ਨੀ ਮੈਂ ਹੁਸੜੀ, ਮੈਂ ਹਾਬੜੀ, ਮੈਂ ਬਿਰਹੋਂ ਕੁਠੀ, ਮੈਂ ਸੀਖ-ਕਬਾਬ। ਮੈਂ ਚਿੰਤ ਖਟੋਲਾ, ਮੈਂ ਚਿਤ ਚਿਖਾ ਮੈਂ ਪਾਪਣ ਹਤਿ-ਆਰਣ, ਮੈਂ ਦੁਹੇਲੀ, ਮੈਂ ਛੁਟੜ, ਮੈਂ ਨਕਟੀ, ਮੈਂ ਭੰਡਣ, ਮੈਂ ਸਪਣੀ, ਮੈਂ ਕਵਾਰ ਗੰਦਲ ਪਰ ਕੋੜੀ। ਮੈਂ ਸੜਦੀ ਬਲਦੀ ਲਟ ਲਟ ਕਰਦੀ। ਓਏ ਮੈਂ ਬਿਰਹੋਂ ਵਿਧੀ, ਓ ਸੁਫਨਿਆਂ ਵਿਚ ਵਸਣ ਵਾਲਿਆ, ਕਦੇ ਆ, ਕਦੇ ਆ, ਕਦੇ ਆ ਤੇ ਗਲ ਲਾ :-

"ਮੋਹਿ ਨੀਂਦ ਨ ਆਵੈ,
ਹਾਵੈ ਹਾਰ ਕਜਰ ਬਸਤਰ ਆਭਰਨ ਕੀਨੇ।
ਉਡੀਨੀ ਉਡੀਨੀ ਉਡੀਨੀ
ਕਬ ਘਰ ਆਵੈ ਰੀ ॥ਰਹਾਉ॥" (ਬਿਲਾਵਲ ਮ: ੫)
ਓ ਮੈਂ ਉਡੀਣੀ, ਬਹੁੰ ਉਡੀਣੀ, ਭੁਖੀ ਜਿੰਦੜੀ।

੧੧.

ਖੂਹੋਂ ਨਿਕਲ, ਉਠ ਤੁਰੀ, ਅੱਖਾਂ ਖੋਲ੍ਹ, ਸੁਫਨੇ ਛਡ। ਪਰ ਓ ਪਿਆਰੂਆ, ਫਿਰ ਫਸ ਗਈ, ਬਿਖੇ ਬਣ ਵਿਚ ਫਸ ਗਈ। ਓਏ ਸਿਰੋਂ ਨੰਗੀ ਤੇ ਪੈਰੋਂ ਵਾਹਣੀ। ਕੰਡਿਆਂ ਵਿਚ, ਨਿੰਦ ਚਿੰਦ ਤੇ ਰੁਖੇ ਕੰਡਿਆਂ ਵਿਚ ਫਸ ਗਈ। ਮਾਇਆ ਮੋਹ ਦੀਆਂ ਵਧੀਆਂ ਵੇਲਾਂ ਵਿਚ ਜਕੜ ਗਈ। ਬਨਾਉਟੀ ਸੁੰਦਰਤਾ ਦੇ ਅਕ-ਫੂਲ ਖਾਣ ਵਾਲੀ ਕ੍ਰਿੜੀ ਬਣ ਗਈ। ਨੀ ਮੈਂ ਆਪ ਫਾਥੀ ਹਿਰਨੀ, ਨੀ ਮੈਂ ਕਾਲੇ ਕਰਮਾਂ ਵਾਲੀ ਕਾਲੀ ਹਿਰਨੀ :-

ਤੂੰ ਸੁਣ ਹਰਣਾ ()ਕਾਲਿਆ ਕੀ ਵਾੜੀਐ ਰਾਤਾ ਰਾਮ।
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥
(ਆਸਾ ਮ: ੫)

() ਕਾਲੇ ਹਰਨ ਤੋਂ ਭਾਵ ਜੀਵ ਹਰਨ ਹੈ; ਮਦਾ ਹਰਨ ਨਹੀਂ।

ਓ ਕਾਲੀਏ ਜਿੰਦੇ ਨੀ, ਕਾਲ ਕਲਿਚੀਏ (Black crow), ਤੂੰ ਹੁਣ ਹਿਰਨੋਟੀ ਬਣ ਬੈਠੀ, ਟਪਦੀ ਕੁਦਦੀ ਪਰ ਬਿਖ ਫਲ ਖਾਂਵਦੀ, ਮੋਹ ਫਾਥੀ। ਨੀ ਕਾਲੀ ਕੋਇਲੇ ਇਹ ਕੁਚੱਰ ਛਡ ਤੇ ਅੰਮ੍ਰਿਤ ਫਲ ਖਾ। ਨੀ ਕਾਲੀ ਕੁਕਰਮਣ ਹਰਨੋਟੀਏ।

ਓ ਲੋਭੀ ਜਿੰਦੇ, ਓ ਮਦ-ਮਾਖੀ ਤੂੰ ਮਿਠੇ ਮਰਣਾ। ਓ ਕਾਲਿਆ ਭੌਰਿਆ, ਤੂੰ ਫੁਲ ਦੀ ਡਾਲੀ ਡਾਲੀ ਫਿਰਨਾ ਏਂ ਤੇ ਫੁਲ ਫੁਲ ਚੁੰਘਣਾ ਏਂ। ਮਾਖਿਓਂ ਗ੍ਰਸਿਆ, ਤੂੰ ਮੱਖੀ ਵਾਂਗ ਮਾਖਿਉਂ ਵਿਚ ਫਸਿਆ ਰੋਏਂਗਾ ਤੇ ਪਛਤਾਏਂਗਾ। ਨੀ ਦੀਵਾਨੜੀ ਜਿੰਦੇ, ਭੌਰੇ ਵਾਂਗ ਭਰਮਦੀਏ ਜਿੰਦੇ, ਕਾਲਾ ਭੌਰਾ ਨਹੀਂ ਅੰਮ੍ਰਿਤ ਭਵਰਾ ਬਣ :-

"ਭਵਰਾ ਫੂਲਿ ਭਵੰਤਿਆ ਦੁਖ ਅਤਿ ਭਾਰੀ ਰਾਮੁ ॥"
"ਸਚੁ ਕਹੈ ਨਾਨਕ ਚੇਤ ਰੇ ਮਨ ਮਰਹਿ ਹਰਣਾ ਕਾਲਿਆ।"

ਓ ਚਿਰੋਂ ਵਿਛੁਨੀ ਜਿੰਦੇ, ਮੁੜ ਆ, ਮੁੜ ਆ, ਆਪਣੇ ਘਰ ਮੁੜ ਆ। "ਬਿਖੈ ਬਨ ਫੀਕਾ ਤਿਆਗ ਰੀ ਸਖੀਏ।" ਪਰ ਦੇਸ ਛਡ ਪ੍ਰਦੇਸ ਆਈ ਜਿੰਦੜੀ ਆਪਣਾ ਨਿਜ-ਦੇਸ ਭੁਲ ਗਈ–

"ਮੇਰੇ ਜੀਅੜਿਆ ਪਰਦੇਸੀਆ, ਨਿਤ ਪਵਹਿ ਜੰਜਾਲੇ ਰਾਮ।
ਸਾਚਾ ਸਾਹਿਬੁ ਮਨਿ ਵਸੈ, ਕੀ ਫਾਸਹਿ ਜਮ ਜਾਲੇ ਰਾਮ।"

ਓ ਦੂਰੋਂ-ਆਇਅੜੀ-ਜਿੰਦੇ, ਚੌਰਾਸੀ–ਕਛ ਆਈ ਜਿੰਦੇ, ਤੈਂਡਾ ਵਤਨ 'ਸਚ-ਖੰਡ' ਏ, ਕਿਉਂ ਫਸਨੀ ਏਂ ਜਮ ਜਾਲੇ ? ਓ ਪ੍ਰਦੇਸੀ-ਜਿੰਦੇ ਲਭ ਲਭ ਓਹਨੂੰ ਸਚੇ ਸਾਹਬ ਨੂੰ ਜੋ ਮਨ–ਵਸੈ', ਪਰ ਬਿਖੈ–ਬੱਨ ਵਿਚ ਕੀਕਣ ਲਭੇ !

ਮਛੁਲੀ ਵਿਛੁਨੀ ਨੈਣ ਰੁਨੀ ਜਾਲੁ ਬਧਿਕਿ ਪਾਇਆ।
ਸੰਸਾਰ ਮਾਇਆ–ਮੋਹ ਮੀਠਾ ਅੰਤਿ ਭਰਮੁ ਚੁਕਾਇਆ।"

ਓਏ ਥੋੜੇ ਜੇਹੇ ਕੂਲੇ-ਕੀੜੇ ਨੂੰ ਖਾਣ ਲਈ, ਓਏ ਮਾਸ ਦੀ ਬੋਟੀ ਨੂੰ ਖਾਂਦੀ ਖਾਂਦੀ, ਨੀ ਜਿੰਦੇ, ਤੂੰ ਮਛੀ ਵਾਂਗ, ਆਪ ਕਾਂਟੇ

ਵਿਚ ਫਸ ਗਈ ਤੇ ਜਲ ਤੋਂ ਨਿਕਲ ਨੈਣ ਨੀਰ-ਭਰ ਰੋਈ। ਓਏ ਭੁਲੜ ਜਿੰਦੇ, ਛਡ ਬਿਖੈ-ਬਨ ਦੇ ਕਾਂਟੇ।

"ਨਦੀਆ ਵਾਹੁ ਵਿਛੁੰਨਿਆ ਮੇਲਾ ਸੰਜੋਗੀ ਰਾਮ।
ਜੁਗ ਜੁਗ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ।"

ਓ ਹੇਮ-ਕੂਟ ਤੋਂ ਵਿਛੜੀਓ, ਨੂਰ-ਨਦੀਓ, ਤੁਸੀਂ ਵਿਛੜ ਗਈਆਂ, ਉਤ੍ਹਾਂ ਛਡ ਡੂਘਾਂਣਾਂ ਵਲ ਟੁਰ ਪਈਆਂ, ਨਦੀ-ਨਾਵ ਸੰਜੋਗੀ ਮੇਲਾ, ਹਾਏ ਡੂੰਘੇ ਵਿਛੋਰੜੇ ਹਾਏ ਲੰਮੜੇ-ਪੈਂਡੇ, ਹਾਏ ਵਡੜੀਆਂ ਵਿਥਾਂ! ਓਏ ਓਏ ਓਏ ਜੁਗਾਂ ਦੇ ਫੇਰ, ਜੁਗਾਂ ਦੀਆਂ ਚੌਕੀਆਂ, ਜੁਗਾਂ ਦੇ ਜੁਗਾਂਤਰੇ, ਓਏ ਲੰਮੇ ਸਲੰਮੜੇ ਕਾਲ ਪੈਂਡੇ ਅਮੁਕਣੇਂ ਆ ਗਏ, ਕੁਵਾਟੜੀਆਂ, ਕੀਕਣ ਮੁੜਾਂ ਨਿਜ-ਘਰ: ਭਰੇ ਮਾਨਸਰੋਵਰ ਵਲ, ਜੈਂ ਤੋ ਵਿਛੜੀਆਂ! ਨੀ ਮੈਂਡੀ ਜਮਨਾਂ—ਨਦੀਏ ਓਏ ਗੰਗਾ-ਵਿਛੜੀਏ, ਮੇਲਾ ਸਜੋਗੀ-ਜੇ 'ਕਰਮ' ਖੁਲ੍ਹਿਆ ਤਾਂ ਹੁਣ ਮੇਲੇ ਨਹੀਂ ਤਾਂ ਸਦਾ ਹੀ ਵਿਛੋੜੇ। ਓਏ ਲੰਮ ਸਲੰਮੇ ਜੁਗ ਤੇ ਰਸਾਂ-ਕਸਾਂ ਦੇ ਅਸਗਾਹ ਅਤਲ ਰਸਾਤਲ-ਓਏ ਵਿਸ ਭਰੇ ਜਗ, ਉਤੋਂ ਮਿਠੇ ਵਿਚੋਂ 'ਨੀਲ ਕੰਠ' ('ਨੀਲਕਠ ਨਰ ਹਰ ਨਾਰਾਇਣ' ਮ: ੧੦) ਵਾਲੇ! ਕਰਨ ਓਏ ਸ਼ਿਵਾਂ ਦਾ ਕੰਠ ਸਾੜਨ ਵਾਲੇ ਮਟਕੇ! ਪਰ ਏਹ ਕਾਲ ਦਾ ਵਿਸ ਰੂਪ ਜਾਣਦੇ ਨੇ ਓਹ ਜਿਹਨਾਂ ਅੰਮ੍ਰਿਤ ਰਸ ਚਾਖ ਅਕਾਲ-ਮੰਡਲ ਵਿਚ ਫੇਰਾ ਪਾਇਆ— —ਕੋਈ ਜਾਣੈ ਜੋਗੀ ਰਾਮ!' ਓ ਚਿਰੀ ਵਿਛੁੰਨੜੀ-ਜ਼ਿੰਦੇ ਏਨ੍ਹਾਂ ਹੇਠਲੀਆਂ ਰੋੜ੍ਹਾਂ ਵਲ 'ਹੇਮ-ਕੂੰਟ' ਨਹੀਓਂ! ਓ ਬਿਖੇ-ਬਨ ਫਾਥੀ ਜਿੰਦੇ, ਇਥੇ ਅੰਮ੍ਰਿਤ-ਫਲ ਨਹੀਓਂ! ਓ ਫੁਲੜ-ਫਟਕਣੀ ਜਿੰਦੇ!!

ਓ ਬਿਖੈ-ਬਨ ਛਾਡ ਅਜ ਆ ਬੈਠੀ ਘਾਰ, ਪਰ ਪਤੀ ਬਾਹਰ! ਘਰ ਆਪਨੜੇ ਖੜੀ ਤਕਾਂ ਮੈਂ ਮੱਨ ਚਾਉ ਘਣੇਰਾ।' ਚਾਉ ਘਣੇਰਾ ਪਰ ਓਹ ਸੋਹਣਾ ਅਖਾਂ ਤੋਂ ਓਹਲੇ, ਕਿਧਰੇ ਬੈਠਾ ਦੂਰ, ਸਤ-ਰੰਗੀ

ਪੀਘਾਂ ਹੂਟਦਾ । ਤੇ ਮੈਂ ਨਿਮਾਣੀ ਹੇਠ, ਨੀਝਾਂ ਲਾਂਵਦੀ। ਓਏ ਹੇਠੋਂ ਓਏ ਨਹੀਂ ਭਾਸਦਾ, ਅਜ ਅਟਾਰੀ ਚੜ੍ਹ ਆਂਈ, ਓਏ ਮੁਮਟੀ ਤੇ ਚੜ੍ਹ ਆਖਾਂ :—

"ਮੇਰੇ ਮਨ-ਪਰਦੇਸੀ ਵੇ ਪਿਆਰੇ ਆਉ ਘਰੇ ।
ਰੰਗ ਰਲੀਆਂ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ......
ਘਿਰ ਰਤਿਅੜੇ ਮੈਡੇ ਲੋਇਣ,ਮੇਰੇ ਪਿਆਰੇ,ਚਾਤ੍ਰਿਕ ਬੂੰਦ ਜਿਵੇ...
ਤਨ ਬਿਰਹੁ ਜਗਾਵੈ, ਮੇਰੇ ਪਿਆਰੇ, ਨੀਂਦ ਨ ਪਵੈ ਕਿਵੈ ।
ਪਿਰ ਬਾਝੜਿਅਹੁ, ਮੇਰੇ ਪਿਆਰੇ, ਆਂਗਣਿ ਧੂੜਿ ਲੁਤੇ ।
ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ-ਨੈਨ-ਜੁਤੇ"

(ਆਸਾ ਮ: ੪ ਛੰਤੁ)

ਓਏ ਅਜ ਪ੍ਰਦੇਸ ਤੋਂ ਮੁੜ ਆਈ ਜਿੰਦੜੀ, ਘਰ ਬੈਠੀ-ਨਹੀਂ ਨਹੀਂ ,ਮੁਮਟੀ ਤੇ ਚੜ੍ਹ ਬੈਠੀ, ਦੂਏ ਨੈਣ-ਜੁਤੇ, ਅਖਾਂ ਓਸ ਵਿਚ ਓਸ ਚਿਰੀ-ਵਿਛੁਨੜੇ ਵਿਚ, ਓਸ ਲਾਲਣ, ਓਸ ਢੋਲਣ ਓਸ ਮਾਹੀ ਵਿਚ ।

ਹਾਂ ਅਜ ਚੜ੍ਹ ਬੈਠੀ ਆਸ-ਅਟਾਰੀ, ਸੁਰਤੀ-ਟੀਸੀ ! ਪਰ ਪਿਰ ਦੂਰ, ਅਖੋਂ ਓਹਲੇ !!

੧੨

"ਮੈਂ ਮਨ ਵਡੀ ਆਸ ਹਰੇ ਕਿਉਂ ਕਰਿ ਹਰਿ-ਦਰਸਨੁ ਪਿਖਾਂ' ਹਾਂ ਕਿਉਂ ਕਰ ਦਰਸਨ ਪਾਂਵਾਂ ? ਗੁਣ ਅਚਾਰ ਚਜ ਨਹੀਂ ਕੋਈ ਕਿਉਂ ਕਰ ਕੰਤ ਪਿਆਰੀ ਹੋਂਵਾਂ ? ਨਾ ਮੈਂ ਰੂਪ ਨ ਬੰਕੇ ਨੈਣਾਂ, ਨਾ ਕੁਲ ਢੰਗ, ਨਾ ਮੀਠੇ ਬੈਣਾ । ਔਗਣਾਂ ਦੀ ਮੈਂ ਭਰੀਆਂ, ਕੋਈ ਗੁਣ ਨਾ ਗੁਰੂ ਜੀ ਵਿਚ ਮੇਰੇ । ਮੈਂ ਮੁਗਧ ਅਵਗਣ-ਗੁਧੀ :—

ਮੈਂ ਅਵਗਣ ਭਰਪੂਰਿ ਸਰੀਰੇ ।
ਹਉ ਕਿਉਕਰਿ ਮਿਲਾ ਆਪਣੇ ਪ੍ਰੀਤਮ ਪੂਰੇ ।
ਜਿਨਿ ਗੁਣਵੰਤੀ ਮੇਰਾ ਪ੍ਰੀਤਮੁ ਪਾਇਆ ।

ਸੋ ਮੈ ਗੁਣ ਨਾਹੀ ਕਿਉ ਮਿਲਾ ਮੇਰੀ ਮਾਇਆ ।
ਸੇਜ ਏਕ ਏਕੋ ਪ੍ਰਭੁ ਠਾਕੁਰ ।

(ਵਡਹੰਸ ਮ: ੮)

ਹਾਂ ਕੀਕਣ ਮਿਲਾਂ ਮੇਰੀ ਅੰਮੜੀਏ, ਮੈ ਗੁਣ-ਹੀਣ, ਅਵਗਣ-ਭਰੀ। ਭਾਵੇਂ ਸੇਜ ਏਕ ਪਰ ਮੈਂ ਤੋ ਸੈਕੜੇ ਕੋਹਾਂ ਦੂਰ। ਉਹ ਸੋਹਣਾ ਸੇਜ ਛਡ ਕੇ ਕਿਧਰੇ ਟੁਰ ਗਿਆ, ਤੇ ਮੈਂ ਹਿਰਦੇ-ਮੰਦਰ ਚੜ੍ਹ ਤਾਂਘਦੀ, ਤਾਂਘਦੀ ਤਾਂਘਦੀ...ਮੈਂ ਉਡੀਨੀ, ਉਡੀਨੀ, ਉਡੀਨੀ ......ਮੈਂ ਤਰਸਦੀ, ਤਰਸਦੀ, ਤਰਸਦੀ:—

"ਦਹਦਿਸ ਛਤਰ ਮੇਘ ਘਟਾ ਘਟ
ਦਾਮਨਿ ਚਮਕਿ ਡਰਾਇਓ ।
ਸੇਜ ਇਕੇਲੀ ਨੀਂਦ ਨ ਨੈਨਾ
ਪਿਰ ਪਰਦੇਸਿ ਸਿਧਾਇਓ ।
ਹੁਣ ਨਹੀਂ ਸਦੇਸਰੋ ਮਾਇਓ ।
ਏਕੁ ਕਸਰੋ ਸਿਧਿ ਕਰਤ ਲਾਲ
ਤਬ ਚਤੁਰ ਪਾਤਰੋ ਆਇਉ ॥ ਰਹਾਉ ॥
ਮਾਂਦਰ ਚਰਿ ਕੈ ਪੰਥ ਨਿਹਾਰਉ,
ਨੈਨ ਨੀਰਿ ਭਰਿ ਆਇਓ ।
ਹਉ ਹਉ ਭੀਤਿ ਭਇਓ ਹੈ ਬੀਚੋ
ਸੁਨਤ ਦੇਸਿ ਨਿਕਟਾਇਓ ।
ਭਾਂਭੀਰੀ ਕੇ ਪਾਤ ਪਾਰਦੋਂ ਬਿਨ ਪੇਖੇ ਦੂਰਾਇਓ ।

(ਸੋਰਠਿ ਮ: ਪ)

ਓਏ ਇਕ ਮੈਂ ਕੱਲੀ, ਮੈਂਡੀ ਸੇਜ ਇਕੇਲੀ, ਤੇ ਉਪਰ ਅਵਿਦਿਆ ਦੇ ਉਣਵ ਬੱਦਲ, ਡਿਗ ਡਿਗ ਪੈਂਦੇ ਤੇ ਪਰਬਤਾ ਨੂੰ ਕੱਛਾਂ ਵਿਚ ਵਲ੍ਹੇਟਦੇ, ਦੂਜੇ ਬਿਜਲੀ ਕਟਾਰੀ ਵਾਂਗ ਕਟਦੀ ਬਿਰਹੋਂ

ਕਟਾਰੀ, ਅਗਿਆਨ ਵਿਚ ਗਿਆਨ ਦੀ ਬਿਸਮੈਕ ਚਮਕ, ਜਿਵੇਂ ਮਿਟੀ ਵਿਚ ਪਿਆ ਚਮਕਦਾ ਲਾਲ, ਪਰ ਘੂਰਦਾ ਡਰਾਵਣਾ, ਤੀਜਾ ਨਾ ਕੋਈ ਉਘ ਸੁਘ, ਨਾ ਚਿਠੀ ਨਾ ਪੱਤਰ। ਨੀ ਮੇਰੀ ਅੰਮਾਂ.ਓ ਮਾਇਆ ਛਾਇਆ! ਕਦੀਂ ਪਰਾਣ ਪਿਆਰੇ ਵਿਛੜਦੇ ਸਨ ਤਾਂ ਇਕ ਇਕ ਕੋਹ ਤੋਂ ਚਾਰ ਚਾਰ ਚੀਰੀਆਂ, ਚਿਠੀਆਂ ਘਲਦੇ ਸਨ ਤੇ ਹੁਣ-ਚੁਪ-ਗੜੁੱਪ। ਓਏ ਮੈਂ ਬਾਵਰੀ ਹਿਰਦੇ ਮੰਦਰ, ਸੁਰਤੀ ਦੀ ਅਟਾਰੀ ਚੜ੍ਹ, ਰਾਹ ਤਕਦੀ, ਆਪਣੇ ਪ੍ਰਾਣ ਪਿਆਰੇ ਦੀ ਕਨਸੋ ਲੈਂਦੀ, ਪਰ ਓਹ ਅਜ ਨਹੀਂ ਲਝਦੇ, ਨਹੀਂ ਲਝਦੇ, ਨਹੀਂ ਲਝਦੇ। ਹਾਏ ਅੱਖ ਵਿਚ, ਅਥਰੂਆਂ ਦੀ ਗਗਾ ਤੇ ਕੰਠ ਵਿਚ ਗੱਚ ਤੇ ਹਿਰਦੇ ਵਿਚ ਹਾਵੇ ਤੇ ਭੁਬਾਂ ਵਾਲੇ ਵੈਣ ਓ ਨਹੀਂ ਆਂਵਦਾ, ਨਹੀਂ ਆਂਵਦਾ, ਨਹੀਂ ਦਿਸਦਾ।...........ਸੁਣਦੀ ਹਾਂ ਕਿਧਰੇ ਨੇੜ ਹੀ ਨੇ। ਪਰ ਪਤਲੀ ਤਿਤਰੀ ਦੇ ਫੰਗ ਵਾਂਗ ਭਾਂਵੇ ਨੇੜੇ ਤੇ ਕੋਲ, ਪਰ ਫਿਰ ਵੀ ਹਨ ਦੂਰ। ਓਏ ਵਿਚ ਹਉਮੈ ਦੀ ਬੱਜਰ ਕੰਧ, ਵਿਚ ਹਉਮੈ ਦੀਆਂ ਖਿੜਕੀਆਂ ਭਿੱਚ ਬੰਦ। ਓ ਹਾੜਾ, ਨਹੀਂ ਅਜਾਂ ਦਿਨ ਚੜ੍ਹਿਆ ਸੁਹਾਵੜਾ। ਓਏ ਸਿੱਕਾਂ ਤੇ ਤਰਲੇ, ਹਾਵੇ ਤੇ ਹਿਚਕੀਆਂ, ਬਿਰਹੋਂ ਦੇ ਘਟਾ-ਟੋਪ ਬਦਲ ਤੇ ਵਿਚ ਬਿਜਲੀ ਦੇ ਹਿਕ-ਚੀਰਵੇਂ ਥਰੁਕੰਬੇ।

ਸਿੱਕ ਅੰਕ ਸਮਾਪਤੰ।

ਨਾਮ !

ਸੁਣਿਐ ਤੇ ਮੰਨਿਐ

(ਸੰਖੇਪ)

ਸਿਕਾਂ-ਸਕੇਂਦੀ ਜਿੰਦੜੀ ਨੂੰ ਚਾਉ ਟੀਸੀ ਤੇ ਇਕ ਓਪਰੀ ਉਪਰੋਂ—ਲਥੀ ਸਾਥਣ ਆ ਮਿਲਦੀ ਏ ! ਏ 'ਨਾਮ'-ਪਰੀ ਏ ਤੇ ਸਿਕਦੀ ਨੂੰ ਗਲ ਲਾ ਸਚ-ਖੰਡ ਵਲ ਲੈ ਜਾਂਦੀ ਏ । ਸਚ-ਖੰਡ ਨੂੰ ਅਸਾਂ ਇਥੇ ਕਿਧਰੇ 'ਉਪਰ' (Transcendent) ਕਰਕੇ ਆਖਿਆ, ਪਰ ਏਹ ਸਾਥੋਂ ਬਾਹਰ ਨਹੀਂ, ਸਗੋਂ ਅੰਤਰਗਤ (Immanent) ਹੈ—ਪਰ ਆਤਮਕ-ਮੰਡਲ ਤੇ ਅਪੜ ਕੇ ਸਭ ਅਲੰਕਾਰ ਪਿਛੇ ਰਹਿ ਜਾਂਦੇ ਨੇ, ਜੇ 'ਉਪਰ' ਆਖੋ ਤਾਂ ਵੀ ਨਹੀਂ ਢੁਕਦਾ, ਕਿਉਂਕਿ ਕੀ ਓਹ ਅੰਦਰ ਨਹੀਂ ? ਪਰ ਜੇ ਅੰਦਰ ਆਖੀਐ ਤਾਂ ਵੀ ਨਹੀਂ ਢੁਕਦਾ, ਕੀ ਓਹ 'ਉਪਰ' ਨਹੀ—ਓਹ ਉਤੇ-ਤਲੇ, ਅੰਦਰ-ਬਾਹਰ ਹਰ ਥਾਂ ਹੈ, ਪਰ ਓਹਦਾ ਸਚ-ਖੰਡ ਕੋਈ ਥਾਂ ਨਹੀਂ ਏਹ ਆਕਾਰ-ਰਹਿਤ 'ਨਿਰੰਕਾਰ' ਏ ?

ਪਰ ਏਹ ਕੋਈ ਮਨੋਕਲਪਤ ਹੋਂਦ ਨਹੀ, ਇਹ ਹੈ ਹੈ, ਜਦ ਏਹ ਧੁਨੀ ਆਂਵਦੀ ਏ, ਤਾਂ ਏਹ ਅੱਗ-ਬਿਗੋਲੇ ਵਾਂਙ ਅੰਦਰੋਂ ਉਠਦੀ ਹੈ, ਪਹਿਲੋਂ ਨਿਕੀ ਵਾ-ਬੁੱਲੀ, ਫਿਰ ਝਖੜ, ਫਿਰ ਤ੍ਰਿਭਵਣ-ਸਮਾਈ-ਥਰ-ਕੰਬਣੀ ! ਏਹ ਹਿਰਦੇ ਮੰਡਲ ਵਿਚ ਰੁਣ-ਝੁਣ ਕਰਦੀ ਆਂਵਦੀ ਏ ਮਾਨੋਂ ਕੰਨ ਵਿਚ 'ਬੀਨ ਵਜਾ ਰਹੀ ਏ ਪਰ ਏਸ ਨੂੰ ਬ ਹਰਲੇ-ਕੰਨ ਨਹੀਂ—ਅਨਭਵੀ ਕੰਨ ਸੁਣਦੇ ਨੇ !

'ਰੁਣ-ਝੁਣ' ਉਸ ਸੁਰਤੀ-ਕੰਨ ਨਾਲ ਸੁਣੀ ਧੁਨੀ ਦਾ ਚਿਨ੍ਹ ਹੈ !

,ਸੁਣਿਐ''—ਕੀ ਸੁਣੀਏ ? ਇਸ ਅਗੰਮਵੀ ਰੁਣ ਝੁਣ ਨੂੰ। 'ਮੰਨਿਐ' ਕੀ ਮੰਨੀਏ ? ਇਸ ਵਾਸਤਵਿਕ-ਧੁਨੀ ਨੂੰ ! 'ਟੁਰੀਏ' ਕੀਕਣ ਟੁਰੀਏ ? ਏਸ ਦੇ ਦਸੇ ਰਾਹ ਤੇ—ਫਿਰ ਭੁਲ ਭੁਲਈਆਂ ਨਹੀਂ, ਕਵਾਟੜੀਆਂ ਨਹੀਂ, ਪ੍ਰਗਟ ਪੈਂਡ ਨੇਂ !

'ਸ਼ਬਦ-ਸਚੀ-ਟਕਸਾਲ' ਵਿਚ 'ਨਾਮ' ਬਣਦਾ ਤੇ ਪਕਦਾ ਹੈ !

ਏਸ ਰਾਹ ਵਿਚ ਪਤੜੀਆਂ ਨੇ ਪਤ-ਪਵੜੀਆਂ, ਬਸ ਏਨ੍ਹਾਂ ਉਪਰ ਚੜ੍ਹਦੀਆਂ ਵਧ-ਵਧਦੀਆਂ ਪ੍ਰਕਾਸ਼-ਚਕਰੀਆਂ, ਤੇ ਸਰਬ-ਸਮੇਟਵੀਆਂ ਸੌੜੀਆਂ ਦਾ ਇਨ੍ਹਾਂ ਅੰਕਾਂ ਵਿਚ ਵਰਨਣ ਏ !

'ਸ਼ਬਦ ਸਚੀ-ਟਕਸਾਲ'

ਮੁਰਤੀ!

ਏਸ ਮੂਰਤੀ ਵਿਚ ਅਰਸ਼ੀ 'ਸੁਨਿਆਰੇ' (The Divine Moulder) ਦੀ ਦੁਕਾਨ ਦਸੀ ਗਈ ਹੈ ਤੇ ਉਥੇ ਦੇ ਵਰਤੇ ਗਏ ਹਥਿਆਰ : 'ਜਤ'—ਪਹਾਰਾ,

'ਧੀਰਜ'—ਸੁਨਿਆਰ,
ਅਹਿਰਣ-'ਮਤ'
'ਵੇਦ'-ਹਥਿਆਰ,
'ਭਉ'-ਖਲਾਂ
ਅਗਨਿ 'ਤਪਤਾਉ',
ਭਾਂਡਾ—ਭਾਉ

ਏਹ ਸਭ ਕੁਝ ਹੈ, ਪਰ ਜਦ ਤੋੜੀ ਨਦਰੀ ਦੀ ਮੇਹਰ 'ਨਦਰ' (Grace) ਨਾ ਆਵੇ ਤਦ ਤੋੜੀ ਏਸ ਮਾਰਗ ਵਿਚ ਚਾਨਣਾ ਨਹੀਂ ਹੋਂਦਾ!

ਓਂਞ ਤਾਂ ਭਾਵੇਂ ਨਦਰੀ ਦੀ ਕੋਈ ਸ਼ਕਲ ਨਹੀਂ; ਪਰ ਮੂਰਤੀ ਵਿਚ ਗੁਰੂ-ਬਾਬ ਜੀ ਨੂੰ ਇਕ ਬਾਰੀ ਵਿਚ ਬਿਠਾ ਕੇ ਦਸਿਆ ਹੈ, ਜੋ ਉਨ੍ਹਾਂ ਦੀ ਕਿਰਪਾ ਤੋਂ ਅੰਮ੍ਰਿਤ-ਬੂੰਦਾਂ ਬਰਸਦੀਆਂ ਨੇ—ਫੇਰ 'ਸ਼ਬਦ' (ਨਾਮ) ਦੀ ਧੁਨੀ ਉਪਰ ਉਠਦੀ ਹੈ—ਇਥੇ ਅਪੜ ਕੇ 'ਵਿਸਮਾਦ' ਹੈ Trans-figuration-ਸਚੇ ਦੀ ਸਾਚੀ ਕਾਰ !! ਨਦਰੀ ਨਦਰਿ—ਨਿਹਾਲ !!!

ੴ ਸਤਿਗੁਰ ਪ੍ਰਸਾਦਿ ॥

ਵਾਹ ਵਾਹ ਸ਼ਬਦ-ਸਚੀ ਟਕਸਾਲ !!

੧.

ਮੈਂਡੀ ਨਿਮਾਣੀ-ਜਿੰਦੜੀ ਸਿਕ-ਸਕੇਂਦੀ ਸਧਰਾਂ-ਭੁੱਖੀ, ਅਜ ਸੁਰਤੀ ਦੀ ਮਧਮ-ਰਸੀ ਫੜ ਕੇ ਸੁਰਤ-ਅਟਾਰੀ ਤੇ ਆ ਚੜ੍ਹੀ ! ਅਪੂਰਨ ਬਿਰਹੋਂ ਦਾ ਚੰਨ ਅਜ ਪੂਰਣ ਹੋ ਗਿਆ ਤੇ ਲਾਲ ਭਗਵਣਾ ਚੋਲੜਾ ਪਾ ਆਇਆ ! ਅਰਸ਼ੋਂ-ਢਠੀ ਜਿੰਦੜੀ ਫਿਰ ਕਿਸੇ ਖਜ਼ਾ ਕਿਸੇ ਫ਼ਰਸ਼ੀ-ਮੁਨਾਰੇ ਤੇ ਜਾ ਡਿੱਗੀ ! ਓਹ ਢੂੰਢਦੀ ਕੋਈ ਹੋਰ ਉਸ ਪਰ ਆਦ੍ਰਿਸ਼ਟ ਅਰਸ਼ ਚੁਮਣੀ ਸੀੜ੍ਹੀ ! ਓ ਪਿਆਰੂਆ ! ਤੂ ਪਤਾ ਨਹੀਂ ਕੇੜ੍ਹੇ ਮੰਡਲ ਤੇ ਵਸਨਾਂ ਮੈਂ ਕੁਤਬ-ਮੀਨਾਰ ਉਪਰ ਚੜ੍ਹੀ ਪਰ ਅਜਾਂ ਕੁਤਬ (Pole Star) ਕਈ ਯੋਜਨ, ਸਹੰਸਰ-ਕੋਹ ਉਤੇ ! ਓਏ ਸਿਕ-ਸਕੇਂਦੀ ਨੂੰ ਹੋਰ ਤਰਸੇਵੇਂ, ਹੋਰ ਬਿਰਹੋਂ-ਤ੍ਰਿੰਜਣ, ਹੋਰ ਬਿਰਹੋਂ-ਵੇਧਣ ! ਹਾਂ ਅਜ, ਅਜ ਮੈਂ ਬਿਰਹੋਂ-ਗੁਧੀ ਰਸ-ਗੁਧੇ ਨੂੰ ਢੂੰਢਦੀ। ਓਏ ਮੈਂ ਬਿਲਲਾਂਉਦੀ, ਲੁਛਦੀ, ਕੁਰਲਾਉਂਦੀ:-

"ਬਿਲਲਾਟ ਕਰਹਿ ਬਹੁਤੇਰਿਆ, ਪਿਆਰੇ, ਉਤਰੈ ਨਾਹੀ ਸੂਲ !"

(ਸੋਰਠਿ ਮ: ੫)

ਓ ਪਿਆਰੂਆ, ਏਹ ਨਹੀਂਓ ਹਿਸਦਾ ਹਿਰਦੇ-ਭਾਂਬੜ-ਏਹ ਸਗੋਂ ਮਚਨਾ ਈ ਹੋਰ, ਜਿਤਨੀ ਤੂੰ ਵਧੇਰੇ ਮੈਂ ਤੋਂ ਛੁਪੇ-ਲੁਕੀ ਖੇਡਨਾ ਏਂ ! ਓਏ ਤੈਂ ਵਾਸਤੇ ਏਹ 'ਖੇਡਾਂ'-ਪਰ ਮੈਂ ਵਾਸਤੇ ਪਰਲੋ, ਓਏ

ਮੁੜੀ ਲਥੀ ਲੋਥ ਮੈਂ ਧੁੜਕਦੀ, ਮੈਂ ਫੜਕਦੀ, ਮੈਂ ਤੜਫਦੀ ! ਕੀਰਨੇ......ਕੀਰਨੇ..... ਕੀਰਨੇ !......ਹਾਵੇ......ਹਾਵੇ...ਹਾਵੇ ! ਸੱਲ......ਸੱਲ ...ਸਲ !......ਸੂਲ......ਸੂਲ......ਸੂਲ ! ਓ ਖੰਨਿਓਂ ਤਿਖੀ ਬਿਰਹੋਂ ਕਟਾਰੀ, ਓ ਹਿਰਦੇ-ਚੀਰਣ-ਆਰੀ; ਤੂੰ ਤਿਖੀ ਤੂੰ ਖੁਢੀ, ਤੂੰ ਮੰਦੀ ਨਹੀਂ ਨਹੀਂ ਤੂੰ ਚੰਗੀ :—

'ਬਿਰਹੈ-ਬੇਧੀ ਸਚਿ-ਵਸੀ, ਭਾਈ, ਅਧਿਕ ਰਹੀ ਹਰਿ-ਨਾਇ' ਹਾਂ ਬਿਰਹੋਂ ਖਿਚ ਆਈ ਰਤਾ ਕੇ ਨੇੜੇ ਹਰੀ-ਨਾਮ' ਪਾਸ-ਕੇੜ੍ਹੇ 'ਹਰਿ ਨਾਮ' ਪਾਸ ? ਹਾਂ ਕੇੜ੍ਹੇ......ਓਹ ਜਦ ਆਵੇਗਾ ਤਾਂ ਆਪੇ ਦੱਸੂ !

'ਬਿਰਹਾ ਬਿਰਹਾ ਆਖੀਐ, ਬਿਰਹਾ ਤੂੰ ਸੁਲਤਾਨ ।
ਫਰੀਦਾ ਜਿਤੁ ਤਨਿ ਬਿਰਹਾ ਨ ਉਪਜੈ, ਸੋ ਤਨ ਜਾਣ ਮਸਾਣ ।
(੩੬ ਸਲੋਕ ਫਰੀਦ ਜੀ)

ਹਾਂ ਬਿਰਹੋਂ ਦੀ 'ਅਗਨੀ', ਬਿਰਹੋਂ ਦਾ ਤਪ, ਬਿਰਹੋਂ ਦਾ ਤਾਉ-ਤੇ ਓਹਦੇ ਭੈ, 'ਧਾਣਕ-ਰੂਪ ਦਾ ਡਰ (ਵੇਖੋ ਪਿਛਲਾ ਸਿੱਕ ਡਰਾਵਣਾ-ਰੂਪ ਵਾਹਿਗੁਰੂ ਦਾ) ਹਾਂ ਓਸ ਮਿਠੜੇ ਦਾ ਕਰੜਾ-ਡਰ, ਧਰਮ-ਰਾਜ ਦਾ ਯਮਰਾਜੀ-ਰੂਪ ਘੂਰਵਾਂ, ਆਪਣੇ ਕੀਤੇ ਤੋਂ ਆਪੇ ਡਰਣਾ, ਪਸਚਾਤਾਪ (Repentance), ਓਹਦੇ ਅਟੱਲ ਨੀਯਮਾਂ ਦਾ ਡਰ, ਖੌਫ਼ ਤੇ ਹੈਬਤ :

'ਭਉ ਖਲਾ, ਅਗਨੀ ਤਪ ਤਾਉ !'

(ਜਪੁਜੀ)

ਵਾਹ ਵਾਹ ਭਉ-ਖਲਾ ਜਿਕ-ਸਾੜਦੀਆਂ, ਵਾਹ ਵਾਹ ਅਗਨੀ ਤਪ ਤਾਉ, ਪਸਚਾਤਾਪ ਦੀ ਅਗਨੀ, ਆਪਣੀ-ਆਪੇ ਅਗੇ ਸ਼ਰਮ ।

੨

ਓਦੇ 'ਭੈ' ਦੀਆਂ ਅਖ ਵਿਚ ਸਲਾਈਆਂ, ਗਵਾਚੀ ਜੋਤਨਾ

ਮੁੜ ਸਿਆਣੇ ਦੀ ! ਤੇ ਵਾਹਿਗੁਰੂ ਪਿਆਰ ਦੇ ਵੰਨ-ਸੁਵੰਨੇ ਕਪੜੇ, ਸੂਹੇ-ਲਾਲ ਪੀਲੜੇ, ਚਾਵਾਂ ਦੇ ਰਾਗ ਮਲ੍ਹਾਰ, ਵਧਦੀ-ਪ੍ਰੀਤ ਦੇ ਅਗਾਂ-ਵਧਦੇ ਡਲ੍ਹਕਦੇ ਜਵਾਰ-ਭਾਟੇ, ਹਿਕ-ਚੀਰਣ ਵਾਲੀਆਂ ਹਿਰਦੇ-ਉਮੰਗਾਂ; ਮੀਨ-ਜਲ ਲਾਲਾ ਅਥੱਕ-ਪਿਆਰ; ਭੌਰੇ ਤੇ ਫੁਲ ਵਾਲੀ ਉਡਦੀ-ਪ੍ਰੀਤ, ਭੰਬਟ ਤੇ ਬਲਦੀ-ਜੋਤ ਵਾਲਾ ਬਿਰਹੋਂ-ਸਾੜੂ ਭੜਮੱਚਾ, ਹਾਂ ਲੱਟ ਲੱਟ ਕਰਦਾ ਸ਼ੋਅਲਾ; ਚਕਵੀ ਤ ਸੂਰਜ-ਵਾਲਾ ਖੜੂ-ਪਿਆਰ, ਦੁਧ ਪਾਣੀ ਵਾਲਾ ਇਕ-ਰੁਖਾ ਪਿਆਰ—ਆਪ ਬਲਣਾ ਤੇ ਦੂਜੇ ਨੂੰ ਪਾਲਣਾ, ਹਾਂ ਮੱਘ ਮੱਘ ਕਰਦੀ, ਲੱਟ ਲੱਟ ਕਰਦੀ, ਪਿਆਰ ਦੀ ਚੌਮੁਖੀ ਜਵਾਲਾ-ਮੁਖੀ ! ਉ ਜਿੰਦ ਏਹ ਹੁਣ ਨੇ ਤੈਂਡੇ ਸਤ-ਰੰਗੀ ਵੇਸ (Rainbow-Lued Loue;, ਓਏ ਤੈਂਡ ਸਹਜੜੇ-ਸੀਗਾਰ :—

> ਭੈ ਕੀਆ ਦੇਹਿ ਸਲਾਈਆ ਨੈਣੀ,
> ਭਾਵ—ਕਾ—ਕਰਿ—ਸੀਗਾਰੋ !
> ਤਾ ਸੁਹਾਗਣਿ ਜਾਈਐ,
> ਲਾਗੀ ਜਾ ਸਹੁ ਧਰੇ ਪਿਆਰੋ !'

(ਤਿਲੰਗ ਮ: ੧)

ਮੈਂਡੀਏ ਜਿੰਦੇ ! ਛਡ ਨੀ ਲਬ-ਲੋਭ ਦੇ ਲਿਬੇ-ਚੋਲਣੇ, ਤੇ ਪਾ ਕੰਤ-ਭਾਵਣਾ ਸੁਚਾ ਸ਼ਰਧਾ-ਚੋਲੜਾ ! ਪਿਆਰੂਏ ਦੀ ਪਿਆਰੀ—ਪ੍ਰੀਤ, ਰਸ—ਰਸੀਅੜ ਦੀ ਰਸ ਭਰੀ ਪ੍ਰੀਤ, ਲਾਲਣ ਦੀ ਲਾਲ ਗੁਲਾਲ ਪ੍ਰੀਤ ! ਓ ਕਸੁੰਭਾ ਵਣਜਣ ਵਾਲੀਏ ਜਿੰਦੇ, ਅਜ ਮਜੀਠ ਦਾ ਖਰਾ—ਸੌਦਾ ਕਰ ! ਹਾਂ ਪ੍ਰੀਤ ਵਾਨ ਦਾ ਪ੍ਰੀਤੀ-ਭੋਜਨ, ਪ੍ਰੀਤਵਾਨ ਦਾ ਪ੍ਰੀਤ ਸਵਾਗਤ, 'ਝਾਲਾਂਗੇ ਉਠਿ ਨਾਮੁ ਜਪਿ ਨਿਸ ਬਾਸੁਰ ਆਰਾਧਿ !" ਹਾਂ ਹੋਰਾਂ ਤੋਂ ਬਹੂੰ ਸਵੇਰੇ ਉਠ, ਤੇ ਪ੍ਰਭਾਤੇ ਨਾਮ ਧਿਆ, ਓਈ ਵਤਰ ਦਾ ਵੇਲਾ, ਓਈ ਅੰਮ੍ਰਿਤ

ਵੰਡਣ ਦਾ ਵੇਲਾ, ਓਈ ਅੰਮ੍ਰਿਤ ਵੇਲਾ "ਪ੍ਰਾਤਹ ਕਾਲ ਹਰਿਨਾਮ ਉਚਾਰੀ !" ਉਠ ਨੀ ਸਤਲ ਜਿੰਦੇ ਉਠ, ਤੇ ਪ੍ਰੀਤਵਾਨ ਨੂੰ ਪ੍ਰਾਤੀ-ਭੰਜਨ ਤੇ ਸਦ ! 'ਫਰੀਦਾ ਪਿਛਲ-ਰਾਤਿ ਨ ਜਾਗਿਓਹਿ, ਜੀਵਦੜਓ ਮੁਇਓਹਿ" ! "ਪਿਛਹੁ ਰਾਤੀ ਸਦੜਾ, ਨਾਮੁ ਖਸਮ ਕਾ ਲੇਹਿ।"

ਨੀ ਪ੍ਰੀਤਵਾਨ ਜਿੰਦੇ, ਨਿਸ ਬਾਸਰ ਜੇ ਤੂੰ ਓਹਨੂੰ ਅਰਾਧੇਂਗੀ, ਤਾਂ ਓਹ ਚਾਈਆ, ਤੈਂ ਅੰਦਰ ਵੀ ਚਾਉ ਦ ਪੰਜੇ ਲਾਏਗਾ। ਚਉਥੈ ਪਹਰਿ ਸਬਾਹ ਕੈ ਸੁਰਤਿਆਂ ਉਪਜੈ ਚਾਉ !" ਨਾ ਚੀਉ-ਭਰੀ ਜਿੰਦੜੀਏ, ਏਨਾਂ ਚਾਵਾਂ ਵਿਚ ਤੇਂਡੀ ਸਿਥਲਤਾ ਪਿਘਲੇਗੀ, ਤੇ ਤੂੰ ਕਾਫੂਰ ਬਣ ਕੇ ਉਡੇਂਗੀ :—

"ਭਾਂਡਾ 'ਭਾਉ' ਅੰਮ੍ਰਿਤ ਤਿਤੁ ਢਾਲਿ।"

(ਜਪੁਜੀ)

ਵਾਹ ਵਾਹ ਵੇ ਭਾਉ ਦੇ ਹਿਰਦੇ-ਕਟੋਰੀਏ ! ਵਾਹ ਵਾਹ ਚਾਉ ਦੇ ਢਾਲਵੇਂ-ਹੂਟੇ ! ਵਾਹ ਵਾਹ ਭਾਉ ਦੀਆਂ ਖਿੰਡੀਆਂ ਕਸਤੂਰੀ ਲਪੱਟਾਂ ! !

ਓ ਅਗਿਆਨੀ ਜਿੰਦੇ ! ਓ ਅੰਮ੍ਰਿਤ ਢੂੰਡਦੀਏ ਨਾਰੇ, ਰਤਾ ਕੁ ਆਪਣਾ ਗਰੇਬਾਨ ਤਾਂ ਚੁਕ ਕੇ ਵੇਖ। ਓ ਅਨ੍ਹੀਏ ਜਿੰਦ, ਰਤਾ ਕੁ ਟਟੋਲ ਕੇ ਤਾਂ ਵੇਖ, ਤੈਂਡੇ ਨੇੜੇ ਹੋਰ ਕੀ ਏ ? ਨੀ ਲਹੂ ਭਖਣੀਏ ਜਕੇ, ਰਤਾ ਕੁ ਹੋਰ ਵਧ ਤੇ ਵੇਖ, ਲਹੂ ਕੋਲ ਹੋਰ ਕੀ ਏ ? ਧੜਕਦਾ ਦਿਲ ! ਨੀ ਰਤ ਚੂਸਣੀ ਏ ਚਿਚੜੀ ! ਪੈਰ ਰਤਾ ਕੁ ਹੋਰ ਡਬ ਤੇ ਵੇਖ ਥਣਾਂ ਵਿਚ ਹੋਰ ਕੀ ਏ-ਤੱਤਾ ਤੱਤਾ ਦੁਧ! ਨੀ ਜਾਲ-ਭਖਣੀਏ ਮੇਂਡਕੀਏ (ਮੈਂਡਕੀ ਯਾ ਡੱਡੀ), ਜਾਲੇ ਨੂੰ ਪਰ੍ਹਾਂ ਕਰ ਕੇ ਵੇਖ, ਇਹਦੇ ਹੇਠ ਕੀ ਏ? ਆਤਮਾਂ ਦਾ ਖਿੜਿਆ ਕੌਲ ਫੁਲ ! ਓ ਮਤ-ਹੀਣ ਜਿੰਦੜੀਏ, ਐਡੇ ਕੋਲ ਤੈਂਡੇ ਭਰੇ ਭੰਡਾਰ, ਪਰ ਤੂੰ ਬਿਖ ਰਸ

ਵਿਚ ਰੁਝੀ ਰਹੀ ! ਓ ਅੰਨ੍ਹੀਏ ਜਿੰਦੇ, ਗਿਆਨ ਨੇਤਰ ਖੋਲ੍ਹ ਤੇ ਵੇਖ, ਆਪਣੇ ਹਮਸਾਏ, ਕੋਲ ਵਸੇ ਮਾਂ-ਪਿਉ ਜਾਏ—

"ਬਿਮਲ ਮਝਾਰ ਬਸਸਿ ਨਿਰਮਲ ਜਲ
ਪਦਮਨਿ ਜਾਵਲ ਰੇ ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦਖ ਨਹੀਂ ਰੇ ॥
ਦਾਦਰ ਤੂੰ ਕਬਹਿ ਨ ਜਾਨਸ ਰੇ ।
ਭਖਸਿ ਸਿਬਾਲ ਬਸਸਿ ਨਿਰਮਲ ਜਲ ਅੰਮ੍ਰਿਤ ਨ ਲਖਸ ਰੇ।'
ਰਹਾਉ ॥ (ਮਾਰੂ ਮ: ੧)

ਉਸੇ ਨਿਰਮਲ-ਜਲ, ਖੀਰ ਸਾਗਰ ਵਿਚ ਵਸਦਾ ਏ ਕਮਲ ਫੁਲ ਤੇ ਦੂਜਾ ਧੁੰਧਲਾ ਜਾਲਾ, ਉਹ ਨਿਰਮਲ ਤੇ ਨਿਰਲੇਪ, ਇਹ ਗੰਧਲਾ ਤੇ ਕੌੜਾ—ਦੋਵੇਂ ਇੱਕਠੇ ਨੇ, ਉਹ ਸ਼ੁਭ ਗੁਣਾਂ ਵਾਲਾ ਤੇ ਇਹ ਦੋਖੀ-ਸ਼ੁਧਤਾ ਨੂੰ ਲੁਕਾਉਣ ਵਾਲਾ ਜਾਲਾ । ਨੀ ਜਿੰਦੇ ਤੂੰ ਕਮਲ ਫੁਲ ਬਣ, ਜਾਲਾਪਣ ਛਡ ।

ਪਰ ਓਏ ਅਗਿਆਨੜੀ ਜਿੰਦੇ, ਤੂੰ ਡੱਡੂ ਵਾਂਗ ਜਾਲਾ ਭਖਦੀ ਏਂ, ਸਤੋਗੁਣ ਛਡ, ਤਮੋਗੁਣ ਗ੍ਰਹਿਣ ਕਰਦੀ ਏਂ, ਓਏ ਕਮਲ ਫੁਲ ਕੋਲ ਖੜੋਤੀਏ ਜਿੰਦੇ ! ਐਡਾ ਸੋਹਣਾ, ਸੁਹਪਣ ਦੀ ਖਾਣ । ਓ ਆਤਮ ਨੂਰ ਤੈਂਡੇ ਕੋਲ, ਪਰ ਤੂੰ ਖਾਵੇਂ ਬੂਰ, ਮਲੀਨਤਾ ਦਾ ਬੂਰ! ਓਏ ਜਿੰਦੇ ਅੰਮ੍ਰਿਤ ਤੈਂਡੇ ਕੋਲ ਪਰ ਜਾਲਾ ਖਾਣੀ ਜਿੰਦੇ! ਤੈਂ ਤੋਂ ਉਹ ਕੇਹਾਂ ਦੂਰ ! ਖੋਲ੍ਹ ਗਿਆਨ ਨੇਤਰ ।

"ਬਸ ਜਲ ਨਿਤ ਨਵਸਤ ਅਲੀਅਲ ਮੇਰ ਰਚਾ ਗੁਨ ਰੇ ।"

ਓਏ ਦਾਦਰ-ਜਿੰਦੇ ! ਵਸੇਂ ਤੂੰ ਨਿਤ ਖੀਰ ਸਾਗਰ, ਅੰਮ੍ਰਿਤ ਕੁੰਡ ਵਿਚ, ਪਰ ਤੂੰ ਨਾ ਜਾਣੇਂ ਭੇਦ, ਬ੍ਰਹਮ ਕਮਲ ਦਾ, ਹਾਂ ਆਤਮ ਰਾਮ ਦਾ। ਪਰ ਉਹਨੂੰ ਮਾਣਦੇ ਨੇ ਉਹ ਦੂਰੋਂ ਆ ਕੇ ਸ਼ੁਧ ਨਿਰਮਲ ਰੂਪ ਭਗਤ ਤੇ ਭਗਤਣੀਆਂ—ਭੌਰੇ ਤੇ ਭੌਰੀਆਂ ਜੋ ਦੂਰੋਂ ਆ ਕੇ

ਸੁਗੰਧ ਲਦੀਆਂ ਫੂਲ ਪੰਖੜੀਆਂ, ਆਤਮ ਲਪਟਾਂ ਦਾ ਰਸ ਮਾਣਦੇ ਨੇ। ਓ ਅੰਨ੍ਹੀਏਂ ਜਿਦੇ, ਖੋਲ੍ਹ ਬਿਅੰਨ ਨੈਣ!

"ਚੰਦ ਕੁਮੁਦਨੀ ਦੂਰਹੁ ਨਿਵਸਿਸ ਅਨਭਉ ਕਾਰਨ ਰੇ।"

ਓ ਜੋਤਹੀਣ ਜਿੰਦੇ! ਵੇਖ ਕਮੀਆਂ ਦੇ ਫੂਲ ਕੀਕਣ ਲਖਾਂ ਕੋਹਾਂ ਦੂਰ ਖੜੋਤੇ ਚੰਦਰਮਾਂ ਦੇ ਦਰਸ਼ਨ ਕਰ ਖਿੜ ਜਾਂਦੇ ਨੇ। ਓ ਅਗਿਆਤ ਜਿੰਦੇ! ਆਪਣੇ ਅਨਭਵੀ ਨੇਤਰ ਖੋਲ੍ਹ ਤੇ ਇਹ ਗਿਆਨ ਚਾਨਣ ਵੇਖ! ਲਿਵਲੀਨ ਜਿੰਦੇ ਲਿਵ ਲਾ ਕੇ ਵੇਖ!

"ਅੰਮ੍ਰਿਤ ਖੰਡ ਦੂਧ ਮਧੁ ਸੰਚਸਿ ਤੂੰਬ ਨ ਚਾਤਰ ਰੇ।"

ਤੂੰ ਅਕ-ਵਰਗੀ ਕੋੜੀ ਜਿੰਦੇ, ਤੂੰ ਆਪਣੀ ਤੂੰਬੇ ਵਰਗੀ ਕੁੜੱਤਣ ਛੱਡ! ਪਰ ਕੀਕਣ ਛੱਡੇਂ। ਕੌੜੇ ਤੂੰਬੇ ਨੂੰ ਸੌ ਅੰਮ੍ਰਿਤ ਦੇ ਛਨੇ ਜੜ੍ਹਾਂ ਤੇ ਪਾ ਕੇ ਪਾਲੀਏ, ਫਿਰ ਉਹ ਕੌੜੇ ਦਾ ਕੌੜਾ! ਓਏ ਅਗਿਆਤ ਜਿੰਦੇ, ਸਿਆਣੀ ਬਣ, ਚਾਤਰ ਬਣ, ਕੁਝ ਲੱਖ, ਕੁਝ ਸਿਖ।

"ਆਪਣਾ ਆਪ ਤੂੰ ਕਬਹੂ ਨ ਛੋਡਸ
ਪਿਸਨ ਪ੍ਰੀਤ ਜਿਉ ਰੇ।"

ਓ ਮਨਮੁਖ ਜਿੰਦੜੀਏ! ਤੂੰ ਥਣ ਤੇ ਵਸ ਕੇ ਲਹੂ ਚੂਸਨੀ ਏਂ! ਤੈਨੂੰ ਦੁਧ ਦੀ ਸੋਝੀ ਨਹੀਂ। ਓ ਕਾਗ ਜਿੰਦੇ, ਹੰਸ ਬਣ, ਗਿਆਨ ਚਖਸ਼ੂ ਖੋਲ੍ਹ ਕ ਸੁਧਾ ਦੁਧ ਪੀ-ਹਾਂ ਉਹਨਾਂ ਲਮਕਦੇ ਕਾਮਧੇਨ ਥਣਾ ਤੋਂ।

ਨੀ ਅਨਘੜੀਏ ਜਿੰਦੇ, ਆ ਏਸ ਗੁਰਉਪਦੇਸ਼ ਹੇਠ! ਤੈਨੂੰ ਕੁਟਾਂ, ਕੁਟ ਕੁਟ ਕੇ ਖੋਟ ਨਿਖੁਟਾਂ! ਓਏ ਮਤਹੀਣ ਜਿੰਦ, ਆਪਣੀ ਮੱਤ ਦਾ ਜੰਦਰਾ ਖੋਲ੍ਹ! ਓਏ ਮਤ-ਸੁਤੀ ਜਿੰਦੇ ਮੱਤ ਨੂੰ ਰਤਾ ਕੁ ਖੇਚਲ ਦੇ ਤੇ ਜਗਾ! ਓਏ ਸੁੱਤੀ ਜਿੰਦੇ, ਮੱਤ ਦੀ ਸੇਜਾ ਵਿਛਾ ਤਾਂ ਓਤੇ ਗਿਆਨ ਰਾਏ ਆਵੀ ਤੇ ਤੈਨੂੰ ਰਾਵੀ! ਨੀ ਨਿਮਾਣੀ ਜਿਦੇ, ਤੂੰ

ਹੇਠ ਸੈਂ ਤੇ ਉਹ ਤੈਨੂੰ ਉਤੋਂ ਥਾਪੀ ਦੇ ਸਵਾਰੇ। ਨੀ! ਨੀ!! ਨੀ!!!... ਤੂੰ ਸੁਨਿਆਰ ਦੀ 'ਅਹਿਰਣ' ਬਣ—ਤੇ ਇਹ ਗੁਰਗਿਆਨ, ਵੇਦ ਵਿਚਾਰ, ਬਿਬੇਕ-ਗਿਆਨ, ਤੈਨੂੰ ਹਥੌੜਾ ਬਣਕੇ ਭੰਨੇ-

'ਅਹਰਣਿ ਮਤਿ ਵੇਦੁ ਹਥਿਆਰ।'

(ਜਪੁਜੀ)

ਵਾਹ ਵਾਹ ਵੇਦ-ਵਚਨ ਗੁਰਬਚਨ ਹਥੌੜਾ।
ਵਾਹ ਵਾਹ ਮੈਂਡੀ ਹੇਠ ਆਈ ਭੰਨ ਸਵਾਰੀ ਜਿਦ।
ਵਾਹ ਵਾਹ ਮਤ ਅਹਰਿਣ ਜਿਸ ਹਿਕ
ਰਖ ਅਵਿਦਿਆ ਸਿਲ ਤੁੜਾਈ।
ਵਾਹ ਵਾਹ ਗਿਆਨ ਸੰਵਾਰੀ ਜਿੰਦੜੀ-ਕੱਖ ਦੀ ਬਣੀ ਲੱਖ।

੪.

ਨੀ ਹਿਕ ਡਾਹਣੀ ਜਿੰਦੇ, ਤੂੰ ਧੰਨ ਧੰਨ! ਤੂੰ ਗਿਆਨ ਰਾਉ ਅਗੇ ਹੋ ਲੇਟੀ-ਪਰ ਤੈਂਡਾ 'ਪਤੀ' ਬੜਾ ਪਰਖੀਲਾ ਈ। ਜੇ ਤੂੰ ਵੇਂ ਸੁੱਚੀ ਤੇ ਸੱਚੀ, ਤਾਂ ਤੂੰ ਵੇਂ ਕੰਤ ਪਿਆਰੀ, ਜੇ ਤੂੰ ਵੇਂ ਛੋਹੀ ਮੋਹੀ ਤਾਂ ਤੂੰ ਵੇਂ ਮੋਈ, ਅਧਮੋਈ! ਓ ਜਿੰਦੇ ਜਤ ਸਤ ਦੀ 'ਨੱਥ' ਮੈਂਡੇ ਨਾਥ ਨੂੰ ਆ ਭਾਵੰਦੀ। ਏਸ 'ਨਕੇਲ' ਨਾਲ ਉਹ ਮਾਹੀ ਖਿਚਦਾ ਈ ਤੇ ਗਲ ਲਾਉਂਦਾ ਬੀ। ਨੀ ਅਚਕਚ ਜਿੰਦੇ! ਜਤ ਸਤ ਦਾ ਪਹਿਨ ਚੋਲੜਾ ਤੇ ਧੀਰਜ ਧੜੀ ਬੱਧਾ! ਓ ਕਾਮਣ! "ਮਨੁ ਮੋਤੀ ਜੇ ਗਹਿਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥ ਖਿਮਾ ਸੀਗਾਰੁ ਕਾਮਣਿ ਤਨਿ ਪਹਰੈ ਰਾਵੈ ਲਾਲ ਪਿਆਰੀ॥" ਓਇ ਹਰ ਦਾ ਕੰਠਹਾਰ ਪਹਿਨਣ ਵਾਲੀਏ ਕਾਮਣ! ਜਤਸਤ ਨੂੰ ਫੜ ਤੇ ਦੁਖ ਸੁਖ ਵਿਚ ਧੀਰਜ ਦੀ ਸੀਤਲ ਗੰਗਾ ਵਿਚ ਨ੍ਹਾ। ਓ ਮਨ ਮੰਦਰ ਨੂੰ ਪਰਜਵਲਤ ਕਰਨ ਵਾਲੀਏ! ਇਹ ਸ਼ਿੰਗਾਰ ਪਹਿਨਣ ਨਾਲ ਉਹ

ਲਾਲਣ ਤੈਨੂੰ ਅਵੱਸ਼ ਰਾਵੇਗਾ ।

ਓਏ ਜਗਿਆਸੂ ਜਿੰਦੜੀਏ ! ਸੁਨਿਆਰਾ ਬਣ, ਸੁਚਾ ਸੁਨਿਆਰਾ, ਜਤ ਸਤ ਦੀ ਖੋਲ੍ਹ ਹੱਟੀ ਤੇ ਆਪ ਧੀਰਜ ਸਰੂਪ ਹੋ ਜਾ ਜਿੰਦ-ਘਾੜਾ, ਸੁਚਾ ਸੁਨਿਆਰਾ ।

"ਜਤੁ ਪਾਹਾਰਾ ਧੀਰਜੁ ਸੁਨਿਆਰੁ ।"

(ਜਪੁਜੀ)

ਵਾਹ ! ਵਾਹ !! ਮੇਂਡੇ ਜਤ ਸਤ ਬਾਪੂ ਦਾ ਹੱਟ। ਵਾਹ ! ਵਾਹ!! ਨਵੀਨ ਘਾੜਾ ਧੀਰਜ ! ਬੀਰਜ !!, ਵਾਹ ! ਵਾਹ !! ਘੜ ਘੜੀ ਕੰਚਨ ਜਿਦੜੀ !!!

ਓ ਸਖੀ ਸਹੇਲੜੀਓ ! ਨੀ ਮੈਂ ਅਜ ਪ੍ਰੀਤ ਚੋਲੜਾ ਇਸ ਤਨ ਪਾਇਆ !

" " " ! ਨੀ ਮੈਂ ਅਜ ਜਤ ਸੱਤ ਪਲੰਘ ਵੇਹੜੇ ਡਾਹਿਆ !

" " " ! ਨੀ ਮੈਂ ਅਜ ਧੀਰਜ ਧੜੀ ਦਾ ਟਿੱਕਾ ਲਾਇਆ !

" " " ! ਨੀ ਮੈਂ ਅਜ ਵੇਦ ਵਿਗਸੀ ਮੱਤ ਦਾ ਗਲ ਹਾਰ ਫਿਰਾਇਆ !

" " " ! ਨੀ ਮੈ ਅਜ ਭਓ ਪਿਆਲਾ ਹਿਰਦੇ ਪਿਲਾਇਆ !

" " " ! ਨੀ ਮੈਂ ਅਜ ਤਪ ਤਾਇੜਾ ਚੂੜਾ ਬਾਹੀਂ ਪਾਇਆ !

ਸਖੀ ਸਹੇਲੜੀਓ, ਮੈਂ ਪਾਲੀ ਪੋਸੀ, ਮੈਂ ਸੰਗਾਰੀ ਸੁਹੀ, ਮੈਂ ਵੇਸ ਗੁੰਦਾਈ ਮਾਂਗੀਂ ਪਾਏ ਸੰਧੂਰੇ—ਹਉ ਪੀਆਂ ਮਿਲਣ ਦੀ ਆਸਾ— ਲਾਲ ਰੀਝਾਵਣ ਦੀ ਲਾਲਸਾ—ਹਰ ਦਰਸ਼ਨ ਦੀ

ਤੀਬਰ ਤਿਖ !

ਓ ਪਿਆਰੂਆ, ਆ ਹੁਣ ਤਾਂ ਆ, ਮੈਂ ਘੋਲੀ, ਮੈਂ ਵਾਰੀ, ਮੈਂ ਸਦਕੜੇ, ਮੈਂ ਦੰਦ ਖੰਡ ਦੀ ਪਲਘੇਰੀ (ਸਤ ਗੁਣ ਰੂਪੀ ਪਲੰਘ) ਤੇ ਬੈਠੀ, ਬੂਹਾ ਤਾੜਦੀ ! ਓ ਮੋਰ ਢੰਗੀ ਜਿਦੜੀ, ਅਜ ਸਹਸਰ ਅਖਾਂ ਨਾਲ ਪਿਆਰੂਏ ਨੂੰ ਤਾੜਦੀ, ਹੁਣ ਤਾਂ ਆ, ਹੁਣ ਤਾਂ ਆ:—

"ਹਮਾਰੈ ਮਨਿ ਚਿਤ ਹਰਿ ਆਸ 'ਨਿਤ',
ਕਿਉਂ ਦੇਖਾ ਹਰਿ ਦਰਸ ਤੁਮਾਰਾ ।
ਜਿਨ ਪ੍ਰੀਤ ਲਾਈ ਸੋ ਜਾਣਦਾ,
ਹਮਰੈ ਮਨਿ ਚਿਤ ਹਰਿ ਬਹੁਤ ਪਿਆਰਾ ।'
(ਗਉੜੀ ਬੈਰਾਗਣਿ ਮ: ੪)

ਓਏ ਆਪੇ ਪ੍ਰੀਤ ਡੱਬੇ ਖੋਲ੍ਹ ਕੇ ਪਰਾਂ ਹਟ ਜਾਣ ਵਾਲਿਆ, ਹੁਣ ਤਾਂ ਆ—ਹੁਣ ਤਾਂ ਆ !

ਆਇਅੜਾ ਮੈਂਡਾ ਪਿਆਰਾ, ਪਰ ਅਜਾਂ ਵੀ ਛਿਪ-ਲੁਕ ਹਥ ਤਰੱਕੜ ਆਇਆ ਓਹ ਬਾਣੀਆ, ਓਹ ਤੋਲਣ ਹਾਰਾ ! ਹਾਂ ਅਜ ਵਖਦਾ, ਪਰਖਦਾ, ਮੈਂਡੀ ਪ੍ਰੀਤ ਨੂੰ, ਮੈਂਡੀ ਤਿਖ ਨੂੰ ਮੈਂਡੀ ਤਾਂਘ ਨੂੰ—ਓਏ ਅਣੋਖਾ ਵਣਜਾਰਾ ਅਜ ਤਰੱਕੜ ਤੋਲਦਾ-

'ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ '
(ਸੂਹੀ ਵਾਰ ਮ: ੧)

ਓਏ ਸਚਿਆ ਤੂੰ ਕਿਉਂ ਨਾ ਪਰਖੇਂ—ਹੋਈ ਜੋ ਤੈਂਡੀ ਸਚੀ-ਟਕਸਾਲ' ! ਤੂੰ ਨਹੀਂ ਆਇਆ, ਸਚਾ ਨਹੀਂ ਆਇਆ, ਮੈਂ ਗੁਣ-ਵੰਤੀ, ਗੁਣਾਂ ਨਾਲ ਬਧੀ, ਪਹਿਲੋਂ ਕਾਲੀ ਰਸੀ ਨਾਲ, ਹੁਣ ਪਟ (ਸਤੋਗੁਣ ਵਿਚ ਵੀ ਲੇਪ ਹੈ) ਤੰਦਾਂ ਨਾਲ ! ਹਉਂ ਖਿਮਾ-ਸਗਾਰੀ, ਹਉਂ ਧੀਰਜ ਧੜੀ ਬੰਧੀ, ਹਉ ਭੈ-ਭਾਉ ਪਰਖੀ...ਹਉ ਏਹ ਹਓਂ

ਐਹ...ਹਓਂ ਹਓਂ ਵਿਚ ਅਜਾਂ ਵੀ ਰੁਧੀ, ਓ ਮੇਰੇ ਪ੍ਰੀਤਮਾ, ਨਹੀਂ ਆਇਆ, ਤੇਰਾਂ ਦਸ, ਨਾ ਕਾਈ ਜੀਓ ! ਮੈਂ ਗੁਣਵੰਤੀ ਅਜ ਨਿਰਗੁਣ ਵੰਤੜੀ (ਵੇਖੋ ਆਤਮ-ਦਰਸ਼ਨ 'ਨਿਰਗੁਣ ਵੰਤੜੀ ਤੇ ਸੂਖਮ ਹਉਮੈਂ') ਓਏ ਅਜ ਨਿਰਗੁਣ, ਤੇਂਡੇ ਦਰ ਢਠੀ, ਤੈਂਡਾ ਬੂਹਾ ਮਲ ਬੈਠੀ, ਕਦੀ ਨਾ ਉਠਾਂ ਜ ਤੂੰ ਸੌ ਠੁਡ ਮਾਰੇਂ–

ਮੇਰੇ ਰਾਮੁ ਹਮ ਪਾਪੀ ਸਰਣਿ ਪਰੇ ਹਰਿਦੁਆਰਿ !

ਮਤੁ ਨਿਰਗੁਣ ਹਮ ਮੇਲੇ ਕਬਹੂੰ ਅਪਨੀ ਕਿਰਪਾ ਧਾਰਿ। ਰਹਾਉ।

'ਹਮਰੇ ਅਵਗੁਨ ਬਹੁਤ ਬਹੁਤ ਹੈ,

ਬਹੁ ਬਾਰ ਬਾਰ, ਹਰਿ ਗਣਤਿ ਨ ਆਵੈ ।

ਤੂੰ ਗੁਣਵੰਤਾ ਹਰਿ ਹਰਿ ਦਇਆਲ, ਹਰਿ ਆਪੇ ਬਖਸਿ ਲੈਹਿ ਹਰਿ ਭਾਵੈ !

ਹਮ ਅਪਰਾਧੀ ਰਾਖੇ ਗੁਰ ਸੰਗਤੀ, ਉਪਦੇਸ਼ ਦੀਓ, ਹਰਿਨਾਮ ਛਡਾਵੈ !

ਤੁਮਰੇ ਗੁਣ ਕਿਆ ਕਹਾ, ਮੇਰੇ ਸਤਿਗੁਰਾ,

ਜਬ ਗੁਰੁ ਬੋਲਹ ਤਬ 'ਬਿਸਮੁ' ਹੋਇ ਜਾਇ ।

(ਗਉੜੀ ਬੈਰਾਗਣਿ ਮ: ੪)

ਹਾਂ ਅਜ ਬਣ ਆਈ ਨੀ ਜਿੰਦੇ ਤੂੰ ਨਿਰਗੁਣ ਵੰਤੜੀ–ਤਾਣ ਹੋਂਦੇ ਹੋਈ ਨਿਤਾਣੀ, ਮਾਣ ਹੋਂਦੇ ਹੋਈ ਨਿਮਾਣੀ ! ਵਾਹ ਵਾਹ ਨੀ ਨਿਮਾਣੀ ਜਿੰਦੇ–ਤੂੰ ਹੁਣ ਆਈ ਸਿਧੜੇ ਰਾਹ ਤੇ ! ਵਾਹ ਵਾਹ ਨੀ ਨਿਮਾਣੀ-ਜਿੰਦੇ ਤੂੰ ਫੜਿਆ ਪੰਥ-ਗੁਰਮਤਿ-ਦਾ ਰਾਹ ! ਵਾਹ ਵਾਹ ਨੀ ਨਿਮਾਣੀ–ਜਿੰਦੇ ਤੂੰ ਅਜ ਹੋਈਓਂ ਕੰਚਨ-ਵੰਨੀ ! ਵਾਹ ਵਾਹ ਨੀ ਨਿਮਾਣੀ ਜਿੰਦੇ, ਤੂੰ ਅਜ ਹੋਈਓਂ ਬਾਰਾਂ-ਵੰਨੀ ! ਵਾਹ ਵਾਹ ਨੀ ਨਿਮਾਣੀ ਜਿੰਦ, ਤੂੰ ਅਜ ਨਿਰਮਲ ਹੋਈਓਂ ਚਿਰੀ-ਵਿਛੁਨੀ......

ਏਹ 'ਨਾਮ' ਆਵਣ ਦਾ ਮਿਠੜਾ ਚਿਨ੍ਹ ਹੈ-ਨਾਮ ਦੀ ਮਧੁਰ

ਮਧੁਰ ਰੁਣ-ਝੁਣ ਥਰ-ਥਰ ਕੰਬਦੀ ਧੁਨੀ-
ਰੁਣ ਝੁਣ ! ਰੁਣ ਝੁਣਿ !! ਰੁਣ ਝੁੰਝਨੜਾ !!!
ਨਦਰੀ ਦੀ ਹੁਣ ਆਈ ਨਦਰ ਫੁਆਰ !
ਨਾਮ-ਫੁਆਰ ! ਨਾਮ-ਹੜ ! ਨਾਮ ਜ਼ਵਾਰ ਭਾਟਾ !!!
ਨੀ ਸੁਧ-ਜਿੰਦੜੀਏ, ਤੈਂ ਅੱਜ ਕਿਹਾ ਬਿਸਮ ਪਿਆਲਾ ਪੀਤਾ!
ਵਾਹ ਵਾਹ ਨੀ ਸੁਹਾਗਣ ਜਿੰਦੜੀਏ! ਤੂੰ ਅਜ ਅਰਸ਼ੀ ਹੂਟਾ ਲੀਤਾ!
" " " " " ! ਤੂੰ ਅਜ ਸੰਪੂਰਨ ਹੋਈ !
ਵਾਹ ਵਾਹ ਨੀ ਸੁਹਾਗਣ ਜਿੰਦੜੀਏ ! ਤੈਂ ਅਜ ਅੰਤਰਿਗਤ ਮਲ ਧੋਈ !
" " " " ! ਬਾਰਾਂ ਵੰਨੀ ਸ਼ੁਧ ਤੂੰ ਹੋਈਓਂ !
" " " " ! ਵੀਹ ਇਕੀ ਛਡ ਪਰਮ-ਸੁਧੋਈਏ !
" " " " ! ਤੂੰ ਉਦਕ ਉਦਕ ਸਮਾਈਏ !
" " " " ! ਤੂੰ ਰੋਮ ਰੋਮ ਰਾਮ ਰਮਾਈਏਂ !
" " " " ! ਤੂੰ ਅਜ ਸੂਰਜ ਕਿਰਣ ਮਿਲੇਰੀ !
" " " " ! ਤੂੰ ਅਜ ਅੰਮ੍ਰਿਤ-ਫਲ ਚਖਰੀ !
" " " " ! ਤੂੰ ਰਿਧ ਬੁਧ ਸੁਧ ਸੰਵਾਰੀ !
" " " " ! ਤੂੰ ਅਜ ਅਤੀ-ਨਿਰਮਲ-ਕੁਆਰੀ ।
" " " " ! ਤੂੰ ਅਜ ਜਨਨੀ, ਰਾਮ-ਜਿਨੇਹੜੀ ਰਾਮ !
" " " " ! ਤੂੰ ਆਪਣਾ-ਆਪ, ਆਪਣੇ ਜੇਹੀ ਰਾਮ !

ਵਾਹ ਵਾਹ, ਅਰਸ਼ੋਂ ਲਥੀ (ਆਪਣੇ ਅੰਦਰੋਂ ਪਾਰਬ੍ਰਹਮ ਤੋਂ ਆਈ) ਮਿਹਰ ਝੜੀ ।
ਵਾਹ ਵਾਹ, 'ਨਦਰੀ ਨਦਰਿ ਨਿਹਾਲ' ਏ ਜਿੰਦੜੀ ।

ਵਾਹ ਵਾਹ 'ਜਿਨ ਕਉ ਨਦਰਿ ਕਰਮੁ ਤਿਨਕਾਰ'।
ਵਾਹ ਵਾਹ 'ਵਾਹਿਗੁਰੂ' ਸਾਚ ਕੀ ਸਾਚੀ ਕਾਰੁ।'
ਧੰਨ ਧੰਨ 'ਨਾਮ', ਧੰਨ ਧੰਨ 'ਸਬਦ'।
ਧੰਨ ਧਨ ਸਾਚੇ ਕੀ 'ਸਚੀ ਟਕਸਾਲ'। (ਜਪੁਜੀ)

* * *

ਓਏ ਕਚੀ ਨੂੰ ਆਪ ਸੰਵਾਰਣ ਆਇਅੜਾ 'ਸਬਦ'। ('ਨਾਮ' ਦਾ ਦੂਜਾ ਨਾਮ, ਵੇਖੋ ਵਾਹ ਵਾਹ ਨਾਮ ਅੰਕ)! ਓ ਮੋਹ ਮੂਲਨ ਨੂੰ ਆਪ ਨਿਰਮਲ ਕਰਨ ਆਇਅੜਾ'ਬਿਮਲ ਸਬਦ'! ਓ ਸਿਖਰੀਂ ਚੜ੍ਹੀ ਸੁਰਤ ਨੂੰ ਆਪ ਲੈਣ ਆਇੜਾ ਲਾੜਾ 'ਸ਼ਬਦ'! ਓਏ ਨਰਾਂ ਦਾ ਨਰ! ਓਏ ਲਾੜਿਆਂ ਦਾ ਲਾੜਾ! ਓਏ ਸਚ ਸਵਾਰਣਹਾਰਾ! ਓਏ ਸੋਹਨੜਾ ਸੁਨਿਆਰਾ! ਓਏ ਤਰਕੜੀ ਤੋਲਣਹਾਰਾ! ਓਏ ਭਰਮਗੜ੍ਹ ਤੋੜਨਹਾਰਾ! ਓਏ ਆਤ੍ਮਰਾਮ-ਪਾਸਾਰਾ! ਓਏ ਜੋਤ ਜੋਤ ਮਿਲਾਵਣਹਾਰਾ! ਓਏ 'ਸੁਣਿਆ' 'ਨਾਮ ਜੈਕਾਰਾ' ਤਿਰਭਵਣ (ਉਹ 'ਨਾਮ' ਦਾ ਅਟੱਲ ਟਲ ਜੋ ਤਿੰਨਾਂ ਲੋਕਾਂ ਵਿਚ ਨਿਤ ਵਜਦਾ ਏ ਤੇ ਜੋ ਸਾਰੇ ਪ੍ਰਪੰਚ ਵਿਚ ਖਿੰਡਿਆ ਹੋਇਆ ਏ) ਖਿੰਡਿਆਰਾ!

* * * *

ਨੀ ਨਾਮ ਸਵਾਰੀ ਜਿੰਦੇ! ਹੁਣ ਜਦ ਤੂੰ ਪਿਛਾਂਹ ਮੁੜ ਕੇ ਤਕਨੀ ਏਂ ਤਾਂ ਐਡੇ ਲੰਮੜ ਪੈਂਡ ਕੇਹੇ ਨਿਕੜ ਭਾਸਦੇ ਨੇ। ਹਿਮਾਚਲ ਪਰਬਤ ਚੜ੍ਹਿਆਂ ਦਿਆਰ ਵੀ ਕਿਹੇ ਕੀੜੀ ਵਰਗੇ ਭਾਸਦੇ ਨੇ! ਨਾ ਉਹ ਲੰਮੜੇ ਪੈਂਡੇ, ਨਾ ਮੇਰੇ ਪੇਰਾਂ ਤੇ ਫਫੋਲ। ਨਾ ਉਹ ਲੰਮੀਆਂ ਵਾਟਾਂ, ਨਾ ਰਾਹ ਦੇ ਕੰਡੇ, ਨਾ ਬਿਖੈ ਬਨ, ਨਾ ਚਾਤ੍ਰਿਕ ਵਾਂਗ ਤਰਸਦੀ ਜਿੰਦ! ਓ ਅਕਾਲੀ ਜਿੰਦੇ! ਕੀ ਇਹ ਸਾਰਾ 'ਕਾਲ' (Endless time) ਸੁਫਨਾ ਸੀ? ਹਾਂ, 'ਸੁਫਨਾ'। ਪਰ ਤੈਂਡਾ ਸਚਾ ਨਿਜਵਰਤਿਆ ਸੁਫਨਾ—

"ਨਰਪਤਿ ਏਕ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ।
ਅਛਤ ਰਾਜ ਬਿਛਰਤ ਦੁਖ ਪਾਇਆ ਤਾ ਗਤਿ ਭਈ ਹਮਾਰੀ ।"

ਪਰ ਉਹ ਸੁਖ ਸਾਗਰ 'ਸੁਪਨੇ ਕਾ ਸੁਪਨਾ ਭਇਆ' ਤੇ ਉਹ ਵਿਥਾਂ ਉਹ ਵਿਛੋੜੇ, ਉਹ ਬਿਰਹੋਂ ਬਾਣ, ਉਹ ਅਣਿਆਲੇ ਤੀਰ, ਉਹ ਸੱਲ, ਉਹ ਸੂਲ, ਉਹ ਚਿੰਤ ਚਿਖਾ, ਉਹ ਵੈਣ ਵਿਰਲਾਪ, ਉਹ ਕੀਰਨ, ਉਹ ਤਰਲੇ, ਉਹ ਹਾਵੇ, ਉਹ ਹਾੜੇ, ਉਹ ਸਮੂਹ, ਸਾਰੇ ਪੂਰਾਂ ਦੇ ਪੂਰ ਅਜ ਹੋਏ ਦੂਰ ਕਾਫੂਰ !

"ਨਾਨਕ ਨਦਰੀ ਨਦਰਿ ਨਿਹਾਲ ।"

(ਜਪੁਜੀ)

(ਸਬਦ 'ਸਚੀ ਟਕਸਾਲ', ਅੰਕ ਸਮਾਪਤੰ)

ਵਾਹੁ ਵਾਹੁ ਨਾਮੁ ਸੁਣਿਐ !!

ਨੀ ਸੁਚੇਤ ਜਿੰਦੇ ! ਦਸ ਨਾ ਤੈਂ ਕੀ 'ਸੁਣਿਆ' ? ਓਏ ਜਿੰਦੇ ਤੈਂਡੇ ਤੇ ਕੀ 'ਨਦਰ' ਹੋਈ ਤੂੰ ਛੋੜਿਆ 'ਮੇਰਾ-ਤੇਰਾ' ! ਓਏ ਗੁਟਕਦੀਏ ਜਿੰਦੇ ! ਤੈਂ ਕੀ ਵੇਖਿਆ ਚੋਜ-ਮਿਠਰਾ ? ਓਹ ਝੂਮਦੀਏ ਜਿੰਦੇ ! ਤੈਂ ਕੀ ਝੂਟਿਆ ਮਟਕ ਹਿਲੋਰਾ। ਨੀ ਮੋਰਨੀਏ ਜਿੰਦੇ ! ਤੈਂ ਕੀ ਵੇਖ ਪਾਇਆ ਪਾਇਲ—ਘੇਰਾ ? ਓ ਨੂਰਾਨੀਏਂ ਜਿੰਦੇ ! ਤੈਂਡਾ ਮੁਖੜਾ ਅਜ ਚੰਨ—ਸਹੁਣੇਰਾ। ਨੀ ਕੰਚਨ-ਜਿੰਦੇ ! ਤੋਂ ਅਜ ਕੀ ਪਰਸਿਆ ਚਰਨ-ਕਮਲੇਰਾ ?

ਓ ਸਖੀ ਸਹੇਲੜੀਓ ! ਨੀ ਮੈਂ *ਸੁਣਿਆ ਵਰ ਘਰ ਆਇਆ।
" " " ਨੀ ਮੈਂ ਸੁਣਿਆ ਉਹਦਾ ਟੱਲ ਖੜਕਾਇਆ।
" " " ਨੀ ਮੈਂ ਸੁਣਿਆ ਨਿਰਬਾਨ-ਕੀਰਤਨ ਗਾਇਆ।

---

*ਸ੍ਰੀ ਜਪੁਜੀ ਵਿਚ ਆਉਂਦਾ ਹੈ "ਸੁਣਿਐ ਸਿਧ ਪੀਰ ਸੁਰਿ ਨਾਥ . ...ਸੁਣਿਐ ਦੂਖ ਪਾਪੁ ਕਾ ਨਾਸੁ।" ਦੀਆਂ ਤਿਨ ਪਉੜੀਆਂ ਇਹ ਪੜ੍ਹ ਕੇ Mr. Rhys ਜਿਨ੍ਹਾਂ ਨੇ ਪਰੋਫੈਸਰ ਪੂਰਨ ਸਿਘ ਜੀ ਦਾ "Sisters of Spining Wheel ?" ਦਾ ਮੁਖ-ਬੰਧ ਲਿਖਦ ਹਨ 'ਕੀ ਸੁਣਿਆ ?' ਪਰ ਉਤਰ ਨਹੀਂ ਲਭ ਸਕਦੇ। ਇਥ 'ਸੁਨਣਾ' ਉਹ ਨਹੀਂ ਜੋ ਸੁਨਣ, ਮੰਨਣ ਤੇ ਨਿਧਿਆਸਣ' ਵਾਲਾ ਸੁਣਨਾ ਹੈ......ਇਹ ਤਾਂ ਊਚਮ-ਊਚਾ ਪਦ 'ਨਾਮ' ਦਾ ਅਚੱਲ ਟੱਲ ਸੁਣਨਾ ਹੈ। ਅੰਤਰਗਤ ਵਾਹਿਗੁਰੂ ਦੇ ਦਰਸ਼ਨ-ਅੰਤ ਵਿਚ ਬੇਅੰਤ ਦਾ ਝੂਟਾ (Inspiration।

ਓ ਸਖੀ ਸਹੇਲੜੀਓ ! ਨੀ ਮੈਂ ਸੁਣਿਆ ਸ਼ਬਦ ਨਿਰਮਾਇਆ ।
,, ,, ,, ਨੀ ਮੈਂ ਅਜ ਅਨਹਦ ਸ਼ਬਦ ਵਜਾਇਆ ।
,, ,, ,, ਨੀ ਮੈਂ ਅਤੁਟ ਅਰਸ਼ੀ ਹੂਟਾ ਲਾਇਆ ।
,, ,, ,, ਨੀ ਮੈਂ ਹਿਰਦੇ ਅੰਦਰ ਚੰਨਣ ਬੂਟਾ ਲਾਇਆ !
,, ,, ,, ਨੀ ਮੈਂ ਅਜ ਅੰਮ੍ਰਿਤ ਫਲ ਚਖਾਇਆ ।
,, ,, ,, ਨੀ ਮੈਂ ਅਜ ਲਾਲਨ ਤੇਜਨ-ਤੁਰੀ ਚੜ੍ਹਾਇਆ ।
,, ,, ,, ਨੀ ਮੈਂ ਅਜ ਅਘੜ-ਘੜਿਆ ਰਸਪਾਇਆ ।
,, ,, ,, ਨੀ ਮੈਂ ਅਜ ਸਹਿਜੈ, ਆਵਾਂ ਸਹਿਜੇ ਜਾਵਾਂ,
ਸਹਿਜੇ ਖੇਲ ਖਿਲਾਇਆ ।
,, ,, ,, ਨੀ ਮੈਂ ਕੁਝ ਆਖ ਵੇਖ ਨਾ ਸਕਾਂ ਮੈ ਮਿਠੜੇ
ਆਂਸੂ ਵਰਸਾਇਆ ।
,, ,, ,, ਨੀ ਮੈਂ ਅਕਥ ਕੀਕੁਣ ਕਥਾਂ, ਰੋਮੋ ਰੋਮ
ਅਕਥ ਕਥਾਇਆ ।
,, ,, ,, ਨੀ ਮੈਂ ਅਜ ਅਜਰ-ਜਰਿਆ,
ਨਿਰਭਉ ਦੇ ਘਰੀਂ ਆਇਆ ।
,, ,, ,, ਨੀ ਮੈਂ ਅਜ ਸਿਰ ਅਬਚਲ-ਛਤਰ
ਝੁਲਾਇਆ ।
,, ,, ,, ਨੀ ਮੈਂ ਅਜ ਚੈਂਕਠੀ ਪਲੰਘ ਡਾਹ
ਚੌ-ਮੁਖ ਦੀਵੜਾ ਜਗਾਇਆ ।
,, ,, ,, ਨੀ ਮੈਂ ਚਾਓ ਚੜ੍ਹਿਆ ਅਠਲ੍ਹ ਨਾ ਠਲ੍ਹਿਆ
ਜਾਇਆ ।
,, ,, ,, ਨੀ ਮੈਂ ਅਜ ਸਹਿਜ ਸਮਾਈ, ਅੰਕ ਅੰਕ
ਮਿਲਾਇਆ ।
,, ,, ,, ਨੀ ਮੈਂ ਅਜ ਸੁਹਾਗਣ ਭਾਗਣ ਬਢ–
ਸੁਹਾਗਣ ਮੈਂ ਸੋ ਵਰ ਪਾਇਆ ।

" "   "   ਨੀ ਮੈਂ ਗੁਰ-ਤ੍ਰੁਠਾ, ਨਾਮ,-ਵੁਠਾ, ਹਉਮੈ ਕੋਠ
ਟੁਟਾ ਅਜ ਮੇਰਾ ਸਾਵਣ ਆਇਆ।

ਹਾਂ ਗਾਂਵੋ ਨਾ ਮੈਂਡੀਆਂ ਅੰਕ-ਸਹੇਲੜੀਓ, ਗਾਵੋ ਨਾ ਮਿਠੜਾ ਸਹਿਲੜਾ। ਮੈਂ ਵਾਰੀ, ਮੈਂ ਘੋਲੀ, ਮੈਂ ਸਦ-ਕੁਰਬਾਨੀ ਇਸ ਚਹੁ-ਜੁਗੀ ਸੋਹਿਲੜੇ ਤੋਂ। ਓ ਸਖੀ ਸਹੇਲੜੀਓ, ਗਾਵੋ ਨਾ ਗਾਵੋ ਉਸ ਅਨੰਦੀ ਦਾ 'ਅਨਦ'। ਅਜ ਰਾਗ ਰਤਨ ਪਰਵਾਰ ਪਰੀਆਂ 'ਸਬਦ' ਗਾਵਨ ਆਈਆਂ! ਓ ਗਾਓ ਨਾ ਗਾਓ ਸਖੀ, ਮੰਡਾ ਮਾਖਿਓਂ ਮਿਠਾ ਗੀਤੜਾ ਮੈਂ ਵਡਭਾਗੀਣ ਸੁਣਿਆ ਵਰ ਘਰ ਆਂਵਦਿਆਂ! ਓ ਗਾਓ ਸਖੀ, ਹਾਂ ਗਾਓ ਸਖੀ ਮੈਂ ਸੁਣੀ ਅਜ ਸੋਹਣੇ ਦੀ ਸੋਹਣੀ ਛੜੀ ਦੀ ਛੱਲ ਛਣਕਾਰ ਛੱਲ (Rings) ਨਾਮ ਚੱਕਰ! ਓ ਗਾਓ ਨਾ ਗਾਓ ਸਖੀ, ਮੈਂ ਸੁਣੀ ਅਜ ਸੋਹਣੇ ਦੇ ਪੋਟਿਆਂ ਦੀ ਧੁਨ-ਕਾਰ! ਓ ਗਾਓ ਸਖੀ, ਓ ਗਾਓ ਸਖੀ, ਮੈਂਡੇ ਪਿਰ ਕਾ ਮੰਗਲ ਗਾਓ! ਅਜ, ਮੈਂ ਸੁਣੀ ਬਾਲ ਸੁਖੇ ਦੀ ਤੜਾਗੀ ਝੁਨਕਾਰ! ਓ ਗਾਓ ਸਖੀ, ਤੁਸੀਂ ਗਾਓ ਸਖੀ, ਮੈ ਸੁਣੀ ਅਜ ਉਸ ਪੈਂਜੇ ਦੀ ਅਰਸ਼-ਚੁਮਣੀ ਪਿੰਜਕਾਰ! ਤੁਸੀਂ ਗਾਓ ਸਖੀ, ਹਾਂ ਗਾਓ- ਸਖੀ, ਅਜ ਮੈਂ ਸੁਣੀ ਢਲਣ ਦੀ ਢਲਕ-ਗੁੰਜਾਰ! ਤੁਸੀਂ ਗਾਓ ਸਖੀ, ਹਾਂ ਗਾਓ ਸਖੀ, ਮੈਂ ਅੱਜ ਸੁਣੀ ਮੋਹਣ ਦੀ ਬੀਨ-ਧੁਨਕਾਰ!, ਸੁਣੀ, ਹਾਂ ਸੁਣੀ, ਵੇਖੀ ਹਾਂ ਵੇਖੀ, ਚੱਖੀ ਹਾਂ ਚੱਖੀ! ਮੈਂਡੇ ਲਾਲਨ ਦੀ ਲਾਲ ਨਦਰ-ਫੁਹਾਰ! ਓ ਵੇਖੀ, ਓ ਵੇਖ-ਵਿਗਸੀ! ਓ ਚੱਖੀ, ਚੱਖ ਰੱਜੀ! ਓ ਸੁਣ ਸੁਣ ਸੁਣ ਹੱਸਾ! ਓਏ ਮੈਂਡੇ ਚੋਜੀ ਦੇ ਚੋਜ ਛਟਕਾਰ! ਓ ਵੇਖੀ, ਹਾਂ ਵੇਖੀ! ਪਰ ਇਹਨਾਂ ਅੱਖਾਂ ਨਾਲ ਵੇਖਿਆ ਨਾ ਜਾਏ। ਓ ਸੁਣੀ, ਮੈਂ ਨਿਤ ਸੁਣਦੇ! ਪਰ ਇਹਨੀਂ ਕੰਨੀਂ ਸੁਣੀ ਨਾ ਜਾਏ, ਮੈਂਡੇ ਨਿਰੰਕਾਰੀ ਕ੍ਰਿਸ਼ਨ ਦੀ ਬੀਨ-ਪੁਕਾਰ—

"ਅੱਖਾਂ ਬਾਝਹੁ ਵੇਖਣਾ ਵਿਣ ਕੰਨਾਂ ਸੁਨਣਾ

ਪੈਰਾਂ ਬਾਝਹੁ ਚਲਣਾ ਵਿਣ ਹਥਾਂ ਕਰਣਾ ।
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ।
ਨਾਨਕ ਹੁਕਮਿ ਪਛਾਣਿ ਕੈ ਤਉ ਖਸਮੈ ਮਿਲਣਾ ।
(ਵਾਰ ਮਾਝ ਸਲੋਕ ਮ: ੧)

"ਹਾਂ ਅਖਾਂ ਬਾਝੋਂ ਵੇਖਣਾ—ਬਿਅੰਨ ਨੈਣੀਂ ।
ਹਾਂ ਬਿਨ ਕੰਨਾਂ ਸੁਣਣਾ—ਬਿਅੰਨ ਕੰਨੀਂ ।
ਹਾਂ ਪੈਰਾਂ ਬਾਝੋਂ ਚਲਣਾ—ਬਿਅੰਨ ਪਗੀਂ ।
ਹਾਂ ਹਥਾਂ ਬਾਝੋਂ ਕਰਣਾ—ਅਣ ਹਥੀਂ ...... ।
ਓ ਸਖੀ ਸਹੇਲੜੀਆਹ, ਏਹ 'ਸੁਣਣਾ' ਬਿਅੰਨ—ਕਨੀਂ ;"

(Ears of Meditation)

ਨੀ ਸਖੀ ! ਦਸ ਨਾ, ਹਾਂ ਦਸ ਤੈਂ ਕੀ ਵੇਖਿਆ? ਕੀ ਚਖਿ-ਆ? ਓ ਸਖੀ ਸਹੇਲੜੀਆ ! ਮੈਂ ਚੱਖੀ ਅਕਥ ਕਥਾਣੀ, ਮੈ ਵੇਖੀ ਅਕਥ ਗੁਰਬਾਣੀ, ਮੈਂ ਸੁਣੀ ਅਕਥ ਕਹਾਣੀ...। ਹਾਂ, ਜਿਸ ਦੀ ਜਪੁ ਨੀਸਾਣੀ (ਜਪੁ ਨੀਸਾਨ ਵੇਖ ਧਰਮ ਖੰਡ 'ਝਾਕੀ ਅੰਗ' ਇਹ ਅਟੁਟ ਨਾਮ ਦਾ ਵਾਚਕ ਹੈ) ਸਖੀ ਸਹੇਲੜੀਆ, ਮੈਂਡੀ ਸੇਜੜੀ ਅਜ ਅਰਸ ਅਖਾੜਾ ਬਣ ਗਈ । ਸਖੀ ਸਹੇਲੜੀਆ ! ਮੇਰੀ ਸੇਜ, ਕੁਲਾ-ਹਲ ਮਚ ਗਈ। ਸੁਰਿਨਰ ਮਨਿਜਨ ਕੌਤਕ ਆਏ ਤੇ ਆਏ 'ਲਾਲਣ ਆਪ'। ਸਖੀ ਸਹੇਲੜੀਆ ! ਨੀ ਤੁਸੀਂ ਨਿਤ ਨਿਤ ਗਾਵੋ। 'ਜੀ ਆਇਆਂ ਨੂੰ' ਮੈਂਡੇ ਲਾਲਣ ਲਾਲ ਰੰਗੀਲੇ ਨੂੰ— .

"ਮੇਰੀ ਸੇਜੜੀਐ ਆਡੰਬਰ ਬਣਿਆ ।
ਮਨਿ ਅਨਦੁ ਭਇਆ ਪ੍ਰਭ ਆਵਤੁ ਸੁਣਿਆ ।
ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਵ ਮੰਗਲ ਰਸ ਭਰੇ ।
ਅੰਗ ਸੰਗਿ ਲਾਗੇ, ਦੂਖ ਭਾਗੇ ਪ੍ਰਾਣ ਮਨ ਤਨ ਸਭ ਹਰੇ ।"
(ਆਸਾ ਮ: ੫)

ਹਾਂ, ਵਰ ਘਰ, ਘਰ ਵਰ ...ਮੈਂਡੇ ਅੰਗ ਸੰਗਿ ਲਾਗੇ, ਮਨ ਤਨ ਪ੍ਰਾਣ ਸਭ ਹਰੇ ਚਲੂਲੇ ।

ਤੁਸੀਂ ਗਾਵੋ ਸਖੀ, ਹਾਂ ਗਾਵੋ ਸਖੀ, ਉਸ ਪਿਆਰੇ ਦੀ ਪਿਆ-ਰੀ ਬਾਣੀ, ਚੌਂਹ ਜੁਗ ਸਮਾਣੀ ਬਾਣੀ ਜਪੁ ਨੀਸਾਣੀ ਬਾਣੀ 'ਰੂੜੋ ਮੈਂਡੋ ਠਾਕਰ ਰੂੜੀ ਤਿਸ ਬਾਣੀ ਤ੍ਰਿਭਵਣ ਸਮਾਣੀ ।' ਤੁਸੀਂ ਗਾਵੋ ਸਖੀ, ਤੁਸੀਂ ਗਾਵੋ ਸਖੀ ਲਾਲ ਰੰਗੀਲੇ ਦੀ ਗੁਝੜੀ ਬਾਣੀ ।

ਸਖੀਆਂ ਪੁਛਣ, ਮੈਂਡੀ ਜਿਦੇ! ਉਸ ਲਾਲਣ ਦੀ ਪ੍ਰਤਖ ਨਿਸ਼ਾਨੀ ! ਨੀ ਰਸ-ਭਰੀਏ ਜਿੰਦੇ ! ਦਸ ਨਾ ਹਾਂ ਦਸ, ਉਸ ਲਾਲਣ ਦੀ ਕੋਈ ਠੁਲ੍ਹੀ-ਨਿਸ਼ਾਨੀ ! ਸਖੀ ਸਹੇਲੜੀਆਂ ਮੈਂਡਾ ਲਾਲਣ-ਲਾਲੋ ਲਾਲ ਅਤੀ ਰਸ ਗੂੜ੍ਹੋ, ਰੂੜੋ ਰੂੜੋ—

"ਮੇਰਾ ਪ੍ਰਭ ਰਾਗਿ ਘਣੋਂ ਅਤਿ ਰੂੜੋ ।
ਦੀਨ ਦਇਆਲੁ ਪ੍ਰੀਤਮ ਮਨ ਮੋਹਨੁ,
ਅਤਿਰਸ ਲਾਲ ਸਗੂੜੋ ॥" (ਪ੍ਰਭਾਤੀ ਮ: ੧)

ਧਨ ਧਨ ਵਰ ਘਰ ਆਇਅੜਾ ਲਾਲਣ ! ਧਨ ਧਨ ਨਾਮ ਸੁਣੇਂਦੀ ਜਿੰਦ !! ਧਨ ਧਨ ਹਰੀ ਭਰੀ ਮੈਂਡੀ ਜਿਦੜੀ !!!

ਓ ਸਖੀ ਸਹੇਲੜੀਆਂ ! ਇਹ ਜਪੁ ਨੀਸਾਣੀ, ਬਾਣੀ ਮੈਂਡੀ ਪ੍ਰਾਣ ਸਖਾਈ ਗੁੰਗੇ ਕੀ ਮਿਠਿਆਈਏ । ਜਿਨ ਚਾਖਿਆ ਤਿਸ ਸਵਾਦ ਆਇਅੜਾ!—

'ਹਮਾਰੀ ਪਿਆਰੀ ਅੰਮ੍ਰਿਤਧਾਰੀ ।'
(ਆਸਾ ਮ: ੫)

ਇਹ ਮੈਂਡੀ ਅਤੀ ਹੀ ਮਿਠੜੀ ਖਾਣ ਏ । ਅੰਮ੍ਰਿਤ ਖਾਣ, ਮੈਂ ਤ੍ਰਾਣ ਮਾਣ ਪ੍ਰਾਣ ਦੀ ਅਧਾਰੀ (Support) ।

'ਗੁਰੂ ਨਿਮਖੁ ਨ ਮਨ ਤੇ ਟਾਰੀ ਰੇ ॥' ਰਹਾਉ ॥

ਜਦ ਦੀ ਇਹ ਗੁਰੂ ਨੇ ਬਖਸ਼ਿਸ਼ ਬਖਸ਼ੀ ਏ ਤਦ ਦੀ ਇਹ

ਮੈਂਡੇ ਅੰਗ ਸੰਗ ਏ। ਅਟੁਟ ਅਖੁਟ, ਅਨਹਦ-ਅਨਹਦ ਜੇ ਤੂੰ ਹੋਈ ਓਏ ਮਿਸਰੀ ਮਿੱਠੀ ਧੁਨੀਏਂ।

'ਦਰਸਨ, ਪਰਸਨ ਸਰਸਨ, ਹਰਸਨ।'

ਬਿਅੰਤ ਅੱਖਾਂ ਨਾਲ ਇਹਦਾ ਦੀਦਾਰ ਤੈਂਡਾ। ਇਹਦਾ ਮਨੋ-ਹਰ ਮੁਖੜਾ, ਹਰਿ-ਦਰਸਾਵੜਾ ਵੇਖ ਕੇ, ਇਹਦੇ ਨਾਲ ਮੈਂਡਾ ਮਨ ਪਰਸਿਆ, ਛੁਹਿਆ। ਵਾਹ ਵਾਹ ਤੈਂਡਾ ਦਰਸਾਵੜਾ', ਵਾਹ ਵਾਹ ਤੈਂਡੀ ਪਾਰਸ 'ਪਰਸ' ਪਾਵਨ-ਛੋਹ (ਦਰਸਨ-ਪਰਸਨ)।

ਏਸ ਅਣੋਖੇ ਪਾਰਸ ਨਾਲ ਛੂਹ ਕੇ ਪਾਰਸ ਵਿਚ ਕੰਚਨ ਹੋ ਗਈ, ਯਾਂ 'ਸਰਸੀ, ਹੋ ਗਈ ਖਿੜਾਉ, ਚਾਉ, ਵਿਗਾਸ, ਹੁਲਾਸ ਵਿਚ ਆ ਗਈ। ਸਰਸਨ

ਤੇ ਅੰਤ ਨੂੰ ਅੰਤ (Finite) ਛਡ ਬੇਅੰਤ (Infinite) ਦੇ ਹੂਟੇ ਹੁਟਣ ਲਗ ਪਈ। ਵਾਹ ਵਾਹ ਦਰਸਨ-ਪਰਸਨ ਸਰਸਨ-ਹਰਸਨ! ਚਾਓ ਤੇ ਮਲ੍ਹਾਰ, ਚੋਜ ਤੇ ਮੌਜ, ਰਾਗ ਤੇ ਰੰਗ, ਚਰਨ-ਕਮਲ ਅਨੂਠੜੇ, ਰੜੇ ਦੀ ਰੜੀ!

"ਰੰਗ ਰੰਗੀ ਕਰਤਾਰੀ ਹੇ।"

ਵਾਹ ਵਾਹ ਵਾਹਿਗੁਰੂ ਆਪ ਲਿਲਾਰੀ ਬਣ ਲਾਲ ਰੰਗ ਰੰਗਣ ਆਇਆ। ਉਹੋ ਕਰਤਾ, ਉਹੋ ਅੱਜ ਮਾਂਡਾ ਲਾਲਣ ਤੇ ਲਿਲਾਰੀ।

'ਖਿਨਰਮ, ਗੁਰਗਮ, ਹਰਿਦਮ, ਨਹਿਜਮ।'

ਓਏ ਗਰਮੀਆਂ ਗਾਰਮੀਆਂ ਵੇਖੋ ਨਾ ਕੀ ਹੋਇਆ, ਖਿਨ ਵਿਚ ਕੋਈ ਪੰਜਾ ਛੁਟਿਆ ਤੇ ਹੁਣ ਰਮਣਾ ਆਪਣੇ ਆਪ ਸਹਿਜੇ ਹੋ ਗਿਆ। ਮੈਂ ਸੁਤੀ ਤੇ ਉਹ ਜਾਗਦਾ ਅਤ ਮੈਂਡੀ ਥਾਂ ਰਟਦਾ ਤੇ ਰਮਦਾ! (ਖਿਨਰਮ)

ਪਰ ਹੇ ਸਤਿਗੁਰੂਆ! ਇਹ ਤੈਂਡੀ ਦੇ ਦਾਤ, ਤੈਂਡਾ ਫੜਾ-ਇਆ ਵਰਿਆਂ ਅਗਮ ਨੂੰ, ਗੁਰਪ੍ਰਸਾਦਿ ਗਮਿਆਂ (ਗੁਰਗਮ)! ਤੈਂਡੀ

ਮਿਹਰ ਓ ਸਤਿਗੁਰਾ ।

ਓਏ ਹੁਣ ਖਿਨ ਖਿਨ, ਅਨਦਿਨ ਦਾ ਹੁਣ ਏ, ਰੋਮ ਰੋਮ ਦਾ ਸਵਾਸ ਸਵਾਸ ਦਾ (ਹਰਿਦਮ), ਤੂੰ ਜੇ ਹੋਇਉਂ ਅਨਹਦ-ਅਨ-ਹਤ । ਹੁਣ ਫਿਰ ਜਮ-ਕਾਲ ਦਾ ਕਾਹੜਾ ਕੀ? 'ਅਕਾਲੀ' ਨੂੰ ਕਾਲ ਦਾ ਭੈ ਕੀਕਣ ?

"ਹਰਿ ਕੰਠਿ ਨਾਨਕ ਉਰਿ ਹਾਰੀ ਰੇ ॥"

(ਆਸਾ ਮ: ੫)

ਓਹ ਸਖੀ-ਸਹੇਲੜੀਓ, ਹੁਣ ਮੈਂ ਹਨੂੰਮਾਨ ਵਾਂਗ ਏਸ ਨੂੰ ਹਿਰਦੇ ਵਿਚ (Inn.rmost self) ਸਾਂਭ ਕੇ ਰਖਿਆ ਹੈ, ਹਾਂ ਓਸ ਹਿਰਦੇ ਪਟਾਰੀ ਵਿਚ ਜਿਥੇ ਏਸ ਨੂੰ ਕਾਲ ਨਹੀਂ ਅਪੜ ਸਕਦਾ, ਤਸਕਰ ਨਹੀਂ ਖੋ ਸਕਦਾ, ਜਲ ਨਹੀਂ ਡਬੋ ਸਕਦਾ, ਅਗ ਨਹੀਂ ਸਾੜ ਸਕਦੀ—ਕੋਈ ਵੇਖੇ ਤਾਂ ਹਨੂੰਮਾਨ ਵਾਂਙ ਹਿਰਦਾ-ਚੀਰ ਕੇ ਤੇ ਕੰਠੀ ਮੋਤੀ-ਮਾਲਾ ਚੂਰ ਕਰ ਕੇ ਵਿਖਾਵਾਂ ! ਵਾਹ ਵਾਹ ਹਿਰਦੇ ਦੀ ਨਾਮ-ਮਾਲਾ, ਵਾਹ ਵਾਹ ਤੈਂਡੀ ਪਾਵਨ-ਛੋਹ ! ਵਾਹ 'ਪਾਵਨ ਪਵਿਤਰ ਮਿਤਰ' ਅਜ ਗ੍ਰਿਹਿ 'ਮੋਰੇ ਆਏ !!!'

੪

ਵਾਹ ਵਾਹ ਸਰੂਰ ਤੇ ਅਤੁਟ ਦੈਵੀ ਝਰਨਾਟਾਂ ! ਵਾਹ ਵਾਹ ਰਾਂਙਣ ਰਾਂਗਓਂ ਤੇ ਸੀਵਣ ਸੀਵਿਓਂ ! ਵਾਹ ਵਾਹ ਲਾਲ ਅਲਤੇ ਤੇ ਗੁਲਾਲ ਭਰੇ ਮਟਕੇ ! ਵਾਹ ਵਾਹ ਉਨਮਨ ਮੰਡਲ ਦੇ ਹੂਟੇ ! ਵਾਹ ਵਾਹ ਵਿਸਮਾਦ-ਦਰਸ਼ਨ ਤੇ ਮਸਤੂਲ-ਮਸਤ ਖੁਮਾਰੀ—

"ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥"

ਏਸ ਨਾਮ-ਧੁਨੀ ਦੀ ਦੈਵੀ ਝਰਨਾਟ ਸੁਣਿਆਂ ਕੱਚੇ ਜੋਗੀ ਪੱਕੇ ਸਿਧ ਹੋ ਜਾਂਦੇ ਨੇ ਤੇ ਫਕੀਰ ਪੱਕੇ ਪੀਰ ਬਣ ਜਾਂਦੇ ਨੇ ਤੇ

ਅਸੁਰ-ਦੇਂਤ, ਸੁਰ-ਦੇਵ ਹੋ ਜਾਂਦੇ ਨੇ ਤੇ ਜੋਗੀ-ਜੋਗਮ ਸਰਵੜੇ ਵਡੇ ਨਾਥ ਹੋ ਜਾਂਦੇ ਨੇ-'ਸੁਣਿਐ ਸਿਧੀ ਪੀਰੁ ਸੁਰਿ ਨਾਥ॥''

ਏਸ ਅਗਮਵੀਂ-ਥਰਾਟ (Primal Vibration) ਨੂੰ ਬਿਅੰਨ ਕੰਨਾਂ ਨਾਲ ਸੁਣਿਆਂ ਅਨੁਭਵੀ ਗਿਆਨ ਹੁੰਦਾ ਹੈ। ਜੇ ਧਰਤੀ ਬਿਨ ਨੀਂਹ ਕੀਕਣ ਇਸ ਬ੍ਰਹਮੰਡ ਵਿਚ ਖੜੋਤੀ ਹੈ, ਕੀਕਣ ਬਿਨ ਥੰਮ੍ਹਾਂ ਉਪਰ ਅਕਾਸ ਦਾ ਚੰਦੋਆ ਤਣਿਆ ਤੇ ਕੀਕਣ ਆਕਾਸ਼ ਵਿਚ ਵਿਚੋਲੜਾ ਦੋਹਾਂ ਨੂੰ ਜੋੜਦਾ ਹੈ। ਜੀਕਣ ਘੜੇ ਤੇ ਉਹਦੀ ਛੂਣੀ ਨੂੰ ਵਿਚਲੀ ਹਵਾਹਾਂ ਉਹ ਗੁੜਾ ਤ੍ਰਾਣ ਤੂੰ ਧਰਤੀ ਦੀ ਨੀਂਹ, ਅਕਾਸ਼ ਦਾ ਥੰਮ ਤੇ ਵਾਯੂ ਦਾ ਵਾਹਣ ਏਂ-

''ਸੁਣਿਐ ਧਰਤਿ ਧਵਲ ਆਕਾਸ ॥''

ਹਾਂ ਤੂੰ ਨਾ ਕਿ ਕੋਈ ਮਿਥਹਾਸਕ-ਬਲਦ (ਧਵਲ)! ਭਲਾ ਸਥੂਲ-ਬਲਦ ਕੀਕਣ ਬੇਅੰਤ ਬ੍ਰਹਮੰਡ ਚੁਕੇ, ਉਹਦੇ ਆਪਣੇ ਪੈਰਾਂ ਹੇਠ ਕੀ-ਤੂੰ, ਤੂੰ ਤੂੰ ਉਹ ਗੁਪਤ-ਨਾਮਾ ਤੂੰ!!

ਓਏ ਤਾਣਾ-ਬਾਣਾ ਤਣਿਆ 'ਨਾਮਾ'! ਤੈਂਡੀ ਝੋਲੀ ਵਿਚ ਨੇ ਪਏ ਹੋਏ ਸਪਤ ਦੀਪ, ਨਹੀਂ ਅਨਿਕ ਦੀਪ, ਸਾਗਰ। ਨਹੀਂ ਤਾਂ ਇਹ ਪਾਣੀ ਵੀਟ ਨਾ ਜਾਏ-ਤੇ ਤੈਂਡੀ ਚਫੜੀ ਹਿੱਕ ਤੇ ਖੜੋਤੇ ਹੋਏ ਨੇ ਪਰਬਤ ਤੇ ਖੰਡ, ਬ੍ਰਹਮੰਡ ਤੇ ਅਨਿਕ ਉਪਰਲੀਆਂ ਪੁਰੀਆਂ, ਗੁਪਤ ਪ੍ਰਗਟ-ਤੇ ਸਭ ਹੇਠਲੀਆਂ ਪਾਤਾਲ-ਪੁਰੀਆਂ! ਤੂੰ, ਤੂੰ, ਤੂੰ, ਉਹ ਗੁਪਤ ਨਾਂ ਵੇਂ, ਸਭ ਦਾ ਥੰਮ ਥੰਮਣ, ਉਪਰ ਹੇਠ,ਚਾਰ ਚੁਫੇਰੇ ਪਸਾਰੇ ਦਾ!

''ਸੁਣਿਐ ਦੀਪ ਲੋਅ ਪਾਤਾਲ ॥''

ਓ ਕਾਲ ਉਪਰ ਵਸਿਆ ਅਕਾਲੀ 'ਨਾਮਾ' ਤੈਨੂੰ ਲਭ ਕੇ 'ਅਕਾਲੀ' ਬਣ ਜਾਈਦਾ ਹੈ। ਫਿਰ ਉਥੇ ਕਾਲ ਦੀ ਤਰਾਸ ਤੇ ਫਾਂਸ ਕਿੱਥੇ? ''ਸੁਣਿਐ ਪੋਹਿ ਨ ਸਕੈ ਕਾਲੁ ॥''

ੳ ਅੰਮ੍ਰਿਤ 'ਨਾਮ', ਤੈਨੂੰ ਪੀਕੇ ਨਰ 'ਸੁਰ' ਹੋ ਜਾਂਵਦੇ ਨੇ ਤੇ ਸੁਰ ਹੋਰ ਵਡੇ ਸ੍ਰੇਸ਼ਟ–ਸੁਰ ਹੋ ਜਾਂਵਦੇ ਨੇ। ਇੰਦਰੀਆਂ ਦਾ ਰਾਜਾ 'ਇੰਦਰ' ਜੀਵ–ਆਤਮਾ ਤੈਨੂੰ ਪੀ ਕੇ ਸਾਵਧਾਨ ਹੁੰਦਾ ਏ ਤੇ ਸੱਚਾ ਇੰਦਰ ਬਣਦਾ ਏ। ਸ੍ਰਿਸ਼ਟੀ ਦਾ ਕਰਤਾ 'ਬ੍ਰਹਮਾ' ਤੈਂਡੇ ਝੁਰਲੂ ਨਾਲ ਤਾਣਾ ਬਾਣਾ ਬੁਣਦਾ ਏ ਉਹ ਕੋਈ ਮਨੋ–ਕਲਪਤ ਮੂਰਤੀ ਬ੍ਰਹਮਾ ਨਹੀਂ ਚੌਮੁਖੀ ਵਾਲਾ, ਸਗੋਂ ਤੂੰ ਈ 'ਬ੍ਰਹਮਾ' ਏਂ। ਓਏ ਚੌਂ ਜੁਗੀ ਜੋਤੇ! ਤੇ ਸ੍ਰਿਸ਼ਟੀ ਦਾ ਹਰਤਾ, ਈਸ਼ਰ, ਸ਼ਿਵ ਵੀ ਤੈਂਡੀ ਸਮੇਟਵੀਂ, ਆਕਰਖਣ ਸ਼ਕਤੀ ਨਾਲ ਸਭ ਪ੍ਰਪੰਚ ਖਿਚ ਲੈਂਦਾ ਹੈ। ੳ ਤੂੰ ਆਪ ਏਂ ਕਰਤਾ ਤੇ ਹਰਤਾ, ਬ੍ਰਹਮਾ ਤੇ ਸ਼ਿਵਾਂ ਦਾ ਸ਼ਿਵ–ਈਸ਼ਵਰ, ਆਦਿਗੁਰ, ਪਰਮ ਤੱਤ (ਸੁਣਿਐ ਈਸਰੁ ਬਰਮਾ ਇੰਦੁ)।

ਓਹਦੇ ਸੁਣਿਆਂ ਨੀ ਜਿੰਦੇ, ਤੂੰ ਸਰਸੀ ਹੋ ਜਾਨੀ ਏਂ ਤੇ ਤੈਨੂੰ ੳ ਮੰਦੀ ਜਿੰਦ ਨੂੰ ਚੰਗਾ ਚੰਗਾ ਕਰ ਕੇ ਆਖਣ ਲਗ ਪੈਂਦੇ ਨੇ— (ਸੁਣਿਐ ਮੁਖ ਸਲਾਹਣੁ ਮੰਦੁ)।

ਓਏ ਜੋਗ—ਜੁਗਤੀਏ, ਤੂੰ ਜੋਗ ਦੀ ਕੁੰਜੀ ਏਂ, ਤੈਨੂੰ ਅਨੁਭਵ ਕੀਤਿਆਂ ਵਾਹਿਗੁਰੂ ਨਾਲ ਜੀਵ ਸਹਿਜੇ ਹੀ ਮਿਲ ਜਾਂਦਾ ਏ। ਇਹ ਗੁਝੜਾ ਭਦ ਅਜ ਤਕ ਰਿਸ਼ੀਆਂ ਮੁਨੀਆਂ ਨੇ ਸੀਨੇ ਵਿਚ ਛੁਪਾ ਰਖਿਆ (ਤਨਿ ਭੇਦ)। ਪਰ ਉਹ 'ਨਾਮ' ਅਜ ਤੂੰ 'ਜਪੁਜੀ' ਵਿਚ ਪਰਗਟ ਏਂ—

ਸੁਣਿਐ ਜੋਗ ਜੁਗਤਿ ਤਨਿ ਭੇਦੁ।'

ੳ ਵੇਦ—ਵਾਕ, ੳ ਪਾਵਨ—ਨਾਮ, ਤੂੰ ਵੇਂ ਵੇਦਾਂ–ਸ਼ਾਸਤਰਾਂ, ਸਿਧਾਂਤਾਂ—ਵੇਦਾਂਤਾਂ ਸਿਮ੍ਰਤੀਆਂ ਦਾ ਤੱਤ। ਜਿਸ ਤੈਨੂੰ ਲੱਭ ਲਿਆ, ਉਸ ਏਸ ਸਾਰੀ ਬ੍ਰਹਮ ਵਿਦਿਆ ਦਾ ਜੰਦਰਾ ਖੋਲ੍ਹ ਲਿਆ—

'ਸੁਣਿਐ ਸਾਸਤ ਸਿਮ੍ਰਿਤਿ ਵੇਦੁ।'

ਓ ਗੁਣ-ਨਿਧਾਨ 'ਨਾਮ', ਤੈਂ ਵਿਚ ਸਤੋਗੁਣ ਦਾ ਪ੍ਰਚੰਡ ਸੂਰਜ ਮਘਦਾ ਏ, ਲਟ ਲਟ ਜਗਦਾ ਏ। ਤੈਂ ਸੁਣਿਆ ਪਤਾ ਲਗਦਾ ਹੈ ਜੋ ਵਾਸਤਵ ਵਿਚ ਅਕਹਿ 'ਸਤੁ' ਤੂੰ ਏਂ, ਤੈਂਡੇ ਲਭਿਆਂ ਸਭ ਕਿਛ ਲਭਦਾ ਹੈ, ਹਾਥੀ ਦੇ ਪੈਰਾਂ ਵਿਚ ਸਭ ਦੇ ਪੈਰ। ਤੈਨੂੰ ਲਭਿਆਂ ਤ੍ਰਿਪਤੀ ਆਂਵਦੀ ਏ, ਸੰਤੋਖ ਦੀ ਅੰਮਾਂ ਤੂੰ ਏਂ, ਗਿਆਨ ਦਾ ਪਰੀ-ਪੂਰਨ ਖਜ਼ਾਨਾ ਤੂੰ ਏਂ, ਓ ਅਖੁਟ ਖਜ਼ਾਨਿਆਂ !

'ਸਣਿਐ ਸਤਿ ਸੰਤੋਖੁ ਗਿਆਨੁ ॥'

ਓ ਪਵਿਤਰਾਂ ਵਿਚੋਂ ਅਤੀ ਪਵਿਤਰ ਤੀਰਥਾ ! ਤੂੰ 'ਗੰਗਾ' ਦੀ ਮਾ ਏਂ, ਪਾਵਨੀ ਗੰਗਾ। ਨਹੀਂ, ਸਭੇ ਤੀਰਥਾਂ ਦੀ ਸਾਂਝੀ ਅੰਮਾਂ। ਤੈਂ ਵਿਚ ਨ੍ਹਾਤਿਆਂ ਸਭ ਕਿਲ-ਵਿਖ ਦੂਰ ਹੋ ਜਾਂਦੇ ਨੇ। ਓ ਅਠਸਠ ਤੀਰਥਾ, ਓ ਸਰਬ ਉਤਮ ਨਾਮਾ !

'ਸੁਣਿਐ ਅਠਸਠਿ ਕਾ ਇਸਨਾਨੁ ॥'

ਓ ਬ੍ਰਹਮ-ਗਿਆਨ ਦੀਏ ਜੋਤੇ ! ਤੈਨੂੰ ਪਹਿਚਾਨਿਆਂ, ਜੋ ਪੜ੍ਹੀਏ ਸੋ ਹਜ਼ਮ ਹੋ ਜਾਂਦਾ ਹੈ ਤੇ ਹਜ਼ਮ ਹੋ ਕੇ ਹੋਰ ਵਧੇਗਾ ਚਾਓ ਤੇ ਗਿਆਨ ਉਪਜਦਾ ਹੈ ਤੈਂ ਵਿਚ ਸਚਾ ਤੇ ਸੁਚਵਾਂ ਮਾਣ ਅਤੇ ਵਡਿਆਈ ਏ...

'ਸੁਣਿਐ ਪੜਿ ਪੜਿ ਪਾਵਹਿ ਮਾਨੁ ॥'

ਓ 'ਸਹਜ' ਦੀਏ ਸੋਹਲ ਫੁਲ-ਕਲੀਏ ! ਤੈਂ ਪਕੜਿਆਂ, ਚਿੰਤ ਅਚਿੰਤਾ ਸਗਲੀ ਗਈ ! ਓ ਸਹਿਜ ਗੜੁੱਤੀਏ ਚੌਖੰਨੀਏਂ...

'ਸੁਣਿਐ ਲਾਗੈ ਸਹਜਿ ਧਿਆਨੁ ॥'

ਓਏ ਅਥਾਹ-ਸਹਾਰਾ, ਜਿਸ ਤੈਂਡਾ ਆਰ-ਪਾਰ ਪਾਇਆ ਏ, ਉਸ ਗੁਣਾਂ ਦੇ ਨਿਕੇ ਵੱਡੇ ਟੋਏ-ਟਿੱਬੇ ਆਪਣੇ ਆਪ ਗਾਹੇ ਨੇ, ਪੈਰਾਂ ਹੇਠ ਲਤਿਆੜੇ ਨੇ। ਉਸ ਦਾ ਪਗ ਪੰਕਜ ਵਿਚ ਨਹੀਂ ਫਾਥਾ ਬਗ ਬਪੜਿਆਂ ਵਾਂਗ—

ਸੁਣਿਐ ਸਰਾ ਗੁਣਾ ਕੇ ਗਾਹ ॥'

ਓਏ ਸਚੀ ਵਡਿਆਈ ਦੇ ਮਾਲਕਾ ! ਤੈਂਡੇ ਭਗਤ ਸਚੇ ਗਨੀ, ਵਡੇ ਵਡੇ ਖਜ਼ਾਨਚੀ ਤੇ ਸ਼ੇਖ ਮੁਸਾਇਬ ਨੇ, ਉਹ ਪੀਰਾਂ ਦੇ ਪੀਰ ਤੇ ਮਿਹਰਾਂ ਦੇ ਸਚੇ ਪਾਤਸ਼ਾਹ ਜੋ ਉਹ ਕੱਚ ਛਡ ਕੰਚਨ ਨੂੰ ਵਿਹਾਜਦੇ ਨ—

'ਸੁਣਿਐ ਸੇਖ ਪੀਰ ਪਾਤਸਾਹ ॥''

ਓ ਮੈਂ ਅੰਨੇ ਹਥ ਟੋਂਹਣੀ, ਤੈਂ ਪਕੜਿਆਂ ਭਵਸਾਗਰ ਤੋਂ ਆਪੇ ਚਲ ਨਿਕਲਣ ਦਾ ਰਾਹ ਲਭ ਜਾਂਦਾ ਏ, ਮਾਨੋਂ ਭੈ ਸਾਗਰ ਫਟ ਗਿਆ। ਓ ਮੈਂ ਅੰਨ੍ਹੇ ਦੇ ਲੋਇਣੇ—

''ਸੁਣਿਐ ਅੰਧੇ ਪਾਵਹਿ ਰਾਹੁ।''

ਵਾਹ ਵਾਹ ! ਮੁਕਤੀ ਮਾਰਗ ਦਾ ਰਾਹ ਦਸਣ ਵਾਲੀਏ ਜੋਤੇ !!

ਓ ਸੇਅੰਤ, ਓ ਬੇਅੰਤ ! ਤੈਂਡਾ ਅੰਤ ਕਿਸ ਪਾਇਆ ਏ ? ਹਾਂ ਉਸ ਨ, ਜਿਸ ਨੇ 'ਨਾਮੀ' ਦਾ 'ਨਾਮ' ਰਸ (ਵੇਖੋ ,ਨਾਮ' ਤੇ 'ਨਾਮੀ' ਭੇਦ-ਅੰਕ ਅਗੇ) ਚਖਿਆ ਏ। ਓ ਅਸਗਾਹ ਬ੍ਰਹਮ ਦਾ ਥੱਲਾ ਵਿਖੌਣ ਵਾਲਿਆ, ਓਏ ਸਮੁੰਦਰ ਨੂੰ ਕੁੱਜੇ ਵਿਚ ਡੱਕਣ ਵਾਲਿਆ 'ਨਾਮਾ—

''ਸੁਣਿਐ ਹਾਥ ਹੋਵੈ ਅਸਗਾਹੁ ॥''

ਵਾਹ ਵਾਹ ਨਾਮ-ਕੁੰਜੀਏ, ਵਾਹ ਵਾਹ ! ਵਾਹ ਵਾਹ ਨਾਮ ਨੌ-ਨਿਧੇ ਵਾਹ ਵਾਹ ! ਵਾਹ ਵਾਹ ਬੇਅੰਤ ਪੂੰਜੀ ਵਾਹ ਵਾਹ !

੫.

ਓ ਮਧਰਾੜੀ 'ਬਾਣੀ', ਜਦ ਤੈਂਡੜੀ ਰੁਣਝੁਣ ਮੈਂ ਸੁਣਦਾ ਹਾਂ ਤਾਂ ਅਨੰਦ ਦੇ ਬੂਹੇ ਕਪਾਟ ਖੁਲ੍ਹ ਜਾਂਦੇ ਨੇ। ਜੀਵਨ 'ਸਿਮਸਿਮ' ਆਖਿਆਂ ਅਲੀ ਬਾਬੇ ਅਗੇ ਗੁਪਤ ਖਜ਼ਾਨੇ ! ਓ ਰੂੜ੍ਹੀ ਬਾਣੀ, ਤੂੰ ਅਤੀ ਹੀ ਗੂੜ੍ਹੀ ਤੇ ਰਸ ਭਰੀ ਕਵਾਰ-ਗੰਦਲ ਏਂ ਨਿਤ ਪਿਆਰੀ

ਅਤੇ ਨਿਤ ਕਵਾਰੀ ! ਓ ਨਾਮ ਧੁਨੀਏਂ, ਤੈਂਡੀ ਮਧੁਰ ਰੁਣਝੁਣ ਵਿਚ ਅਸਗਾਹ ਵਿਚ ਉਠੀ ਕੋਈ ਬਾਂਹ ਏ, ਜਿਸ ਨੂੰ ਪਕੜ ਕੇ ਮੈਂ ਭਵਸਾਗਰ ਪਾਰ ਤਰ ਜਾਨਾ ਵਾਂ। ਓਏ ਮੈਂਡੇ ਅਦਰ ਲੁਕੀਏ ਖਾਣ ! ਤੈਥੋਂ ਮੈਂ ਅਜ ਤੀਕਰ ਕਿਉਂ ਵਾਂਜਿਆ ਰਿਹਾ। ਓਏ ਮੈਂ ਦੋਹਰੀਆ ਮੈਂ ਆਸਤਕ ਪਰ ਵਿਚੋਂ ਨਾਸਤਕ, ਅਜ ਤੈਂਡੀ ਸ਼ਰਨ ਆਇਆ ! ਓ ਨਾਸਤਕਤਾ ਦੀ ਜੜ੍ਹ ਪੁਟ-ਸੁਫ਼ਟ ਬਾਣੀ ! ਤੈਂਡਾ ਨਾਂ 'ਸੁਫ਼ਟ' ਏ। ਹਿਰਦੇ ਵਗਿਆ ਪੰਜਾ, ਨਿਤ ਉਮਲ੍ਹਦਾ, ਚੋਹਾ, ਨਿਤ ਵਗਦਾ ਕੱਠਾ। ਵਾਹ ਵਾਹ ਸੁਭਰ ਭਰਿਆ ਅੰਮ੍ਰਿਤਸਰ ! ਵਾਹ ਵਾਹ ਸਤ-ਪੂਰਿਆ ਸੱਤ-ਸਰ, ਵਾਹ ਵਾਹ ਸੰਤੋਖ ਪਤੀਜਿਆ ਸੰਤੋਖਸਰ, ਵਾਹ ਵਾਹ ਨਿਝਰ ਝਰਿਆ ਅੰਮ੍ਰਿਤ, ਨੌਨਿਧ ਰਿਧ ਸਿਧ।

ਵਾਹ ਵਾਹ ਨਾਮ ਮੰਨੀਐ !

੧.

ਵਾਹ ਵਾਹ ਨਦਰ-ਸਵਾਰੀ ਜਿੰਦੇ ! ਹੁਣ ਉਕਾਬ-ਉਡਾਰੀਆਂ ਲਾਉਂਦੀ—ਉਪਰ ਤੇ ਹੋਰ ਉਪਰ ਚੜ੍ਹੇਂਦੀ ! ਨੀ ਨਵ-ਰੰਗੀਏ ਜਿੰਦੇ, ਅਜ ਸਤਰੰਗੀ ਪੀਂਘ ਦੇ ਵਧ-ਵਧਦੇ (Event Increasing) ਹੂਟੇ ਹੂਟਦੀ ! ਨੀ ਨਾਮ ਪਰਤੀਏ ਜਿੰਦੇ, ਵਧ-ਵਧਦੀਆਂ ਪ੍ਰਕਾਸ਼ ਮਾਲਾ ਫੇਰਦੀ ! ਨੀ ਤਾਰੀਆਂ ਤਰਦੀ ਜਿੰਦੇ, ਅਜ ਵਧ ਵਧਦੀਆਂ ਘੇਰੇ ਲਾਂਵਦੀ ! ਨੀ ਨਾਚ ਕਰੇਂਦੀ ਜਿੰਦੇ, ਅਜ ਵਧ-ਵਧਦੇ ਘੁਮਣ-ਘੇਰ ਲਗਾਉਂਦੀ! ਨੀ ਤਰੰਗ ਅਰੰਗ ਜਿੰਦੇ, ਅਜ ਵਧ-ਵਧਦੇ ਉਨਮਨ ਫੰਗ ਫੈਲਾਉਂਦੀ ! ਨੀ ਅਨੰਦ ਗੁਧੀਏ ਜਿੰਦੇ, ਅਜ ਵਧ-ਵਧਦੀਆਂ ਮੌਜਾਂ ਮਾਣਦੀ......ਘੇਰੇ ਨਿਤ ਵਧਦੇ, ਚਕਰ ਨਿਤ ਫੈਲਦੇ, ਦਾਇਰੇ ਨਿਤ ਦੌੜਦੇ, ਸਤਰੰਗੀ ਪੀਂਘ(Rainbow) ਵਾਂਙ ਅਰਸ਼ ਕੁਰਸ਼ ਨੂੰ ਮੇਲਦੇ । ਓ 'ਨਾਮ' ਤੈਂਡਾ ਸੁਚੜਾ ਜਾਦੂ, ਵੀ ਉਹ ਜੋ ਸਿਰ ਚੜ੍ਹ ਕੇ ਬੋਲੇ ! ਓ 'ਨਾਮ' ਤੈਂਡੀ ਖਿੰਡੀ ਕਸਤੂਰੀ ! ਕਸਤੂਰੀ ਵੀ ਉਹ ਜਿਸ ਦੀ ਲਪਟ ਦੇਵੀ ਦੇਵਤਿਆਂ ਨੂੰ ਮੋਹੇ ! ਓ 'ਨਾਮ' ਤੈਂਡਾ ਲਾਲ ਪਟਕਾ, ਪਟਕਾ ਵੀ ਉਹ ਜਿਸ ਵਿਚ ਚਮਕਦੀਆਂ ਲਟ ਲਟ ਕਰਦੀਆਂ ਝਲਕ ਕਿਰਨਾਂ ! ਓ 'ਨਾਮ' ਤੈਂਡੀ ਭਰੀ ਜਵਾਨੀ, ਜਵਾਨੀ ਵੀ ਉਹ ਜੋ ਖਾਖਾਂ ਤੇ ਚੜ੍ਹ ਕੇ ਭਖੇ। ਓ 'ਨਾਮ' ਤੈਂਡੀ ਖੀਵੀ ਖੁਮਾਰੀ, ਖੁਮਾਰੀ ਵੀ ਉਹ ਜੋ ਜੁਗ ਜੁਗ ਜੀਵੇ । ਓ 'ਨਾਮ' ਤੈਂਡੀ ਮਿਠੀ ਮੁਸਕਰੀ, ਮੁਸਕਰੀ ਵੀ ਉਹ ਜਿਸ

ਨੂੰ ਵੇਖ ਵਣ ਤ੍ਰਿਣ ਤ੍ਰਿਭਵਣ ਖਿੜ ਖਿੜ ਹਸਣ ! ਓ 'ਨਾਮ' ਤੈਂਡੀ ਮੋਰ-ਚਾਲ, ਅਲਬੇਲੀ, ਨਖਰੇਲੀ, ਕੇਲ-ਕਲੋਲੀ ! ਵਧਦੀ ਵਧਦੀ, ਨਿਤਸੂੰਦੀ, ਸਦ-ਸਵਾਇਹੀ ਲਪਟ !! ਵਾਹ ਵਾਹ ਤੈਂਡੀਆਂ ਚੜ੍ਹਦੀਆਂ ਕਲਾਂ ! ਵਾਹ ਵਾਹ 'ਨਾਮ' ਪੂਰਣਮਾ ਤਕ ਤੈਂਡੀਆਂ ਸਦ-ਵਧਦੀਆਂ ਚੰਨ-ਫਾੜੀਆਂ । ਵਾਹ ਵਾਹ 'ਨਾਮ' ਦੀਆਂ ਘਣੀਆਂ ਬੂੰਦ-ਫੁਆਰਾਂ ! ਵਾਹ ਵਾਹ 'ਨਾਮ' ਦੀਆਂ ਲੋਟ ਪੋਟ ਦੂਧ-ਧਾਰਾਂ ! ਵਾਹ ਵਾਹ 'ਨਾਮ' ਦੀਆਂ ਮਿਠੀਆਂ ਅਮੁਕ ਵਾਰਾਂ ! ਓ ਅਨੂਠੜੇ 'ਨਾਮਾ', ਮੈਂ ਢਾਡੀ 'ਸੋਦਰ' ਖੜਾ ਨਿਤ ਨਿਤ ਗਾਵਾਂ, ਤੈਂਡੀਆਂ ਹੀ ਵਾਰਾਂ–

'ਢਾਡੀ ਗੁਣ ਗਾਵੈ ਨਿਤਿ ਜਨਮੁ ਸਵਾਰਿਆ ।'

(ਵਾਰ ਸੂਹੀ ਮ· ੧)

੨.

ਓਏ ਅਜ ਨਾਉ ਮੰਨਣੇ ਦੀ ਵਾਰ ! ਓਏ ਅਜ ਇਕ ਨਵੀਂ ਨਵੇਲੀ ਆਸਾ ਦੀ ਵਾਰ ! ਓਏ ਅਜ ਮਨਸਾ-ਪੂਰਣੀ, ਹਰਨੀ ਭਰਨੀ ਵਾਰ !

ਓਏ 'ਨਾਮ' ਜਦ ਤੂੰ ਨਿਕਾ ਸੇਂ ਤਦ ਤੂੰ ਬੋਹੜ ਦੇ ਬੀਜ ਵਾਂਗ ਕਿਹਾ ਸੂਖਮ ਸੈਂ, ਪਰ ਜਦ ਜਵਾਨੀ ਤੇ ਆਇਆ ਤਾਂ ਆਪਣੀਆਂ ਜੜ੍ਹਾਂ ਆਪ ਛਡ ਥੰਮ ਲਾ ਖੜੋਤਾ ਓ 'ਨਾਮ' ਜਦ ਤੂੰ ਪਹਿਲੋਂ ਜੰਮਿਆ ਤਾਂ ਕੀਕਣ ਨਿਕੀ ਅਰੁਧਤੀ ਧਾਰੀ (ਵੇਖੋ ਅਕਾਲ ਦਰਸ਼ਨ) ਵਾਂਗ ਸੈਂ, ਪਤਲਾ-ਸੂਖਮ, ਪਰ ਵਧਦਾ ਵਧਦਾ ਅਰਸ਼ੀ ਗੰਗਾ ਨੂੰ ਵੀ ਮਾਤ ਕਰਨ ਲਗਾ । ਓ 'ਨਾਮ' ਤੂੰ ਸਚਮੁਚ ਜੰਗਲੀ ਬੂਟਾ ਏਂ ਜੋ ਹੌਲੇ ਹੌਲੇ ਵਧਦਾ ਏਂ, ਪਰ ਵਧ ਕੇ ਅਰਸ਼-ਕੁਰਸ਼ ਨੂੰ ਜਾ ਮਲਦਾ ਏਂ । ਓ 'ਨਾਮ', ਤੂੰ ਕੋਈ ਅਣੋਖਾ ਖਮੀਰ ਏਂ, ਜਿਸ ਪਰਾਤ ਵਿਚ ਪੈ ਜਾਏਂ ਉਹਨੂੰ ਹੌਲੇ ਹਲੇ ਸਭ ਨੂੰ ਭੁਭਰਾਏਂ !

ੳ 'ਨਾਮ', ਤੂ ਲਾਗ ਏਂ, ਜਿਸ ਦੁਧ ਨੂੰ ਲਗ ਜਾਏਂ ਉਸ ਸਾਰੇ ਨੂੰ ਚੱਕ ਦਾ ਚੱਕ ਚਾ ਜਮਾਏਂ ! ੳ 'ਨਾਮ' ਤੂੰ ਹਿਰਣ ਗਰਭ ਏਂ ! ਜਿਸ ਕੁਖ ਵਿਚ ਵੜ ਜਾਏਂ ਉਸ ਸਾਰੇ ਨੂੰ ਹੌਲੇ ਹੌਲੇ ਸੋਨ-ਅੰਗਾ ਚਾ ਬਣਾਏਂ। ੳ 'ਨਾਮ' ਤੂੰ ਚਿੰਤਾਮਣੀ ਕਣੀ ਏਂ, ਜਿਸ ਹਿਰਦੇ ਵਿਚ ਵੜ ਜਾਏਂ ਉਹਦੀਆਂ ਸਭ ਚਿੰਤਾਂ ਤੇ ਚੇਸ਼ਟਾਵਾਂ ਨੂੰ ਪੂਰਾਏਂ। ੳ 'ਨਾਮ' ਤੈਂਡੇ ਰਾਹ ਵਿਚ ਵੀ ਪਉੜੀਆਂ ਨੇ, ਇਕ ਉਪਰ ਦੂਜੀ ਤੇ ਦੂਜੀ ਉਪਰ ਤੀਜੀ ....."ਏਤਿ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ'.....। ਪਹਿਲੋਂ ਸੀ ਗਰਉਪਦੇਸ਼ ਦੀ ਪਉੜੀ, ਫਿਰ ਸੀ ਨਿਤਨੇਮ ਦੀ ਪਉੜੀ, ਫਿਰ ਸੀ ਸਿਕਾਂ ਦੀ ਭੇਟਵੀਂ ਪਉੜੀ। ਫਿਰ ਕੀੜੀ ਨੂੰ ਲਗੇ ਫੰਗ, ਹਾਂ ਨਾਮ ਦੇ ਫੰਗ, ਫਿਰ ਆਈ ਸੁਣਿਐ ਦੀ ਨਿਧਆਸਣ ਪਉੜੀ ਤੇ ਅਜ ਆਈਆਂ ਮੰਨਣੈ ਦੀਆਂ ਪਤਪਉੜੀਆਂ, ਜਿਤ ਚੜ੍ਹਿਆਂ ਇਹ ਜਿੰਦੜੀ ਹੋਏ ਇਕੀਸ। ੳ ਵਾਹਿਗੁਰੂ ਤੈਂ ਨਾਲ ਇਕ ! ਵਾਹ ਵਾਹ ਨਾਮ ਦੀਆਂ ਪਵਿੱਤਰ ਪਤਪਉੜੀਆਂ !

੩.

ੳ 'ਨਾਮ' ਤੂੰ ਬਾਹਰੋਂ ਹੀ, ਹਿਰਦੇ-ਹਿਮਾਚਲ ਤੋਂ ਉਠਣਾ ਏਂ ਤੇ ਫਿਰ ਆਪ-ਜਾਈ 'ਗੰਗਾ' ਨਾਲ ਮੈਂਡੀ ਚਮ-ਜ ਈ *'ਜਮਨਾ' ਨੂੰ ਚਾ ਸਵਾਰਨਾ ਏਂ ! ਨੀ ਗੰਗਾ ਉਤੋਂ ਉਤਰੀ, ਤੈਂਡੀ ਵੇ ਸਦਾ ਜੋੜੀ ਜਮ-ਪੁਤਰੀ ਜਮਨਾ ਨਾਲ ! ਜੇ ਤੂੰ ਕਲਸ ਏਂ ਤਾਂ ਉਹ ਤੈਂਡੀ ਪੱਕੀ ਨੀਂਹ ਏਂ ! ਜੇ ਤੂ ਤਖਤ ਬੈਠੀ ਰਾਣੀ ਤਾਂ ਉਹ ਤੈਂਡੀ ਚਰਣ

---

*ਭਾਵ ਇਹ ਹੈ ਕਿ 'ਨਾਮ' ਇਕੱਲਾ ਹੀ ਕਾਫੀ ਨਹੀਂ, ਹੋਰ ਸਤੋਗੁਣ ਵੀ ਲੋੜ ਹਨ ਜਿਹਾ ਕਿ ਸ਼ਬਦ 'ਸਚੀ-ਟਕਸਾਲ' ਵਿਚ ਵਿਸਥਾਰ ਨਾਲ ਵਰਨਣ ਹੈ।

ਝੁਸਣ ਵਾਲੀ ਦਾਸੀ ਏ! ਓ ਜਿੰਦੇ ਭੈ-ਭਾਓ ਦੀ ਨੀਂਹ ਬਿਨਾਂ 'ਨਾਮ' ਦਾ ਰੰਗ ਵੀ ਨਹੀਂ ਚੜ੍ਹਦਾ ! ਓ ਜਤ ਸਤ ਦੀ ਪਾਣ ਨਾਲ ਪਕਣ ਵਾਲਿਆ ਮਜੀਠ-ਰੰਗਾ, ਤੈਂਡੀ ਤੇ ਪਾਣ ਦੀ ਪੱਕੀ ਦੋਸਤੀ ਏ ! ਹੇਠਾਂ ਮੇਰਾ ਉਦਮ ਤੇ ਉਤੋਂ ! ਓ 'ਨਾਮ' ਤੂੰ ਮੈਂ ਢਠੀ ਦਾ ਹਥ ਫੜੇਂ ! ਓਏ ਦੋ-ਹਥੜ ਤਾਉੜੀ ਵੱਜੇ ! ਪਰ ਹੈਂ ਹੈਂ ਓ 'ਨਾਮ' ਤੂੰ ਮੈਂ ਤੋਂ ਕੋਈ ਭਿੰਨ ਨਹੀਂ ! ਤੂੰ ਤਾਂ ਰਤਾ ਕੁ ਉਹਲੇ ਸੈਂ । ਹੁਣ ਤੂੰ ਮੈਂਡਾ ਤੇ ਮੈਂ ਤੈਂਡਾ ! ਵਾਹ ਵਾਹ ਦੋਹਾਂ ਸਿਰਿਆਂ ਦਾ ਤੂੰ ਆਪੇ ਧਨੀਂ ! ਵਾਹ ਵਾਹ ਆਪਣੀ ਸ਼ੋਭਾ ਆਪੇ ਬਣੀ।

ਓ 'ਨਾਮ' ਜਦ ਤੂੰ ਜੰਮਿਆ ਤਾਂ ਮੋਈ ਮੈਂਡੀ ਹਉਮੈ-'ਹਉਮੈ ਨਾਵੈ ਨਾਲ ਵਿਰਧ ਹੈ ਦੁਇ ਨ ਵਸਹਿ ਇਕ ਠਾਇ।' ਤੈਂਡੀ ਮੋਈ ਹਉਮੈਂ, ਨੀ ਜਿੰਦੇ, ਨੀ ਤੈਂਡੀ ਗਈ ਬਲਾ ! ਨੀ ਜਿੰਦੇ, 'ਸੁਣਿਐ' ਵਿਚ ਤੂੰ ਸ਼ਬਦ (Holy Ghost) ਹੈ ਸੁਣਿਆ ਤੇ ਅਪਣਾ-ਇਆ ਤੇ ਤੂੰ ਸ਼ਬਦ ਮੋਈ......ਓ ਅ ਸ਼ਬਦ (Begotten of Holy Ghost) ਤੈਨੂੰ ਜੀਵਾਵਣ ਆਇਆ ਨੀ ਮੋਈਏ (ਦੇਖੋ ਆਤਮ ਦਰਸ਼ਨ ਮੋਦਾਇ)—

> 'ਹਮ ਸਬਦਿ' ਮੁਏ ਸਬਦਿ ਮਾਰਿ ਜੀਵਾਲੇ
> ਭਾਈ 'ਸਬਦੇ' ਹੀ ਮੁਕਤਿ ਪਾਈ।
> 'ਸਬਦੇ' ਮਨੁ ਤਨੁ ਨਿਰਮਲ ਹੋਆ ਹਰਿ ਵਸਿਆ ਮਨਿ ਆਈ।
> 'ਸਬਦ' ਗੁਰਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ।
> 'ਸਬਦ' ਨਾ ਜਾਣਹਿ ਸੇ ਅੰਨ੍ਹੇ ਬੋਲੇ, ਸੇ ਕਿਤ ਆਏ ਸੰਸਾਰਾ।
> ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ,
> ਮਨਮੁਖ ਮੁਗਧ ਗੁਬਾਰਾ ॥'
> (ਸੋਰਠਿ ਮ: ੩)

ਵਾਹ ਵਾਹ ਪਕਿਆ 'ਸ਼ਬਦ' ਅਜ ਮੈਂ ਮੋਈ ਨੂੰ ਜੀਵਾਵਣ ਆਇਆ ।
" " " " " " " ਨੂੰ ਵੀਵਾਵਣ ਆਇਆ।
" " " " " " " ਨੂੰ ਸਵਾਵਣ ਆਇਆ ।
" " " " " " " ਨੂੰ ਟੰਬ ਜਗਾਵਣ ਆਇਆ ।
" " " " " " " ਨੂੰ ਪਾਰ ਉਤਾਰਣ ਆਇਆ
" " " " " " " ਪੰਥ ਦਰਸਾਉਣ ਆਇਆ ।
" " " " " " " ਪੰਥ ਪ੍ਰਗਟਾਉਣ ਆਇਆ ।
" " " " " " " ਪਾਰ ਚੜ੍ਹਾਵਣ ਆਇਆ ।
" " " " " " " ਪਾਰ ਲਘਾਵਣ ਆਇਆ।
" " " " " " " ਸੁਧ ਸਵਾਰਣ ਆਇਆ ।
" " " " " " " ਕਮਲ ਉਲਟਾਵਣ ਆਇਆ
" " " " " " " ਪਾਰਸ ਪ੍ਰਸਾਉਣ ਆਇਆ ।
" " " " " " " ਪੂਰਾਂ ਦੇ ਪੂਰ ਤਰਾਵਣ ਆਇਆ ।
" " " " " " " ਬੁਝੀਆਂ ਜੀਵਨ-ਜੋਤਾਂ ਜਗਾਵਣ ਆਇਆ ।

ਬਲਿਹਾਰੀ, ਬਲਿਹਾਰੀ ਸੁਣ ਮਨ-ਅੜੈ ਨਾਮ ਤੋਂ ! ਬਲਿਹਾਰੀ ਬਲਿਹਾਰੀ ਅਨੰਤਰ ਵਸੇ ਨਾਮ ਤੋਂ ! ਬਲਿਹਾਰੀ ਬਲਿਹਾਰੀ ਇਸ ਸੁਫਲ ਫਲੇ 'ਨਾਮ' ਤੋਂ ।

੪.

ਵਾਹ ਵਾਹ ਸੁਣ ਮੰਨ ਅੜੇ 'ਨਾਮ' ! ਵਾਹ ਵਾਹ ਆਪਣੇ ਉਪਰ ਆਪ ਵਰਤੇ 'ਨਾਮ' । ਵਾਹ ਵਾਹ ਅਜ ਕੰਵਾਰੀ ਕੁਖੋਂ (Virgin) ਸੂਵਣ ਆਇਆ 'ਮੁਕਤੇ' ਤੇ 'ਜੁਗਤੇ' ਘੜਨ ਆਇਆ। ਵਾਹ ਵਾਹ ਨੀ ਮੈਂਡੀਏ ਅਧਿਆਤਮਕ ਅੰਮਾਂ, ਨੀ ਸੁਭਾਗਣ ਸਾਹਿਬ

ਕੋਰਾਂ । ਵਾਹ ਵਾਹ ਤੈਂਡੀ ਵਧਦੀ ਵੇਲ, ਵਾਹ ਵਾਹ ਤੈਂਡੀ ਨਿਤ ਸਵਾਈ ਖੇਲ, ਵਾਹ ਵਾਹ ਤੈਂਡੀ ਸਦ ਸਵਾਈ ਕੇਲ । ੳ ਕੇਲ ਕਰੇਂਦੜ, ਮਨ ਮੰਨੇ 'ਨਾਮ', ਤੈਂਡੀ ਉਪਮਾ ਕੋਈ ਕੀਕਣ ਕਰੇ । ਸੂਰਜ ਨੂੰ ਕਈ ਕੀਕਣ ਕੰਧਾਂ ਵਿਚ ਚਾ ਬਨ੍ਹੇ ? ਓਏ ਅਨੰਤੀਆ, ਅਨੰਦੀਆ, ਵਿਸਮਾਦੀਆ, ਤੇਂਡਾ ਲਿਖਾਰੀ ਉਹ ਆਪੇ ਆਪ ਏ, ਤੇਂਡੀ ਕਲਮ ਉਹ ਆਪੇ ਆਪ ਏ, ਤੈਂਡੀ ਤਖ਼ਤੀ ਉਹ ਆਪੇ ਆਪ ਏ (ਕਾਗਦੁ ਕਲਮੁ ਨ ਲਿਖਣਹਾਰੁ) । ਕੌਣ ਤੈਂਡਾ ਬਹਿ ਕੇ ਵਿਚਾਰ ਕਰ ਸਕਦਾ ਹੈ-ਤੇਨੂੰ ਵਿਚਾਰਨਾ ਤੈਂ ਵਿਚ ਸਮਿਜਣਾ ਹੈ। ਕੌਣ ਬੈਠ ਤੇ ਕੌਣ ਤਾੜੇ ? ਤੈਨੂੰ, ਤੇਨੂੰ ਆਪ ਕੀਕਣ ਦੇਖੇ ? (ਮੰਨੇ ਕਾ ਬਹਿ ਕਰਨਿ ਵੀਚਾਰ) । ਓਏ ਨਿਰੰਜਣਾ, ਓਏ ਮਾਇਆ ਤੋਂ ਉਪਰ ਵਸਿਅੜਾ, ਤੈਂਡਾ ਰਸ ਕਾਨੀ ਵਿਚ ਨਹੀਂ, ਮੇਂਡੇ ਰਸਗੁਧੇ ਮਨ ਵਿਚ ਹੈ ਮੈਂਡੇ ਰਸ-ਭਿੰਨੇ ਲੋਇਣਾਂ ਵਿਚ ਹੈ, ਮੈਂਡੇ ਰਸ-ਭੱਜੇ ਰੋਮਾਂ ਵਿਚ ਹੈ (ਐਸਾ ਨਾਮੁ ਨਿਰੰਜਨ ਹੋਇ ॥ ਜੇ ਕੋ ਮਨਿ ਜਾਣੈ ਮਨਿ ਕੋਇ)—ਪਰ ਇਸ ਤਨ ਭਦ ਨੂੰ, ਏਸ ਸਦ ਚੜ੍ਹਦੀਆਂ ਕਲਾਂ ਨੂੰ ਕੋਈ ਕੋਈ ਅਪੜਦਾ ਹੈ-ਪਰ ਅਪੜਦੇ ਨੇ ਤੈਂਡ ਆਪ ਸਵਾਰੇ ।

ੳ ਮੰਨ ਮੰਨੇ ਨਾਮ ! ਤੈਂਡੇ ਪਰਫੁਲਿਆਂ, ਸੁਤੀ ਸੁਰਤੀ ਭੀ ਜਾਗ ਉਠਦੀ ਏ ਤੇ ਖਿੜ ਜਾਂਦੀ ਏ । ਜਾਗੀ ਹੋਈ ਚੰਬੇਲੀ ਵਾਂਗ ਤੇ ਮਨ ਖਿੜ ਕੇ 'ਉਨਮਨ' (Higher Mind) ਹੋ ਜਾਂਦਾ ਹੈ ਤੇ ਬੁਧੀ ਰਸ ਪੀ 'ਸਿਧੀ' (Intuition) ਬਣ ਜਾਂਦੀ ਏ (ਮੰਨੇ ਸੁਰਤਿ ਹੋਵੈ ਮਨ ਬੁਧਿ)।

ੳ ਮੰਨ-ਮੰਨੇ ਨਾਮ !, ਤੈਂਡੀ ਅੰਤਰ ਜੋਤ ਨਾਲ ਤਿਰਭਵਣ ਵਿਚ ਰਮਿਆ ਹੋਇਆ ਰਮੱਈਆ ਰਾਮ ਲਭ ਪੈਂਦਾ ਹੈ ਤੇ ਉਸ ਦਾ ਖਿੜਿਆ ਹੋਇਆ ਗੁਲਜ਼ਾਰ ਇਹ ਜਗਤ ਏ—'ਆਤਮ ਰਾਮ

ਸੰਸਾਰਾ ॥ ਸਾਚਾ ਖੇਲੁ ਤੁਮਾਰਾ ।' (ਮੰਨੈ ਸਗਲ ਭਵਨ ਕੀ ਸੁਧਿ)।

ਓ ਮੰਨ-ਮੰਨੇ ਨਾਮ, ਤੈਨੂੰ ਮੰਨ ਕੇ ਮੋਹ ਦਾ ਬੱਜਰ ਤੀਰ ਇੰਦਰ ਵਾਲਾ ਸਾਨੂੰ ਨਹੀਂ ਛਦ ਸਕਦਾ। ਓਏ ਬੱਜਰ-ਢਾਲੇ (ਮੰਨੈ ਮੁਹਿ ਚੋਟਾ ਨਾ ਖਾਇ)।

ਓ ਮੰਨ-ਮੰਨੇ ਨਾਮ, ਤੈਨੂੰ ਮੰਨ ਕੇ ਫਿਰ ਅਕਾਲ ਮੰਡਲ ਵਿਚ ਵਾਸਾ ਏ, ਸਚਖੰਡ ਵਿਚ, ਕਾਲ ਗ੍ਰਸਦਾ ਨਹੀਂ (ਮੰਨੈ ਜਮ ਕੈ ਸਾਥਿ ਨਾ ਜਾਇ)।

ਓ ਮਨ ਚਾਨਣ ਨਾਮਾ, ਤੈਂਡਾ ਅੰਤਰ ਚਾਨਣ ਵੇਖ ਕੇ ਧਰਮ ਦਾ ਰਾਹ ਆਪੇ ਪਰਗਟ ਹੋ ਜਾਂਦਾ ਹੈ। ਫਿਰ ਰਾਹ ਵਿਚ ਤਮੋਗੁਣ ਦੀਆਂ ਰੁਕਾਵਟਾਂ ਨਹੀਂ, ਫਿਰ ਕੁਵਾਟੜੀਆਂ ਤੇ ਭਵਾਟੜੀਆਂ ਨਹੀਂ. ਫਿਰ ਸਿਧਾ ਹੀ ਸੁਖੈਨ ਮਾਰਗ ਏ-ਗੁਰਮਤਿ ! ਖਾਲਸਾ ਪੰਥ, ਹੇਠਾਂ ਰਹਿ ਗਈਆਂ ਪਗ-ਡੰਡੀਆਂ ਤੇ ਨਿਕੇ ਮੱਗ। ਹੁਣ ਏ ਜਰਨੈਲੀ ਸੜਕ :

'ਮੰਨੈ ਮਗੁ ਨ ਚਲੈ ਪੰਥ ॥
ਮੰਨੈ ਧਰਮ ਸੇਤੀ ਸਨਬੰਧੁ ॥
ਮੰਨੈ ਮਾਰਗ ਠਾਕਿ ਨਾ ਪਾਇ ॥
ਮੰਨੈ ਪਤਿ ਸਿਉ ਪਰਗਟ ਜਾਇ।'

ਓਏ ਹੁਣ ਬਣ-ਠਣ ਕੇ ਟੁਰਨਾ, ਪਰਗਟ ਪੈਂਡੇ ਤੇ ਪਤ ਦੀਆਂ ਚੜ੍ਹਦੀਆਂ ਕਲਾਂ।

ਓ ਮੁਕਤੀ-ਪੁੰਜ 'ਨਾਮ' ! ਤੈਨੂੰ ਪਾ ਕੇ ਮੁਕਤੀ ਦੇ ਦਰਵਾਜ਼ੇ ਚੌਪਟ ਖੁਲ੍ਹ ਜਾਂਦੇ ਨੇ (ਮੰਨੈ ਪਾਵਹਿ ਮੋਖੁ ਦੁਆਰ) ਤੇ ਓ ਜਿੰਦੇ, ਤੂੰ ਆਪ ਹੀ ਨਹੀਂ। ਪਰਵਾਰ ਸਹਿਤ, ਸਖੀ ਸਹੇਲੜੀਆਂ ਸਹਿਤ ਤਰ ਜਾਨੀ ਏਂ (ਮੰਨੈ ਪਰਵਾਰੈ ਸਾਧਾਰੁ)। ਓ ਜਿੰਦੇ, ਆਪ ਤਰੇਂ

ਫਿਰ ਤਾਰੇਂ, ਹਾਂ ਆਪਣਾ ਕਰਜ਼ ਆਪ ਲਾਹੇਂ। 'ਇੰਝ ਦੀਪਕ ਨਾਲ ਦੀਪਕ ਜਲੇ ॥ 'ਬਿਨ ਤੇਲ ਦੀਵਾ ਇਉਂ ਬਲੇ ॥ (ਮੰਨੈ ਤਰੈ ਤਾਰੇ ਗੁਰਸਿਖ)।

ਓ ਹੁਣ ਲ ਲ-ਨਿਹਾਲ ਜਿੰਦੇ ! ਤੂੰ ਪਾਤਸ਼ਾਹ ਏਂ, ਸਰਬ ਜਗਤ ਦੀ ਮਾਲਕ, ਤੂੰ ਕਿਸ ਅਗੇ ਹੱਥ ਟਡੇਂ ਤੇ ਭਿੱਖ ਮੰਗੇਂ ? (ਮੰਨੈ ਨਾਨਕ ਭਵੈ ਨ ਭਿਖੁ) ॥

ਵਾਹ ਵਾਹ ਮੰਨੇ ਨਾਮਾ ! ਵਾਹ ਵਾਹ ਸੰਪੂਰਨ ਨਾਮਾ !

੫.

ਓ ਬੀਜੇ ! ਫਲੇ-ਫੁਲੇ ਨਾਮ, ਤੈਂਡਾ ਇਹ ਅਣਮੁੱਕਣਾ ਚਾਓ! ਓ ਨਿਮਾਣੀ ਜਿੰਦੇ, ਤੈਨੂੰ ਅਜ ਉਹਦਾ ਅਣਟੁਟਾ ਸਵਾਉ। ਓ ਨਿਮਾਣੀ ਜਿੰਦੇ, ਤੈਨੂੰ ਅਜ ਲਾਲਣ ਦਾ ਰੂੜਾ ਸਿਰਪਾਉ। ਓ ਸੰਰਬ-ਸਮਾਣੀਏ ਜਿੰਦੇ, ਅਜ ਤੂੰ ਮਹਾ ਕਵੀ ਨਾਲ ਇਕ ਹੋਇਆ ਕਵਾਉ। ਵਾਹ ਵਾਹ ਨੀ ਜਾਗਦੀਏ-ਜੋਤੇ ! ਵਾਹ ਵਾਹ ਤੂੰ ਨੂਰਾਂ ਦੀ ਭੂਰ ਕਰਦੀਏ ਜੋਤੇ ! ਵਾਹ ਵਾਹ ਨੀ ਆਕਾਸ਼ ਗੰਗਾ ਵਾਂਙ ਕੋਹਨੂਰ ਵੀਟਦੀਏ ਜਿੰਦੇ, ਨੀ ਚਮਕਣੀਏ ਕੰਚਨਵਨੀ ਜਿੰਦੇ ! ਵਾਹ ਵਾਹ, ਵਾਹ ਵਾਹ, ਵਾਹ ਵਾਹ, ਓ ਸ਼ਬਦ-ਜਗਾਈ ਜਿੰਦੇ ! ਹੁਣ 'ਕਦੇ ਨਾ ਰਾਂਡ, ਸਦਾ ਸੁਹਾਗਣ !' ਹੁਣ ਤੋਹੀ ਮੋਹੀ, ਮੋਹੀ ਤੋਹੀ, ਅੰਤਰ ਕੈਸਾ ?' ਹੁਣ 'ਪੀਆ ਬਸੈ ਜੀਓ ਮੇਂ, ਜੀਉ ਬਸੈ ਪੀਉ ਮੇਂ।' ਹੁਣ 'ਆਤਮ ਮਹਿ ਰਾਮ, ਰਾਮੁ ਮਹਿ ਆਤਮ।' ਹੁਣ 'ਬਟਕ ਵਿਚ ਬੀਜ, ਬੀਜ ਵਿਚ ਬਟਕ।' ਹੁਣ 'ਦਿਨ ਵਿਚ ਰਾਤ, ਰਾਤ ਵਿਚ ਦਿਨੀਅਰ।' ਹੁਣ 'ਨਰ ਵਿਚ ਨਾਰੀ, ਨਾਰੀ ਵਿਚ ਨਰ।' ਹੁਣ 'ਤਨ ਵਿਚ ਮਨ, ਮਨ ਵਿਚ ਤਨ।' ਹੁਣ ਈਭੈ-ਬੀਠਲ, ਊਭੈ ਬੀਠਲ, ਬੀਠਲ ਬਿਨ ਸੰਸਾਰ ਨਹੀਂ।' ਹੁਣ ਈਘੈ-ਨਿਰਗੁਣ, ਊਘੈ ਸਰਗੁਣ, ਬੀਠਲ ਰਵਿਆ

ਸਰਬ-ਮਹੀਂ ।' ਹਣ ਪੂਰਬ ਤੂੰ, ਪੱਛਮ ਤੂੰ, ਉਤਰ ਤੂੰ, ਦਖਣ ਤੂੰ ! ਹੁਣ ਸਤਜੁਗ ਤੂੰ ਕਲਜੁਗ ਤੂੰ, ਦਵਾਪਰ ਤੂੰ, ਤਰਤਾ ਤੂੰ, ਚੌਜੁਗ ਤੂੰ, ਚੌਂਹ ਕੂੰਟੀ ਤੂੰ, ਪਰਵਿਰਤੀ ਤੂੰ, ਨਾਵਰਤੀ ਤੂੰ, ਉਤਪਤ ਤੂੰ ਪਰਲੈ ਵੀ ਤੂੰ, ਕਾਲ ਵੀ ਤੂ, ਅਕਾਲ ਵੀ ਤੂੰ, ਬਾਵਨ ਵੀ ਤੂੰ ਵਿਰਾਟ ਵੀ ਤੂੰ ਗੁਪਤ ਵੀ ਤੂੰ, ਪਰਗਟ ਵੀ ਤੂੰ, ਸੂਖਮ ਵੀ ਤੂੰ, ਸਥੂਲ ਵੀ ਤੂੰ । ਸੁਨਣੈ ਵਿਚ ਵੀ ਤੂੰ, ਚਖਣ ਵਿਚ ਵੀ ਤੂੰ । ਤੂੰਹੀ ਤੂੰ ਤੂੰਹੀ ਤੂੰ, ਤੂੰਹੀ ਤੂੰ........... ਤੂੰ ਆਪ ਚੱਖੇਂ ਤੇ ਆਪ ਵਖਾਣ.....................ਤੂੰ ਆਪੇ ਪੱਟੀ ਕਲਮ ਆਪ, ਲਿਖਣਹਾਰ ਭੀ ਆਪੇ ਹੋਆ......ਮੈਂ, ਮੈਂ, ਕੌਣ ? ਮੈਂ ਮੋਈ ਕੌਣ ? ਮੈਂ ਨਿਜ-ਹੋਈ ਕੌਣ ? ਓ ਮੰਨ ਮੰਨੈ ਦੀਆਂ ਅਨੂਪਮ ਲੀਲ੍ਹਾ । ਕੌਣ ਕਥੇ ਤੇ ਕੌਣ ਵਖਾਣੇ ? ਜੇ ਕੋਈ ਕਹੈ ਤਾਂ ਪਿਛੋਂ ਪਛਤਾਇ । ਐਹ ਆਖਿਆ ਤੇ ਐਹ ਰਹਿ ਗਇਆ......ਹਾਂ ਕਸਰ ਰਹਿ ਗਈ, ਕਸਰ ਰਹਿ ਗਈ, ਹਾਂ ਕਸਰ ਰਹਿ ਗਈ—

> "ਮੰਨੈ ਕੀ ਗਤਿ ਕਹੀ ਨ ਜਾਇ ॥
> ਜੇ ਕੋ ਕਹੈ ਪਿਛੈ ਪਛਤਾਇ ॥"

ਵਾਹ ਵਾਹ ਅਕਥ-ਕਥਾਏ, ਅਮੁਕ-ਗਾਥਾਏ, ਅਖੁਟ-ਵਰਤਾਏ ! ਵਾਹ ਵਾਹ ਨਾਮ-ਮੰਨੈ ਦੀ ਅਚਰਜ ਲੀਲ੍ਹਾ ।

ਸ੍ਰੀ ਪੰਜ ਖੰਡ ਯਾਤਰਾ ਦੀ ਮੂਰਤੀ

ਏਸ ਮੂਰਤੀ ਨੂੰ ਵਿਚ ਰਖਣ ਦਾ ਭਾਵ ਸਿਰਫ ਇਹ ਹੈ ਜੁ ਪੰਜ ਖੰਡਾਂ ਵਿਚ ਅਗੋਂ ਆਏ ਲੇਖ ਚੇਤ ਰਹਿਣ, ਨਹੀਂ ਤਾਂ ਏਸ ਮੂਰਤੀ ਵਿਚ ਹੋਰ ਕੋਈ ਗੁਣ ਨਹੀਂ, ਕਿਉਂਕਿ ਮੂਰਤੀ ਤਾਂ ਇਕ ਕਿਸਮ ਦੀ ਉਂਗਲ-ਇਸ਼ਾਰਾ ਹੈ' ਜੁ ਐਹ ਰਾਹ ਹੈ ਜੇ ਇਹ ਰਾਹ ਛਡਕੇ ਅਸੀਂ ਸਿਰਫ ਮੂਰਤੀ ਨੂੰ ਹੀ ਫੜ ਲਈਏ ਤਾਂ ਉਲਟਾ ਗੋਰਖਧੰਦੇ ਵਿਚ ਫਸਣ ਦਾ ਡਰ ਹੈ।

ਮੂਰਤੀ ਨੂੰ ਹੇਠ ਵਲੋਂ ਪਹਿਲੇ ਵੇਖੋ ਤੇ ਫੇਰ ਉਤਾਂਹ 'ਸਚ ਖੰਡ' ਵਲ ਆਵੋ ! ਪੂਰਾ ਹਾਲ ਇਹਨਾਂ ਪੰਜਾਂ ਝਾਕੀਆਂ ਵਿਚ ਹੈ, ਪਰ ਸੰਖੇਪ ਭਾਵ ਇਹ ਹੈ–

(੧) ਧਰਮ-ਖੰਡ–

ਏਸ ਵਿਚ ਇਕ ਪਾਸੇ ਮਨਮੁਖ ਚੋਰੀ-ਯਾਰੀ ਕਰ ਕੇ ਕੋਰੜੇ ਖਾ ਰਿਹਾ ਹੈ ਤੇ ਜੇਹਲਖਾਨੇ ਦਾ ਬੂਹਾ ਉਸ ਦੇ ਸਾਹਮਣੇ ਹੈ। ਇਥੇ ਪੰਜ ਕਾਮ ਆਦਿਕਾਂ ਦੇ ਗ੍ਰਸੇ ਜੀਵ ਜਾਂਦੇ ਨੇ। ਦੂਜ ਪਾਸੇ ਪੰਚ-ਪ੍ਰਵਾਨ ਸਜੇ ਹੋਏ ਗੁਰਮੁਖ ਨੇ, ਕੀਰਤਨ ਵਿਚ ਮਸਤ, ਸੇਵਾ ਵਿਚ ਜੁਟੇ। ਇਥੇ ਕਰਮਾਂ ਦਾ ਵਰਤਾਰਾ ਹੈ, ਜੇਹੇ ਕਰਮ ਤੇਹੀ ਸਜ਼ਾ, ਪਰ ਪਕਿਆਈ ਕਰਮਾਂ ਵਿਚ, ਨਹੀਂ, 'ਨਾਮ' ਵਿਚ ਹੈ।

(੨ ਗਿਆਨ-ਖੰਡ—

ਇਥੇ 'ਨਾਮ' ਬਖਸ਼ਿਆ ਗਿਆਨ ਹੈ, ਜਿਧਰ ਵੇਖੋ ਅਨੰਤ

ਵਾਹਿਗੁਰੂ ਦੇ ਲਿਸ਼ਕਾਰੇ ਨੇ। ਇਥੇ ਇਹ ਲਿਸ਼ਕਾਰੇ ਦੂਰਬੀਨ ਤੇ ਖੁਰਦਬੀਨ ਦਵਾਰਾ ਪਰਗਟ ਕਰਨ ਦਾ ਯਤਨ ਕੀਤਾ ਗਿਆ ਹੈ। ਦੂਰਬੀਨ ਨਾਲ ਅਸੰਖ ਤਾਰੇ ਆਦਿ ਦਿਸਦੇ ਨੇ, ਚੰਨ ਸੂਰਜ ਅਨੰਤ। ਖੁਰਦਬੀਨ ਨਾਲ ਨਿਕੀ ਦੁਨੀਆਂ (Infra World) ਵੀ ਇਸੇ ਤਰ੍ਹਾਂ ਅਨੰਤ ਹੈ। ਸਾਇੰਸ ਵੀ ਇਹੋ ਆਖਦੀ ਹੈ— ਇਥੇ ਗਿਆਨ ਬਖਸ਼ੇ ਝੂਟੇ ਨੇ।

(੩) ਸਰਮ--ਖੰਡ–

ਇਥੇ ਵੇਖੋ 'ਬਾਣੀ' ਯਾ 'ਨਾਮ' ਜੋ ਇਕ ਪਾਸੇ ੦ ਗੋਲ ਚੱਕਰ ਹੇਠ ਉਤਰਦਾ ਦਸਿਆ ਹੈ, ਹੁਣ ਮਾਨੋਂ ਭਗਤ· ਦੇ ਸਿਰ ਦੇ ਇਰਦ-ਗਿਰਦ ਪ੍ਰਕਾਸ਼-ਚੱਕਰ (Halo) ਬਣਾ ਬੈਠਾ ਹੈ। ਇਥੇ ਸੁੰਦਰਤਾ (Beauty) ਹੈ, ਜਲਾਲ ਹੈ—ਇਹ ਵਿਸਮਾਦ ਪੁੰਜ ਖੰਡ ਹੈ—ਤੇ 'ਸਰਮ' ਹਉਮੈ ਨਾ ਹੋਣ ਦਾ ਨਾਂ ਹੈ।

(੪) ਕਰਮ·ਖੰਡ –

ਏਸ ਖੰਡ ਵਿਚ 'ਨਾਮ' (ਬਾਣੀ) ਹੋਰ ਪ੍ਰਬਲ ਹੈ ਤੇ ਇਹ ਬਲ-ਬਖਸ਼ਣ ਵਾਲਾ ਖੰਡ ਹੈ ਤੇ ਪੂਰਨ ਪਰਮ-ਅਨੰਦ ਵਾਲਾ।

ਇਸ ਵਿਚ ਇਕ ਪਾਸੇ ਦਸਮ-ਪਿਤਾ ਜੀ ਹਨ, ਜਿਨ੍ਹਾਂ ਦਾ ਘੋੜਾ ਇਕ ਸਤਾਏ ਹੋਏ ਗਰੀਬ ਨੇ ਫੜਿਆ ਹੈ, ਮਾਨੋਂ ਆਖਦਾ ਹੈ—'ਮੈਂਡਾ ਕੰਮ ਕਰਕੇ ਜਾਓ, ਮੈਨੂੰ ਠੰਡ ਪਾ ਕੇ ਜਾਓ'–ਤੇ ਉਹ ਸਰਬੰਸ ਤੇ ਆਪਾ ਵਾਰਨ ਲਈ ਮਾਤ-ਲੋਕ ਵਿਚ ਆ ਜਾਂਦੇ ਨੇ।

ਦੂਜੇ ਪਾਸੇ ਇਕ ਸਲੀਬ-ਟੰਗੀ ਜਿੰਦੜੀ ਹੈ :

"ਤਿਥੈ ਭਗਤ ਵਸਹਿ ਕੇ ਲੋਅ ॥"

(੫) ਸੱਚ-ਖੰਡ—

ਇਸ ਦਾ ਨਿਰੂਪਣਾ ਅਤਿਅੰਤ ਮੁਸ਼ਕਲ ਹੈ, ਪਰ ਇਉਂ

ਦਸਣ ਦਾ ਯਤਨ ਕੀਤਾ ਗਿਆ ਹੈ :—

ਇਕ ਪਾਸੇ ਖੱਬੇ 'ਨਿਰੰਕਾਰ' ਦਾ ਅਕਾਰ-ਰਹਿਤ ਚਕਰ ਹੈ, ਜਿਸ ਦਾ ਕਥਨ ਤੇ ਦਸਣਾ ਬਣਦਾ ਨਹੀਂ—ਵਿਚੋਂ 'ਨਾਮ' ਦੀ ਕਲਾ ਨਿਕਲੀ ਹੈ ਤੇ ਇਥੇ ਅਪੜ ਕੇ 'ਏਕੰਕਾਰ' ਏ (੧)—ਫਿਰ ਏਸ ਵਿਚੋਂ ਓਅੰਕਾਰ (ੳ) ਦਾ ਪਸਾਰਾ ਹੈ, ਜਿਸ ਤੋਂ ਬੇਅੰਤ ਬ੍ਰਹਮੰਡ ਬਣਦੇ ਨੇ, ਜੋ ਦਸੇ ਨ ਵਿਸਕਾਰ—ਪਰ 'ਖੇਲ ਸੰਕੋਚੇ ਤੇ ਨਾਨਕ ਏਕੈ।'

ਨਿਰੰਕਾਰ—) ੧—) ੳ< > ੳ -) ੧ ਨਿਰੰਕਾਰ

ਏਕੰਕਾਰ ਓਅੰਕਾਰ ਏਕੰਕਾਰ

———) ———)

ਉਤਪਤੀ ਪਰਲੋ

ਨੋਟ—ਇਹ ਇਕ ਮਨੋਕਲਪਤ ਮੂਰਤੀ ਹੈ, ਸਿਰਫ ਯਾਦ ਰਖਣ ਵਾਲੀ। ਇਸ ਦੀ ਇਕੋ ਸਮੁੱਚੀ ਝਾਕੀ ਧਰਮ-ਖੰਡ ਅੰਕ ਦੇ ਮੁਢ ਵਿਚ ਹੈ, ਉਥੇ 'ਨਾਮ' ਨੂੰ 'ਸੀੜ੍ਹੀ' ਕਰ ਕੇ ਲਿਖਿਆ ਹੈ।

ੴ ਸਤਿਗੁਰਪ੍ਰਸਾਦਿ ॥

ਸ੍ਰੀ

ਧਰਮ ਖੰਡ

ਯਾ

ਪਹਿਲਾ ਪਉੜਾ

ਤੇ

ਇਕ ਸਮੁੱਦੀ ਝਾਕੀ

ਨਾਲੇ

ਜਪੁ ਨੀਸਾਣ ਤੇ ਕਰਮ ਫਲਸਫਾ

"ਸਚੇ ਤੇਰੇ ਖੰਡ ਸਚੇ ਬ੍ਰਹਮੰਡ"

(ਆਸਾ ਦੀ ਵਾਰ)

ਵਾਹੁ ਵਾਹੁ ਧਰਮ-ਖੰਡ

ਇਕ ਪੰਜਾਂ ਖੰਡਾਂ ਦਾ ਸਾਂਝਾ-ਜਲਵਾ

ਜਿਥੇ ਤੂੰ ਵਸਨਾ ਏਂ ਓ ਮੇਂਡਿਆ ਨਿਰੰਕਾਰੀ, ਮਾਲਕਾ! ਤੇ ਜਿਥੇ ਮੈਂ ਹਾਂ, ਉਸ ਵਿਚ ਏ ਘਨੇਰੀ ਵਿੱਥ—ਤੂੰ ਏਂ ਕਿਧਰੇ ਸੁਮੇਰ ਪਰਬਤ ਤੇ ਬੈਠਾ ਤੇ ਮੈਂ ਹਾਂ ਤੈਂਡੇ ਚਰਨ-ਕੰਵਲਾਂ ਵਿਚ ਹੇਠਾਂ ਰੀਂਗਦਾ ਢਿਡ ਭਾਰ! ਓ ਖਾਲਕਾ, ਓ ਮਾਲਕਾ! ਇਤਨੀ ਹੀ ਨਹੀਂ—ਹੋਰ ਵਧੇਰੀ ਵਿੱਥ ਏ, ਤੂੰ ਵਸਨਾਂ ਏ ਕਿਸੇ ਦੂਰ ਦੁਰਾਡੇ

'ਅਰਸ਼' (ਇਸ ਦਾ ਭਾਵ ਇਹ ਨਹੀਂ ਕਿ ਜੋ ਉਹ ਇਸ ਜੀਵ, ਇਸ ਪਿੰਡ ਤੇ ਬ੍ਰਹਮੰਡ ਤੋਂ ਦੂਰ ਹੈ, ਪਰ ਅਗਿਆਨ ਅਵਸਥਾ ਦਾ ਇਹ ਅਲੰਕਾਰ ਹੈ) ਤੇ ਮੈਂ ਵਸਨਾ ਵਾਂ, ਇਸ ਸੁਕੇ ਸੜ ਫਰਜ਼ ਤੇ, ਤੇ ਵਿਚ ਏ ਵਡਾ ਅਣਕਛਿਆ ਖੱਪਾ। ਓ ਕਰਤਾ, ਓ ਹਰਤਾ ਮੈਂ ਤੈਂਡ ਕੀਕਣ ਪਾਸ ਉਡ ਕੇ ਪੁਜਾਂ ? ਮੈਂਡੇ ਕੋਲ ਖਭ ਨਹੀਂ ਜੋ ਉਡ ਅਰਸ਼ ਨੂੰ ਚੁੰਮਾਂ। ਨਾ ਮੈਂਡੇ ਕੋਲ ਕੋਈ ਸੀੜ੍ਹੀ ਏ ਜਿਸ ਰਾਹੀਂ ਮੈ ਹੋਲੀ ਹੌਲੀ ਚੜ੍ਹਾਂ ਤੇ ਉਹ ਕਿਹੜੀ ਸੀੜ੍ਹ। ਹੋਵ ਜੁ ਹਵਾ ਵਿਚ ਆਪਣੇ ਆਪ ਖੜੋਵੇ ? ਓ ਮਾਤਾ, ਓ ਪਿਤਾ ! ਤੈਂਡਾ ਪੁਤ ਤੈਨੂੰ ਉਪਰ ਵੇਖ ਵਿਲ-ਲਾਉਂਦਾ ਏ ! ਪਰ ਹਾਏ ਕੁਛੜੋਂ ਡਿੱਗਾ ਆਪ ਉਪਰ ਕੀਕਣ ਚੜ੍ਹੇ ? ਓ ਚੋਜੀ ਪਿਤਾ ! ਤੈਂਡ ਕੌਤਕ ਨਿਆਰੇ ਨੇ, ਪਰ ਅਜ—ਮੈਂ ਖੂਹ ਥਿੜਕਿਆ, ਬਾਹਾਂ ਚੁਕ ਚੁਕ ਕੇ ਕੂਕਨਾ ਹਾਂ। ਓ ਸਹਾਇਕ ਮਾਲਕਾ, ਮੇਰੀ ਬਾਂਹ ਫੱੜ ! ਕੂੰਜ ਦੇ ਕੀਰਨੇ ਘਣੇਰੇ ਨੇ, ਪਰ ਜੁਗਾਂ ਦਾ ਵਿਛੜਿਆ ਹੋਇਆ ਜੀਵ ਜੀਕਣ ਇਕ ਖਿਣ ਵਿਚ ਮਿਲ ਜਾਏ-ਆਖਰਕਾਰ ਕੀੜੀ ਨੂੰ ਭੀ ਖੰਭ ਲਗਣ ਵਿਚ ਢੇਰ ਚਿਰ ਲਗਦਾ ਏ. ਬੁਢੇ ਵਾਰੇ ਆ ਕੇ। ਪਰ ਓ ਅਰਸ਼ੀ ਪਿਤਾ ! ਅਜ ਤੈਂਡਾ ਪੁਤ ਥੱਕਾ ਟੁਟਾ ਤੇ ਤਿਰਹਾ-ਇਆ ਫਿਰ ਤੈਂਡੇ ਦਰ ਤੇ ਮੁੜ ਆਇਆ ਈ। ਤਰੁੱਠ, ਨੱਠ ਤੇ ਫੜ, ਹਾਂ ਗਲ ਲਾ, ਓ ਟੁਟੀ ਗੰਢਣਹਾਰ, ਗੋਪਾਲ ! ......।

ਇੰਞ ਸੋਚਾਂ ਵਿਚ ਡੁੱਬਾ, ਹੁਸੜ ਨਾਲ ਹਫਿਆ ਤੇ ਅਧੀਰ (ਇਸ ਵਿਚ ਪਹਿਲੋਂ ਸਮੁੱਚੀ ਝਾਕੀ ਹੈ, ਪੰਚ-ਖੰਡਾਂ ਦੀ, ਫਿਰ ਇਕ ਇਕ ਨੂੰ ਵੇਖ ਲਿਆ ਏ ,ਉਡਾਰੀ ਇਹ ਕਲਪਤ ਤਰੀਕਾ ਹੈ ਵਰਣਨ ਕਰਨ ਦਾ, ਵਾਸਤਵ ਵਿਚ ਉਡਣਾ ਨਹੀਂ Jacob's Laddu in the Bible ਤੇ ਥੱਕਾ-ਮਾਂਦਾ ਚੂਰ ਮੈਂ ਲ਼ੇਟ ਗਿਆ। ਕਿਸੇ ਪਿਆਰੀ ਪਰ ਅਣੋਖੀ 'ਨੀਂਦ' ਨੇ ਮੇਰਾ ਦਿਲ ਮੱਲ ਲਿਆ। ਫੇਰ

ਸਾਰਾ ਸਮਾਂ ਗੁਜ਼ਰ ਗਿਆ, ਹੁਣ ਜਦ ਮੈਂ ਅੱਖਾਂ ਮਲੀਆਂ ਤਾਂ ਕੀ ਵੇਖਿਆ ਜੋ ਮੈਂਡੇ ਅਗੇ ਇਕ ਲੱਮ-ਸਲੱਮੀ ਸੀੜ੍ਹੀ ਏ, ਜੋ ਫਰਸ਼-ਅਰਸ਼ ਨੂੰ ਮੇਲਦੀ ਏ ਤੇ ਉਸ ਸੀੜ੍ਹੀ ਵਿਚ ਨੇ ਪੰਜ ਸੁਨਹਿਰੀ ਡੰਡੇ (Five Golden Steps) । ਏਸ ਰਾਹ ਫ਼ਰਿਸਤੇ, ਦੇਵੀ ਦੇਵਤੇ ਉਪਰੋਂ ਹਠਾਂ ਉਤਰਦੇ ਨੇ ਪੰਜਾਂ ਦਲਾਂਘਾਂ ਵਿਚ, ਛਣ ਛਣ ਕਰਦੇ ਉਤਰਦੇ ਤੇ ਫਿਰ ਚੜ੍ਹਦੇ, ਚੜ੍ਹਦੇ ਤੇ ਫਿਰ ਉਤਰਦੇ! ਉਨਾਂ ਕੋਮਲ ਪਰ ਪਰਛਾਵਾਂ-ਹੀਨ (ਦੇਵਤਿਆਂ ਦਾ ਪਰਛਾਵਾਂ ਨਹੀਂ ਹੁੰਦਾ—ਵੇਖੋ ਆਤਮ-ਦਰਸ਼ਨ, ਭਾਵ ਉਨਾਂ ਵਿਚ ਹਉਮੈ ਨਹੀਂ)—ਪਰੀਆਂ ਨੂੰ ਵੇਖ ਕੇ ਇਸ ਕਾਲਾ-ਬੋਲੀ ਜਿੰਦੜੀ ਨੇ ਵੀ ਉਪਰ ਚੜ੍ਹਣ ਲਈ ਟਿਲ ਲਾਇਆ, ਪਰ ਉਹ ਚੜ੍ਹੇ ਤਾਂ ਚੜ੍ਹੇ ਕੀਕਣ, ਜਿਸ ਦੇ ਪੈਰਾਂ ਨਾਲ ਅਗਿਆਨ ਦਾ ਸੈ-ਮਣੀ ਸਿਕਾ ਬੱਝਾ ਹੋਵੇ। ਹਾਂ ਪਰ ਚੋਜੀ-ਪ੍ਰੀਤਮ ਨੇ ਅਜ ਅਰਸ਼ੋਂ ਪਉੜੀ ਲਾਈ ਏ, ਹਾਂ ਉਹਨੇ ਆਪ ਆਪਣੇ ਦੇਵਤਿਆਂ ਹੱਥ ਘਲੀ ਏ ਤੇ ਉਪਰ ਚੜ੍ਹਣ ਦਾ ਵਲ ਵੀ ਸਿਖਾਇਆ ਏ। ਕੀ ਉਹ ਮੈਂਡੀਆਂ ਕੜੀਆਂ ਨਹੀਂ ਕਟੇਗਾ ? ਹਾਂ ਜ਼ਰੂਰ ਕਟੇਗਾ......ਜਦ ਦਾਂਤ ਨਾ ਥੇ ਤਬ ਦੂਧ ਦੀਆ, ਅਬ ਦਾਂਤ ਦੀਏ ਕਿਆ ਅੰਨ ਨਾ ਦੇਗਾ ? ਹਾਂ ਜ਼ਰੂਰ ਦੇਵੇਗਾ......ਤੇ ਮੈਂ ਕੀ ਵੇਖਦਾ ਹਾਂ ਜੁ ਓਹ ਅਰਸ਼ੋਂ ਲਥੀਆਂ ਪਰੀਆਂ (ਰਾਗ ਰਤਨ ਪ੍ਰਵਾਰ ਪਰੀਆਂ 'ਸਬਦ' ਗਾਵਣ ਆਈਆਂ—ਅਨੰਦ ਸਾਹਿਬ) ਰੁਣ-ਝੁਣ ਕਰਦੀਆਂ, ਝੂਮਰ ਪਾਉਂਦੀਆਂ, ਕਿਸੇ ਅਣੋਖੀ ਕੈਂਚੀ ਨਾਲ ਮੈਂਡੀਆਂ ਹਥਕੜੀਆ ਕੱਟ ਗਈਆਂ। ਹੁਣ ਮੈਂਡੇ ਹੱਥ ਖੁਲ੍ਹੇ ਨੇ, ਭਾਵੇਂ ਪਿਛਲੇ ਅੰਗ ਭਾਰੇ ਨੇ। ਮੈਂ ਉਹਨਾਂ ਪਵਣ-ਪਤਲੀਆਂ ਪਰੀਆਂ ਵਾਂਗ ਤਾਂ ਉਪਰ ਦੜੰਗੇ ਨਹੀਂ ਮਾਰ ਸਕਦਾ, ਪਰ ਅਜ ਮੈਂ ਪਹਿਲੇ ਡੰਡੇ ਨੂੰ ਫੜ ਲਿਆ ਏ-ਏਸ ਦਾ ਜਗਮਗ ਕਰਦਾ, ਹਾਂ ਮਘਦਾ ਤੇ ਚਮਕਦਾ ਨਾਂ, 'ਧਰਮ-ਖੰਡ' ਹੈ। ਮੈਂ ਉਪਰ ਵੇਹਨਾਂ ਵਾਂ ਔਹ ਦੂਜਾ ਡੰਡਾ

'ਗਿਆਨ-ਖੰਡ' ਦਾ ਹੈ । ਇਸ ਵਿਚ ਚਾਰ ਚੰਨਾਂ ਦੀ ਚਿਟੀ ਚਾਨਣੀ ਹੈ ਪਰ ਇਸ ਤੋਂ ਉਪਰ ਇਕ ਹਰ ਡੰਡਾ ਹੈ ਜਿਸ ਤੋਂ ਅਨੇਕ ਸੂਰਜਾਂ ਦੀਆਂ ਲਾਲ ਲਾਟਾਂ ਨਿਕਲ ਰਹੀਆਂ ਨੇ । ਇਹ ਪੌਹ-ਫੁਟਾਲੇ (Usha) ਵਾਂਗ ਸਜਿਆ ਤੇ ਰਾਮ ਧਨੁਸ਼ (Rainbow) ਵਾਂਗ ਉਭਰਿਆ 'ਸਰਮ ਖੰਡ' ਏ ਤੇ ਇਸ ਦੇ ਉਪਰ ਕੋਈ ਹੋਰ ਜੋਤ-ਪੁੰਜ, ਪ੍ਰਕਾਸ਼-ਪੁੰਜ, 'ਸੁਦਰਸ਼ਨ ਚੱਕਰ' ਚਲ ਰਿਹਾ ਏ, ਜਿਸ ਦੇ ਚਿੰਗਾੜੇ ਇਹ ਸਾਰੇ ਚੰਨ-ਸੂਰਜ ਤੇ ਤਾਰੇ ਨੇ ਅਤੇ ਜਿਸ ਦੀ ਜ਼ੋਰਦਾਰ ਭਵਾਟਣੀ ਕੋਟਾਨ-ਕੋਟ ਬ੍ਰਹਮੰਡਾਂ ਦੀ ਚੱਕੀ ਭਵਾ ਰਹੀ ਏ, ਇਸ ਦਾ ਨਾਂ 'ਕਰਮ-ਖੰਡ' ਹੈ—ਤੇ ਦੂਰ-ਪਰ੍ਹਾਂ, ਮੇਂਡੀਆਂ ਅੱਖਾਂ ਤੋਂ ਓਹਲੇ, ਐਡੀ ਦੂਰ ਜਿਤਨਾ ਕਿ ਨੀਝ ਲਗ ਸਕਦੀ ਏ, ਮੈਂ ਵੇਹਨਾਂ ਹਾਂ ਜੁ ਕੋਈ ਗਭੀਰ-ਧੀਰ ਮਹਾ ਸੱਤਾ ਏ, ਜੋ ਗੁਪਤ-ਗੰਗਾ ਵਾਂਗ ਅਗੇ ਵਧ ਨਿਕਲਦੀ ਏ, ਪਰ ਨਹੀਂ ਨਿਕਲਦੀ ਕਿਉਂਕਿ ਉਹ 'ਗੁਪਤ' ਏ । ਹਾਂ ਕੋਈ ਸਮੁੰਦਰੀ ਜਵਾਰ-ਭਾਟਾ (Tide) ਏ ਜੋ ਅਗਾਂਹ ਵਧਦਾ ਏ, ਪਰ ਨਹੀਂ ਵਧਦਾ ਕਿਉਂਕਿ ਉਹ 'ਨਿਰਾਕਾਰ' ਦਾ ਦੇਸ ਏ ਉਥੇ ਆਕਾਰ-ਮਕਾਰ ਤੇ ਅੱਗ ਪਿਛ ਨਹੀਂ ! ਉਥੇ ਚੰਨ ਨਹੀਂ, ਸੂਰਜ ਨਹੀਂ, ਪਰ ਫਿਰ ਵੀ ਚਿੱਟ ਅਤਿ ਏ ਉਥੇ ਦਿਨ ਨਹੀਂ, ਰਾਤ ਨਹੀਂ ਪਰ ਫਿਰ ਵੀ ਸਦ-ਚਾਨਣ ਏ । ਉਥੇ ਪੂਰਬ ਨਹੀਂ, ਪਛਮ ਨਹੀਂ, ਉਤਰ ਨਹੀਂ, ਦਖਣ ਨਹੀਂ, ਪਰ ਫੇਰ (ਨਿਰੰਕਾਰ ਦਾ ਦੇਸ) ਵੀ ਉਹ 'ਹੈ' (Is), ਹਾਂ ਹੈ-ਸੱਚ ਦਾ ਖਜ਼ਾਨਾ, ਸੱਤ ਦਾ ਮੰਬਾ, ਸੱਤ ਦੀ ਅਕਹਿ-ਖਾਣ ! ਹਾਂ ਉਥੇ ਭੂਤ ਨਹੀਂ, ਭਵਿਸ਼ਤ ਵਰਤਮਾਨ ਨਹੀਂ, ਸਗੋਂ ਉਥੇ ਵੇ ਸਦ-ਹੁਣ ਹੁਣ-ਹੁਣ, ਸਦੀਵ-ਹੂਣ !—ਹਾਂ, ਪਰ ਉਥੇ ਦੀਆਂ ਗਲਾਂ ਉਥੇ । ਮੇਂਡੀਆਂ ਨਿਰਬਲ ਅਖਾਂ ਉਸ ਅਟਾਰੀ ਨੂੰ ਇਸ ਪਹਿਲੇ ਡੰਡੇ ਤੋਂ ਕੀਕਣ ਤਕਣ ? ਪਰ ਫੇਰ ਵੀ ਉਪਰੋਂ ਉਤਰਦੀ ਕੋਈ ਲੋ ਏ,

ਕੋਈ ਛਣਿਆ ਚਾਨਣਾ ਏ ਤੇ ਏਸ ਚਾਨਣ ਵਿਚ ਸਹੰਸਰ ਆਕਾਸ਼ ਗੰਗਾ (Milky Way) ਵਾਲੀ ਸੁੰਦਰਤਾ ਏ, ਹਾਂ ਮੈਂਡੇ ਵਲ ਪਰ-ਕਾਸ਼ ਦਾ ਹੜ੍ਹ ਹੇਠ ਰੁੜ੍ਹਿਆ ਆ ਰਿਹਾ ਏ, ਏਸ ਅਰਸ਼ੋਂ ਲੱਥੀ ਪਉੜੀ ਰਾਹੀਂ, ਤੇ ਮੈਂ ਵੇਹਨਾਂ ਹਾਂ ਤੇ ਵਿਗਸਨਾ ਹਾਂ। ਵਿਗਸਨਾ ਹਾਂ ਤ ਹੋਂਦਾ ਹਾਂ ਖੀਵਾ ਤੇ ਹੌਲਾ ਫੁਲ, ਮੈਂਡੇ ਪੈਰਾਂ ਦੀਆਂ ਬੇੜੀਆਂ ਵੀ ਟੁਟਦੀਆਂ ਨੇ ਤੇ ਮੈਂ ਅਗੇ ਵਧਨਾ ਵਾਂ, ਇਕ ਡੰਡੇ ਤੋਂ ਦੂਜੇ ਡਡੇ ਵਲ, ਹਾਂ ਫਿਰ ਹੋਰ ਹੱੜ੍ਹ ਏ, ਹੋਰ ਜਵਾਰ ਭਾਟੇ ਦੀ ਗੜਗੜ ਕਰਦੀ ਉਤਾਂਹ-ਖਿੱਚੂ ਲਹਿਰ, ਹਾਂ ਮੈਂ ਅਗਾਂਹ ਵਧਦਾ ਹਾਂ, ਹੋਰ ਅਗੇ ਤੀਜੇ ਡੰਡੇ ਤੇ ਜਿਥੇ ਸੁੰਦਰਤਾ ਦੀ ਬੀਨ ਪਰੀ ਮੁਰਲੀ ਮਨੋਹਰ ਪਈ ਵਾਂਹਦੀ ਏ ਤੇ ਉਹਦੇ ਨਾਲ ਮੈਂ ਕੀਲਿਆ ਸੱਪ ਆਪਣੀ ਛਜਲੀ ਸੰਵਾਰ ਲੋਟ ਪੋਟ ਹੋਏ ਪੈਨਾ ਤਾਂ... ਓ ਸੁੰਦਰਤਾ ਦੀ ਬੀਨ-ਪਰੀ, ਓ ਉਰਵਸ਼ੀ ਅੱਜ ਮਨ ਨੂੰ ਮੋਹ ਗਈ! ਓ ਪੋਹ-ਫੁਟਾਲੇ ਤੋਂ ਸੋਹਣੀ, ਨੰਗ-ਮਨੰਗੀ ਪਰ ਨੂਰ-ਵਲ੍ਹੇਟੀ ਪਰੀ, ਕੋਈ ਫਲ ਚੁਮਣੀ ਸੁਰਸਵਤੀ ਯਾ ਪਾਰਵਤੀ ਏ ਜੋ ਬੀਨ-ਲੈਅ ਨਾਲ ਮਨ ਖੋਹ ਲੈਂਦੀ ਹੈ।

ਓ ਖੋਹਣ ਵਾਲੀ, ਓ ਲਾਲ-ਪੀਲੀ ਅਲਬੇਲੀ ਸੁੰਦਰਤਾ (ਸਰਮ ਖੰਡ ਵਿਚ 'ਵਾਣੀ' ਦਾ ਇਹ ਰੂਪ ਹੈ, ਇਹ ਸੁੰਦਰਤਾ ਜਨਕ ਹੈ, ਵਿਸਮਾਦ-ਮਾਤਾ, ਵੇਖੋ ਸਰਮ-ਖੰਡ ਦਾ ਵਖ ਹਾਲ) ਮੈਂ ਤੇਂਡਾ ਕੀਕਣ ਵਰਨਣ ਕਰਾਂ? ਓ ਅਰਸ਼ਾਂ ਦੀ ਜੋਗਣ ਵਾਲ ਖੋਲ੍ਹ ਕੇ ਨਚਣ ਵਾਲੀਏ! ਤੇਂਡੀ ਬੀਨ ਵਿਚ ਰਸ ਏ, ਜੀਵਨ ਏ, ਸੁਹੱਪਣ ਏ, ਸੁਗੰਧੀ ਏ, ਜਾਦੂ ਏ, ਵਿਸਮਾਦ ਏ! ਹਾਂ ਤੇਂਡਾ ਨਾਂ ਵਿਸਮਾਦ-ਮਾਤਾ ਏ! ਓ ਅੱਖਾਂ ਖੋਹਲਣ ਵਾਲੀਏ ਮਾਤਾ ਨਿਮਸ਼-ਕਾਰ! ਓ ਸੁੰਦਰਤਾ ਤੂੰ ਆਪਣੇ ਫਗਾਂ ਤੇ ਚਾੜ੍ਹ ਮੈਨੂੰ ਹੋਰ ਉਪਰਲੇ ਡੰਡੇ ਤੇ ਖੜੇਨੀ ਏਂ, ਜਿਥੇ ਚਲਦੇ ਨੀ ਬਾਵਰੇ-ਚੱਕਰ, ਕਾਲ-

ਬਿਕਾਲ, ਅੱਖਾਂ ਨੂੰ ਚੁੰਧਿਆਉਣ ਵਾਲੜੇ ਓ ਇਸ ਅਣੋਖੀ ਨਗਰੀ ਦੀਆਂ ਗੜ ਗੜ ਕਰਦੀਆਂ ਗੋਲ ਮਸ਼ੀਨਾਂ, ਓਥੇ ਦੀਆਂ ਰਾਣ ਚੁੰਮਦੀਆਂ ਆਬਸ਼ਾਰਾਂ ਸ਼ਾਂ ਸ਼ਾਂ ਕਰਦੀਆਂ ਤੇ ਅਨੰਦ ਦੇ ਕਠੇ ਜੋ ਹੁਣੇ ਹੀ 'ਹੇਮ ਕੁੰਡ' ਤੋਂ ਉਤਰੇ, ਪਵਿਤ੍ਰ ਨਿਰਮਲ, ਪਰ ਆਪਣੀ ਗੜਗੜਾਹਟ ਨਾਲ ਪੱਥਰਾਂ ਦਾ ਢਿਡ ਚੀਰਦੇ ! ਓ ਠੰਡੇ ਤੇ ਮਿੱਠੇ ਕੱਠਿਓ, ਓਹ ਤੁਹਾਡੇ ਵਿਚ ਹਿਮਾਲਾ-ਵਤ ਸੀਤਲਤਾ ਏ, ਠਾਰਨ ਵਾਲੀ, ਜਨਮ ਜਨਮਾਂਤਰਾਂ ਦੇ ਹੁਸੜਿਆਂ ਨੂੰ ਹਿਵੇ-ਘਰ ਦੀ ਸੀਤਲ ਚੌਰ ਕਰਨ ਵਾਲੀ ਤੇ ਉਹ ਅਨੰਦ ਸਾਗਰ-ਭਰਿਆ, ਡੁਲ੍ਹ ਡੁਲ ਪੈਂਦਾ, ਅੱਖਾਂ ਤੋਂ ਉਹਲ...ਤੇ ਅਗਾਂਹ, ਹਾਂ ਅਗਾਂਹ ਦਾ ਕੋਈ ਕੀਕੂੰ ਵਰਣਨ ਕਰੇ ਜਿਥੇ ਵਸਦਾ ਦੇ ਰੁਿਹ ਆਪ, ਓ ਨਦਰ-ਨਿਹਾਲ ਗੁਸੱਈਆਂ, ਮੇਰੇ ਮਾਥੇ ਛਤਰ-ਧਰਨ ਵਾਲੜਾ ! ਓ ਗਰੀਬ-ਨਿਵਾਜ ਓ ਬੰਦਾ-ਨਿਵਾਜ, ਓ ਮੈਂਡਾ ਸਾਹਿਬ, ਓਹ ਸਾਹਿਬਾਂ ਦਾ ਸਾਹਿਬ, ਓ ਪੂਰਨ ਜੋਤ ਪਾਰਬ੍ਰਹਮ......ਓ 'ਸੋਦਰ' (ਸੋ-ਦਰ) ਤੈਂਡੀ ਉਪਮਾ ਕਥਨੀ-ਬਦਨੀ ਤੋਂ ਬਾਹਰ ਏ ! ਓ ਪਾਰਬ੍ਰਹਮ, ਤੈਂਡੀ ਸਭਾ ਵਿਚ ਮੈਂ ਕੋਟਾਨ ਕੋਟ ਬ੍ਰਹਮਾ ਸ਼ਿਵ ਤੇ ਮੁਨੀਸ਼ਵਰ ਵੇਹਨਾਂ ਹਾਂ, ਕੋਟਾਨ ਕੋਟ ਰਾਮ ਤੇ ਕ੍ਰਿਸ਼ਨ, ਈਸਾ ਤੇ ਮੂਸਾ, ਕੋਟਾਨ ਕੋਟ ਪਵਣ ਪਾਣੀ, ਕੋਟਾਨ ਕੋਟ ਰਵਿ ਤੇ ਸਸਿ, ਕੋਟਾਨ ਕੋਟ ਇੰਦਰ ਤੇ ਦੇਵੀ ਦੇਵਤੇ, ਅਨਕ ਕਾਲ ਰੂਪ ਤੇ ਰਸ-ਰੰਗ, ਅਨਕ ਗੁਪਤ ਤੇ ਪਰਗਟ ਤਰੰਗ—

"ਅਗਮ ਅਗਾਧਿ ਸੁਨਹੁ ਜਨ ਕਥਾ ॥
ਪਾਰਬ੍ਰਹਮ ਕੀ ਅਚਰਜ ਸਭਾ ॥"

(ਸਾਰੰਗ ਮ: ੫)

ਓ ਪਿਤਾ, ਤੈਂਡੇ ਦਰ ਤੇ ਸਭ ਇਕੱਤਰ ਹੋਏ ਹੋਏ ਇਕ ਇਕ ਤੋਂ ਵਧੇਰਾ ਸੁਹਣੇਰਾ, ਹਾਂ ਪਰ ਮੈਨੂੰ ਉਹ ਦੀਦੇ ਅਤੀ ਹੀ ਲੁਭਾਂ-

ਵਦੇ ਨੇ ! ਓਹ ਦਾਹੜੇ ਅਤੀ ਹੀ ਸੁੰਦਰ ਜਾਪਦੇ ਨੇ, ਓ ਚਰਨ ਕਮਲ, ਓ ਕਮਲ-ਕਰ ਅਤੀ ਹੀ ਪਵਿੱਤਰ ਜਾਪਦੇ ਨੇ ਜਿਨ੍ਹਾਂ ਨੇ ਤੈਂਡੀ ਆਰਤੀ ਚੌਰੀ ਤੇ ਪੱਖ ਫੇਰ ਉਹ ਊਚਮ-ਊਚਾ ਤੇ ਸੂਚਮ-ਸੂਚਾ (Transcendent ਦਰਜਾ ਪਾਇਆ ਵੇ, ਹਾਂ ਓ ਭਗਤ ਜੋ ਫ਼ਰਸ਼ ਤੋਂ ਟਪੌਸੀਆਂ ਮਾਰ ਤੈਂਡੇ ਅਰਸ਼ ਉਪਰ ਅਪੜੇ । ਹਾਂ ਸਭ ਤੋਂ ਊਚ, ਓ ਪਿਤਾ ਤੈਂਡੇ ਨੇ 'ਭਗਤ', ਭਾਵੇਂ ਉਥ ਅਪੜ ਕੇ ਸਭ ਏਕਤਾ ਹੀ ਏਕਤਾ ਏ ! ਓ ਏਕੰਕਾਰ, ਪਰ ਮੈਂਡੇ ਦਿਲ ਨੂੰ ਮੈਂ ਖੁਥੇ, ਮੈਂ ਹੇਠ ਲਥੇ ਨੂੰ ਅਜ ਉਹੋ ਹੀ ਮਨਮੋਹਨ, ਅਤੀ ਸੁੰਦਰ ਭਾਸਦੇ ਨੇ ! ਹਾਂ ਤੈਂਡੇ ਅਨਿਨ ਭਗਤ:—

> "ਸਭ ਤ ਊਚ ਭਗਤ ਜਾ ਕੇ ਸੰਗਿ (ਵਾਹਿਗੁਰੂ ਦੇ ਸੰਗੀ) ॥
> ਆਠ ਪਹਰਿ ਗੁਨ ਗਾਵਹਿ ਰੰਗਿ ॥
>
> (ਸਾਰੰਗ ਮ: ੫)

.........ਹਾਂ ਓਸ 'ਸੰਦਰ' ਤੇ ਅਪੜ ਕੇ ਓ ਪਿਤਾ, ਮੈਂ ਤੈਂਡਾ ਲੜ ਫੜਨਾ ਹਾਂ, ਪਰ ਫੜਾਂ ਤੇ ਫੜਾਂ ਕੀਕਣ ? ਐਡਾ ਕੂਲਾ, ਐਡਾ ਪਤਲਾ, ਐਡਾ ਚਮਕਦਾ, ਐਡਾ ਦਮਕਦਾ—ਹਾਂ ਪਕੜਾਂ ਤੇ ਪਕੜਾਂ ਕੀਕਣ ? ਜਦ ਪਕੜਨ ਜੋਗ ਹੁਣ ਹੱਥ ਹੀ ਨਹੀਂ, ਹੁਣ ਵੇਖਣ ਜੋਗੀਆਂ ਉਹ ਅੱਖਾਂ ਹੀ ਨਹੀਂ ? ਹੁਣ ਅਨਭਵਨ ਜੋਗਾ ਮਨ ਹੀ ਨਹੀਂ ? ਓ ਏਕੰਕਾਰ, ਇਕੋ ਇਕ ਹੀ ਅਣੋਖੀ, ਬਚਿਤਰ ਲੀਲ੍ਹਾ ਖੇਡਣ ਵਾਲਿਆ, ਇਥੇ ਦੋ ਨਹੀਂ ਇਕੋ ਇਕ ਏ, ਕੌਣ ਵੇਖੇ ਕਿਸ ਨੂੰ ਤੇ ਕਾਸ ਨਾਲ ? ਕੌਣ ਚੱਖੇ ਕਿਸ ਨੂੰ ਤੇ ਕਾਸ ਨਾਲ ? ਕੌਣ ਗਾਏ ਕਿਸ ਨੂੰ ਤੇ ਕਾਸ ਨਾਲ ? ਕੌਣ ਅਨਭਵੇ ਕਿਸ ਨੂੰ ਤੇ ਕਾਸ ਨਾਲ ?......ਏਹ ਵੇਖਣਾ, ਚਖਣਾ, ਪਰਸਣਾ, ਇਹ ਤਦ ਤੀਕ ਨੇ ਜਦ ਤਕ ਕਾਲ ਦੇ ਤਿੰਨ ਅੰਗ ਨ, ਜਦ ਤੋੜੀ ਤ੍ਰਿਕੁਟੀ (Tried) ਏ—ਗਿਆਤਾ, ਗਿਆਨ, ਗੇਜ

(Knower, known, knowledge) ਦੀ, ਪਰ ਇਹ ਹੇਠ ਦੀਆਂ ਗਲਾਂ ਨੇ, ਓ ਮਾਲਕਾ, ਤੈਂਡੇ ਵਿਚ ਤੇ ਮੈਂਡੇ ਵਿਚ ਹੁਣ 'ਏਥੇ' (ਸਚ ਖੰਡ) ਵਿਚ ਫਰਕ ਨਹੀਓਂ, ਹਾਂ ਨਹੀਓਂ ਰਾਈ ਜਿੰਨਾ ਵੀ ! ਇਥੇ ਵੇ ਇਕਮ-ਇਕੀ, ਗਝਮ ਇਕੀ, ਇਥੇ ਵੇ ਨਿਰਕਾਰ ਦੀ ਇਕੀ, ਪਰਛ ਵੇਂ-ਹੀਣ ਇਕੀ (Bare oneness) ! ਓ ਵਾਹਵਾਹ ਏਕੰਕਾਰ ! ਓ ਵਾਹਵਾਹ ਏਕੰਕਾਰ !! ਵਾਹਵਾਹ ਏਕੰਕਾਰ !!...

ਓ ਸਈਓ, ਜਦ ਮੈਂ ਤੁਸਾਂ ਪਾਸ ਮੁੜ ਆਵਨਾ ਵਾਂ, ਤਾਂ ਤੁਸੀਂ ਪੁਛਦੀਆਂ ਹੋ। 'ਸੰਦਰ' ਤੇ ਅਪੜ ਕੇ ਹਾਂ 'ਸੋ-ਘਰ ਤੇ ਪੁਜ ਕੇ ਵੀ ਤੈਂ ਨਾ ਫੜਿਆ ਉਸ ਮਾਹੀ ਦਾ ਪੱਲਾ, ਉਸ ਅਕਾਲ ਦਾ ਸ਼ਮਲਾ ! ਤਾਂ ਮੈਂ ਆਓਨੀ ਆਂ ਇਉਂ ਗਾਉਂ ਕੇ :—

ਪ੍ਰਸ਼ਨ "ਸੁਪਨੇ ਉਭੀ ਭਈ, ਗਹਿਓ ਕੀ ਨ ਅੰਚਲਾ ?
ਉਤਰ—"ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬਚਲਾ ॥"
(ਫੁਨਹੇ ਮ: ੫)

ਹਾਂ ਉਸ ਉਡਾਰੀ (ਉਭੀ) ਵਿਚ ਤੈਂ ਨਾ ਉਹਨੂੰ ਫੜਿਆ, ਮੈਂ ਹੁੰਦੀ ਤਾਂ ਪੱਕਾ ਲੜ ਫੜਦੀ ! ਪਰ ਮੈਂਡੀ ਅੰਕ ਸਹੇਲੜੀਓ ! 'ਉਥੇ' (ਸੱਚ-ਖੰਡ) ਵਿਚ ਫੜਨ ਵਾਲਾ ਕਿਹੜਾ ਸੀ ਤੇ ਫੜਾਈ ਦੇਣ ਵਾਲਾ ਕਿਹੜਾ ਸੀ ?–ਇਹ ਫੜਨ-ਫੜਾਣ ਦੀਆਂ ਗੰਗਾ-ਜਮਨਾ ਤਾਂ 'ਉਥੇ' ਮਿਲ ਗਈਆਂ ! ਓ ਮੈਂਡਾ ਮਨ ਚਿਤ-ਚੋਰ ਨੇ ਹਰ ਲਿਆ ! ਓਸ ਬੇਚਲੇ ਦਾ ਅੰਚਲ ਕੌਣ ਫੜੇ ਜੋ ਠੱਗ, ਮਨ ਠਗੇ ? ਓ ਚਿਤ-ਚੋਰ ! ਓ ਮਨ ਹਰਣ ! ਓ ਸੁਰਨਰੀ (ਹਉਮੈ ਰੂਪੀ 'ਮੈਂ' ਨੂੰ ਮਾਰਨ ਵਾਲਾ, ਜਿਥੇ ਮੈਂ-ਤੂੰ ਨਹੀਂ) ਅਜ ਮੈਂ ਨਹੀਂ ਤੂੰ ਨਹੀਂ, ਸਖੀ ਨਹੀਂ ਸਖਾ ਨਹੀਂ, ਤੂੰ ਵਾਂ ਆਪ ਆਪ ਪਸਰਿਆ

ਪਾਸਾਰ, ਓ ਖੇਡ ਖੜੇਰੂਆ, ਪਰ ਤੁਧ ਬਿਨ ਕੌਣ ਬੁਝਾਏ ਸੁਝਾਏ ਇਹ ਲੀਲ੍ਹਾ :—

'ਤੂੰ ਜਾਨ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥
ਸੁਨਤ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤ ਭੀਨਾ॥
ਆਤਮ ਰਾਮ ਸੰਸਾਰਾ ॥
ਸਾਚਾ ਖੇਲ ਤੁਮ੍ਹਾਰਾ ॥
ਤੁਧੁ ਬਿਨ ਕਉਣ ਬੁਝਾਏ ?'

(ਸੂਹੀ ਮ: ੫)

ਅਸਾਂ ਇੱਲ੍ਹ-ਅੱਖ ਨਾਲ ਉਹ ਸਭ ਕੁਝ ਵੇਖਿਆ ਏ. ਇਕ ਸਮੁੱਚੀ ਝਾਕੀ ਵਿਚ। ਹਾਂ ਉਹ ਜੋ ਇਕ ਦਿਨ ਦੀ ਗਲ ਨਹੀਂ, ਜੋ ਇਕ ਘੜੀ ਦਾ ਪੈਂਡਾ ਨਹੀਂ। ਇਹ ਹੌਲੇ ਹੌਲੇ ਵਧਦੀ ਨਦੀ, ਰਤਾ ਰਤਾ ਵਧਦੀ ਰੌ ਏ। ਇਸ ਮਾਰਗ ਦੇ ਪੰਜ ਪੜਾ ਨੇ ਤੇ ਅਜ ਅਸਾਂ 'ਧਰਮ-ਖੰਡ' ਵਿਚ ਪੈਰ ਪਾਇਆ ਏ। ਹਾਂ ਪਹਿਲਾ ਤੇ ਬੜਾ ਜ਼ਰੂਰੀ! ਜੀਕਣ ਇਮਾਰਤ ਉਸਾਰਨ ਲਈ ਹੇਠ ਪੱਕੀ ਨੀਂਹ ਦੀ ਲੋੜ ਹੈ, ਤੀਕਣ ਹੀ 'ਸੱਚ-ਖੰਡ' ਦੀ ਪੱਕੀ ਨੀਂਹ 'ਧਰਮ-ਖੰਡ' ਹੈ। 'ਧਰਮ' ਦਾ ਭਾਵ ਹੈ ਆਪੋ ਆਪਣੇ ਕਮ ਵਿਚ ਤਤਪਰ ਹੋਣਾਂ। ਜੀਕਣ ਪਾਣੀ ਦਾ ਕੰਮ ਵਗਣਾ ਤੇ ਸੀਤਲਤਾ ਬਖਸ਼ਣਾ ਹੈ, ਜੀਕਣ ਅਗਨੀ ਦਾ ਕੰਮ ਏ ਸੜਣ ਤੇ ਸਾੜਣਾ। ਏਸੇ ਤਰਾਂ ਹਰ ਇਕ ਭੂਤ (Element) ਦਾ ਆਪੋ ਆਪਣਾ ਵਖਰਾ ਵਾਹਿਗੁਰੂ-ਦਿਤਾ ਕਮ ਹੈ। ਕੋਈ ਨਾਈ, ਕੋਈ ਛੀਂਬਾ, ਕੋਈ ਵਕੀਲ, ਕੋਈ ਬੈਰਿਸਟਰ, ਕੋਈ ਕਵੀ, ਕੋਈ ਲਿਖਾਰੀ, ਕੋਈ ਲਾਲਾਂ ਦਾ ਜੋਹਰੀ ਤੇ ਕੋਈ ਟੋਕਰੀ ਢੋਣ ਵਾਲਾ। ਇਹ ਕਮ ਭਾਵੇਂ ਅਸੀਂ ਆਪਣੀ ਹਿੰਮਤ ਨਾਲ ਅਦਲ-ਬਦਲ ਕਰ ਸਕਦੇ ਹਾਂ ਪਰ ਉਹ ਵੀ ਹੁਕਮ ਅਨੁਸਾਰ ਬਦਲੀ ਹੁੰਦੀ ਹੈ ਤੇ ਫਿਰ ਵੀ ਪੇਟ-ਪੂਜਾ ਲਈ ਕੋਈ ਨਾ

ਕੋਈ ਕੰਮ ਕਰਨਾ ਲਾਜ਼ਮੀ ਹੈ। ਇਹ ਗੁਰਮਤ ਦੀ ਪਹਿਲੀ ਪਉੜੀ ਹੈ :–

"ਘਾਲ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥"

ਕਿਰਤ ਕਰ ਕੇ ਖਾਣਾ, ਦਸਾਂ ਨਹੁੰਆਂ ਦਾ ਖਟਿਆ ਇਹ ਪਰਮ-ਧਰਮ ਏ। ਗੁਰ-ਪੀਰ ਵੀ ਆਪੇ ਖਟੇ ਤੇ ਖਾਏ। ਗੁਰੂ ਬਾਬਾ ਜਦ ਸੰਸਾਰ ਯਾਤਰਾ ਕਰ ਆਇਆ ਤਾਂ ਕਰਤਾਰ ਪੁਰ ਵਿਚ ਆਪਣੀ ਖਤੀ ਕਰਨ ਲਗਾ। ਉਧਰ ਕੇਸਰ-ਕਿਆਰੀ ਤੇ ਕਣਕਾਂ ਦੇ ਹਰ ਭਰੇ ਖੇਤ। ਤੇ ਆਪਣੇ ਤਯਾਗੀ ਪੁਤ੍ਰ ਸਿਰੀਚੰਦ ਨੂੰ ਛਡਕੇ ਧਰਮ ਦੇ ਸਿੰਘਾਸਣ ਤੇ ਸ੍ਰੀ ਪਾਵਨ ਲੈਹਣਾ ਜੀ ਨੂੰ ਚਾ ਬਿਠਾਇਓ ਸੂ। ਓ ਬਾਬਾ! ਤੂੰ ਧਰਮ ਦਾ ਝੰਡਾ ਝੁਲਣ ਲਈ ਆਇਆ ਸੈਂ, ਤੈਂ ਧਰਮ-ਖੰਡ ਦੀ ਪਉੜੀ ਤੇ ਆਪ ਬਹਿ ਕੇ ਵਿਖਾਇਆ। ਜੇ ਧਰਮ ਵਿਚ ਦ੍ਰਿੜ੍ਹਤਾ ਨਹੀਂ ਤਾਂ ਕੁਝ ਵੀ ਨਹੀਂ। ਜਿਸ ਦੀ ਆਪਣੀ ਡਿਊਟੀ (Duty) ਪੂਰੀ ਨਹੀਂ ਹੋ ਸਕਦੀ ਉਹਦਾ ਸਚ-ਖੰਡ ਦੀ ਉਡਾਰੀ ਲਾਉਣ ਲਈ ਟੁਰਨਾ ਇਕ ਮੁਢਲਾ ਭੁਲੇਖਾ ਹੈ। ਬਾਬਾ ਆਖਦਾ ਏ : 'ਹੱਥ ਕਾਰ ਵਲ, ਦਿਲ ਯਾਰ ਵਲ।' ਧਰਮ ਨਾਮ ਏ ਸੁਚਮ ਦਾ, ਈਮਾਨ ਦਾ, ਪਵਿਤਰਤਾ ਦਾ। ਜਿਥ ਧਰਮ ਏ, ਉਥੇ ਵਾਹਿਗੁਰੂ ਜੀ ਦੀ ਆਪ ਦਿਤੀ ਬਖਸ਼ਸ਼ ਏ, ਕਿਉਂਕਿ ਈਮਾਨਦਾਰੀ ਦਾ ਸਿੱਟਾ ਸ਼ੁਹਰਤ ਏ ਤੇ ਸ਼ੁਹਰਤ ਵਿਚ ਬਰਕਤ ਏ। ਇਸੇ ਕਰ ਕੇ ਲੋਕੀਂ ਆਖਦੇ ਨੇ : 'ਨਾਮੀ-ਸ਼ਾਹ ਖੱਟ ਖਾਏ।'

ਏਸ ਮਾਤ-ਲੋਕ ਵ੍ਹਿਚ ਵਾਹਿਗੁਰੂ ਨੇ ਜੋ ਕੁਝ ਬਣਾਇਆ ਸੋਚ ਸਮਝ ਕੇ ਬਣਾਇਆ ਹੈ। ਜੇ ਉਪਰ ਰਵਿ ਸਸਿ ਤੇ ਹੋਰ ਗ੍ਰਹਿ ਨੇ, ਤਾਂ ਉਹਨਾਂ ਨੂੰ ਬਨ੍ਹ ਰਖਣ ਵਾਸਤੇ ਧ੍ਰੂ ਏ ਜਿਸ ਦੇ ਇਰਦ ਗਿਰਦ

ਉਹ ਪ੍ਰਕਰਮਾ ਕਰਦੇ ਨੇ, ਇਸੇ ਤਰ੍ਹਾਂ ਇਸ ਧਰਤੀ ਉਪਰ ਪਵਣ, ਪਾਣੀ, ਅਗਨੀ ਨੂੰ ਬੰਨ੍ਹਣ ਵਾਲੇ ਕਾਨੂੰਨ (Laws of Nature) ਨੇ, ਜਿਸ ਕਰ ਕੇ ਪਾਣੀ ਹਮੇਸ਼ ਹੇਠਾਂ ਹੀ ਵਗਦਾ ਹੈ ਤੇ ਅਗਨੀ ਉਪਰ ਵਲ ਸਿਰ ਕਢਦੀ ਹੈ। ਜੀਕਣ ਮਾਦੀ ਜਗਤ ਵਿਚ ਉਹ ਕਾਨੂੰਨ-ਕੁਦਰਤ ਨੇ ਤੀਕਣ ਹੀ ਜੀਵ-ਜਗਤ ਲਈ ਸਿਆਣਿਆਂ ਨੇ ਕਾਨੂੰਨ ਘੜੇ ਹੋਏ ਨੇ : 'ਸਜ਼ਾ ਤੇ ਜਜ਼ਾ ਦੇ।' ਜੋ ਚੋਰੀ ਚਕਾਰੀ ਕਰਦਾ ਹੈ ਉਸ ਨੂੰ ਔਹ ਵੇਖੋ (ਵੇਖੋ ਤਸਵੀਰ ਧਰਮ-ਖੰਡ ਕੋਰੜੇ ਪੈ ਰਹੇ ਨੇ ਤੇ ਉਹਨੂੰ ਪਾਰ ਲੋਹੇ ਦੀਆਂ ਸੀਖਾਂ ਵਾਲਾ ਬੰਦ ਕਮਰਾ ਉਡੀਕ ਰਿਹਾ ਹੈ। ਇਹ ਸਾਰਾ ਪਹਿਲਾ ਜੀਵਨ ਹੈ ਦੁੜੰਗੇ ਮਾਰਨ ਵਾਲਾ, ਆਪਣੀ ਪੈਲੀ ਛਡ ਦੂਜੀ ਵਿਚ ਜਾ ਮੂੰਹ ਮਾਰਨ ਵਾਲਾ। ਪ੍ਰਮਾਰਥ-ਅਜਾਂ ਸਵਾਰਥ ਦੂਰ ਏ। ਇਸੇ ਦੌੜ-ਭੱਜ ਤੇ ਬ-ਤੁਕੀ ਚਾਲ ਨੂੰ ਸੋਧਣ ਵਾਲੀ ਹੈ ਧਰਮ ਦੀ ਪੰਡ। ਜਦ ਅਸੀਂ ਇਸ ਨੂੰ ਚੁਕਦੇ ਹਾਂ ਤਾਂ ਭਜਣਾ ਭਟਕਣਾ ਛਡ ਆਪਣੇ ਕੰਮ ਵਿਚ ਰੁਝ ਪੈਂਦੇ ਹਾਂ :—

> 'ਮਨ ਖੁਟਹਰ ਤੇਰਾ ਨਹੀਂ ਬਿਸਾਸ, ਤੂੰ ਮਹਾ ਉਦਮਾਦਾ ॥
> ਖਰ ਕਾ ਪੈਖਰ ਤਉ ਛੁਟੈ, ਜਉ ਉਪਰ ਲਾਦਾ ॥'
>
> (ਬਿਲਾਵਲ ਮ: ੫)

ਓ ਚੰਚਲ ਮਨ, ਜਦ ਤੋੜੀ ਤੂੰ ਵਿਹਲਾ ਵੇਂ, ਤੂੰ ਭੂਤਨਾਂ (An idle Man's brain is Devil's Workshop) ਵੇਂ, ਤੂੰ ਨਚਨਾ ਏਂ, ਟਪਨਾ ਏਂ ਪਸ਼ੂਆਂ ਵਾਂਗ, ਪਰ ਪਸ਼ੂ ਦੇ ਪੈਰਾਂ ਵਿਚੋਂ ਲੋਕੀਂ 'ਪੈਖਰ' ਰੱਸਾ ਤਦ ਖੋਲ੍ਹਦੇ ਨੇ ਜਦ ਉਸ ਉਪਰ ਪੰਡ ਲਦ ਲਈਦੀ ਹੈ। ਸੋ ਧਰਮ ਦੀ ਪੰਡ ਚੁਕਣ ਨਾਲ-ਇਕ ਪਾਸੇ ਤਾਂ ਪਸ਼ੂ-ਪੁਣਾ ਚਲਾ ਜਾਂਦਾ ਹੈ, ਦੂਜੇ ਪਾਸੇ-ਨਹੁੰਆਂ ਦੀ ਕਮਾਈ ਕਰਨੀ ਆਉਂਦੀ ਹੈ, ਜਿਸ ਨਾਲ ਆਦਮੀ ਆਪ ਖਟੇ ਤੇ ਆਪਣੇ ਪੁਤਰਾਂ-ਧੀਆਂ,

ਮਾਂ—ਭੇਣ ਦਾ ਵੀ ਪੇਟ ਪਾਲੇ, ਇਹ ਗੁਰਮਤ ਦੀ ਨੀਂਹ ਹੈ, ਵਾਸਤਵ ਵਿਚ ਇਹ ਸੰਸਾਰ ਦੀ ਨੀਂਹ ਤੇ ਹੋਰ ਸਭ ਕੁਝ ਉਸਰਨਾ ਹੈ।

੩.

ਧਰਮ-ਖੰਡ ਵਿਚ 'ਕਰਮਾਂ' ਦਾ ਵਰਤਾਰਾ ਹੈ 'ਜਿਹਾ ਕਰਣਾ ਤਿਹਾ ਭਰਣਾ'। ਚੰਗੇ ਨੂੰ ਚੰਗਾ ਫਲ ਮਿਲਦਾ ਹੈ, ਮੰਦੇ ਨੂੰ ਮੰਦਾ—ਇਹ ਇਕ ਸਾਧਾਰਣ ਨਿਯਮ ਹੈ ਜਿਸ ਦਾ ਵਰਤਾਰਾ ਅਸੀਂ ਹਰ ਪਾਸੇ ਵੇਖਨੇ ਹਾਂ, ਜਿਸ ਨੇ ਜੌਂ ਬੀਜੇ ਨੇ ਉਸ ਨੇ ਕਦੀਂ ਕਣਕ ਨਹੀਂ ਵਢਣੀ ! ਤੇ ਭਖੜਾ ਬੀਜਣ ਵਾਲੇ ਨੂੰ ਭਖੜਾ ਚੁਭਦਾ ਹੈ ਤੇ ਚੰਬੇਲੀ ਲਾਉਣ ਵਾਲਾ ਸੋਹਣੀ ਵਾਸ਼ਨਾ ਸੁੰਘਦਾ ਹੈ। ਇਹ ਸਿਲਸਿਲਾ ਢੇਰ ਚਿਰ ਤਕ ਚਲਦਾ ਹੈ। ਇਥੇ ਹੀ ਨਹੀਂ, ਕਈ ਜੂਨਾਂ ਵਿਚ। ਨਹੀਂ ਤਾਂ ਸਾਡਾ ਕੀਤਾ ਇਥੇ ਹੀ ਰਹਿ ਜਾਏ। ਨਹੀਂ ਅਸੀਂ ਆਪਣਾ ਕਤਿਆ ਸੂਤ ਆਪਣੇ ਨਾਲ ਲੈ ਜਾਂਦੇ ਹਾਂ ਤੇ ਜੀਕਣ ਸ਼ਹਿਦ ਦੀ ਵੱਡੀ ਮੱਖੀ (The Queen Bee) ਜਿਥ ਜਾਏ, ਆਪਣਾ ਛੱਤਾ ਆਪ ਰਚ ਲੈਂਦੀ ਹੈ ਤੀਕਣ ਹੀ ਸਾਡਾ ਜੀਵ-ਆਤਮਾ ਜਿਥੇ ਜਾਏ ਉਥੇ ਆਪਣੀ ਚਾਰ-ਇੱਟੀ ਮਸੀਤ ਆਪ ਰਚ ਲੈਂਦਾ ਹੈ— ਤੇ ਉਥ ਪਿਛਲ ਭਗਣੇ ਭਗਦਾ ਹੈ ਤੇ ਉਸ ਦੇ ਨਾਲੋ ਨਾਲ ਨਵੇਂ ਸਮੇਂ ਦੇ ਚਿਤਰ ਵੀ ਚਿਤਰਦਾ ਹੈ। ਸਾਡਾ—ਆਪਾ ਕੋਈ ਨਿਰਾਪੁਰਾ ਪਿਛਲਾ ਆਪਾ ਹੀ ਨਹੀਂ ਹੁੰਦਾ, ਸਗੋਂ ਤਜਰਬੇ ਨਾਲ ਵਧਦਾ ਤੇ ਫੈਲਦਾ ਹੈ। ਜੀਕਣ ਬਰਫ ਦਾ ਗੋਲਾ ਬਰਫਾਂ ਵਿਚ ਰੁੜ੍ਹ ਕੇ ਆਪਣੇ ਇਰਦ ਗਿਰਦ ਹੋਰ ਬਰਫ ਵਲ੍ਹੇਟਦਾ ਹੈ, ਤੀਕਣ ਹੀ ਅਸੀਂ ਕਰਮਾਂ ਦਾ ਲਪਟ ਆਪਣੇ ਇਰਦ ਗਿਰਦ ਲਪੇਟਦੇ ਜਾਂਦੇ ਹਾਂ। ਕਿਧਰੇ ਕਿਧਰੇ ਸਾਡੇ ਰਾਹ ਵਿਚ ਔਕੜਾਂ, ਦੁਖ ਤੇ ਕਸ਼ਟ ਆਉਂਦੇ ਨੇ, ਇਹ ਸਾਡਾ ਆਪਣਾ ਕੀਤਾ ਅਸੀਂ ਆਪੋ

ਭੋਗਦੇ ਹਾਂ, ਪਰ ਇਹਨਾਂ ਤੋਂ ਫਾਇਦਾ ਉਠਾ ਅਸੀਂ ਫੇਰ ਹੋਰ ਅਗੇ ਨੂੰ ਵਧਨੇ ਹਾਂ, ਜੀਕਣ ਗੰਗਾ ਆਪਣੇ ਨਦੀ-ਨਾਲੇ ਆਪਣੀ ਗੋਦ ਵਿਚ ਸੁਲਾਉਂਦੀ ਸਾਗਰ ਵਲ ਵਧਦੀ ਏ । ਇਹਨਾਂ ਤਜਰਬਿਆਂ ਨਾਲ ਅਸੀਂ ਆਪ ਸਿਆਣੇ ਹੋ ਜਾਂਦੇ ਹਾਂ, ਉਜੱਡ ਬਾਲ ਜੋ ਦੀਵੇ ਦੀ ਲਾਟ ਨੂੰ ਹਥ ਪਾਉਣ ਤੋਂ ਨਹੀਂ ਮੁੜਦਾ, ਇਕ ਵਾਰੀ ਆਪਣੀ ਉਂਗਲ ਸਾੜ ਕੇ ਫਿਰ ਦੀਵਟ ਨੂੰ ਨਹੀਂ ਫੜਦਾ । ਪਰ ਕਈ ਫਿਰ ਫਿਰ ਫੜਦੇ ਨੇ ਤੇ ਇਥੇ ਜਿਹਲਾਂ ਅਤੇ ਉਥੇ ਨਰਕ (ਵੇਖੋ ਆਤਮ ਦਰਸ਼ਨ-ਇਹ ਕੋਈ ਦੇਸ ਨਹੀਂ, ਅਵਸਥਾ ਨੇ) ਭੋਗਦੇ ਨੇ । ਇੰਞ ਕਾਲ ਚੱਕਰ ਕਿਤਨੀਆਂ ਜੂਨਾਂ ਪਰਯੰਤ ਚਲਦਾ ਏ ! ਇਹ ਸਾਡਾ ਨਰਕ-ਸੁਰਗ ਆਉਣਾ ਜਾਣਾ ਏ ਇਹ ਚੋਲਾ ਬਦਲਣਾ ਏ, ਇਹ ਚੁਰਾਸੀ ਦਾ ਚੱਕਰ ਏ, ਭਾਵੇਂ ਅਸੀਂ ਇਸੇ ਲੋਕ ਤੇ ਭਾਵੇਂ ਅਸੀਂ ਪ੍ਰਲੋਕ ਵਿਚ ਕਟੀਏ ।

ਪਰ ਪਛਮੀ ਵਿਦਵਾਨ ਕਈ ਵੇਰ ਇਤਰਾਜ਼ ਕੀਤਾ ਕਰਦੇ ਨੇ 'ਜੁ ਔਹ ਕੀ ਸਜ਼ਾ ਹੋਈ ਜੋ ਸਾਨੂੰ ਆਪਣਾ ਪਿਛਲਾ ਜਨਮ ਤੇ ਕਰਣੀਆਂ ਹੀ ਯਾਦ ਨਾ ਰਹੀਆਂ ਜਿਸ ਦੀ ਸਜ਼ਾ-ਜਜ਼ਾ ਦੁਖ ਸੁਖ ਅਸੀਂ ਇਸ ਜਨਮ ਵਿਚ ਭੁਗਤਦੇ ਹਾਂ[1] ? ਪਰ ਜੋ ਆਵਾ-ਗਵਨ ਨਹੀਂ ਮੰਨਦੇ ਉਹ ਬਸ ਇਸ ਨਿਕੀ ਜਿਹੀ ਹੀ ਉਮਰ ਨੂੰ ਆਪਣੀ ਸਾਰੀ ਬੈਂਕ ਦੀ ਚੈਕ-ਬੁਕ ਸਮਝਦੇ ਨੇ । ਜਿਸ ਦੇ ਗਏ ਚੈਕ

1. cf. H. G. Wells in First and Last things :

'Transmigration of souls without a continuing memory is to my mind utter foolishness'.

ਭਾਵ ਜੇ ਯਾਦ ਨਹੀਂ ਤਾਂ ਪਿਛਲਾ ਜੀਵਨ ਮਿਥਣਾ ਬੇਵਕੂਫੀ ਹੈ । ਪਰ ਇਹ ਬੇਵਕੂਫੀ ਨਹੀਂ ।

ਝਟਪਟ ਹੀ ਖਤਮ ਹੋ ਜਾਣੇ ਨੇ ਤੇ ਅਸਾਂ ਹਥ ਮਲਦਿਆਂ ਰਹਿ ਜਾਣਾ ਏ। ਹਾਂ ਉਹ ਖੂਹ ਦੇ ਡੱਡੂ ਵਾਂਙ ਨਿਕੀ ਜਿਹੀ ਖੂਹੀ ਨੂੰ ਹੀ ਆਪਣਾ ਆਦਿ ਤੇ ਅੰਤ ਸਮਝਦੇ ਨੇ ਤੇ ਉਸ ਤੋਂ ਪਰੇ ਨਹੀਂ ਤਕ ਸਕਦੇ। ਪਰ ਆਵਾਗਵਣ ਮੰਨਣ ਵਾਲੇ ਜਾਣਦੇ ਨੇ ਜੁ ਵਾਹਿਗੁਰੂ ਬੇਅੰਤ ਏ, ਉਸ ਨੇ ਸਾਨੂੰ ਬੇਅੰਤ ਕਾਲ ਵਧਨ ਫਲਣ ਫੁਲਣ ਤੇ ਸੁਧਰਨ ਲਈ ਦਿਤਾ ਹੈ। ਜ ਅਸੀਂ ਅਜ ਦੌਲਤਮੰਦ ਨਹੀਂ ਤਾਂ ਕਲ-ਪਰਸੋਂ, ਅਤਰਸੋਂ ਸੈਂਕੜੇ ਸਾਲਾਂ ਬਾਅਦ, ਨਹੀਂ ਅਨਿਕ ਜੂਨਾਂ ਬਾਅਦ ਫੋਰਡ (Ford) ਯਾ ਕਾਰੂੰ ਜਿਡੇ ਖਜ਼ਾਨੇ ਜਮ੍ਹਾਂ ਕਰ ਸਕਦੇ ਹਾਂ। ਜੋ ਅਜ ਨਿਤਾਣੇ ਨੇ, ਉਹ ਬਲ ਵਿਚ ਆ ਸਕਦੇ ਨੇ ਸਮੇਂ ਨਾਲ-ਕੀ ਮੈਂ, ਕੀ ਤੂੰ, ਕੀ ਕੌਮਾਂ ਤੇ ਕੀ ਉਹਨਾਂ ਦੀਆਂ ਸਭਿਅਤਾ (Cultures)। ਹਾਂ ਉਹ ਲੰਮ-ਕਾਲ ਦੇ ਮੰਨਣ ਵਾਲੇ ਮੈਨੂੰ ਬੜੇ ਚੰਗੇ ਭਾਸਦੇ ਨੇ ਕਿਉਂਕਿ ਉਹ ਪਛਮੀ-ਸਭਿਅਤਾ ਵਾਂਗ ਨਿਆਸਰੇ, ਭੈ-ਭੀਤ ਨਹੀਂ ਹੋ ਜਾਂਦੇ ਤੇ ਆਪਣ ਹੱਥ ਆਪ ਆਪਣੇ ਗਲ ਫਾਹੀ ਨਹੀਂ ਲੈਂਦੇ-ਉਹ ਜਾਣਦੇ ਨੇ ਜੁ ਅਜ ਨਹੀਂ ਕਲ ਸਹੀ, ਇਸ ਜੂਨ ਨਹੀਂ ਤੇ ਅਗਲੀ, ਉਸ ਤੋਂ ਅਗਲੀ। ਪਰ ਪਛਮੀ ਇਕ-ਜੀਵਨ ਮੰਨਣ ਵਾਲੇ, ਹੁਣੇ ਮੰਗਦੇ ਨੇ ਤੁਰਤ-ਫੁਰਤ, ਤਲੀ ਤੇ ਸਰ੍ਹਿਉਂ ਜਮਾਣਾ, ਜੋ ਇਕ ਦਿਨ ਵਿਚ ਨਹੀਂ ਜੰਮਦੀ। ਦਿਆਰ ਦੇ ਬੂਟੇ ਨੂੰ ਵੀ ਫੈਲਣ ਲਈ ਸੌ ਸਾਲ ਦੀ ਲੋੜ ਹੈ ਤੇ ਅਸਵਸਥ ਸਦੀਆਂ ਤਕ ਰਹਿੰਦੇ, ਬੁਧ ਦਾ ਬੋਧੀ ਬੂਟਾ ਅਜ ਤਕ ਦਸੀਂਦ ਹਨ। ਫਿਰ ਕੀਕਣ ਹੋ ਸਕਦਾ ਹੈ ਜੁ ਇਹ ਜੀਵ, ਇਹ ਪ੍ਰਾਣੀ, ਇਹ ਆਦਮੀ ਅਸ਼ਰੁਫ-ਉ-ਮਖ਼ਲੂਕਾਤ ਸਦਾ ਲਈ ਢਠੇ-ਖੂਹ ਵਿਚ ਘੀ ਢਹੇ, ਨਹੀਂ-ਸਦਾ ਲਈ ਅਲੋਪ ਹੋ ਜਾਏ। ਨਹੀਂ ਨਹੀਂ, ਓ ਕ ਇਰਤਾ ਤੇ ਨਾਸਤਕਤਾ ਦਾ ਮਸਲਾ ਹੈ ਤੇ ਆਵਾਗਵਨ ਆਸਤਕਤਾ ਵਲ ਅਖਾਂ ਰਖਕੇ ਸਾਨੂੰ ਆਖਦਾ

ਹੈ, ਜੁ ਸਾਡਾ ਸਿਖਰ ਉਚੇਰਾ ਹੈ। ਹੁਣ ਬੂਟਾ, ਕਲ੍ਹ ਮੱਛੀ, ਪਰਸੋਂ ਮਗਰਮੱਛ, ਚੰਥ ਬਾਦਰ ਪੰਜੌਥ ਪ੍ਰਾਣੀ ਆਦਮੀ ਤੇ ਫਿਰ......

ਕਈ ਜਨਮ (ਸੈਲ ਪੱਥਰ ਤੇ ਪਹਾੜ) ਸੈਲ ਗਿਰਿ ਕਰਿਆ ॥
ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭਰਮਾਇਆ।'

(ਗਉੜੀ ਗੁਆਰੇਰੀ ਮ: ੫)

੪.

ਏਸ ਖੰਡ ਵਿਚ ਏਸ ਮਾਤ ਲੋਕ ਵਿਚ ਸਾਡਾ ਦੀਵਾ ਸਾਡੀ ਅਕਲ (Reason) ਏ, ਜੋ ਹਰ ਗਲ ਨੂੰ ਸਮਝਦੀ ਏ ਤੇ ਸਾਨੂੰ ਦਸਦੀ ਏ ਜੁ ਔਹ ਭੈੜਾ ਕੰਮ ਛਡ ਕੇ ਚੰਗਾ ਕੰਮ ਕਰੋ। ਇਹ ਸਾਨੂੰ ਦਸਦੀ ਏ ਔਹ ਵੇਖੋ (ਦੇਖੋ ਤਸਵੀਰ ਧਰਮ-ਖੰਡ) ਬੁਰਿਆਂ ਨੂੰ ਕੋਰੜੇ ਪੈ ਰਹੇ ਨੇ, ਪਰ ਚੰਗਿਆਂ ਦੀ ਮੰਡਲੀ ਵੱਖ ਏ, ਉਹ ਕਥਾ ਕੀਰਤਨ ਵਿਚ ਮਸਤ ਨੇ, ਉਹ ਸੇਵਾ ਕਰਨ ਵਿਚ ਜੁਟੇ ਹੋਏ ਨੇ, ਉਹ ਕਿਰਤ-ਕਮਾਈ ਕਰਦੇ, ਆਪ ਖਾਂਦੇ ਤੇ ਗਰੀਬ-ਗੁਰਬੇ ਨੂੰ ਵੰਡ ਖਿਲਾਉਂਦੇ ਨੇ। ਜੇ ਇਹ ਨਰਕ ਭੋਗ ਰਹੇ ਨੇ ਤਾਂ ਉਹ ਸੁਰਗ, ਹਾਂ ਸੁਰਗ, ਹਾਂ ਸੀਤਲ ਬੁੱਲੇ ਸਵਰਗ ਦੀਆਂ ਸੁੰਦਰ ਸੇਜਾਂ, ਸਵਰਗੀ ਕੀਰਤਨ, ਹਾਂ ਸੁਚੇ-ਕੀਰਤਨ! ਅਕਲ ਰਾਣੀ ਸਭ ਕੁਝ ਸਮਝਦੀ, ਸੋਚਦੀ ਤੇ ਵਿਚਾਰਦੀ ਏ। ਇਸ ਨੂੰ ਕਰਮਾਂ ਦੀ ਖੇਡ ਦਾ ਪੂਰਾ ਪੂਰਾ ਪਤਾ ਏ, ਇਹ ਜਾਣਦੀ ਏ ਜੋ ਦੋ ਤੇ ਦੋ ਚਾਰ ਨੇ ਅਤੇ ਬਦੀ ਦਾ ਨਤੀਜਾ ਬੁਰਾ ਤੇ ਚੰਗਿਆਈ ਦਾ ਚੰਗਾ। ਪਰ ਪਸ਼ੂ-ਮਨ ਕਈ ਵਾਰ ਇਸ ਦਾ ਆਖਾ ਨਹੀਂ ਮੰਨਦਾ ਤੇ ਜਦ ਖੋਤਿਆਂ ਵਾਂਗ ਟੀਟਣੇ ਮਾਰਦਾ ਹੈ ਤਾਂ ਆਪਣੀਆਂ ਲੱਤਾਂ ਆਪ ਭੰਨਦਾ ਹੈ। ਪਰ ਲੋਕੀਂ

ਆਖਦੇ ਨੇ ਜ਼ੁ ਕੁਤੇ ਨੂੰ ਹਡੀ ਖਾਣ ਵੇਲੇ ਹੱਡੀ ਦਾ ਐਡਾ ਸਵਾਦ ਨਹੀਂ ਜਿਤਨਾ ਆਪ ਵਗੀਆਂ ਲੇਲਾਂ ਤ ਲਹੁ ਦਾ ਆਂਵਦਾ ਏ । ਸੋ ਇੰਝ ਹੀ ਸਾਡਾ ਕੁੱਤਾ-ਮਨ ਗੰਦ ਮੰਦ ਤੇ ਹੱਡੀਆਂ ਖਾਣ ਤੋਂ ਨਹੀਂ ਰਜਦਾ। ਭਾਵੇਂ ਅਕਲ ਉਹਨੂੰ ਕੁਝ ਵੀ ਕਿਉਂ ਨਾ ਆਖੇ, ਇਹ ਸਾਡੀ ਬਦਕਿਸਮਤੀ ਹੈ ਪਰ ਕੀ ਕੀਤਾ ਜਾਵੇ ? ਇਸੇ ਨੂੰ ਇਨਸਾਨੀ ਗਿਰਾਵਟ ਦਾ ਜੀਵਨ ਆਖਦੇ ਨੇ। ਜੇ ਅਸੀਂ ਸਾਰੇ ਅਕਲ ਦੀ ਗਲ ਮੰਨੀਏ ਤਾਂ ਅਸੀਂ ਸਾਰੇ ਹੀ ਇਕ ਖਿਣ ਵਿਚ ਦੇਵਤੇ ਹੋ ਜਾਈਏ ਪਰ ਮੈਂ ਹਾਂ ਉਹੋ ਖੱਲ ਮੂਰਖ ਮੁਗਧ ! ਓ ਅਕਲ-ਰਾਣੀ,ਤੂੰ ਮੋਰ ਵਾਂਗ ਸਾਡੇ ਇਰਦ ਗਿਰਦ ਪਹਿਲਾਂ ਪਾਉਨੀ ਏਂ ! ਪਰ ਮੈਂ ਮੂੜ੍ਹ-ਮੁਗਧ ਅੰਜਾਣ ਤੈਂਡੇ ਪਰਾਂ ਵਲ ਨਹੀਂ, ਸਗੋਂ ਪੈਰਾਂ ਵਲ ਹੀ ਤਕਦਾ ਹਾਂ । ਓ ਅਕਲ-ਰਾਣੀ ਤੂੰ ਤਾਂ ਆਪਣਾ ਦੀਵਾ ਮੈਨੂੰ ਨਿਤ ਨਿਤ ਦਸਣੀ ਏਂ, ਪਰ ਮੈਂ ਮੂੜ ਚਮਗਾਦੜ ਦੀਪਕ ਨੂੰ ਨਹੀਂ, ਦੀਵੇ ਹੇਠ ਹਨੇਰੇ ਨੂੰ ਹੀ ਤਕਨਾ ਹਾਂ ! ਓ ਅਕਲ-ਰਾਣੀ ਤੂੰ ਤਾਂ ਹੀਰੇ, ਲਾਲ, ਮੋਹਰਾਂ ਏਂ ! ਪਰ ਮੈਂ ਕੰਗਲਾ ਸਿਰਫ ਕੌਡੀਆਂ ਕੱਚੀਆਂ-ਕੌਡੀਆਂ ਹੀ ਪੜੁੱਛਣਾ ਹਾਂ । ਓ ਅਕਲ ਰਾਣੀ ਤੈਂਡੀ ਬੇੜੀ ਤਾਂ ਹਾਜ਼ਰ ਏ ਮੈਨੂੰ ਚਾੜ੍ਹ ਪਾਰ ਉਤਾਰਨ ਲਈ ! ਪਰ ਜੇ ਮੈਂ ਚੜ੍ਹਾਂ ਤਾਂ ਵੀ ਘੁਮਰਾਂ ਵਿਚ ਡੁੱਬਾਂ, ਹਾਂ ਮੈਂ ਅਭਾਗਾ ਦੁਖਾਂ ਤੇ ਕਸ਼ਟਾਂ ਵਾਸਤੇ ਜੰਮਿਆ ਹਾਂ :—

> 'ਫਰੀਦਾ ਡੁਖਾਂ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥
> ਖੜਾ ਪੁਕਾਰੇ ਪਾਤਣੀ, ਬੇੜਾ ਕਪਰਵਾਤਿ ॥'

(ਸਲੋਕ ੮੫)

ਓ ਅਕਲ-ਗਰਕਾਬ (Whirl pool) ਮੈਂ ਤੈਂਡੇ ਭੰਵਰ ਵਿਚੋਂ ਨਹੀਂ ਨਿਕਲ ਸਕਦਾ.! ਓ ਅਕਲ-ਦਲਦਲੇ, ਜਿਤ੍ਨਾ ਤੈਂ ਵਿਚ ਮੈਂ ਵਧੇਰੇ ਪੈਰ ਮਾਰਨਾ ਹਾਂ ਉਤਨਾ ਵਧੇਰੇ ਡੁਬਨਾ ਹਾਂ ! ਓ ਕਢ

ਲੈ, ਕਢ ਲੈ ! ਓ ਸੁਚੇਤ-ਪਾਤਣੀ ਮੈਨੂੰ ਕਢ ਲੈ :—

'ਲੰਮੀ ਲੰਮੀ ਨਦੀ ਵਹੈ ਕੰਧੀ ਕੇਰੇ ਹੇਤਿ ॥
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ।'

(ਸਲੋਕ ੯੬)

ਮੈਂ ਅਕਲ ਨੂੰ ਛੁਟਿਆਂਦਾ ਨਹੀਂ, ਵਡਿਆਂਦਾ ਹਾਂ। ਇਹੋ ਸਾਡਾ ਦੀਵਾ, ਇਹੋ ਸਾਡਾ ਲੈਂਪ ਤੇ ਸਾਡੀ ਲਾਲਟੈਨ ਏ । ਪਰ ਮੈਂ ਪੁਛਨਾ ਹਾਂ, ਕੀ ਇਹ ਅਕਲ ਸਾਨੂੰ 'ਕਰਮਾਂ' ਤੋਂ ਛੁਟਕਾਰਾ ਦੇ ਸਕਦੀ ਏ ਆਪਣੇ ਆਪ ? ਇਹ ਭਾਵੇਂ ਸਾਨੂੰ ਟਾਪੂ-ਟਪ ਸਮੁੰਦਰ ਦੇ ਕੇਂਦ ਤੇ ਲੈ ਜਾਏ, ਪਰ ਹਾਇ ਹਾਇ ! ਉਹ ਸਾਗਰ ਕੌਣ ਟਪਾਏ, ਉਹ ਚੌਰਾਸੀ ਦਾ ਚੌਪਾਸੀਂ ਫੈਲਿਆ ਸਾਗਰ ! ਤੇ ਕੀ ਇਹ ਅਕਲ ਸਾਨੂੰ ਮੋਖ-ਮਾਰਗ ਤੇ ਪਾ ਸਕਦੀ ਏ ? ਕੀ ਇਹ ਸਾਨੂੰ ਮੁਕਤੀ ਦਾ ਰਾਹ ਦਸਦੀ ਏ ? ਹਾਂ ਇਕ ਸਿਆਣੇ ਨੇ ਇਸ ਦੀ ਰਾਹ ਚਲਦੇ ਦਸੇ ਨੇ ਸਾਨੂੰ ਅਠ-ਖੰਭੇ ਚਰਖੇ (Right fold Path of Budha) ਦੇ ਲਛਣ, ਪਰ ਜਿਨ੍ਹਾਂ ਨੇ ਇਸ ਮੱਤ ਦਾ ਮੁਤਾਲਿਆ ਕੀਤਾ ਹੈ, ਮੇਂਡੇ ਵਾਂਗ ਉਹ ਜਾਣਦੇ ਨੇ, ਇਸ ਰਾਹ ਵਿਚ ਭੁਲ-ਭੁਲੱਈਆਂ, ਇਸ ਰਾਹ ਦੀਆਂ ਭੀੜੀਆਂ ਤੇ ਲੰਮ-ਸਲੰਮੀਆਂ ਗਲੀਆਂ, ਇਕ ਨਹੀਂ ਅਨੇਕ, ਨਾ ਖਤਮ ਹੋਣ ਵਾਲੀਆਂ ਗਲੀਆਂ ਬਾਜ਼ਾਰ-ਅੰਧਿਆਰ ਨਾ ਮੁਕਣ ਵਾਲੜੇ ! ਓ ਬੁਧ ਤੈਂਡੇ ਇਕ ਨਹੀਂ ਅਠ ਰਾਹ, ਸੀਲ ਸੰਜਮ ਦੇ ਇਕ ਨਹੀਂ ਦੋ ਨਹੀਂ, ਤਿੰਨ ਨਹੀਂ, ਵੀਹ ਵੀਹ ਅੰਗ, ਤੀਹ ਤੀਹ ਅੰਗ[1] —ਹਾਂ ਸੈਂਕੜੇ ਅੰਗ !

---

1. cf. 'Dialogues of the Buddha' by Rhys Davids wherein he gives classification of Sila (Morality) in the following headings of which only a few are quoted

(ਬਾਕੀ ਅਗਲੇ ਸਫੇ ਤੇ ਦੇਖੋ)

ਓ ਅਕਲ ਤੂੰ ਮੈਂਡੇ ਲਈ ਇਕ ਬਨ ਰਚਦੀ ਜਿਸ ਦੇ ਤ੍ਰਿਣ ਵੇਖ ਕੇ ਮੈਂਡੀ ਮੱਤ ਮਾਰੀ ਜਾਂਦੀ ਏ ! ਮੈਂ ਨਹੀਂ ਆਖਦਾ ਜੁ ਇਹ ਦੂਸ਼ਨ ਚੰਗੇ ਨੇ, ਨਹੀਂ ਉਹ ਮੰਦੇ ਨੇ । ਪਰ ਮੈਂ ਇਹ ਆਖਨਾ ਹਾਂ ਕਿ ਜਦ ਇਕ ਨੂੰ ਗ੍ਰਹਿਣ ਕਰਨ ਲਈ ਸਾਲਾਂ ਦੀ ਲੋੜ ਹੈ ਤਾਂ ਸੈਂਕੜਿਆਂ ਨੂੰ ਇਕ ਨਹੀਂ ਸਗੋਂ ਦਰਜਨਾਂ ਕਿਸਮਾਂ ਦੇ ਦੁਖ, ਟੂਣੇ, ਔਕੜਾਂ, ਹਾਂ-ਤੇ ਜੈਨੀ ਵੀਰ ਤਾਂ ਅਜਿਹੇ ਸੈਂਕੜੇ ਕਿਸਮਾਂ ਦੇ ਦੂਸ਼ਨ ਗਿਣਦੇ ਨੇ ਜਿਨ੍ਹਾਂ ਨੂੰ ਯਾਦ ਕਰ ਕੇ ਅਕਲ ਚਕਰਾਉਂਦੀ ਏ ਤੇ ਉਹ ਪ੍ਰਾਣ ਨੂੰ ਇਕ 'ਬੋਝ' ਸਮਝਦੇ ਨੇ (Materialization of soul) ਨੂੰ ਪਕੜਣ ਲਈ ਕਈ ਸਦੀਆਂ ਦੀ ਲੋੜ ਹੈ ! ਓ ਅਕਲ ਰਾਣੀ, ਮੈਂ ਤੈਂਡੇ ਦਰ ਤੇ ਕੋਈ ਸੁੰਦਰਤਾ, ਕੋਈ ਸੁਚੱਜ, ਕੋਈ ਸੁਹੱਪਣ ਢੂੰਡਣ ਗਿਆ ਤੇ ਤੂ ਮੈਂਡੇ ਅਗੇ ਸਾਇੰਸ ਦਾ ਪਿੰਜਰ (Skeleton) ਚਾ ਰਖਿਆ, ਸਾਇੰਸ ਦਾ ਯਾ ਇਖਲਾਕ ਦਾ !

(ਪਿਛਲੇ ਸਫ਼ੇ ਦੀ ਬਾਕੀ)

below The Silas are—

(a) Mercy and kindness to all living beings.

(b) Honesty, (c) Cherity,

(d) Truthfulness, peacefulness, courtesy.

(e) Abstinence from luxury and freedom from trickery and violence.

(f) Not laying up of treasure of seven kinds.

(g) Not frequenting show of Twenty-six kinds.

(h) Not playing Games of Eighteen different kinds.

(i) Not using Toilet luxuries of Twenty-two kinds.

(j) Not telling vain things of Twenty-seven kinds.

..............."

ਕਿਉਂਕਿ ਦੋਹਾਂ ਹਾਲਤਾਂ ਵਿਚ ਇਹ ਅਨੇਕ ਹੱਡੀਆਂ ਮੈਨੂੰ ਘੂਰਦੀਆਂ ਤੇ ਢੂੰਡਦੀਆਂ ਨੇ। ਓ ਡਰਾਉਣੇ ਅਕਲ ਖਿਡੌਣੇ ! ਓ ਸੁਕੇ ਸੜੇ ਪਿੰਜਰ* ! ਓ ਅਕਲ ਰਾਣੀ ਇਖਲਾਕ (Mortety) ਤੇ ਸਾਇੰਸ (Science) ਤੈਂਡਾ ਪੁਤ ਤੇ ਧੀ ਨੇ ! ਪਰ ਮੈਨੂੰ ਨਹੀਂ ਜਾਪਦਾ ਜੁ ਇਹ ਦੋ ਮੈਨੂੰ ਮੁਕਤੀ ਦੀ 'ਉਰਵਸ਼ੀ', ਹਾਂ ਉਸ ਅਰਸ਼ ਪਰੀ ਨੂ ਦਸਣ ! ਓ ਅਕਲ, ਤੂੰ ਮੈਨੂੰ ਸਭ ਕੁਝ ਦੇਨੀ ਏਂ, ਨਿੱਘ, ਸੁਖ, ਸੰਪਤਾ, ਦੁਧ ਪੁਤ ਲੋ, ਪਰ ਹਾਇ ! ਤੂੰ ਨਹੀਂ ਦੇਂਦੀ ਕੈਦ ਕਟਣ ਦੀ ਕੈਂਚੀ ! ਮੈਂ ਵੇਹਨਾਂ ਵਾਂ ਜੁ ਤੂੰ ਕਦੀ ਮੈਨੂੰ ਸ਼ੁਭ ਕਰਮਾਂ ਦਾ ਚੁਕਿਆ ਉਪਰ ਲੈ ਜਾਨੀ ਏਂ ਜਿਥੇ ਵਸਦੇ ਨੇ ਉਹ 'ਪੰਚ' ਤੇ ਮਾਣਦੇ ਨੇ ਰੰਗ-ਰਲੀਆ, ਪਰ ਫੇਰ ਤੂੰ ਮੈਨੂੰ ਗੜੱਮ ਹੇਠ ਸੁਟਨੀ ਏਂ ! ਓਏ ਤੈਨੂੰ ਰਤਾ ਕੁ ਵੀ ਰਹਿਮ ਨਹੀਂ-ਕਿਥੇ ਨੰਦਨ ਬ ਗ (ਜਿਥੇ ਇੰਦਰ ਏ, ਇਹ ਅਲੰਕਾਰ ਹੈ ਸੁਖ ਦੀ ਅਵਸਥਾ ਦਾ, ਪਰ ਜਿਥੇ ਅਜਾਂ 'ਕਰਮ' ਨੇ (Law of Karam) ਤੇ ਕਿਥੇ ਇਹ ਪਾਤਾਲ-ਪੁਰੀ, ਜਿਥ ਰਹਿਨਾ ਵੇ ਕੁੰਭ-ਕਰਨ ! ਓ ਕਾਲ ਤੈਂਡਾ ਜਾਲ ਏ ਅਕਲ ! ਇਹ ਕਤਦੀ ਏ ਚਰਖਾ ਪਰ ਹਾਇ ਬਦੇਸ਼ੀ ਸੂਤ ਦਾ, ਜੋ ਮੈਂਡਾ ਜੀ-ਗਾਂਧੀ ਨਹੀਂ ਪਾਂਵਦਾ। ਹਾਂ ਓ ਕਰਮੋਂ, ਤੁਸੀਂ ਗੇੜੂ-ਖੂਹ ਦੀਆਂ ਟਿੰਡਾਂ ਓ ! ਕਦੀ ਉਪਰ ਤੇ ਕਦੀ ਹੇਠਾਂ। ਤੁਹਾਡੇ ਵਿਚ ਅਕਲ ਦਾ ਧੁਰਾ ਚਲਦਾ ਏ, ਪਰ ਹਾਇ ! ਉਹਨੂੰ

---

[1]cf. Alfred Noyes "The Unknown God 1934" "The agnostics have no belief in real values. They are going over to analyse what was meant for synthesis and where they should be creating or interprevasive of life, in its fulness, they offer us critical dissections and the disintegrated relics of a post-mortem."

ਕਿਥੇ ਬਿਸਰਾਮ ? ਓ ਅਕਲ ! ਤੂੰ ਮੈਨੂੰ ਪਰਣਾਇਆ ਹੋਇਆ ਏ, ਕਦੇ ਕਚੇ ਗਾਨੇ ਬੰਨ੍ਹ, ਕਦ ਸੋਨੇ ਦੇ ਭੂਖਣ ਪਾ। ਪਰ ਮੈਂ ਡਰਨਾ ਵਾਂ, ਮੈਂ ਡਰਨਾ ਵਾਂ, ਤੈਂਡਾ ਲਾੜਾ (ਕਾਲ, ਜੋ ਅਕਲ ਦਾ ਮਾਨੋਂ ਖਸਮ ਹੈ, ਅਕਾਲ ਹੈ ਸੁਰਤੀ ਦਾ ਲਾੜਾ) ਮੈਨੂੰ ਲੇ ਜਾਸੀ :—

'ਜਿੰਦ-ਵਹੁਟੀ ਮਰਣੁ-ਵਰ ਲੈ ਜਾਸੀ ਪਰਣਾਇ।'

(ਸ਼ਲੋਕ ਫਰੀਦ)

ਓ ਗੁਰੂ', ਓ ਮੈਂਡੇ ਸਤਿਗੁਰੂ ! ਮੈਨੂੰ ਇਸ ਧਰਮ-ਖੰਡ ਦੇ ਅਗਿਣਤ ਗੇੜਾਂ ਤੋਂ ਛੁਟਕਾ।

ਤੂੰ ਮੈਂਡਾ ਬਖਸ਼ਿੰਦ-ਬਾਬਾ, ਮੈਨੂੰ ਹੁਸੜੇ ਹੋਏ ਨੂੰ ਗਲ ਲਾ ਕੇ ਆਖਦਾ ਏ : ਕਰਮ ਚੰਗ ਨੇ, ਤੇ ਉਹ ਕਾਲ ਕਾਲਾ ਕਲ-ਮਲਾ ਨਹੀਂ, ਜ ਤੂੰ ਚਗੇ ਕਰਮ ਕਰੇਂ ਤਾਂ ਉਹ ਯਮ-ਰਾਜ (ਕਾਲ ਦਾ ਡਰਾਵਣਾ ਰੂਪ) ਧਰਮ-ਰਾਜ (ਕਾਲ ਦਾ ਸੋਹਣਾ ਰੂਪ) ਹੋ ਤੈਨੂੰ ਮਿਲੇ-ਇਹ ਧਰਤੀ ਸਚ ਦੀ ਸਚੀ 'ਧਰਮਸਾਲ' ਏ 'ਕਰਮੀ ਕਰਮੀ ਹੋਇ ਵੀਚਾਰ।' ਜਹਾ ਤੂੰ ਬੀਜੇਂਗਾ, ਤੇਹਿਆ ਤੂ ਲੁਣੇਂਗਾ, ਓ ਵਾਢੀਆ !......ਹੱਥ ਜਾਂ ਨਕ ਰਗੜ ਕੇ ਮੈਂ ਆਖਿਆ 'ਓਹ ਸੁਘੜ-ਸੁਜਾਣ ਬਾਬਾ ! ਤੂੰ ਸਭ ਕੁਝ ਜਾਣ ਕੇ ਮੈਨੂੰ ਫਿਰ ਕਿਉਂ ਨਹੀਂ ਦਸਦਾ ? ਪਤਿਤਾਂ ਨੂੰ ਪਾਵਣ ਹੋਣ ਦਾ ਢੰਗ। ਕਾਲ ਤੇ ਕਰਮਾਂ ਨੂੰ ਮੈਂ ਭਲੀ ਭਾਂਤ ਜਾਣਦਾ ਹਾਂ, ਪਰ ਉਹ ਮੈਂਡਾ ਗੁਬਾਰ, ਓਹ ਹੁਸੜ, ਓ ਘੁਪ ਗਿਚੀ ਘੁਟਣਾ ਨਹੀਂ ਦੂਰ ਕਰ ਸਕੇ, ਓ ਜਾਣੀ-ਜਾਣ ਬਾਬਾ ! ਤੂੰ ਸਭ ਕੁਝ ਜਾਣਦਾ ਏਂ ਮੈਂਡੀ ਵਿਥਿਆ, ਤੇ ਫੇਰ ਮੈਨੂੰ ਥਥਲਾਉਂਦਾ ਏਂ, ਹਾਂ ਫੇਰ ਮੈਨੂੰ ਕਰਮਾਂ ਦੇ ਸਬਕ ਪੜ੍ਹਾਉਂਦਾ ਏਂ ? ਤਾਂ ਨੂਰੋਨੂਰੀ ਮੁਖੜੇ ਵਾਲੜੇ ਨੇ ਇਸ਼ਾਰਾ ਕਰ ਕੇ ਆਖਿਆ : 'ਵੇਖ, ਓਏ ਅੱਖਾਂ ਖੋਹਲ, ਵੇਖ ਔਹ 'ਦਰਬਾਰ' (ਵੇਖੋ ਤਸਵੀਰ ਧਰਮ-ਖੰਡ ਦੀ, ਜਿਸ ਵਿਚ ਸਜੇ ਪਾਸੇ ਗੁਰੂ ਬਾਬੇ

ਕਲਗੀ, ਵਾਨੇ ਦਾ ਦਰਬਾਰ ਏ-ਇਥੇ ਭਾਵ ਸਚ-ਖੰਡ ਦਾ ਪਹਿਲਾ ਦ੍ਰਿਸ਼ ਏ), ਹਾਂ ਸਚ-ਖੰਡ ਦਰਬਾਰ ਦਾ ਪਹਿਲਾ ਦ੍ਰਿਸ਼, ਪਹਿਲਾ ਝੂਟਾ (First view)। ਮੈਂ ਵੇਹਨਾਂ ਵਾਂ ਉਹ ਰੱਬੀ-ਦਰਬਾਰ ਜਿਸ ਵਿਚ ਪੰਚ-ਪਰਵਾਨ ਤੇ ਸਭ ਕੀਰਤਨ ਦੇ ਹੂਟੇ ਲੈਂਦੇ-ਹਾਂ 'ਉਥੇ ਸੋਹਨਿ ਪੰਚ ਪਰਵਾਣੁ' ਤੇ ਆਖਨਾ ਵਾਂ ਓਹ ਬਾਬਾ, ਬਸ ਉਸੇ ਸੀਤਲਤਾ ਅਨੰਦ ਤੇ ਹੁਲਾਸ ਦਾ ਮੈਂ ਗਾਹਕ, ਹਾਂ ਹੁਸੜਿਆ (Sun scorched) ਬੰਦਾ! ਪਰ ਏਥ-ਉਥੇ ਵਿਚ ਵਿਥ ਏ, ਵੇਖ ਕੇਹੀ ਵਡੀ ਕਾਲੀ ਲਕੀਰ ਏ ?

ਤਾਂ ਮੇਹਰਾਂ ਦੇ ਦਾਤੇ ਨੇ ਆਪਣੇ 'ਨਾਮ-ਨੀਸ਼ਾਨ' ਦਾ-ਚੰਦਨ ਦਾ ਟਿੱਕਾ ਮੇਡੇ ਮੱਥੇ ਤੇ ਨਹੀਂ, ਤਪਤ-ਹਿਰਦੇ ਤੇ ਲਾ ਕੇ ਆਖਿਆ : 'ਇਹ ਈ ਉਹ ਜਪੁ ਨੀਸਾਣ' (ਨਾਮ-ਦਾ ਅਬਚਲੀ ਟਿੱਕਾ, ਜੋ ਬੱਜਰ ਕਪਾਟ ਖੋਲ੍ਹ ਦਏ, ਇਹੋ ਵੇ ਜਪੁਜੀ ਦਾ ਸਿਰਲੇਖ, ਵੇਖੋ ਦਰਬਾਰ ਸਾਹਿਬ ਤਤਕਰਾ 'ਜਪੁ-ਨੀਸਾਣ') ।

—ਹਾਂ ਉਹ ਨੀਸਾਣ ਜੋ ਵਿੱਥਾਂ ਮੇਲਦਾ ਈ, ਜੋ ਖਾਈਆਂ ਟੱਪਦਾ ਈ, ਜੋ ਅਰਸ਼-ਕੁਰਸ਼ ਕਛਦਾ ਈ, ਜੋ ਕਾਲ ਦੀਆਂ ਕਾਲੀਆਂ ਲੀਕਾਂ ਮੇਲਦਾ ਈ ! ਪਰ ਇਹ ਨਹੀਉਂ ਲਭਦਾ ਇਸ ਨਿਕੀ ਨਿਮਾਣੀ ਮੈਂ (Little Self) ਨਾਲ, ਇਹ ਲਭਦਾ ਈ ਉਸ ਵਡੀ ਉਚ-ਉਚੀ ਮੈਂ (Higher Self) ਨੂੰ ਲਭਣ ਨਾਲ, ਤੇ ਉਸ ਸਦਾ ਸੂਰਜ ਦੀ ਇਕ ਰਿਸ਼ਮ, ਹਾਂ ਇਕ ਕਿਰਨ, ਧੋ ਛਡਦੀ ਏ ਸਭ ਪੁੰਨ-ਪਾਪ, ਸਭ ਕਲ-ਮਲ, ਸਭ ਕਰਮਾਂ ਦੇ ਤਾਣੇ-ਪੇਟੇ-ਪਰ 'ਨਦਰੀ ਕਰਮਿ ਪਵੈ ਨੀਸਾਣੁ ॥' ਏਹ ਓਸ ਬਡ-ਆਪੇ ਦੀ ਮੇਹਰ ਏ, ਕਰਮ ਏ, ਬਖਸ਼ਿਸ਼ ਏ, ਤਾਂ ਪੈਂਦਾ ਈ, ਇਹ ਕੇਸਰੀ (ਮਾਇਆ ਰੂਪੀ ਅੰਜਨ ਤੋਂ ਰਹਿਤ ਇਸ ਕਰ ਕੇ ਅਨਹਤ-ਨਾਮ, ਨਿਰ-ਅੰਜਨ ਤੇ ਪ੍ਰਕਾਸ਼-ਪੁੰਜ) ਛੱਟਾ। ਇਹ ਨਾ ਉਘੜਨ ਵਾਲਾ ਟਿੱਕਾ, ਹਾਂ

ਨਾ-ਮੇਸਿਆ ਜਾਣ ਵਾਲਾ ਨੀਸਾਣੁ,–'ਨਾਮ' ਨੀਸਾਣੁ !'

ਓ ਕੇਸਰੀ-ਟਿੱਕ ਲਾਉਣ ਵਾਲਿਆ, ਦੂਲਿਆ ! ਅਜ ਤੇ ਮੈਂਡੇ ਸਿਰ ਚੌਕੁੰਟੀ ਛਤਰ ਛਾਇਆ ਵ, ਤੇ ਮੈਂਡੇ ਦੁਖ, ਕਲ੍ਹਾ ਕਲੇਸ਼ ਤੇ ਹੁਸੜ ਹੋ ਗਏ ਨੇ ਸਭ ਕਾਫੂਰ! ਓ ਜਪੁ-ਨੀਸਾਣ, ਕਲੂ-ਕਾਲ ਦੀ ਜਾਨ, ਹਾਇ ! ਤੈਂਡੇ ਤੋਂ ਮੈਂ ਕਿਉਂ ਐਨੀ ਦੇਰ ਵਾਂਜਿਆ ਰਿਹਾ ! ਓਏ ਇਹ ਜਨਮ ਨਹੀਂ, ਐਡੇ ਜੁਗ ਸੈਲ ਜੁਗ ! ਓ ਲੰਮੇ ਲਮੂਤਰੇ ਜੁਗ ! ਕਈ ਉਤਪਤਾਂ, ਕਈ ਪਰਲੋ, ਮੈਂ ਗਿਣਤ ਨਾ ਜਾਏ ਗਣੀ ! ਓ ਜਪ–ਨੀਸਾਣ, ਓ ਮੈਂਡਾ ਜੀਵਨ ਅਮਾਨ, ਮੈਂ ਕਿਉਂ ਮੋਏ ਹੋਏ ਅਮਾਨ ਨੂੰ ਪਕੜੀ ਰਖਿਆ, ਓਏ ਲਖ ਨੂੰ ਛਡ ਕਖ ਨੂੰ ਪਕੜਿਆ ! ਹਾਇ ! ਸੋਨ–ਚਿੜੀ ਛਡ ਤ੍ਰਿਡੀ ਨੂੰ ਚਾ ਪਕੜਿਆ ! ਓ ਅਕਲ ਬੇਈਮਾਨ !! ਓ ਜਪ–ਨੀਸਾਣ ! ਹੁਣ ਮੈਂਡਾ ਧਰਮ–ਈਮਾਨ ! ਮੈਂ ਤੈਂਡਾ ਪੈਰੇ ਕਾਰ ਹਾਂ, ਤੈਂਡਾ ਭਗਤ ਹਾਂ, ਤੈਂਡਾ ਦੀਵਾ ਬਾਲਣ ਵਾਲਾ ਪੁਜਾਰੀ ਹਾਂ ! ਓ ਜਪ-ਨੀਸਾਣ, ਮੈਂਡੀ ਜਿੰਦ ਜਾਨ ਤੂੰ, ਏਸ ਪਿੰਡੇ ਦੀ ਹੀ ਨਹੀਂ ਸਭ ਬ੍ਰਹਮੰਡ ਦੀ ਜਿੰਦ ਜਾਨ ਏਂ ! ਧੜਕਦੀ, ਉਠਦੀ ਤੇ ਲਟ ਲਟ ਕਰਦੀ ! ਓ ਜਪ ਨੀਸਾਣ ! ਓ ਜੀਵਨ-ਆਣ, ਤੂੰ ਵੇਂ ਤਾਂ ਇਹ ਵਣ-ਤ੍ਰਿਣ ਤਿਰਭਵਣ ਏ, ਨਹੀਂ ਤਾਂ ਸਭ ਕੁਝ ਏ ਢਹਿ-ਢੇਰੀ ! ਓ ਜਗਜੀਵਣ ਨੀਸਾਣਾ ! ਓ ਜਪੁ ਨੀਸਾਣ, ਮੈਂਡੀ ਆਨ, ਬਾਨ, ਸ਼ਾਨ ! ਓ ਤਰੈਲੋਕੀ ਦੀ ਕਲਗੀ ! ਤੈਂਡੀ ਛਬੀ, ਤੈਂਡੀ ਕਲਗੀ–ਜਿਗੇ ਨਾਲ ਬਧੇ ਹੋਏ ਨੀ ਉਹ ਚੰਨ ਸੂਰਜ ਤੇ ਤਾਰੇ, ਗੈਣਾਰੇ ! ਓ ਜਪ–ਨੀਸਾਣ, ਓ ਅੰਮ੍ਰਿਤ ਦੀ ਖਾਣ. ਤੈਂਡੇ ਵਿਚੋਂ ਤ੍ਰਿਪ ਤ੍ਰਿਪ ਕਰਦੀ ਏ ਓ 'ਸਵਾਂਤੀ-ਬੂੰਦ ਜਿਸ ਨੂੰ ਮੈਂ ਵੇਹਨਾ ਹਾਂ-ਓਹ ਬਾਬਾ, ਤੈਂਡਾ ਦਸਿਆ ਹਇਆ, ਉਹ ਪੰਚ-ਦਰਬਾਰ ਮੈਂ ਸਚ-ਮੁਚ ਵੇਹਨਾ ਹਾਂ । ਤੇ ਉਥੇ ਨਿਝਰ-ਝਰੀ ਬਰਖਾ ਮੈਂ ਵੇਹਨਾਂ ਵਾਂ, ਓਏ

ਝੜੀ, ਲ਼ਾਲ ਮੋਤੀਆਂ ਜੜੀ-ਝੜੀ, ਰਾਤ ਦਿਨ ਵਰ੍ਹਣ ਵਾਲੀ ਮਾਖਿਓ-ਮਿੱਠ ਝੜੀ! ਸਚਮੁਚ ਵੇਹਨਾਂ ਵਾਂ, ਓ ਬਾਬਾ! ਓ ਪਾਵਨ! ਓ ਪੰਚ-ਪਰਵਾਨ ਦਰਬਾਰ, ਜਿਥੇ ਨੇ ਢੋਲ ਢਮਕੇ, ਤੇ ਹੂਟੇ, ਝੂਟੇ-ਅਨੂਠਵੇਂ, ਝੌਲੇ-ਵਾਵਿਰੋਲੇ, ਅਨੰਦ-ਮੁਕਰੰਦ, ਘੁਟ ਸਹਿਜ ਕਥਾ ਦ! ਓਏ ਮੈਂ ਵੇਹਨਾ ਊਂ, ਮੈਂ ਵੇਹਨਾਂ ਊਂ, ਪਰ ਦਸ ਨਹੀਓਂ ਸਕਦਾ। ਸੁਣਦਾ ਊਂ ਪਰ ਬੋਲ ਨਹੀਂ ਸਕਦਾ। ਹਾਂ ਹਾਂ, ਤਾਂ ਅਪੇ ਬੋਲ ਓ ਗੁਰ ਮੇਰੇ-ਸੰਗ, ਤੂੰ ਆਪੇ ਚਾ ਬੋਲ! ਓਸ ਅਗਮ ਰੂਪ ਦੀ ਕਥਾ, ਜੋ ਕਿਧਰੇ ਮੈਂਡੇ ਮਨ ਵਿਚ ਵਸਦਾ ਈ:—

'ਅਗਮ ਰੂਪ ਕਾ ਮਨ ਮਹਿ ਥਾਨਾ ॥
ਗੁਰਪ੍ਰਸਾਦਿ ਕਿਨੈ ਵਿਰਲੈ ਜਾਨਾ ॥
ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥
ਜਿਸਹਿ ਪ੍ਰਾਪਤਿ ਤਿਸ ਲੈ ਭੁੰਚਾ॥ ਰਹਾਉ ॥
ਅਨਹਤ ਬਾਣੀ ਥਾਨ ਨਿਰਾਲਾ ॥
ਤਾਕੀ 'ਧੁਨਿ (ਸ਼ਬਦ ਨਾਮ ਨਿਸਾਣ) ਮੋਹੇ ਗੋਪਾਲਾ ॥
ਤਹ ਸਹਜ ਅਖਾਰੇ ਅਨੇਕ ਅਨੰਤਾ ॥
ਪਾਰਬ੍ਰਹਮ ਕੇ ਸੰਗੀ ਸੰਤਾ ॥
ਹਰਖ ਅਨੰਤ ਸੰਗ ਨਹੀਂ ਬੀਆ ॥
ਸੋ ਘਰੁ ਗੁਰਿ ਨਾਨਕ ਕਿਉ ਦੀਆ ॥'

(ਗਉੜੀ ਮ: ੫)

ਓ ਬਾਬਾ, 'ਸੋ ਘਰ' ਤੈਂਡਾ ਏ, 'ਸੋ ਦਰ' ਤੈਂਡਾ ਏ! ਓ ਅਗਮ-ਥਾਨ ਦਸਣ ਵਾਲਿਆ! ਹਾਂ ਦਸ, ਹਾਂ ਦਸ, ਕੁਝ ਹੋਰ ਦਸ? ......ਤਾਂ ਮੇਹਰਾਂ ਦਾ ਸਾਈਂ ਹੋਰਿਓਂ ਗੰਗਾ ਵਹਾ ਕੇ ਤੇ ਮੈਂਡਾ ਤਨ ਮਨ ਸੀਤਲ ਕਰ ਕੇ, ਓਏ ਤਪਦੇ ਨੂੰ ਠਾਰ ਕੇ ਆਖਣ

ਲਗਾ, "ਓ ਕਚਿਆ, ਓ ਕਰਮਾਂ ਵਿਚ ਫਸਿਆ ! ਉਥੈ, ਹਾਂ ਪਾਰ ਉਥੈ, ਜਿਸ ਦਾ ਰਤਾ ਕੁ ਦ੍ਰਿਸ਼ ਤੂੰ ਹੁਣ ਪਾਇਆ ਵੇ, ਹਾਂ ਉਥੇ, ਇਹ ਕਚੇ ਪਕਿਆਈ ਪਾਵਨੇ ਨੇ—"ਕਚ ਪਕਾਈ ਉਥੈ ਪਾਇ" ਉਥੇ ਕਾਗ ਨਹਾ ਹੰਸ ਹੋ ਜਾਂਵਦੇ ਨੇ, ਅੰਨ੍ਹੇ ਸੁਜਾਖੇ, ਪਿੰਗਲੇ ਪੂਰੀ–ਪੂਰਨ।

ਹੋ ਜਾਨੇ ਨੇ ਬਾਬਾ ! ਤੂੰ ਸਚ ਆਹਨਾਂ ਵੇਂ, ਪਰ ਹਾਇ ਮੈਂ ਕਾਗ–ਕਾਲਾ, ਮੈਂ ਅਥਰਿਆ ਘੋੜਾ, ਮੈਂ ਪੈਰ ਬੱਧਾ ਖਰ ਹਾਇ ਮੈਂ ਡੁਬਾ, ਮੈਂ ਖੁਥਾ, ਮੈਂ ਥਿੜਕਿਆ, ਮੈਂ ਢੱਠਾ, ਕੀਕਣ ਉਥ ਅਪੜਾਂ ? ਤੇ ਕੀਕਣ ਉਹ ਪਕਿਆਈ ਪਾਵਾਂ ? ਤਾਂ ਉਸ ਸੋਹਣੇ ਨੇ ਹਥ ਫੜ ਕੇ ਆਖਿਆ: " ਸਹਜ ਪਕੇ ਸੋ ਮੀਠਾ ਹੋਇ ।" ਉਠ ਖੜ ! ਟੁਰ, ਵੰਜ ਤੇ ਅਪੜ ਓਥੇ, ਹਾਂ ਓਥੇ ਜਿਸ ਦਾ ਇਕ ਅਗੇਤਰਾ ਦ੍ਰਿਸ਼ ਤੈਂ ਡਿਠਾ ਏ ਅਜ ਹਾਂ ਲਕ ਬੰਨ੍ਹ ਤੇ ਟੁਰ, ਪੜਾ ਪੜ ਟੁਰ, ਉਡਣ ਦੀ ਨਾ ਠਾਣ, ਜੋ ਉਡਦੇ ਨੇ ਉਹ ਸਮੁੰਦਰਾਂ ਵਿਚ ਵੀ ਡਿਗਦੇ ਨੇ, ਤੂੰ ਟੁਰ, ਓ ਰਾਹੀਆ, ਓ ਪਾਂਧੀਆ ! ਤੇ ਜਦ ਤੂੰ ਉਥੇ ਅਪੜੇਂਗਾ ਤੇ ਵੇਖੇਂਗਾ ! ਜੁ ਕੀਕਣ 'ਕਾਂ' 'ਹੰਸ' ਬਣਦੇ ਨੇ, ਕੀਕਣ ਕਾਲੀ ਕੋਇਲ ਰੰਗ ਕੇ ਪਿਰਉ ਪਿਰਉ ਟੇਰਦੀ ਉ ? ਕੀਕਣ ਹੰਸ ਕੋਧਰਾ ਛਡ ਮੋਤੀ ਚੁਗਦੇ ਨੇ ? ਹਾਂ ਕੀਕਣ ਸੀਵਣਾਂ ਸੀਵਣ ਹੋਂਦੀਆਂ ਨੀ ਫਾਟਿਆਂ ਟੁਕੜਿਆਂ ਦੀਆਂ ਤੇ ਬਝਦਾ ਏ ਸਿਰ ਤੇ ਮੁਕਟ, ਅਤੇ ਮਥੇ ਤੇ ਸਿਹਰਾ–ਓ ਕਚਿਆ ਹੋ ਪੱਕਾ–ਪਰ "ਕੱਚ ਪਕਾਈ ਓਥੈ ਪਾਏ"—ਇਹ ਧਰਮ ਖੰਡ ਤੋਂ ਟੱਪ ਸਚ ਖੰਡ ਦੀ ਖੇਡ ਉ–ਤੂੰ ਆਪੇ ਜਾਣੇਂਗਾ, ਜਦ ਉਥੈ, ਹਾਂ ਉਥੇ ਪਹੁੰਚਗਾ : "ਨਾਨਕ ਗਇਆ ਜਾਪੈ ਜਾਇ"—ਜੋ ਜਾਏਗਾ (ਜਾਇ) ਉਥੇ ਉਹਨੂੰ ਇਹ ਰਾਜ਼ ਆਪੇ ਜਾਪੇਗਾ (ਜਾਪੈ ਜਾਇ......।"

ਇਹ ਰਮਜ਼ਾਂ ਦਸ ਓ ਬਾਬਾ ! ਤੂੰ ਕਿਥੇ ਅਲੋਪ ਹੋ ਗਿਆਂ ? ਮੈਂ ਕਾਲ ਦੀ ਖਾਈ ਟਪ ਹੁਣ ਇਕ ਨਵੀਂ ਨਗਰੀ ਵਿਚ ਅਪੜਿਆ... ਪਰ ਅਜਾਂ ਦਿਲੀ–ਸੱਚ ਖੰਡ ਦੂਰ ਏ ! ਪਰ ਉਥੋਂ ਦੂਰੋਂ ਕੀਰਤਨ ਦੇ ਠੰਡੇ ਪਰ ਉਲਟੇ ਬੁੱਲੇ (Resounding Echoes) ਆਂਵਦ ਨੇ ਤੇ ਸੁਣੀਂਦਾ ਏ:—

"ਸਹਜ ਸਿਫਤਿ ਭਗਤਿ ਤਤੁ ਗਿਆਨ ॥
ਸਦਾ ਆਨੰਦ ਨਿਹਚਲ ਸਚ ਥਾਨ ॥
ਤਹ ਸਗਤ ਸਾਧ ਗੁਣ ਰਸੈ ॥
ਅਨਭਉ ਨਗਰ ਤਹਾ ਸਦਾ ਬਸੈ ॥
ਤਹ ਭਓ ਭਰਮਾ ਸੋਗ ਨ ਚਿੰਤਾ ॥
ਆਵਣ ਜਾਵਣ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ ॥
ਭਗਤ ਵਸਹਿ ਕੀਰਤਨ ਆਧਾਰੇ ॥
ਪਾਰਬ੍ਰਹਮ ਕਾ ਅੰਤੁ ਨ ਪਾਰ ॥
ਕਉਣ ਕਰੈ ਤਾ ਕਾ ਬੀਚਾਰ ॥
ਕਹੁ ਨਾਨਕ ਜਿਸੁ ਕਿਰਪਾ ਕਰੈ ॥
ਨਿਹਚਲ ਥਾਨੁ ਸਾਧ ਸੰਗਿ ਤਰੈ ॥"

(ਗਉੜੀ ਮ: ੫)

"ਅਨਭਉ ਨਗਰ ਤਹਾ ਬਦਾ ਬਸੈ"— ਹਾਂ ਉਥੈ, ਤਹਾਂ, ਕਿਧਰੇ ਦੁਰਾਡੇ, ਮੈਂ ਏਥੇ ਤੇ ਉਹ ਉਥੈ, ਵਿਚ ਵਿਥਾਂ, ਅਜੇ ਵੀ ਵਿਥਾਂ, ਓ ਜਪੁ–ਨੀਸਾਣ ਬਖਸ਼ਣ ਵਾਲਿਆ ਜਾਦੂਗਰਾ, ਹਾਂ ਅਜਾਂ ਵੀ ਕੇਡੋਕੀਆਂ ਵਿੱਥਾਂ ?

੭.

ਇਹ ਅਨੂਪਮ ਅਗਾਂ-ਆਵਣ ਵਾਲਾ ਦ੍ਰਿਸ਼ ਦਸਦਾ ਹੈ ਜੁ

ਕਰਮਾਂ ਦਾ ਗੇੜ ਕਟਣ ਲਈ ਕੋਈ ਹੋਰ ਦਾਤ ਦੀ ਲੋੜ ਹੈ, ਕਿਸੇ ਮਿਹਰ ਦੀ 'ਨਦਰ' ਦੀ–ਪਰ ਮੈਂਡੇ ਵੀਰ ਆਖਦੇ ਨੇ ਜੇ ਬਾਹਰੋਂ ਕੁਝ ਮੰਗਣ ਜਾਣਾ ਵ, ਤਾਂ ਅਸਾਂ ਨਹੀਂ ਓ ਜਾਣਾ, ਦਰ ਦਰ ਦੀ ਭਿਖਿਆ ਅਸਾਂ ਨਹੀਂ ਮੰਗਣੀ, ਉਸ ਕੋਲੋਂ, ਜੋ ਕਿਧਰੇ ਸਤਵੇਂ ਅਸਮਾਨ ਤੇ ਬੈਠਾ ਹਇਆ ਏ। ਓ ਵ'ਰੋ, ਮੈਂ ਵੀ ਤੁਹ. ਨਾਲ ਜੇ ਸਹਿਮਤ, ਜੇ ਭਗਵਾਨ ਬੈਕੁੰਠ ਬੈਠਾ ਏ ਤਾਂ ਸਾਡੇ ਗਰੀਬਾਂ ਦਾ ਰਾਖਾ ਕੌਣ? ਸਾਨੂੰ ਕਰੇਗਾ ਅੰਗੀਕਾਰ ਕੌਣ? ਓਏ ਐਸ 'ਭਗਵਾਨ' ਨੂੰ ਅਪੜਣਾ ਅਸਭਵ ਏ। *ਸਚ ਏ, ਇਹ ਗਲ ਸੋਲਾਂ ਆਨੇ ਸਚ ਏ। ਪਰ ਮੈਂਡਾ ਬਖਸ਼ਿੰਦ ਬਾਬਾ ਦਸਦਾ ਵੇ, ਓ ਦੂਰ ਨਹੀਂ, ਤੈਂਡਾ ਹੀ ਵਡਾ ਆਪਾ ਏ, ਪਰ ਤੈਥੋਂ ਛੁਪਿਆ, ਪਰ ਫਿਰ ਵੀ ਤੈਂਡੇ ਅੰਦਰ। ਜੇ ਤੂੰ ਆਪਣੀ ਬਾਹਰਲੀ ਮੈਲ ਲਾਹ, ਸੁਰਤੀ ਦੀ ਚੁਭੀ ਜੇ ਮਾਰੇਂ ਆਪਣੇ ਹੀ ਅੰਦਰ ਤਾਂ ਤੈਂਡੀ ਬਾਕੀ ਦੀ ਵ.

---

*ਕਈ ਸਾਇੰਸਦਾਨ ਇਸੇ ਹੀ ਦੂਰ-ਬੈਠੇ ਭਗਵਾਨ ਤੋਂ ਨਾਸਤਕ ਜਾਂ ਮੁਨਕਰ ਹੋ ਜਾਂਦੇ ਨੇ :—

Cf. H. G. wells, (ibid) "The run of people now a days, mean something more and something different when they say 'God'. They intend a personality exterior to them and limited and they will instantly conclude I mean the same thing. To permit that misconception is, I feel, this first step on the slippery shop of meretricions complaisance, is to become in some small measure a successor of those who cried "Great is the Diana of the Ephesians." Occasionally we may best serve the God of Truth by denying Him."

ਮੈਲ ਦੂਰ ਹੋ ਜਾਏ ਤੈਨੂੰ ਉਹ ਲਭ ਪਏ ਆਪਣੇ ਹੀ ਅੰਦਰ-ਅੰਤਰ ਗਤਿ ! ਓ ਜੀਵੜੇ, ਇਸ ਅੰਦਰਲੇ-ਅੰਮ੍ਰਿਤ-ਸਰ ਵਿਚ ਨਹਾ, ਤੇ ਮੱਲ ਮੱਲਕੇ ਨਹਾ-

"ਅੰਤਰਿ ਖੂਹਟਾ ਅੰਮ੍ਰਿਤਿ ਭਰਿਆ
ਸਬਦੇ ਕਾਢਿ ਪੀਐ ਪਨਿਹਾਰੀ ?"

(ਵਡਹੰਸ ਮ: ੩)

ਹਾਂ ਉਸ ਨਾਮ-ਲੱਜ ਨਾਲ ਇਸ ਅੰਮ੍ਰਿਤ-ਕੁੰਡ ਵਿਚੋਂ ਅੰਮ੍ਰਿਤ ਕਢ ! ਓ ਪਨਹਾਰੀ-ਜਿੰਦੜੀਏ, ਤੇ ਇਸ ਵਿਚ ਮਲ ਮਲ ਨਹਾ ! ਇਹ ਤੈਂਡੇ ਤੋਂ ਬਾਹਰ ਨਹੀਂ, ਇਹ ਅੰਦਰ ਏ, ਤੇ ਇਹੋ ਅੰਤਰ ਗਤਿ ਤੀਰਥ ਏ, ਅਠ-ਸਠਾਂ ਤੋਂ ਵੱਡਾ...

"ਅੰਤਰ ਗਤਿ ਤੀਰਥ ਮਲਿ ਨਾਉ ॥"

(ਜਪੁਜੀ)

ਹਾਂ ਨਹਾ ਇਸ ਅੰਦਰਲੇ ਤੀਰਥ ਤੇ, ਮਲ ਨਾਮ-ਨਿਰੰਜਨ ਦਾ ਸਾਬਣ (ਮਲਿ ਨਾਉ) (ਨਾਓ ਦਾ ਭਾਵ ਨਹਾਣਾ ਨਹੀਂ, ਇਥੇ ਨਾਉਂ 'ਨਾਮ' ਨਾਮ-ਨਿਰੰਜਨ' ਹੈ) ! ਓ ਸਾਬਣ ਸਾਡੀ ਕਾਲਖ ਨੂੰ ਧੋ ਕੇ ਕਰਦਾ ਏ ਸਾਨੂੰ ਨਿਰਮਲ, ਹਸ, ਪਰਮ ਹੰਸ ! ਇਹ ਵੇ ਸਾਡੇ ਅੰਦਰ, ਆਪਣੇ ਅੰਦਰ, ਬਾਹਰ ਨਹੀਂ ਕਿਧਰ ਹੋਰ ਤੇ ! ਏਸ ਘੁੰਡੀ ਨੂੰ, ਏਸ ਰਾਜ਼ ਨੂੰ ਅਪੜਨਾ 'ਧਰਮ' (Religion) ਦਾ ਉੜਾ-ਐੜਾ ਏ ! ਹਾਂ ਇਥੇ ਅਪੜ ਕੇ ਉਹ ਵਾਹਿਗੁਰੂ ਸਾਡੇ ਅੰਦਰ ਹੀ ਬੈਠਾ ਭਾਸਦਾ ਏ, ਸਾਡੀਆਂ ਸੁਣਦਾ ਤੇ ਸਾਨੂੰ ਸੰਵਾਰਦਾ, ਸਾਡੀ ਪਰਾਰਥਨਾ ਬੁਝਦਾ ਤੇ ਗੂਹੜੇ ਉਤਰ ਦੇਂਦਾ, ਬਾਹਰੋਂ ਨਹੀਂ ਕਿਧਰੇ ਅੰਦਰੋਂ ਹੀ, ਤੇ ਇਹ ਉਸ ਦਾ ਉਤਰ, ਪਰ ਆਪਣੇ ਅੰਦਰੋਂ ਇਉਂ ਹੀ 'ਮਿਹਰ' (Grace) ਯਾ 'ਨਦਰ' ਅਖਵਾਉਂਦਾ ਏ—ਇਹ ਇਕ ਵਿਚਿੱਤਰ ਲੀਲ੍ਹਾ (Mystery) ਹੈ ਜਿਸ ਨੂੰ ਅਕਲ ਰਾਣੀ ਸਮਝ

ਨਹੀਂ ਸਕਦੀ ਪਰ ਜੋ ਸੋਲਾਂ ਆਨੇ ਸੱਚ ਹੈ। ਇਹ ਆਪਾ-ਖੁਦ ਵੱਡਾ-ਆਪਾ ਲਭਦਾ ਹੈ ਤੇ ਵਡੇ ਆਪੇ ਦਾ ਖਾਸਾ ਉਸ ਦੀ, ਮੇਹਰ-ਨਦਰ ਹੈ[1]।

ਹਾਂ ਉਹ ਏ ਅੰਦਰ, ਪਹਿਲੋਂ ਅੰਦਰ, ਮੈਂਡੇ ਤੈਂਡੇ ਅੰਦਰ, ਓ ਅੰਤਰ-ਆਤਮਾ ! ਪਰ ਅਸੀਂ ਉਹਨੂੰ ਬਾਹਰ ਸਮਝ ਕੇ ਬਾਹਰ ਭਟਕਨੇ ਹਾਂ, ਪਰ ਜਦ ਸੁਰਤੀ ਦਾ ਚਾਨਣਾ ਹੁੰਦਾ ਹੈ ਤਾਂ ਉਹ ਗੁੜ੍ਹਾ ਖਜ਼ਾਨਾ ਅੰਦਰੋਂ ਹੀ ਲਭਦਾ ਹੈ। ਇਹ ਕਰਮ ਕੀ ਹੈ ? ਇਹ ਨਵੀਂ ਕਾਢ ਏ—ਪਰ ਉਸ ਦੀ ਜੋ ਗਵਾਚ ਗਿਆ ਏ ਸਾਡੇ ਆਪਣੇ ਆਪ ਕੋਲੋਂ ਹੀ ਪਿਛੇ, (Religion is both discovery and recovery of our sidden Self Atman !) ਏਸ ਅੰਤਰ-ਆਤਮੇ ਨੂੰ ਜਾਣਣਾ, ਬਸ ਇਓਂ ਵੇ 'ਧਰਮ'—ਹਾਂ ਇਹ ਵੇ ਸਾਡਾ 'ਧਰਮ-ਖੰਡ'—ਸਚ-ਖੰਡ, ਦਾ ਪਹਿਲਾ ਪਉੜਾ !

1.. Cf. Dean W. R. Mathcus :— "What is religion ? Religion is the complete development of this intnition of 'responsiveness.' Religion from the earliest to the highest forms is a search for the satisfaction of human needs in the other ... . The idea of 'grace' here takes the place of the idea of the power of human will.......The 'other' with which we are in relation is not wholly alien to our minds, since we succeed in knowing in Propessively.........The Divine is in man's consciousness, Mysterium tremendium et fascians, the Mystery which causes one to shudder and yet draws him towards Himself.

੮.

ਪਰ ਉਹ ਅਕਲ ਰਾਣੀ ਏਸ ਰਾਜ਼ ਨੂੰ ਕਿਉਂ ਨਹੀਂ ਸਮਝਦੀ ? ਏਸ ਦਾ ਕਾਰਣ ਇਹ ਵੇ, ਜੁ ਅਕਲ ਇਕ ਮੋਟੀ ਫੋਟੋ ਮਸ਼ੀਨ ਬਣੀ ਏ, ਜੋ ਰੁੜ੍ਹਦੇ ਦਰਿਆ ਦੀਆਂ ਕਟੀਆਂ ਹੋਈਆਂ ਤਸਵੀਰਾਂ (Snepshorts) ਲੈਂਦੀ ਏ। ਇਸ ਦੀ ਬਣਤਰ ਹੀ ਕੁਝ ਅਜਿਹੀ ਏ, ਠਹਿਰ ਠਹਿਰ ਕੇ ਵੇਖਦੀ ਏ ਫਿਰ ਹਰ ਇਕ ਚੀਜ ਦੇ ਤਿੰਨ ਟੋਟੇ ਕਰਦੀ ਏ। ਵੇਖੂ, ਵਿਦਿਆ ਤੇ ਵਖਿਆ ਗਿਆ (Subject object and know ledge)—ਹਾਂ ਜੁ ਕੁਝ ਅਕਲ ਕਹਿੰਦੀ ਤੇ ਵੇਖਦੀ ਏ ਉਹ ਤਿੰਨ ਟੋਟੇ ਕਰ ਕੇ ਵੇਂਹਦੀ ਏ। ਭਾਵੇਂ ਸਾਇੰਸ-ਜਗਤ ਵਿਚ ਇਹ ਕੱਟ-ਵੱਢ ਸਾਨੂੰ ਤੰਗ ਨਹੀਂ ਕਰਦੀ ਕਿਉਂਕਿ ਸਥੂਲ-ਦੁਨੀਆਂ ਨੂੰ ਸਥੂਲ ਕੈਂਚੀ ਹੀ ਕੱਟ ਸਕਦੀ ਏ। ਪਰ ਆਤਮਕ-ਜਗਤ ਤਿੰਨ ਟੰਗਾ ਨਹੀਂ, ਇਹ ਤਰੀਆ-ਅਤੀਤ ਏ, ਇਹ ਇਕੋ ਇਕ (Synthetic white) ਏ ਜੀਕਣ ਸਤਰੰਗੀ ਪੀਂਘ ਵਾਸਤਵ ਵਿਚ ਚਿੱਟੀ ਰੋਸ਼ਨੀ ਦੀ ਧੀ ਏ-ਉਸ ਅਣਕੱਟੀ 'ਜੋਤ' (ਆਤਮਾ) ਨੂੰ ਦਰਸ਼ਨ ਕਰਨ ਵਾਲੀ ਬਿਰਤੀ 'ਅਕਲ' ਨਹੀਂ ਸਗੋਂ 'ਸੁਰਤੀ' (Intuition) ਏ। ਜੋ ਏਸ ਹਥਿਆਰ ਨੂੰ ਪਕੜਦੇ ਨੇ ਉਹ ਅੱਠ-ਅੰਗ ਚਰਖੇ (Eighted Path) ਦਾ ਲੰਮ ਸਲੰਮਾ ਰਾਹ ਨਹੀਂ ਪਕੜਦੇ ਤੇ ਨਾ ਭੁਲ ਭਲੱਈਆਂ ਵਿਚ ਵੜਦੇ ਨੇ, ਓ ਸਭੇ ਗੁਣ, ਸਭੇ ਸੀਲ ਤੇ ਸੰਜਮ, ਇਕੋ ਚੁੰਬਕ-ਕਲਾ ਨਾਲ ਚੁਕ ਲੈਂਦੇ ਨੇ। ਵੇਖੋ ਜੇ ਬਿਖਰੇ ਹੋਏ ਲੋਹੇ ਦੇ ਬੂਰੇ ਨੂੰ ਕੱਠਾ ਕਰਨਾ ਹੋਵ ਤਾਂ ਕੀੜੀ ਵਾਂਗ ਇਕ ਇਕ ਕਿਣਕਾ ਚੁਕਣਾ ਪਵੇਗਾ ਪਰ ਚੁੰਬਕ-ਪੱਥਰ (Magnet) ਲਿਆਵੋ, ਤਦ ਸਾਰੇ ਬਿਖਰੇ ਹੋਏ ਲੋਹੇ-ਦਾਣੇ ਝਟ ਇਕੱਠੇ ਹੋ ਜਾਣਗੇ। ਸੋ ਕੁਝ ਇੰਝ ਹੀ ਜਿਥੇ ਨਾਮ-ਨਿਧਾਨ ਦਾ ਚੁੰਬਕ ਪੱਥਰ ਆਂਵਦਾ ਏ

ਉਥੇ ਗੁਣ ਆਪੇ ਲਾੜੇ ਪਿਛੇ ਜੰਞ ਬਣਾਈ ਆ ਜਾਂਦੇ ਨੇ ! ਇਹ ਵੇ ਨਾਮ ਨਿਰੰਜਨ ਦੀ ਅਗਾਧ ਗਤੀ, ਅਕਹਿ ਕਥਾ, ਚੋਜ, ਕਰਾਮਾਤ, ਕ੍ਰਿਸ਼ਮਾ ਮੋਜਜ਼ਾ–ਇਸ ਨੂੰ ਓਹ ਜਾਣਦੇ ਨੇ ਜਿਨ੍ਹਾਂ ਨੇ ਇਸ ਮਾਰਗ ਵਿਚ ਪੈਰ ਪਾਇਆ ਵੇ। ਜੋ ਇਕ ਇਕ ਸੀਲ ਨੂੰ ਫੜਦੇ ਨੇ ਉਹ ਇਹ ਫੜਣ ਤੋਂ ਵੀ ਕਈ ਵੇਰ ਘੁਸ ਜਾਂਦੇ ਨੇ। ਪਰ ਇਕ ਗੁਣ ਪਕੜ ਕੇ ਵੀ ਉਹਨਾਂ ਦੇ ਅੰਦਰ ਨਹੀਂ ਸਮਿਜਦਾ ਸਗੋਂ ਉਹ ਜ਼ਿਆਦਾ ਆਫਰ ਜਾਂਦੇ ਨੇ ਤੇ ਹੰਕਾਰ ਵਿਚ ਆ ਕੇ ਗਿੜਗੜਾਉਂਦੇ ਨੇ। ਪਰ ਜਿਥੇ 'ਨਾਮ' ਦੀ ਗੰਗਾ ਆਉਂਦੀ ਏ ਉਥੇ ਸਭ ਕੁਝ ਖਾਧਾ ਪੀਤਾ, ਭਾਵ ਸਾਰੇ ਗੁਣ ਹਜ਼ਮ ਹੋ ਜਾਂਦੇ ਨੇ, ਕਿਉਂਕਿ ਉਹਨਾਂ ਨੂੰ ਆਪਣੇ ਕੁਖ ਵਿੱਚ ਸਮੇਟਣ ਵਾਲੀ 'ਸਰਮ' (Humility)—ਪਰ ਇਸ ਦਾ ਵਰਨਣ ਅਸੀਂ ਅਗ ਚਲ ਕੇ ਕਰਾਂਗੇ, ਪਰ ਇਥੇ ਇਸ ਗਲ ਦਾ ਵਰਨਣ ਕਰਨਾ ਬੜਾ ਜ਼ਰੂਰੀ ਹੈ ਜੋ ਸਾਇੰਸ ਤੇ ਇਖਲਾਕ ਮਾਰਗ ਭਾਵੇਂ ਚੰਗੇ ਨੇ, ਪਰ ਆਤਮਕ ਜਗਤ ਨੂੰ ਪਕੜਣ ਲਈ ਖੁੰਢੇ ਨੇ, ਛਾਨਣੀ ਕੀਕਣ ਪਕੜੇ ?

ਜੁ ਛਾਣਬੀਨ (Analytic) ਮਾਰਗ ਵਾਲੇ ਰਾਹ ਚਲਦੇ ਨੇ, ਉਹ ਵਣ ਤ੍ਰਿਣ ਤ੍ਰਿਭਵਣ ਵਿਚ ਭਰਮਦੇ ਨੇ, ਭੁਲ ਭੁਲਈਆਂ ਵਾਲੇ ਜੰਗਲ ਵਿਚ। ਓ ਅੰਧਿਆਰ ਨੂੰ ਪੜਪੀ ਪੜਪੀ (ਕਣਕ ਮਿਨਣ ਵਾਲੀ ਕੁਪੀ) ਬਾਹਰ ਇੰਝ ਕਢਦੇ ਨੇ, ਜੀਕਣ ਝੱਲੀ ਜੱਟੀ ਸਾਰੀ ਰਾਤੀਂ ਅੰਧਿਆਰ ਨੂੰ ਕੁਪੇ ਭਰ ਢੋਂਦੀ ਸੀ–ਪਰ ਵੇਖੋ ਨਾ ਨਵੀਂ ਨੂੰਹ ਦੀ ਸਿਆਣਪ, ਉਸ ਨੇ ਨਿੱਕਾ ਜਿਹਾ 'ਦੀਵਾ' ਬਾਲ ਕੇ ਸਾਰਾ ਹਨੇਰਾ ਇਕ ਖਿਣ ਵਿਚ ਹੂੰਝ ਕੇ ਬਾਹਰ ਸੁਟ ਕਢਿਆ। ਸੋ ਇੰਝ ਹੀ 'ਸੁਰਤੀ' ਉਹ ਦੀਵਾ ਹੈ ਜੁ ਇਕ ਦਮਕ (Blaze) ਨਾਲ ਸਾਰਾ ਅਗਿਆਨ ਦਾ ਅੰਧਿਆਰ ਕਢ ਮਾਰਦਾ ਹੈ—ਨਿੱਕੀ ਮੱਛੀ ਨੂੰ ਵੱਡੀ ਮੱਛੀ ਹੜਪ ਕਰ ਲੈਂਦੀ ਹੈ–

"ਅੰਧਿਆਰੇ ਦੀਪਕ ਚਾਹੀਏ ॥
ਇਕ ਵਸਤ ਅਗੋਚਰ ਲਹੀਏ।"

ਹਾਂ, ਸਾਡੀ ਮਨ ਗੁਫਾ ਵਿਚ 'ਨਾਮ' ਦੀ ਬਲਦੀ ਦੀਵਟ ਤੇ ਸੁਰਤੀ ਦੇ ਤੇਲ ਦੀ ਲੋੜ ਏ ਇਹ ਵੇ ਬਿਹੰਗਮ ਮਾਰਗ (ਪੰਖੇਰੂਆਂ ਵਾਂਗ ਉਡਣਾ ਭਾਵ ਸੁਰਤੀ ਨਾਲ ਆਤਮਾ ਫੜਣਾ), ਰੀਂਗਣ ਵਾਲਾ ਨਹੀਂ, ਉਡਾਰੀਆਂ ਮਾਰਨਾ ਅਗਮ ਅਗਾਧ ਵਿਚ। ਓ 'ਨਾਮ' ਤੈਂਡੀ ਅਚਰਜ ਕਲਾ! ਓ ਧਰਮ ਖੰਡ ਤੈਂਡੀ ਨਵੀਂ ਨੂਹ!

੯.

ਓ ਬਖਸ਼ਿੰਦ-ਬਾਬਾ! ਜਦ ਤੂੰ ਜਾਦੂ ਮਮੀਰਾ, ਅਣੋਖਾ ਸੁਰਮਾ, ਮੈਂਡੀ ਅਖ ਵਿਚ ਪਾਇਆ ਤਾਂ ਮੈਂ ਪਹਿਲੋਂ ਤੈਨੂੰ ਅੰਦਰ ਡਿੱਠਾ, ਪਰ ਜਦ ਮੈਂ ਬਾਹਰ ਮੁੜ ਕੇ ਵੇਹਨਾ ਵਾਂ ਤਾਂ ਤੂੰ ਈਂ ਬਾਹਰ ਏਂ, ਹਾਂ ਇਸ ਪਿੰਡ ਨਾਲ ਬ੍ਰਹਿਮੰਡ ਵਿਚ! ਓ ਸੂਰਜ, ਜਿਹੜਾ ਚਮਕਦਾ ਏ! ਓ ਚਨਾ ਜਿਹੜਾ ਚਮਕਦਾ ਈ ਰਾਤੀਂ! ਏ ਤੈਂਡੇ ਸ਼ੀਸ਼ੇ ਨੇ ਜਿਨ੍ਹਾਂ ਥਾਣੀ, ਓ ਬ੍ਰਹਮ-ਜੋਤ[1], ਤੂ ਛਣਕੇ ਆਵਨੀ ਏਂ- ਮੈਂ ਇਸ ਬਾਰੀ ਥਾਣੀਂ ਵੇਖਨਾ ਈਂ, ਪਾਰ, ਜਿਥੇ ਵਸਨੀ ਏ ਜੋਤ, ਬ੍ਰਹਮ-ਜੋਤ! ਤੇ ਓ ਜੋਤ ਤੂੰ ਵੇਂ ਪਸ਼ੂ-ਪੰਖੀ ਹਰ ਜਾਤ ਵਿਚ, ਪਰ ਜਦ ਮੈਂ ਇਹ 'ਨਾਮ' ਜੋਤ ਪਹਿਲੋਂ ਅੰਦਰ ਅਨੁਭਵ ਕੀਤੀ ਤਦ ਇਹਨੂੰ ਚਾਰ ਚੁਫੇਰੇ ਹਰ ਢੰਗ, ਹਰ ਜਾਤ-ਪਾਤ ਵਿਚ ਪਾਇਆ-

---

1. Cf W. Blake :— "I question not my corporeal eye any more than I would question a window concerning a sight. I look through it and not with it."

"ਜਾਤਿ ਮਹਿ 'ਜੋਤਿ' 'ਜੋਤਿ' ਮਹਿ ਜਾਤਾ,
ਅਕਲ ਕਲਾ ਭਰਪੂਰਿ ਰਹਿਆ ॥"

(ਰਹਰਾਸਿ)

(ਜੋਤ ਏ ਵਾਹਿਗੁਰੂ ਦਾ ਨਿਰੰਜਨ-ਨਾਮ, ਸਭ ਜਾਤੀਆਂ ਵਿਚ, ਅਟੁਟ (ਅਕਲ-ਕਲਾ) ਤੇ ਭਰਪੂਰ)।

ਓ ਸੋਹਣਿਆ, ਤੂੰ ਏਂ ਅੰਦਰ ਤੂੰ ਏਂ ਬਾਹਰ, ਤੂੰ ਏਂ ਪਿੰਡ ਤੂੰ ਏਂ ਬ੍ਰਹਿਮੰਡ, ਤੂੰ ਏਂ ਧਰਤੀ ਤੂੰ ਏਂ ਪਾਤਾਲ-ਆਕਾਸ, ਨੌਖੰਡ ਪ੍ਰਿਥਮੀ ਵਿਚ, ਨਾਲੇ ਏਸ ਤਨ ਰਮਿਆ। ਓਏ ਤੈਨੂੰ, ਓ ਨਾਮ, ਨਿਮਖ ਨਿਮਖ ਨਿਮਸਕਾਰਾ! ਓ ਜੋ ਤੈਨੂੰ ਬਾਹਰ ਪੂਜਦੇ ਨੇ! ਪਾਖਾਣ (ਪਥਰ) ਪੂਜਦੇ ਨੇ! ਓ ਗੁਣ-ਨਿਧ 'ਖਾਣ' ਨਹੀਂ ਪੂਜਦੇ! ਓਏ ਨਾਮ-ਨਿਰੰਜਨਾ, ਮੈਂਡੀ ਆਰਤੀ ਉਹਨਾਂ ਤ੍ਰੋਂ ਮਿਠੇਰੀ ਊ, ਚੰਗੇਰੀ ਊ, ਸੁਹਣੇਰੀ ਊ! ਓਏ ਨਿਰੰਜਨਾ, ਮੈਂਡਾ ਦੇਵਤਾ[2] ਹੋਰਾਂ ਦੇਵਤਿਆਂ ਤੋਂ ਨਿਰਾਲਾ ਈ। ਓ ਅੰਦਰ-ਵਸਿਆ, ਸੁਰਤੀ-ਜਾਇਆ 'ਸੁਪਰਨਾ'!

ਹਾਂ ਸੋਹਣਿਆ ਮਨਮੋਹਣਿਆਂ, ਚਿਤ-ਚੋਰਾ, ਓ ਮੈਂਡਾ 'ਆਪਾ' ਆਪਣੇ ਵਲ ਆਕਰਖਣ (ਖਿਚਣ) ਵਾਲਿਆ ਕ੍ਰਿਸ਼ਨਾ!

੧੦

ਓ ਨਿਰੰਕਾਰ, ਓ ਨਾਰਾਇਣ, ਓ ਨਰਸਿੰਘ ਮੈਂਡਾ ਹਿਰਨ-ਅਕਸ਼ੀ (ਹਿਰਨਾਖਸ, ਜਿਸ ਦੀਆਂ ਅੱਖਾਂ ਹਿਰਨ (ਸੋਨੇ) ਵਤ ਹੋਣ)

---

2. The Olympain gods paled, and were bound to pale, before Mystery Gods.
Cf. Myths of Greece & Rome by Doctor Harrison U. D. Benn Series, last time.

ਵਿਡ ਚੀਰਨ ਵਾਲਿਆ, ਤੈਨੂੰ ਸਦਾ ਸਦਾ ਨਿਮਸ਼ਕਾਰ ! ਪਰ ਅਜ ਮੈਨੂੰ ਚਾ ਚੜ੍ਹਿਆ ਏ ਤੈਨੂੰ ਤੈਂਡੇ ਪੁਰਾਣੇ ਨਾਂ ਨਾਲ ਬੁਲਾਉਣ ਦਾ, ਸੌਖਾ, ਪਰ ਫਿਰ ਵੀ ਔਖਾ ! ਹਾਂ ਤੈਂਡਾ ਸੁੰਦਰ ਨਾਂ, ਨਰ-ਹਰਿ ! ਓ ਇਕ ਨਿਮਾਣੇ 'ਨਰ' ਦੇ ਅੰਦਰੋਂ ਨਿਕਲਣ ਵਾਲਿਆ 'ਹਰੀ' ਹਰਿਆਂ ਭਰਿਆਂ ਕਰਨ ਵਾਲਿਆ ! ਤੂੰ ਮੈਂਡੇ ਆਤਮੇ ਵਿਚੋਂ ਇਉਂ ਨਿਕਲਿਆ ਵੇਂ, ਜੀਕਣ ਵਿਸ਼ਨੂੰ ਦੀ ਨਾਭੀ ਵਿਚੋਂ ਬ੍ਰਹਮਾ-ਚੁਕਿਆ ਕੌਲ-ਫੁਲ, ਯਾ ਜੀਕਣ ਮਾਤਾ ਦੇ ਅੰਦਰੋਂ ਬਾਲਕ ! ਓ ਪ੍ਰੀਤਮਾ, ਅਜ ਤੂੰ ਮੈਨੂੰ 'ਨਰ-ਹਰ' ਰੂਪ ਵਿਚ ਲੁਭਾਵਨਾ ਵੇਂ, ਤਾਂ ਉਸ ਆਪਣੇ ਦੋ-ਮੂੰਹੇਂ[1] ਰੂਪ ਨਾਲ ਜੋ ਅਗੇ-ਪਿਛੇ ਦੋਵਾਂ ਪਾਸਿਆਂ ਵਲ ਤਕਦਾ ਏ! ਹਾਂ ਅਗੇ ਵਲ ਏ-'ਨਰ' ਓਹੋ ਮੈਂ ਕਰਮਾਂ ਵਿਚ ਡੁਬਾ, ਅਕਲ-ਤਰਕੜੀ ਨਾਲ ਨਾਪਦਾ, ਨਾ ਘਟ ਨਾ ਵਧ, ਸੋਚ ਸੋਚ ਕੇ, ਠਰ੍ਹੱਮ ੨ ਕ ਪੈਰ ਧਰਦਾ, ਮਤਾਂ ਕਿਧਰੇ ਥਿੜਕ ਨਾ ਜਾਵੇ, ਪਿਛਾਂ ਵਲ ਏ ਪਰੀ-ਪੂਰਨ ਪ੍ਰਮਾਤਮਾ ਅਸੰਗ-ਨਿਹੰਗ, ਕਾਲ-ਜਾਲ ਦੀ ਜੇਵੜੀ ਤੋਂ ਪਰੇ, ਤੇ ਕਰਮਾਂ-ਧਰਮਾਂ ਦੇ ਬੰਧਨਾਂ ਤੋਂ ਬਾਹਰ ! ਜਦ ਮੈਂ ਬਾਹਰ ਵਲ ਤਕਨਾ ਹਾਂ ਤਾਂ ਅਜੇ ਬੱਧਾ ਹਾਂ, ਸੁਕਰਮ ਕੁਕਰਮ ਦੀਆਂ ਹਰੀਆਂ ਰਸੀਆਂ ਨਾਲ, ਪਰ ਮੁੜ ਕੇ ਜਦ ਅੰਦਰ ਵੇਹਨਾਂ ਹਾਂ ਤਾਂ ਮੈਂ ਉਡਣ-ਪੰਖੇਰੂ, ਉਡਦਾ ਖੇਡਦਾ, ਹਸਦਾ ਟਪਦਾ, ਸਦਾ ਸੁਤੰਤਰ, ਸਦਾ ਨਿਹਾਲ ! ਓ ਅਦਭੁਤ ਲੀਲਾ ! ਓ ਝੂਠੀ ਕਰਮ ਫਿਲਾਸਫੀ ! ਆਓ ਮੈਂਡੇ 'ਗੁਰ' ਬਾਬੇ ਪਾਸ ਤੇ ਸੁਣੋ 'ਕਰਣ-ਹਾਰ'

1. Soul is called 'Janus-Bifrons' because it has 2 faces (bi-fronts) and it is called Janus because like the month of January, it faces both the old and the new year.

ਏ ਉਹੋ[1], ਹਾਂ ਕਰਣ-ਕਾਰਣ ਏ ਉਹੋ-

"ਮੋ ਕਉ ਇਹ ਬਿਧਿ ਕੋ ਸਮਝਾਵੈ ॥
'ਕਰਤਾ' ਹੋਇ ਜਨਾਵੈ ॥ ਰਹਾਉ ॥
ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ ॥
ਦਹਦਿਸ ਇਹ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ ॥
ਮਨ ਤਨ ਧਨ ਭੂਮਿ ਕਾ ਠਾਕੁਰ ਹਉ ਇਸ ਕਾ ਇਹ ਮੇਰਾ ॥
ਭਰਮ ਮੋਹ ਕਛੁ ਸੂਝਸਿ ਨਾਹੀ ਏਹ ਪੈਖਰ ਪਏ ਪੈਰਾਂ ॥
ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹ ਕਛੂ ਨਾ ਹੋਤਾ ॥
ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭ ਕਿਛੁ ਆਪਹਿ ਕਰਤਾ ॥"

ਬਸ ਇੰਝ ਹੀ ਨਰ-ਹਰਿ ਦੁ-ਮੂੰਹਾ ਵੇ, ਨਾਲੇ ਮਨ ਵਲ ਵੇਖਦਾ ਨਾਲੇ ਪਰੀ-ਪੂਰਣ ਆਤਮਾ ਵਲ-ਇਹਨੂੰ ਜੀਵਨ ਆਤਮਾ ਆਖੋ, ਉਨਮਨ ਆਖੋ, ਕੁਝ ਆਖੋ, ਪਰ ਇਹ ਹੈ ਦੋ-ਮੂੰਹਾ।

"ਅਪਨੇ ਕਰਤਬ ਆਪੇ ਜਾਨੈ ਜਿਨੈ ਜਿਨੁ ਇਹੁ ਰਚਨੁ ਰਚਾਇਆ ॥
ਕਹੁ ਨਾਨਕ ਕਰਣਹਾਰ ਹੈ ਆਪੇ ਸਤਿਗੁਰ ਭਰਮੁ ਚੁਕਾਇਆ॥
(ਗਉੜੀ ਮ: ੫)

ਹਾਂ ਜਦ ਸ੍ਰਿਸ਼ਟੀ ਪਹਿਲੋਂ ਪਹਿਲ ਬਣੀ ਤਾਂ ਕਿਸ ਨੇ ਕੀ ਕਰਮ ਕੀਤਾ ਹੋਇਆ ਸੀ ? ਓ ਜਾਣੀ-ਜਾਣ ਪਿਤਾ, ਮੈਂ ਤੈਨੂੰ ਹੁਣ ਜਾਣਿਆ, ਪਹਿਚਾਨਿਆ ! ਓ ਕਰਣ-ਕਾਰਣ ਪਿਤਾ ! ਜੇ

1. Spinoza—'No finite thing can be the cause of itself hence either it is caused by an infinite thing or there must be an infinite regress.'

ਤੂੰ ਬੈਸਾਏਂ ਤਾਂ ਬੈਸਾਂ ਸਵਾਮੀ, ਜੇ ਤੂੰ ਉਠਾਏਂ ਤਾਂ ਉਠ ਭੱਜਾਂ, ਕਰਣ-ਕਰਾਵਣ ਆਪੇ ਤੂੰ ਏਂ, ਮੈਂਡਾ ਭਰਮ ਸਭ ਭੱਜਾ ! ਤੈਂ ਬਿਨ ਰਤਾ ਨਾ ਝੂਲੇ ਪਾਤਾ ! ਹਮ ਮੂਰਖ ਮੁਗਧ ਇਆਨੜੇ ਤੈਂਡਾ ਰਤਾ ਨਾ ਜਾਣਾ ਮਰਮਾ ! 'ਹਉਂ ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ !' ਹਉ ਤਤੀ, ਹਉ ਮੁਤੀ, ਹਉ ਡੂਮਣੀ ਜਾਣਾ ਆਪਣਾ-ਆਪ ! ਓ ਕਰਣ–ਕਾਰਣਾ ਤੈਂ ਹੱਥ ਜੋਰ–

"ਜਿਸ ਹਥਿ ਜੋਰ ਕਰਿ ਵੇਖੈ ਸੋਇ ॥
ਨਾਨਕ ਉਤਮੁ ਨੀਚੁ ਨ ਕੋਇ ॥"

ਓ ਅੰਦਰ-ਵਸਿਆ, ਓ ਬਾਹਿਰ–ਵਸਿਆ, ਤੂੰ ਖਿਚਨਾ ਏਂ ਵਾਗਾਂ ਤੇ ਤਣਾਵਾਂ ਹਭੇ ਸੰਸਾਰ ਦੀਆ, ਹਾਂ ਤੂੰ ਨਚਾਵੇਂ ਨਾਚ ਤੇ ਮੈਂ ਮੂਰਖ ਆਖਾਂ-ਮੈਂ ਪਿਆ ਆਪ ਨਚਨਾਂ ਵਾਂ !'–ਹਾਂ ਤੀਲਾ ਆਖੇ ਵਣ ਨੂੰ, ਮੈਂ ਤੈਨੂੰ ਖਿਡਾਨਾ ਵਾਂ ਖੇਡਾਂ, ਬੂੰਦ ਆਖੇ ਸਾਗਰ ਨੂੰ ਮੈਂ ਭਰਨਾ ਵਾਂ ਸਮੁੰਦਰ ! ਓਏ ਭੁਲਿਆ 'ਨਰਾ', ਇਹ 'ਹਰੀ' ਦੇਵ ਤੁਣਕਾ, ਜਿਉਂ ਜਿਉਂ ਉਹ ਦੇਵੇ ਢੀਲ, ਤਿਉਂ ਤਿਉਂ ਚੜ੍ਹੇ ਗੁਡੀ ਤੇ ਜੇ ਉਹ ਖਿਚੇ ਤਾਂ ਗੁਡੀ ਮੁੜ ਧਰਤੀ ਤੇ ਡਿਗੇ ! ਓ 'ਨਰ–ਹਰ' ਹਾਂ ਅਜ ਮੈਂ ਤੈਨੂੰ ਖੂਬ ਪਛਾਤਾ ਵ, ਤੂੰ ਮੇਰ ਵਿਚ ਏਂ ਤੇ ਮੈਂ ਤੇਰੇ ਵਿਚ, ਗੁਥਮ-ਗੁਥਾ, ਜੋਟੜੇ, ਪੈਰ ਬਧੇ ਮੁੜ ਅਕੱਠੇ ਨਚਦੇ ਤੇ ਟਪਦੇ ਤੇ ਭਜਦੇ–ਹਾਂ ਪਰ ਤੂੰ ਉਹ 'ਹਰਿ' ਭਜਾਵੇਂ, ਨਚਾਵੇਂ ਤੇ ਮੈਨੂੰ ਲਿਖਾਵੇਂ–

"ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥"

(ਸਾਰਗ ਵਾਰ ਮ: ੪)

ਓ 'ਨਰ-ਹਰਿ' ਤੇਂਡੇ ਹੁਕਮ ਨਾਲ ਚਲਣੀਆਂ ਨੇ ਸਭ ਕਲਾਂ ਪਰ ਮੈਂ ਆਖਾਂ ਮੈਂਡੀ ਅਖ ਨਾਲ ! ਓ ਕਰਮੇ, ਤੁਸੀਂ ਓਹ ਪ੍ਰਛਾਵਾਂ, ਮੈਂਡੇ ਹੁਕਮੀ ਦੇ ਹੁਕਮ ਦਾ ! ਓ ਪ੍ਰਛਾਵਿਓਂ, ਤੁਸੀਂ

ਦਿਸਦੇ ਹੋ ਸਚੇ, ਕਿਉਂਕਿ ਮੈਂਡਾ 'ਨਰ-ਹਰਿ' ਬਾਹਰ ਨਹੀਂ ਅੰਦਰ ਵਸਨਾ ਵੇਂ ! ਓ ਸਾਡੀ (See Bergson's "Creative Revolution") ਅੱਖ ਨਾਲ ਵੇਖਦਾ ਏ, ਸਾਡੇ ਦਿਲ ਨਾਲ ਸੋਚਦਾ ਏ, ਸਾਡੇ ਮਨ ਨਾਲ ਕਲਪਦਾ ਏ ਤੇ ਸਾਡੇ ਪੈਰਾਂ ਨਾਲ ਭਜਦਾ ਏ ! ਓ ਅਣੋਖੇ-ਆੜੀਆ ! ਓ ਮੈਂਡੇ ਅੰਦਰ ਵਸਿਆ, ਗਗਨ ਵਸਿਆ, ਓ ਮੈਂਡੇ ਪਰੀ-ਪੂਰਨਾ, ਜ਼ੋਰ ਤੈਂਡਾ ਏ ਪਰ ਨਾ ਮੈਂਡਾ ਏ, ਤੂੰ ਤੇ ਮੈਂ ਹੋਏ ਹੋਏ ਜੋ ਇਕੋ ! ਓ ਘਟ-ਘਟ ਵਾਸੀ, ਸਰਬ ਨਿਵਾਸੀ ਘਟ ਬਿਨਸੇ, ਪਰ ਤੂੰ ਵੇਂ ਉਥੇ ਦਾ ਉਥੇ ! ਓ ਅਣੋਖੇ ਗਗਨਾ—

"ਆਕਾਸ ਗਗਨ ਪਾਤਾਲ ਗਗਨ ਚਹੁਦਿਸਿ ਗਗਨ ਰਹਾਇਲੇ ।
ਆਨੰਦ ਮੂਲ ਸਦਾ ਪੁਰਖੋਤਮ ਘਟ ਬਿਨਸੈ ਗਗਨ ਨਾ ਜਾਇਲੇ
ਪੰਚ ਤਤੁ ਮਿਲਿ ਕਾਇਆ ਕੀਨੀ ਤਤੁ ਕਹਾ ਤੇ ਕੀਨੁ ਰੇ ॥
ਕਰਮਬੱਧ ਤੁਮ ਜੀਉ ਕਹਤ ਹਹੁ ਕਰਮਹਿ ਕਿਨ ਜੀਉ ਦੀਨ ਰੇ ।
'ਹਰਿ' ਮਹਿ 'ਤਨ' ਹੈ,'ਤਨ' ਮਹਿ 'ਹਰਿ' ਹੈ ਸਰਬ
ਨਿਰੰਤਰਿ ਸੋਇ ਰੇ ॥
ਕਹਿ ਕਬੀਰ ਰਾਮ ਨਾਮ ਨ ਛੋਡਉ
'ਸਹਜੇ' ਹੋਇ ਸੁ ਹੋਇ ਰੇ ॥"
(ਗੌਂਡ ਕਬੀਰ ਜੀ)

('ਗਗਨ' ਪਰੀ-ਪੂਰਨ, ਪਾਰਬ੍ਰਹਮ ਜੋ ਘਟ ਟੁਟਣ ਤੇ ਨਹੀਂ ਟੁਟਦਾ ਜੀਕਣ ਆਕਾਸ਼ ! ਹਾਂ ਉਹ ਵੇ ਕਰਮਾਂ ਦਾ ਮੁਢ)

ਓ ਕਰਮ-ਮੰਡਲ 'ਨਰ ਹਰਿ' ਨਿਮਸ਼ਕਾਰ ! ਓ 'ਧਰਮ-ਖੰਡ' ਧੰਨ ਤੈਂਡੀ ਕਰਮ-ਖੰਡਣੀ ਨੀਂਹ ! ਓ ਬ੍ਰਹਮ ਗਿਆਨ ਦਿਆ ਪਹਿਲਿਆ ਪਉੜਿਆ, ਬਲਿਹਾਰ !

ੴ ਸਤਿਗੁਰਪ੍ਰਸਾਦਿ

ਸ੍ਰੀ

ਗਿਆਨ ਖੰਡ

ਤੇ

ਬਿਬੇਕ ਵਿਚਾਰ

(ਸਚੇ ਤੇਰੇ ਖੰਡ ਸਚੇ ਬ੍ਰਹਮੰਡ)

(ਆਸਾ ਦੀ ਵਾਰ)

ਵਾਹੁ ਵਾਹੁ ਗਿਆਨ-ਖੰਡ

ਓ ਅੰਤਰ–ਵਸਿਆ ਪਾਰਬ੍ਰਹਮ ! ਤੂੰ ਅਜ ਅਰਸ਼ਾਂ ਨੂੰ ਛਡ ਮੈਂਡਾ 'ਨਰ-ਹਰਿ' ਬਣ ਆਇਓਂ–ਨਰ ਨੂੰ ਹਰਿਆ-ਭਰਿਆ ਕਰਣ ਵਾਲੜਾ ! ਓ ਇਸ ਨਿਕੇ ਜਿਹੇ ਠੂਠੇ ਵਿਚ ਅਨੂਠਾ ਸਮੁੰਦਰ ਡਕਣ ਵਾਲਿਆ ਚੋਜੀਆ ! ਓ ਬ੍ਰਹਮਾ ਵਾਂਗ ਮੈਂਡੀ ਆਪਣੀ ਧੁਨੀ ਵਿਚੋਂ ਨਿਕਲਣ ਵਾਲਿਆ–ਹਾਂ 'ਨਾਮ' ਦੀ ਧੰਨਵੰਤ ਧੁਨੀ ਤੋਂ ! ਓ 'ਹਰੀ' ਤੈਂ ਛਲ ਲਈ ਏ ਮੈਂਡੀ ਅਪਣੱਤ (Self-hood) ਤੇ ਹੁਣ ਹਿਰਿਆ ਮੈਂ ਓ ਵੇਹਨਾਂ ਈਂ ਤੈਨੂੰ ਚੌਪਾਸੇ ! ਓ ਕਰਮੋ, ਤੁਹਾਡੀ ਪੋਟਲੀ, ਤੁਹਾਡੀ ਪੰਡ, ਅਜ ਮੈਂਡੀ ਪਿਠ ਤੋਂ ਗਿਰ ਪਈ ਏ ਤੇ ਅਜ 'ਕਰਣ–ਹਾਰ' ਏ ਓ ਆਪ ! ਓ ਨਰਹਰਿ ਅੰਨੇ ਦੀ ਡਗੋਰੀ ਪਕੜਨ ਵਾਲਿਆ ! ਓ ਸਾਵਲ-ਸ਼ਾਹ ਦੀ ਹੁੰਡੀ

ਭਰਨ ਵਾਲਿਆ ! ਓ ਪਾਂਡੀਆ, ਮੈਂਡੀ ਤ੍ਰੈ-ਮਣੀ ਪੰਡ ਉਠਾਵਣ ਵਾਲਿਆ ! ਓ ਕੋਮਲ-ਬਦਨ, ਓ ਕੂਲੇ ਬਦਨ, ਓ ਸੁੰਦਰ ਬਦਨ, ਐਡਾ ਭਾਰ ਚੁਕ ਕੇ ਤੂੰ ਥੱਕ ਜਾਏਂਗਾ ! ਪੈਰਾਂ ਵਿਚ ਰੋੜੇ ਚੁਭਣਗੇ ਨੀ। ਪਰ ਓਏ ਅਥੱਕ ਪਾਂਡੀਆ, ਤੈਂ ਸਾਰਾ ਬ੍ਰਹਮੰਡ ਚੁਕਿਆ ਹੋਇਆ ਹੈ ! ਇਕ ਨਹੀਂ, ਅਨੇਕ ਅਨੰਤ। ਪਰ ਫਿਰ ਵੀ ਤੂੰ ਨਹੀਉਂ ਸੌਂਦਾ, ਤੂੰ ਨਹੀਉਂ ਊਂਘਦਾ ! ਓ ਸਦਜਾਗਦਿਆ ਪਾਂਡੀਆ ! ਹਾਂ ਹੁਣ ਮੈਂ ਤੈਨੂੰ ਜਾਣਿਆ। ਓ ਚਿਤ ਚੋਰ ਪਾਂਡੀਆ ! ਓਏ ਲੋਕਾਂ ਦੀਆਂ ਪੰਡਾਂ ਉਠਾਵਣ ਵਾਲਿਆ ! ਓ ਕਰਮੇ, ਓ ਪਾਪੋ ਤੇ ਪੁੰਨੋ—'ਪਾਪ ਪੁੰਨ ਬੀਜ ਕੀ ਪੋਟ'–ਮੈਂਡੇ ਸਿਰ ਨਹੀਂ, ਇਹ ਤਾਂ ਰਚਣਹਾਰ ਦੇ ਸਿਰ ਨੇ-'ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ'–ਹਾਂ ਤੇ ਮੈਂ ਫਿਰਦਾ ਜੇ ਨਿਸ਼ੰਗ, ਨਿਹੰਗ, ਮਲੰਗ ! ਓ ਨਿਸ਼ਕਾਮ-ਕਰਮ, ਹਾਂ ਮੈਂ ਤੈਨੂੰ ਵੇ ਅਜ ਡਿਠਾ ! ਓ ਨਰ-ਹਰਿ ਜਦ ਤੈਂ ਵਿਖਾਲਿਆ :

"ਨਾਮੁ" ਰਿਦੈ ਅੰਮ੍ਰਿਤੁ ਮੁਖਿ 'ਨਾਮ'।
ਨਰਹਰਿ 'ਨਾਮੁ' ਨਰਹਰਿ ਨਿਹਕਾਮ॥ ਰਹਾਉ ॥
(ਗਉੜੀ ਮ: ੧)

ਓ ਨਿਸ਼ਕਾਮ-ਕਰਮ ਦੀ ਗੁੜ੍ਹਤੀ ! ਓ ਨਿਸ਼ਕਾਮ ਕਰਮ ਦੀ ਜੁਗਤੀ ! ਓ ਨਿਸ਼ਕਾਮ-ਕਰਮ ਦੀ ਵਿਉਂਤ ! ਓ ਨਿਸ਼ਕਾਮ-ਕਰਮ ਦਾ ਮੰਤਰ ! ਓ ਨਿਸ਼ਕਾਮ-ਕਰਮ ਦੀ ਥਿਊਰੀ ! ਓ ਨਿਸ਼ਕਾਮ-ਕਰਮ ਦਾ ਸੁਖ ! ਓ ਨਿਸ਼ਕਾਮ ਕਰਮ ਦਾ ਫੁਲ ਹੌਲਾ ਖੇੜਾ ! ਓ ਨਿਸ਼ਕਾਮ ਕਰਮ ਦਾ ਸਾਧਨ ! ਓ ਨਿਸ਼ਕਾਮ ਕਰਮ ਦਾ ਪੰਥ ! ਓ ਨਿਸ਼ਕਾਮ ਕਰਮ ਦਾ ਅੰਮ੍ਰਿਤ-ਫੱਲ ! ਵਾਹ ਵਾਹ 'ਨਾਮ' ਵਾਹ ਵਾਹ ! ਵਾਹ ਵਾਹ ਜੋਤ ਵਾਹ ਵਾਹ ! ਵਾਹ ਵਾਹ ਉਲਟਿਆ ਕਮਲ ਵਾਹ ਵਾਹ ! ਵਾਹ ਵਾਹ ਖੁਲ੍ਹਿਆ ਦਸਮ ਦਵਾਰ ਵਾਹ

ਵਾਹ ਵਾਹ ! ਵਾਹ ਵਿਧਾ ਤ੍ਰਿਭਵਣ ਵਾਹ ਵਾਹ ! ਵਾਹ ਵਾਹ ਚੜ੍ਹਿਆ ਦਿਨ ਵਾਹ ਵਾਹ ! ਵਾਹ ਵਾਹ ਪੂਰਣਮਾਸ਼ੀ ਦਾ ਚੰਨ ਚੜ੍ਹਿਆ ਦਿਨ ਵਾਹ ਵਾਹ ! :-

"ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣ ਬੇਧਿਆ ਆਪਿ ਮੁਰਾਰਿ ॥
ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥"

ਓ ਬ੍ਰਹਮ ਬੀਚਾਰ ਤੈਂਡੀ ਕੁੰਜੀ ਨਾਲ ਸਾਰਾ ਤ੍ਰਿਭਵਣ ਵਿਧਾ ਗਿਆ ! ਓਹ ਲੋਕ ਪ੍ਰਲੋਕ ਦਾ ਰਾਹ ਖੁਲ੍ਹ ਗਿਆ ਹੈ ਤੇ ਮੈਂ ਟਪਨਾ ਊਂ ਮਾਤੇ-ਹਾਥੀ ਵਾਂਗ ਇਸ ਕੋਮਲ ਕਦਲੀ ਬਨ(ਪ੍ਰਿਥਵੀ ਰੂਪੀ ਬਨ ਜੋ ਹੁਣ ਬਨ ਨਹੀਂ ਖੇਡਨ ਦੀ ਥਾਂ ਏ) ਵਿਚ। ਓ ਬ੍ਰਹਮ ਗਿਆਨ ਤੈਂਡਾ ਚਲੂਲਾ ਚਾਨਣ ਮੈਂਡੇ ਤਨ ਮਨ ਨੂੰ ਠਾਰਦਾ ਏ ! ਓ ਬ੍ਰਹਮ ਗਿਆਨ ਤੈਂਡੀ ਕੁੰਜੀ ਮੈਨੂੰ ਅਰਸ਼ ਦੀ ਬਾਦਸ਼ਾਹੀ ਬਖਸ਼ਦੀ ਏ। ਓ ਬ੍ਰਹਮ ਗਿਆਨ, ਤੈਂ ਬਿਨਾਂ ਮੈਂ ਵਿਲਕਦਾ ਸਾਂ, ਰੋਂਦਾ ਸਾਂ, ਕੁਰਲਾਂਦਾ ਸਾਂ, ਡੁਬਦਾ ਸਾਂ, ਗੋਤੇ ਖ ਦਾ ਸਾਂ ਤੇ ਇਉਂ ਕੀਰਨੇ ਪਾਂਦਾ ਸਾਂ :—

"ਏਕ ਬੂੰਦ ਜਲ ਕਾਰਨੇ ਚਾਤ੍ਰਿਕ ਦੁਖ ਪਾਵੈ ॥
ਪ੍ਰਾਨ ਗਏ ਸਾਗਰ ਮਿਲੈ ਫੁਨਿ ਕਾਮਿ ਨ ਆਵੈ ॥
ਪ੍ਰਾਨ ਜੁ ਥਾਕੇ ਤਿਰ ਨਹੀਂ ਕੈਸੇ ਬਿਰਮਾਵਉ ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਹੁ ॥"
(ਬਿਲਾਵਲ ਸਧਨਾ ਜੀ)

ਓ ਸ੍ਵਾਂਤੀ-ਬੂੰਦ, ਤੈਂ ਬਿਨਾਂ ਮੈਂ ਤਰਸਨਾਂ ਵਾਂ, ਜੁ ਤਰਸਣ ਵਾਲਾ ਜੀਵ-ਪੰਖੇਰੂ ਹੀ ਉਡ ਗਿਆ ਤਾਂ ਕੀ ਹੋਇਆ ਜੇ ਪਿਛੋਂ ਸਾਰਾ ਸਮੁੰਦਰ ਹੀ ਲਭ ਪਵੇ ? ਓਏ ਏ ਪ੍ਰਾਨ-ਪਿੰਜਰ ਥਕ ਗਿਆ

ਵੇ,ਚਲਣੇ ਦੀਆਂ ਤਿਆਰੀਆਂ ਵਿਚ ਏ, ਬੇ ਸਮੁੰਦਰ ਵਿਚ ਜਿੰਦੜੀ ਡੁਬ ਗਈ ਤੇ ਪਿਛੋਂ ਬੇੜੀ ਮਿਲੀ ਤੇ ਕਿਸ ਕੰਮ ? ਓ 'ਨਰ ਹਰਿ', ਓ ਨਰ-ਨਾਰਾਇਣ ਬਹੁੜ ਤੇ ਇਸ ਕਰਮ-ਫਸੀ ਜਿੰਦੜੀ ਨੂੰ ਬੰਧਨਾਂ ਤੋਂ ਛੁੜਾ ! ਹਾਂ ਓ ਭਗਵਾਨ, ਓ ਸਮ੍ਰਥ-ਪਾਰਬ੍ਰਹਮ ਤੈਂਡੀ ਸ਼ਰਨ ਆਇਆ ਊਂ, ਜੇ ਸ਼ੇਰੇ-ਬਬਰ ਦੀ ਸ਼ਰਨ ਫੜਿਆਂ ਵੀ ਗਿਦੜਾਂ (ਕਰਮਾਂ) ਦਾ ਡਰ ਰਿਹਾ ਤਾਂ ਸ਼ੇਰ ਦੀ ਸ਼ਰਨ ਕਾਹਨੂੰ ਫੜਨੀ :—

"ਤਵ ਗੁਣ ਕਹਾ ਜਗਤ ਗੁਰਾ ? ਜਉ 'ਕਰਮ' ਨਾ ਨਾਸੈ ॥
ਸਿੰਘ ਸਰਨਿ ਕਤ ਜਾਈਐ ਜਉ ਜੰਬੁਕ ਗ੍ਰਾਸੈ ॥ ਰਹਾਉ ॥"

ਓ ਜਗਤ-ਗੁਰਾ, ਤੈਂਡੀ ਸ਼ਰਨ ਕਾਹਨੂੰ ਆਉਣਾ ਏ ਜੇ ਕਰਮਾਂ ਦੀ ਪੋਟਲੀ ਸਾਡੀ ਪਿਠ ਤੇ ਰਹਿਣੀ ਏ ? ਓ ਸ਼ੇਰ-ਬਬਰਾ ਆ ਤੇ ਇਹਨਾਂ ਗਿਦੜਾਂ ਨੂੰ ਆਪਣੀ ਚਿੰਘਾੜ ਨਾਲ ਫਾੜ......।

ਓ ਬ੍ਰਹਮ ਜੋਤ, ਓ ਓਤ-ਪੋਤ, ਓ ਨਰ-ਹਰਿ ਤੂੰ ਬਾਹੁੜਿਓਂ, ਸਚ ਮੁਚ ਬਾਹੁੜਿਓਂ, ਤੇ ਮੈਂਡੀ ਪੰਡ' (ਕਰਮਾਂ ਦਾ ਬੋਝ) ਚੁਕ ਕੇ ਇਉਂ ਗਾਇਉਂ ! ਓ ਕ੍ਰਿਪਾ ਨਿਧਾਨ—

"ਮਨ ਤੇ ਭੈ ਭਉ ਦੂਰਿ ਪਰਾਇਓ ॥
ਲਾਲ ਦਇਆਲ ਗੁਲਾਲ ਲਾਡਿਲੇ ਸਹਜਿ ਸਹਜਿ ਗੁਨ ਗਾਇਓ ॥ ਰਹਾਉ ॥
ਗੁਰ ਬਚਨੀਤ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ ॥
ਰਹਤ ਉਪਾਧਿ ਸਮਾਧਿ ਸੁਖ ਆਸਨ ਭਗਤਿਵਛਲ ਗ੍ਰਿਹਿ ਪਾਇਓ ॥
ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ ॥
ਕਰਨਾ ਆਪਿ, ਕਰਾਵਨ ਆਪੇ, ਕਹੁ ਨਾਨਕ ਆਪਿ ਆਪਾਇਓ ॥ ਰਹਾਉ ॥
(ਸਾਰੰਗ ਮ: ੫)

ਓ 'ਕਰਨਾ ਆਪਿ ਕਰਾਵਨ ਆਪੇ' ਮੇਂਡੀ ਤੇਨੂੰ ਬਾਰੰਬਾਰ ਨਿਮਸ਼ਕਾਰ—ਓ 'ਨਰਹਰਿ ਨਾਮੁ, ਨਰਹਰਿ ਨਿਹਕਾਮੁ।'

੨

ਨਿਸ਼ਕਾਮ ਕਰਮਾਂ ਦੀ ਜੁਗਤੀ ਬਸ ਏ ਵੇ 'ਨਾਮ' ਜੋ ਆਪਣੇ ਹਥ ਮਿਸ਼ਾਲ ਲੈ ਕੇ ਇਕ ਤਾਂ ਸਾਨੂੰ ਰਾਂਹ ਦਸਦਾ ਏ ਦੂਜੇ ਸਾਡੇ ਅੰਦਰ ਸੀਤਲਤਾ ਤੇ ਸੰਤੋਖ ਦੀ ਹਿਵੈ-ਰੁਤ ਫੇਰਦਾ ਹੈ। ਉਸ ਬਿਨਾਂ ਅਸੀਂ ਸਦਾ ਹੁਸੜੇ ਤੇ ਭੇਂਦਲਦੇ ਹਾਂ—ਕਿਸੇ ਹਲਕੇ ਕੁਤੇ ਵਾਂਗ ਜੋ ਆਏ ਗਏ ਤ ਆਪਣੇ ਆਪ ਸਭ ਨੂੰ ਬਟਦਾ ਤੇ ਝਗ ਸੁਟਦਾ ਏ! ਓ ਤ੍ਰਿਸ਼ਨਾ-ਭਾਂਬੜ ਤੈਨੂੰ ਠਾਰਨ ਵਾਸਤੇ ਉਸ ਸੀਤਲ-ਨਾਮ ਦੀ ਬਰਖਾ ਦੀ ਲੋੜ ਏ! ਓ ਤ੍ਰਿਸ਼ਨਾ ਤੂੰ ਹੋਰ ਕਾਸੇ ਬੰਬੂਾਂ ਨਹੀਂ ਬੁਝਦੀ! ਸਾਰੇ ਸੰਸਾਰ ਦਾਂ ਆਦਿ ਇਹ ਤਾਂਘ ਏ, ਏ ਕਾਮਨਾ, ਏ ਤ੍ਰਿਸ਼ਨਾ! ਬੁਧ ਜੀ ਨੇ ਬੋਧੀ-ਬ੍ਰਿਛ ਹੇਠਾਂ ਬਹਿ ਕੇ ਇਸੇ ਹੀ ਸੰਸਾਰ-ਚੱਕਰ ਨੂੰ ਉਚਾਰਿਆ ਸੀ: ਆਦਿ ਵਿਚ ਏ ਤਾਂਘ ਜਾਂ ਤ੍ਰਿਸ਼ਨਾ ਜੋ ਅਵਿਦਿਆ ਦੀ ਧੀ ਏ, ਅਵਿਦਿਆ ਤੋਂ ਉਪਜਦੇ ਨੇ ਉਹ ਸੰਕਲਪ-ਵਿਕਲਪ ਰੂਪੀ ਸੰਸਕਾਰ, ਜਿਨ੍ਹਾਂ ਦੀ ਪੋਟਲੀ ਅਸੀਂ ਮਰਨ ਪਿਛੋਂ ਵੀ ਨਾਲ ਲੈ ਟੁਰਦੇ ਹਾਂ। ਇਹਨਾਂ ਤੋਂ ਫਿਰ ਉਪਜਦੀ ਏ ਚੇਤਨਤਾ, ਜੋ ਆਪਣਾ ਕਤਿਆ ਆਪ ਹੀ ਓੜ੍ਹਦੀ ਏ, ਫਿਰ ਨਾਂ ਤੇ ਥਾਂ ਦੇ ਰੱਸੇ ਸਾਡੇ ਗਲ ਪੈਂਦੇ ਨੇ, ਫਿਰ ਪੰਜ ਗਿਆਨ ਇੰਦ੍ਰੇ ਤੇ ਉਨ੍ਹਾਂ ਨੂੰ ਬੰਨ੍ਹਣ ਵਾਲਾ ਛੇਵਾਂ ਮਨ ਉਪਜਦਾ ਏ, ਫਿਰ ਪੰਜ ਕਰਮ ਇੰਦ੍ਰੇ ਟੁਰਨ ਫਿਰਨ ਤੇ ਰਿੜ੍ਹਣ ਵਾਲੇ। ਇਹਨਾਂ ਤੋਂ ਪਰਸਪਰ ਪਰਸ (Contact) ਇਕ ਦਾ ਦੂਜੇ ਨਾਲ ਠਹਿਕਣਾ, ਠਹਿਕਣ ਤੋਂ ਸਵਾਦ, ਸਵਾਦ ਤੋਂ ਬੰਧਨ ਤੇ ਬੰਧਨ ਤੋਂ ਹਉਮੈ (ਗੁਰੂ ਸਾਹਿਬ ਇਉਂ, ਲਿਖਦੇ ਹਨ—ਹਉਮੈ ਏਹਾ ਜਾਤ ਹੈ॥' ਖੁਨਾ—'ਹਉਮੈ

ਏਹਾ ਹੁਕਮ ਹੈ।' ਪਨਰ ਵੀਚਾਰ ਕਰ ਲੈਣੀ, ਸ਼ਾਸਤ੍ਰ ਵੀਚਾਰ ਵੀ ਇਹ ਹੈ—"ਮਨ ਬੁਧਿ ਚਿਤ ਹੰਕਾਰ।") ਤੇ ਹਉਮੈ ਤੋਂ ਜਨਮ, ਤੇ ਜਨਮ ਪਿਛੋਂ ਮਰਨ*। ਗੰਢ ਵਿਚ ਤ੍ਰਿਸ਼ਨਾ ਦੀ ਹੈ ਜੋ ਅਵਿਦਿਆ ਦੀ ਧੀ ਹੈ। ਬਧ ਜੀ ਕਹਿੰਦੇ ਨੇ ਕਿ ਜੋ ਇਸ ਰਮਜ਼ ਨੂੰ ਜਾਣਦੇ ਨੇ ਉਹ ਆਪੇ ਹੀ ਤ੍ਰਿਸ਼ਨਾ ਜਾਲ ਤੋਂ ਛੁਟਕਾਰਾ ਪਾ ਜਾਂਦੇ ਨੇ— ਆਪੇ, ਇਹ ਆਖਣਾ ਰਤਾ ਕੌੜਾ ਘੁਟ ਏ, ਕਿਉਂਕਿ ਮੈਂ ਆਹਨਾਂ ਹਾਂ—

"ਤ੍ਰਿਸ਼ਨਾ ਕਦੇ ਨਾ ਬੁਝਈ ਦੁਬਿਧਾ ਹੋਇ ਖੁਆਰੁ...॥
ਨਾਨਕ 'ਨਾਮਿ' ਵਿਹੂਣਿਆ ਨ ਉਰਵਾਰਿ ਨ ਪਾਰ।"
(ਸੋਰਠਿ ਮ: ੩)

ਓ ਪਿਆਰਿਆ ਮਿਤ੍ਰਾ, ਓ ਜੀਵੜਿਆ, ਤ੍ਰਿਸ਼ਨਾ ਨਹੀਂ ਮਿਟਦੀ, ਇਹਨਾਂ ਅਕਲੀ ਵਿਚਾਰਾਂ ਤੇ ਅਕਲੀ ਛਾਣ-ਬੀਨਾਂ ਨਾਲ। ਕਿਉਂਕਿ ਇਹ ਆਪ ਏ ਅਕਲ ਦੀ ਲਾੜੀ। ਪਰ ਜਦ

---

1. Budha fixed his mind on the chain of causation and found :- "The first is 'avidya' i. e. ignorance or limitation, the primary cause from Avidya come the Samaskeres, from the consciousness, then Nare and Form, then the six powers of perception. from these contact, from cotact sensation, from sensation desire, from desir attachment from attachment exisstance Vs. personality from this Birth & Decay—Cf. A. Besant on Four Great Religions. ਇਹ ਬੁਧ ਜੀ ਦਾ ਚੱਕਰ ਹੈ, ਸਾਂਖ ਫਿਲਾਸਫੀ ਦਾ ਭਿਨ ਹੈ।

ਅਕਲ ਤੋਂ ਉਚੇਰੀ ਨਾਮ-ਨਿਰੰਜਨ ਕਣੀ ਸਾਡੇ ਵਿਚ ਆ ਵਸਨੀ ਏ, ਤਾਂ ਇਹ ਆਪ ਕਾਫੂਰ ਹੋ ਜਾਨੀ ਏ, ਜੀਕਣ ਦਿਨ ਆਇਆਂ ਰਾਤ। ਪਰ ਰਾਤ ਨੂੰ ਰਾਤ ਆਪ ਨਹੀਂ ਕਢ ਸਕਦੀ, ਭਾਵੇਂ ਸਾਰੇ ਪਹਿਰ ਯਤਨ ਪਏ ਲਾਵਣ। 'ਨਾਮ-ਜੋਤ' ਠੰਢੀ ਜੋਤ ਏ, ਇਹ ਸੀਤਲਤਾ ਦਾ ਗੁੜ੍ਹਾ ਖਜ਼ਾਨਾ ਏ ਇਹ ਤ੍ਰਿਸ਼ਨਾ ਦੀ ਅੱਗ ਬੁਝਾਉਣ ਵਾਲੀ ਅੰਮ੍ਰਿਤ ਬਰਖਾ ਹੈ :—

"ਜਲਨਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ ॥
ਨਾਨਕ ਪ੍ਰਭ ਪੂਰਨ ਮਿਲੇ ਦੁਤੀਆ ਬਿਨਸੀ ਭ੍ਰਾਂਤਿ ॥
ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ ॥
ਨਾਨਕ ਭ੍ਰਮ ਭੈ ਮਿਟਿ ਗਏ ਰਮਣ-ਰਾਮ ਭਰਪੂਰ ॥"

(ਰਾਮਕਲੀ ਛੰਤੁ ਮ: ੫)

ਓ ਨਾਮ ਬੀਣ, ਤੂੰ ਤ੍ਰਿਸ਼ਨਾ ਰੂਪ ਸੱਪ ਨੂੰ ਕੀਲ ਕੇ ਆਪਣੀ ਖੁਡ ਵਿਚ ਵਾੜ ਖੜਦੀ ਏ! ਓ ਅਖੰਡ ਮੰਡਲ ਨਿਰੰਕਾਰ ਦੀ ਅਨਹਤਾ ਬੀਨ, 'ਚੋਖੱਨੀਏ'! ਓ ਤ੍ਰਿਸ਼ਣਾ ਖਣੀ (ਖੀਣ ਕਰਨ ਵਾਲੀ, ਨਾਸ ਕਰਣ ਵਾਲੀ) ਓ ਜੀਵਣ ਕਣੀ ਚੋਖੱਨੀਏ!

"ਸੋਧਤਿ ਸੋਧਤਿ ਸੋਧਿ ਤਤੁ ਬੀਚਾਰਿਆ ॥
'ਨਾਮ' ਬਿਨਾ ਸੁਖ ਨਾਹਿ ਸਰਪਰ ਹਾਰਿਆ ॥
ਵਿਸਰ ਨਾਹੀ ਦਾਤਾਰ ਅਪਣਾ 'ਨਾਮ' ਦੇਹੁ।
ਗੁਣ ਗਾਵਾ ਦਿਨ ਰਾਤਿ ਨਾਨਕ ਚਾਉ ਏਹੁ ॥"

(ਸੂਹੀ ਮ: ੧)

੩

ਤ੍ਰਿਸ਼ਨਾ ਉਹ ਮੋਹਣੀ ਅਪਛਰਾਂ ਏ ਜਿਸ ਨੇ ਸੁਰ-ਨਰ-ਅਸੁਰ ਤਿੰਨਾਂ ਨੂੰ ਆਪਣੇ ਜਾਲ ਵਿਚ ਵਲ੍ਹੇਟਿਆ ਹੋਇਆ ਏ। ਇਸ ਨੂੰ

ਵਸ ਕਰਨ ਵਾਲੀ 'ਬੀਣ' ਅਕਲ ਨਹੀਂ। ਕਿਉਂਕਿ ਅਕਲ ਇਹਦੀ ਆਪਣੀ ਜਾਈ ਹੈ, ਪਰ ਜਦ 'ਅਕਲ' ਨਾਲ 'ਸੁਰਤੀ' ਰਲ ਜਾਂਦੀ ਏ, ਜੋ 'ਨਾਮ' ਨੂੰ ਸੁਣਦੀ ਏ, ਤਦ ਇਸ ਸਾਂਝੇ ਸੰਜੋਗ ਨਾਲ 'ਗਿਆਨ ਰਾਏ, ਰੂਪੀ ਪੁਤ ਦਾ ਅੰਦਰ ਜਨਮ ਹੁੰਦਾ ਹੈ—

ਅਕਲ	ਸੁਰਤੀ	—	ਗਿਆਨ ਰਾਏ
(ਪਿਤਾ)	(ਮਾਤਾ)		(ਪੁਤ)

(In-tuition ਭਾਵ ਜੋ ਅੰਦਰੋਂ ਸਿਖਾਈ, ਬਾਹਰਲਾ ਘੋਲ ਕੇ ਪਾਇਆ ਇਲਮ ਹੋਰ ਏ, ਤੇ ਇਹ ਅੰਦਰੋਂ ਉਗਿਆ ਇਲਮ Inspiration ਹੋਰ)

ਹਾਂ, ਉਹ ਗਿਆਨ ਰਾਏ ਤੂੰ ਅਣੋਖੇ ਸੰਜੋਗ ਦਾ ਜਾਇਆ ਏਂ! ਤੈਨੂੰ ਅਰਸ਼ (ਸੁਰਤੀ) ਤੇ ਕੁਰਸ (ਅਕਲ) ਰਲ ਮਿਲ ਕੇ ਜੰਮਦੇ ਨੀ! ਓ ਕੋਮਲ-ਫੁਲਾ, ਤੂੰ ਹੇਠ ਨਹੀਂ, ਪ੍ਰਿਥਵੀ ਤੇ ਨਹੀਂ ਭਗਤਾਂ ਦੇ ਹਿਰਦੇ ਸਥਲ ਵਿਚ ਉਗਨਾ ਵੇਂ! ਓ ਗਿਆਨ ਰਾਏ, ਤੈਂਡੀ ਛੱਬੀ ਨਿਰਾਲੀ ਏ! ਇਹ ਸਹਸਰ ਸੂਰਜਾਂ ਨੂੰ ਮਾਤ ਕਰਦੀ ਏ, ਓ ਅਕਲ-ਪਿਤਾ ਦਾ ਜਾਇਆ, ਸੁਰਤੀ ਅੰਮਾਂ ਦਾ ਲਾਡਲਾ, ਤੂੰ ਮੈਂਡੀਆਂ ਅੱਖਾਂ ਵਿਚ ਬਹੁ, ਇਹਨਾਂ ਅੱਖਾਂ ਵਿਚ ਚਰਨ ਪਾ ਪਰ ਤੂੰ ਇਥ ਕਿਉਂ ਬੈਠੇਂ, ਤੂੰ ਤਾਂ ਮਨ-ਮੰਦਰ ਵਿਚ ਦੀਪਕ ਜਗਾਈ ਬਹਿਨਾ ਏਂ! ਓਏ ਕੁੜੀਓ, ਇਹ ਅਨੂਠਾ ਲਾੜਾ! ਅਜ ਨਿਮਿਆ, ਕਲ੍ਹ ਜੰਮਿਆ, ਪਰਸੋਂ ਵਿਆਣ ਆਇਆ :—

'ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰ।
ਹਮਰੈ ਘਰਿ ਆਇਆ ਜਗ-ਜੀਵਨ ਭਤਾਰ ॥"

ਆਸਾ ਮ: ੧)

ਓ ਗਾਵਉ, ਓ ਸਹੇਲੜੀਉ, ਅਜ ਆਇਆ ਜੇ ਮੈਂਡੇ ਘਰ ਓ ਜਗਜੀਵਨ-ਭਤਾਰ, ਸਰਬ ਸਾਂਝਾ ਰਾਂਝਣ! ਓ ਗਿਆਨ ਰਾਏ, ਜੋ ਕਲ ਕੰਵਾਰੀ-ਕੁਖੋਂ ਜੰਮ ਅਜ ਮੈਨੂੰ ਹੀ ਵਰਣ ਆਇਆ ਜੇ!

(ਗਿਆਨ ਜਿਸ ਦਾ ਦੂਜਾ ਨਾਂ ਏ ਬਿਬੇਕ-ਵਿਵੇਕ ਵਿਚਾਰ-ਇਹ ਲਾੜਾ ਏ)। ਓ ਸੁਭਾਗੜੀ ਮੈਂ, ਨੀ ਸਈਓ, ਮੈਂਡਾ ਨਿਰਮਲ—ਭਤਾਰ, ਅੰਗ-ਸੰਗ ਵਸਦਾ ਪਰ ਅਲਿਪਤ ਵਰਤਦਾ! ਓਏ ਗਾਵਹੁ ਗਾਵਹੁ—

"ਗਾਵਹੁ ਗਾਵਹੁ ਰੰਗਿ ਰਾਤਿਹੋ ਭਾਈ,
ਹਰਿ ਸੇਤੀ ਰੰਗੁ ਲਾਇ ॥
ਹਰਿ ਜੀਉ 'ਸਬਦੇ' ਜਾਪਦਾ ਭਾਈ
ਪੂਰੇ ਭਾਗਿ ਮਿਲਾਇ ॥
ਸਦਾ ਸੁਖ ਸੋਹਾਗਣੀ ਭਾਈ

ਬਿਬੇਕ, ਬਿਬੇਕ ਵਿਚ ਵੀ ਫਰਕ ਹੈ—ਇਸ ਵਿਚ ਜੇ ਸਿਰਫ ਅਕਲ ਹੈ ਤਾਂ ਇਹ ਵਿਵੇਕ ਨਹੀਂ, ਵਿਵੇਕ ਤਦ ਹੈ, ਜੇ 'ਨਾਮ' ਦਾ ਅਨੰਤੀ ਝੂਟਾ ਖਾ ਕੇ ਅੰਤਕੀ-ਫਿਲਸਫਾ ਛਡ, ਬੇਅੰਤ ਵਲ ਆਈਏ—ਇਸ ਨੂੰ ਅਨਭਵ—ਗਿਆਨ ਆਖੋ, ਬ੍ਰਹਮ-ਗਿਆਨ ਆਖੋ, ਉਹ 'ਨਾਮ—ਚਾਨਣ' ਨਾਲ ਅੰਦਰੋਂ ਉਪਜਦਾ ਹੈ (Inspiration or Intuition), ਕਤਾਬਾਂ ਨਾਲ ਨਹੀਂ!—

"ਸਿਮ੍ਰਿਤਿ ਬੇਦ ਪੁਰਾਣ ਪੁਕਾਰਣ ਪੋਥੀਆਂ ॥
'ਨਾਮ' ਬਿਨਾ ਸਭਿ ਕੂੜ ਗਾਲੀ ਹੋਛੀਆਂ ॥ (ਸੂਹੀ ਮ: ੫)
ਅਨਦਿਨ ਰਤੀਆ ਰੰਗੁ ਲਾਇ ॥" (ਸੋਰਠਿ ਮ: ੩)

ਓਏ ਗਾਵਹੁ ਮੈਂਡੇ ਰੰਗ—ਅਰੰਗ ਭਤਾਰ ਦੇ ਸੋਹਲੜੇ! ਓਏ ਗਾਵਹੁ ਗਾਵਹੁ ਮੈਂਡੇ ਲਾਲਣ ਦੇ ਢੋਲਣੇ! ਓਏ ਸਖੀਓ, ਗਾਵਹੁ ਗਾਵਹੁ' ਮੈਂਡਾ ਘਰ ਆਇਆ ਮੈਂਡਾ ਸਾਜਨੜਾ—

"ਹਮ ਘਰਿ ਸਾਜਨ ਆਏ ॥ ਸਾਚੇ ਮੇਲਿ ਮਿਲਾਏ ॥......
ਅਨਦਿਨੁ ਮੇਲੁ ਭਇਆ ਮਨੁ ਮਾਨਿਆ, ਘਰ ਮੰਦਰ ਸੋਹਾਏ ॥

ਪੰਚ ਸਬਦਾ[1] ਧੁਨਿ ਅਨਹਦ[2] ਵਾਜੇ ਹਮ ਘਰ ਸਾਜਨ ਆਏ ॥"
ਉਏ ਗਾਵਹੁ ਗਾਵਹੁ ਸਖੀ ਅਨੰਦ ਮੰਗਲ ਦਾ ਸੋਹਿਲਾ !
ਗਾਵਹੁ ਓ ਸੋਹਿਲੜਾ ਜੁ ਵਜੇ ਜੁਗ ਸਾਰੇ—

"ਸਚੁ ਮੰਗਲ ਗਾਵਹੁ ਤਾ ਪ੍ਰਭ ਭਾਵਹ ਸੋਹਿਲੜਾ ਜੁਗ ਚਾਰੇ ॥
ਅਪਨੈ ਘਰਿ ਆਇਆ, ਥਾਨਿ ਸੁਹਾਇਆ,
ਕਾਰਜ ਸਬਦਿ (ਹਿਰਦੇ ਵਿਚ) ਸਵਾਰੇ ॥
ਸਖੀ ਮਿਲਹੁ ਰਸਿ ਮੰਗਲ ਗਾਵਹੁ
ਹਮ ਘਰਿ ਸਾਜਨੁ ਆਇਆ ॥"
(ਸੂਹੀ ਮ: ੧)

ਓ ਸਾਜਨੜਾ ਮੈਂਡਾ ਸਾਜਨੜਾ ਅਜ ਨਿਕਟ ਖਲੋਇੜਾ ! ਓ ਸਾਜਨੜਾ, ਮੈਂਡਾ ਸਾਜਨੜਾ, ਮੈਂਡੇ ਆਂਙਣ ਵੜਿਆ ! ਓ ਸਾਜਨੜਾ ਮੈਂਡਾ ਸਾਜਨੜਾ ਦਲ੍ਹੀਜ ਚੜ੍ਹਿਆ । ਓ ਸਾਜਨੜਾ, ਮੈਂਡਾ ਸਾਜਨੜਾ, ਮੈਂਡੀ ਸੇਜੈ ਆਇਆ ! ਓ ਸਾਜਨੜਾ, ਓ ਸਾਜਨੜਾ, ਓ ਕਾਮ ਚਲੋਲੀ—

"ਮਨ ਮੰਦਰਿ ਜੇ ਦੀਪਕ[3] ਜਾਲੇ, ਕਾਇਆ ਸੇਜ ਕਰੇਈ ॥
ਗਿਆਨਰਾਉ ਜਬ ਸੇਜੈ ਆਵੈ ਤਾ ਨਾਨਕ ਭੋਗ ਕਰੇਈ ॥"
(consummation ਹਿਰਦੇ ਨੂੰ ਅਤਿਅੰਤ ਅਨੰਦ)
ਆਸਾ ਮ: ੧

ਓ ਸਾਜਨੜਾ, ਮੈਂਡੇ ਸਾਜਨੜਾ, ਜਦ ਤੂੰ ਮੈਂਡੇ ਨਿਕਟ ਆਵਨਾ ਵੇਂ, ਤਾਂ ਮੈਂਡੇ ਅੰਦਰ ਆਨੰਦ ਝਰਣਾਟਾ ਛਿੜਨੀਆਂ ਨੇ ! ਓਏ ਲਹਿਰਾਂ, ਛੁਏ ਤਰੰਗਾਂ, ਓਏ ਛਹਿਬਰਾਂ, ਓ ਅਨੰਦੀ, ਤੈਂਥੋਂ ਕਿਰਨੀਆਂ ਨੇ ਕਿਰਨਾਂ ਸ਼ੁਰ-ਸ਼ੁਰੀ ਵਾਂਗ, ਜੋ ਵਾਂਡੇ ਆਕਾਸ਼-ਗੰਗਾ

1-2-3. (The supreme Sabad or togos)

ਵਾਂਗ ਵੀਟਦੀ ਜਾਂਦੀ ਏ ! ਓਏ ਤਿਥੈ 'ਨਾਦ ਬਿਨੋਦ ਕੋਡ ਆਨੰਦ"—ਇਕ ਆਨੰਦ ਨਹੀਂ, ਆਨੰਦ ਦੀ ਫੁਲਝੜੀ ! ਓਏ ਅਨੰਦ ਦੀ ਗੁਲ-ਝੜੀ ! ਓਏ ਆਨੰਦ ਦੀ ਗੰਗਾ-ਤਰਂਗੀ ! ਓਏ ਆਨੰਦ ਦੀਆਂ ਅਣਵਜੀਆਂ ਤਰਬਾਂ, ਸ਼ੁਅਲੇ ਤੇ ਮਿਠੀਆਂ ਲਾਟਾਂ !

ਓ ਗਿਆਨ ਰਾਏ, ਜਦ ਤੂੰ ਮੈਂਡੀ ਸੇਜੇ ਆਵਨਾਂ ਵੇਂ, ਤਾਂ ਪਤਾ ਨਹੀਂ ਕੀ ਝਰਲੂ ਫੇਰਨਾ ਏਂ ! ਇਹ ਸਭ ਕੁਝ–ਜੋ ਕੁਝ ਹੈ–ਇਹ ਖੰਡ ਬ੍ਰਹਮੰਡ, ਇਹ ਕੁਦਰਤ ਮੈਂਡੇ ਜਗਜੀਵਨ ਦਾ ਹੀ ਰੂਪ ਭਾਸਦਾ ਏ। ਓ ਗਿਆਨ-ਰਾਏ ਤੈਂਡਾ ਜਾਦੂ ਤੈਂਡਾ ਮੋਜਜ਼ਾ, ਤੈਂਡਾ ਚੋਜ ! ਓ ਅੰਮ੍ਰਿਤ-ਭਿੰਨੇ ਲੋਇਣੋ, ਤੁਸੀਂ ਅਜ ਕੀ ਵੇਖਦੇ ਓ ? ਹਾਂ ਸੁਣ, ਅੰਕ ਸਹੇਲੜੀਆਂ ਸੁਣੋ–

"ਸੁਣਹੁ ਸਖੀ ਮਨਮੋਹਨਿ ਮੋਹਿਆ, ਤਨੁ ਮਨੁ ਅੰਮ੍ਰਿਤ ਭੀਨਾ॥
ਆਤਮ ਰਾਮ ਸੰਸਾਰਾ ॥ ਸਾਚਾ ਖੇਲ ਤੁਮਾਰਾ ॥"

(ਸੂਹੀ ਛਤ ਮ: ੧)

ਓਏ ਜਗਜੀਵਣਾ, ਤੂੰ ਏਂ ਆਤਮਾ ਰਾਮ, ਅੰਦਰ ਵਸਿਆ, ਤੂ ਏਂ ਸੰਸ ਰ ਬਾਹਰ ਵਸਿਆ—

"ਤੂੰ ਪੇਡ ਸਾਖ ਤੇਰੀ ਫੂਲੀ ॥
ਤੂੰ ਸੂਖਮ ਹੋਆ ਅਸਥੂਲੀ ॥" (ਮਾਝ ਮ: ੫)

ਓ ਸਚੇ ਤੇਰੇ ਖੰਡ ਸਚੇ ਬ੍ਰਹਮੰਡ ! ਓ ਨਾਚ-ਨਚਊਆ ! ਓ ਖੇਡ ਖਿਡਊਆ 'ਸਾਚਾ ਖੇਲ ਤੁਮਾਰਾ' !—ਪਰ 'ਤੁਝ ਬਿਨ ਕਵਣ ਕਹਾਏ ?' ਓ ਜਗਜੀਵਣਾ, ਜੇ ਤੂੰ ਨਾ ਗਿਆਨ-ਰਾਏ ਨੂੰ ਘਲੇਂ, ਤਾਂ ਕੀਕਣ ਮੈਂ ਚੋਜ ਵੇਖਾਂ ? ਜੇ ਤੂੰ ਗਿਆਨ-ਅੰਜਨ ਮੈਂਡੀਆਂ ਅੱਖਾਂ ਵਿਚ ਨਾ ਪਾਏਂ ਤਾਂ ਮੈਂ ਕੀਕਣ ਇਹ ਵਿਚਿਤਰ-ਲੀਲਾ ਸੰਸਾਰ ਦੀ ਵੇਖਾਂ ? ਓ ਜਗਜੀਵਣਾ, ਫਿਰ ਜੇ ਤੂੰ ਗਿਆਨ ਖੜਗ ਮੈਂਨੂੰ ਨਾ ਦੇਏਂ ਤਾਂ ਮੈਂ ਇਸ ਮਾਇਆ-ਮੋਹਣੀ ਦਾ ਜਾਲ

ਕੀਕਣ ਕਟਾਂ ? ਓ ਜਗਜੀਵਣਾ, ਜੇ ਇਹ ਤੂੰ ਗਿਆਨ-ਰਗੜ ਨਾ ਦੇਏਂ, ਤਾਂ ਮੈਂ ਕੀਕਣ ਅਰਸ਼ਾਂ ਤੇ ਉਡਾਂ ? ਓ ਜਗਜੀਵਨਾ, ਜੇ ਤੂੰ, 'ਗਿਆਨ-ਖੰਡ' ਵਿਚ ਨਾ ਆਵੇਂ ਤਾਂ ਮੈਂ ਕੀਕਣ ਪ੍ਰਚੰਡ-ਬ੍ਰਹਮ-ਜੋਤ ਦੇ ਦਰਸ਼ਨ ਕਰਾਂ, ਜੋ-ਕੋਟ ਸੂਰਜਾਂ ਨੂੰ ਖੰਟਾ ਕਰ ਪਰ੍ਹਾਂ ਸੁਟਦੀ ਏ ? ਓਏ ਜਗਜੀਵਨਾ, ਜੇ ਤੂੰ ਗਿਆਨ-ਰਾਏ ਮੈਂਡੀ ਸੇਜਾ ਨਾ ਆਣੇਂ ਤਾਂ ਮੈਂ ਕੀਕਣ ਨਾਦ-ਬਿਨੋਦ ਤੇ ਕਰੋੜਾਂ ਅਨਦ ਮਾਣਾਂ ? ਓ ਗਾਵਹ ਸਖੀ, ਉ ਗਾਵਹ ਸਖੀ !—

"ਹਮ ਘਰਿ ਸਾਜਨ ਆਏ ॥
ਹਮ ਘਰਿ ਸਾਜਨ ਆਏ ॥
ਹਮ ਘਰਿ ਸਾਜਨ ਆਏ ॥
ਓਏ ਜਗਜੀਵਨ ਸਾਜਣਾ !
ਆ ਕੇ ਤੇ ਫਿਰ ਮੁੜ ਗਇਓਂ ਵੇ !'

ਓਏ ਸਾਜਣਾ, ਆ, ਆ, ਆ, ਝਬ ਆ ! 'ਘਰਿ ਆਪਨੜੇ ਖੜੀ ਤਕਾ, ਮੈਂ ਮਨਿ ਚਾਉ ਘਨੇਰਾ ਰਾਮ ॥" ਓ ਸਾਜਨੜਾ, ਘੁਟ ਕੇ ਜੱਫੀ ਪਾ ! 'ਦਰਸਨ ਦੇਖਿ ਭਈ ਨਿਹਕੇਵਲ, ਜਨਮ ਮਰਣ ਦੁਖ ਨਾਸਾ ॥" ਓ ਉਚੜੀ ਮੁਮਟੀ ਤੇ ਰਹਿਣ ਵਾਲਿਆ ਜਗਜੀਵਨਾ ! "ਪਿਰ ਉਚੜੀਐ ਮਾੜੀਐ ਤਿਹੁ ਲੋਆ ਸਿਰਤਾਜਾ ਰਾਮ ॥" ਓ ਜਗਜੀਵਣਾਂ ਹਾਂ ਆ ਤੇ ਆ ਕੇ ਫਿਰ ਨਾ ਵੰਞ ! ਓ ਨਾ ਵੰਞਣ ਵਾਲਿਆ ਚੋਖਨੀਏ :—

"ਵਰੁ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ ॥
ਪਿਰਿ ਰਾਵਿਅੜੀ 'ਸਬਦ' ਰਲੀ
ਰਵਿ ਰਹਿਆ ਨਹ ਦੂਰੀ ਰਾਮ ॥
ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ
ਤਿਸਕੀ ਨਾਰਿ ਸਬਾਈ ॥"

(ਸੂਹੀ ਮ: ੧)

ਓ ਬਾਲੜੀ ਨੂੰ ਵਰਣ ਵਾਲਿਆ ਬਾਲ-ਗੋਪਾਲਾ ਧੰਨ ਧੰਨ!
ਓ ਗਿਆਨ-ਰਾਏ, ਮੈਂ 'ਪੁਤ' ਹੁਣ ਵਿਆਹਣ ਆਇਆ ਧਨ ਧੰਨ !

"ਓ ਗਿਆਨ ਖੰਡ ਮਹਿ ਗਿਆਨ ਪਰਚੰਡ' ॥
ਧੰਨ ਧੰਨ-ਤਿਥੈ ਨਾਦ-ਬਿਨੋਦ ਕੋਡ ਅਨੰਦੁ ॥"

੪

ਅਸੀਂ ਉਪਰ ਵਿਚਾਰ ਆਏ ਹਾਂ ਜੁ 'ਨਰ' ਨਰ ਨਹੀਂ, ਨਰ 'ਹਰਿ ਏ ਜ ਉਹਦੇ ਨਾਮ ਦਾ ਪਰਮਤਤ ਉਗਮੇ। 'ਨਰ' ਦੇ ਹਥ ਅਕਲ ਦਾ ਦੀਵਾ ਹੈ ਪਰ ਹਰਿ ਦੇ ਹਥ 'ਨਾਮ' ਦਾ 'ਸੂਰਜ' ਹੈ- ਜਦ ਇਹ ਤੇ ਉਹ ਦੋਵੇਂ ਰਲ ਜਾਂਦੇ ਨੇ ਤਦ ਵਿਚ 'ਗਿਆਨ' ਯਾ 'ਬਿਬਕ' ਪੈਦਾ ਹੁੰਦਾ ਹੈ (ਨਰ ਹਰ ਦਾ ਕੋਸ਼-ਅਰਥ ਨਰਸਿੰਘ ਹੈ, ਨਰ = ਆਦਮੀ ਤੈ ਹਰਿ = ਸਿੰਘ)। ਅਕਲੀ-ਵਿਚਾਰ ਆਪਣੇ ਆਪ ਥੋਥਾ ਹੈ। ਖਾਸ ਕਰਕੇ ਬ੍ਰਹਮ ਗਿਆਨ ਨੂੰ ਅਪੜਣ ਲਈ। ਪਰ ਜਦ ਇਹ ਬਿਬੇਕ ਵਿਕਾਰ ਹੋ ਆਂਵਦਾ ਹੈ ਤਾਂ ਬ੍ਰਹਮ-ਮੰਦਰ ਦੇ ਪੱਟ ਦ-ਪਾਟ ਖੁਲ੍ਹ ਜਾਂਦੇ ਨੇ ! ਹਾਂ ਇਹ ਵਿਚਾਰ-ਪੁਣਿਆ ਅਤੀ ਹੀ ਸੂਖਮ ਤੇ ਸੁਗਮ ਏ, ਇਹ ਅੰਧਿਆਰ ਨੂੰ ਕੱਟ ਗਿਆਨ ਦਾ ਦੀਪਕ, ਮ ਮੰਦਰ ਅੰਦਰ ਜਗਾਉਂਦਾ ਹੈ। ਇਹ ਗਿਆਨ-ਖੰਡ 'ਗਿਆਨ' ਦਾ ਪ੍ਰਚੰਡ ਸੂਰਜ ਏ, ਹਾਂ ਬ੍ਰਹਮ ਗਿਆਨ ਦਾ ਜੋ ਸਾਡਾ ਮਿਰ੍ਹਾਜ ਏ।

'ਅਕਲ ਮਾੜੀ ਨਹੀਂ, ਵੇਖੋ ਆਤਮ ਦਰਸ਼ਨ 'ਅਕਲ' ਤੇ

---

1. (ਅਤੀ ਪ੍ਰਜਵਲਤ, ਅਤੀ ਪ੍ਰਕਾਸ਼ਵਾਨ)

1Cf. James : "Conceptual processes can classify facts, define them, interpret them but they do not produce them

(ਬਾਕੀ ਦੇਖੋ ਅਗਲੇ ਸਫ਼ੇ ਤੇ)

'ਸੁਰਤੀ') ਪਟ ਵਿਚਾਰੀ ਕਲ-ਮਕੱਲੀ ਕੀ ਕਰੇ ? ਇਹ ਅਕਲ ਅੰਤਕੀ ਗਲਾਂ ਨੂੰ ਭਲੀ-ਭਾਂਤ ਸਮਝਦੀ ਹੈ ਤੇ ਉਹ ਸਾਇੰਸ ਦੀ ਮਾਂ ਹੈ। ਸੁਰਤੀ ਬੇਅੰਤ-ਆਤਮਾ ਨੂੰ ਅਨੁਭਵਦੀ ਹੈ, ਇਹ ਬ੍ਰਹਮ ਗਿਆਨ ਦੀ ਮਾਤਾ ਹੈ। ਪਰ ਜਦ 'ਅਕਲ' ਤੇ 'ਸੁਰਤਾ' ਮਿਲਦੇ ਨੇ ਤਾਂ ਨਿਰਮਲ ਛਾਣਿਆਂ-ਪੁਣਿਆਗਿਆਨ (Transcenden treason) ਉਪਜਦਾ ਹੈ—ਇਹ ਦੋਹਰੇ ਨਰ-ਹਰ ਦਾ ਆਪਣਾ ਅਨੂਠਾ ਹਥਿਆਰ ਏ ! ਜਿਥੇ ਸਾਇੰਸ ਦੀ ਦੂਰਬੀਨ ਇਕ ਸੂਰਜ ਇਕ ਚੰਦ ਹੈ ਵੇਖਦੀ ਏ, ਉਥੇ ਬ੍ਰਹਮ ਕੇਤੇ ਚੰਨ, ਕੇਤੇ ਸੂਰਜ ਵੇਖਦੀ ਹੈ, ਕੇਤੇ ਹੀ ਨਹੀਂ—ਕੋਟਾਨ ਕੋਟ, ਬੇਅੰਤ, ਹਾਂ ਅਨਿਕ ਬ੍ਰਹਮੇ, ਅਨਿਕ ਬਿਸ਼ਨ, ਅਨਿਕ ਸ਼ਿਵ ਧ੍ਰੂ, ਅਨਿਕ ਇੰਦਰ, ਅਨਿਕ ਉਤਪਤ, ਅਨਿਕ ਪਰਲੋ :—

"ਖਿਨ ਭੀਤਰਿ ਹੋਵੈ ਪਰਗਾਸੁ ॥
ਗਿਆਨੁ ਅੰਜਨੁ ਅਗਿਆਨ ਬਿਆਸੁ ॥
ਮਿਤੀ ਨਾਹੀ ਜਾ ਕਾ ਬਿਸਥਾਰੁ ॥
ਸੋਭਾ ਤਾਕੀ ਅਪਰ ਅਪਾਰੁ ॥
ਅਨਿਕ ਰੰਗ ਜਾਕੇ ਗਨੇ ਨ ਜਾਹਿ ॥
ਸੋਗ ਹਰਖ ਦੁੰਹਰੁ ਮਹਿ ਨਾਹਿ ॥

(ਪਿਛਲੇ ਸਫੇ ਦੀ ਬਾਕੀ)

There is always a plus or thisness which feeling alone can answer for. Today quite as much as in any previous age, the religious individual tells you that the Divine meet him on the basis of his personal concerns. Science, on the other hand has ended by utterly, repudiating the personal point of view."

ਅਨਿਕ ਬ੍ਰਹਮੇ ਜਾਕੇ ਧੁਨਿ ਕਰਹਿ ॥
ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥
ਅਨਿਕ ਪੁਰਖ ਅੰਸਾ ਅਵਤਾਰ ॥
ਅਨਿਕ ਇੰਦਰ ਊਭੇ ਦਰਬਾਰ ॥
ਅਨਿਕ ਪਵਨ ਪਾਵਕ ਅਰ ਨੀਰੁ ॥
ਅਨਿਕ ਰਤਨ ਸਾਗਰ ਦਧਿ[1] ਖੀਰ ॥
ਅਨਿਕ ਸੂਰ ਸਸੀਅਰ ਨਖਿਆਤ ॥
ਅਨਿਕ ਦੇਵੀ ਦੇਵਾ ਬਹੁ ਭਾਂਤਿ ॥
ਅਨਿਕ ਬਸੁਧਾ ਅਨਿਕ ਕਾਮਧਨ[1] ॥
ਅਨਿਕ ਪਾਰਜਾਤ ਅਨਿਕ ਮੁਖਬੇਨ[2]
ਅਨਿਕ ਅਕਾਸ ਅਨਿਕ ਪਾਤਾਲ ॥
ਅਨਿਕ ਮੁਖੀ ਜਪੀਐ ਗੋਪਾਲ ॥
ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥
ਅਨਿਕ ਜੁਗਤੀ ਹੋਵਤ ਬਖਿਆਨ ॥
ਅਨਿਕ ਸਰੋਤੇ ਸੁਨਹਿ ਨਿਧਾਨ[3] ॥
ਸਰਬ ਜੀਅ ਪੂਰਨ ਭਗਵਾਨ ॥
ਅਨਿਕ ਧਰਮ ਅਨਿਕ ਕੁਮੇਰ ॥
ਅਨਿਕ ਬਰਨ ਅਨਿਕ ਕਨਿਕ ਸੁਮੇਰ[4] ॥

---

੧. ਦੁਧ ਵਾਂਗ ਮਿਠਾ ਗੁਣਾਂ ਦਾ ਸਮੁੰਦਰ
੨. ਕ੍ਰਿਸ਼ਨ ਬੰਸਰੀ ਵਾਲਾ
੩. ਨਾਮ ਨਿਧਾਨ ॥
੪. ਸੋਨੇ ਦੇ ਸੁਮੇਰ ਪਰਬਤ ਭਾਵ ਆਤਮਾ ਦੇ ਹਿਮਾਲੀਆ ਪਰਬਤ, ਨੂਰੋ ਨੂਰ ।

ਅਨਿਕ ਸੇਖ (ਕਾਲ, ਸਮਾਂ) ਨਵਤਨ ਨਾਮੁ ਲੇਹਿ ॥
ਪਾਰਬ੍ਰਹਮ ਕਾ ਅੰਤੁ ਨ ਤੇਹਿ ॥
ਅਨਿਕ ਪੁਰੀਆ ਅਨਿਕ ਤਹ ਖੰਡ ॥
ਅਨਿਕ ਰੂਪ ਰੰਗ ਬ੍ਰਹਮੰਡ ॥
ਅਨਿਕ ਬਨਾ ਅਨਿਕ ਫਲ ਮੂਲ ॥
ਆਪਹਿ ਸੂਖਮ ਆਪਹਿ ਅਸਥੂਲ ॥
ਅਨਿਕ ਜੀਅ ਜਾਕੇ ਗ੍ਰਿਹ ਮਾਹਿ ॥
ਅਨਿਕ ਕਲਾ ਖੇਲੈ ਹਰਿ ਰਾਇ ॥
ਅਨਿਕ ਧੁਨਿਤ ਲਲਿਤ ਸੰਗੀਤ ॥
ਅਨਿਕ ਗੁਪਤ ਪ੍ਰਗਟ ਤਹ ਚੀਤ ॥
ਅਨਿਕ ਅਨਾਹਦ ਅਨਹਦ ਝੁਨਕਾਰ ॥
ਓਆ ਰਸ ਕਾ ਕਛੁ ਅੰਤੁ ਨ ਪਾਰ ॥

(ਸਾਰੰਗ ਮ: ੫)

ਓ ਗਿਆਨ-ਖੰਡ, ਤੈਂਡੀ ਅਖ ਇਕ ਨਹੀਂ ਅਨਿਕ (ਬੇਅੰਤ) ਖੰਡਾਂ ਤੇ ਪੈਂਦੀ ਏ ! ਤੈਂਡੀ ਦੂਰਬੀਨ ਸਹਿਸਰ-ਸਾਇੰਸਾਂ ਤੋਂ ਪਾਰ ਤਕਦੀ ਏ :—

ਵਾਯੂ (Gases) ਇਕ ਨਹੀਂ ਅਨੇਕ ਨੇ, (ਕੇਤੇ ਪਵਣ) ਜਲ (Liquids) ਇਕ ਨਹੀਂ ਅਨੇਕ ਨੇ (ਕੇਤੇ ਪਾਣੀ), ਅਗ (Combustion) ਇਕ ਨਹੀਂ ਅਨੇਕ ਨੇ (ਕੇਤੇ ਬੈਸੰਤਰ) ਅਕਰਖਣ-ਸ਼ਕਤੀਆਂ (Centripetal forces) ਇਕ ਨਹੀਂ ਅਨੇਕ ਨੇ (ਕਾਨ੍ਹ) ਤੇ ਫੁੰਡਾਉ-ਸ਼ਕਤੀਆਂ (Centrifugal forces) ਇਕ ਨਹੀਂ ਅਨੇਕ ਨੇ (ਕਤੇ ਮਹੇਸ਼, ਸ਼ਿਵ, ਹਰਤਾ) ! ਓ ਗਿਆਨ-ਖੰਡ ਤੈਂਡੀ ਅਖ ਇਕ ਨਹੀਂ ਅਨੇਕ ਬ੍ਰਹਮੰਡਾਂ ਤੇ ਪੈਂਦੀ ਏ। ਇਕ ਕਰਤਾ (Creators) ਨਹੀਂ, ਅਨੇਕ ਕਰਤੇ ਘਰ ਘਰ ਵਿਚ ਜੀਆ-ਜੰਤ

ਪੁਤ–ਧੀਆਂ ਪੈਦਾ ਕਰ ਰਹੇ ਨੇ (ਕੇਤੇ ਬਰਮੇ) ਤੇ ਉਹਨਾਂ ਦੀਆਂ ਘਾੜਤਾਂ ਭੀ ਭਿੰਨ ਭਿੰਨ ਨੇ, ਇਕ ਦਾ ਮੁਹਾਂਦਰਾ ਦੂਜੇ ਨਾਲ ਨਹੀਂ ਮਿਲਦਾ। ਦੋ ਭਾਈ ਦੇ ਜੋਟੜੇ ਵੀ ਰੰਗ ਰੇਖ ਤੇ ਰੂਪ ਵਿਚ ਨਿਆਰੇ ਨੇ ਤੇ ਉਹਨਾਂ ਦੇ ਵੇਸ ਵੀ ਭਿੰਨ ਨੇ (ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸੁ) ॥

ਓ ਗਿਆਨ-ਖੰਡ, ਤੈਂਡੀ ਅੱਖ ਇਸ ਬ੍ਰਹਮੰਡ ਤੋਂ ਪਾਰ ਉਥੇ ਪੈਂਦੀ ਏ ਜਿਥੇ ਅਨਿਕ ਅਜਿਹੇ ਹੋਰ ਬ੍ਰਹਮੰਡ ਨੇ-ਕੇਤੇ ਹੀ ਉਥੇ ਇਸ ਧਰਤੀ-ਧਰਮਸਾਲਾ ਵਾਂਗ ਹੋਰ ਕਰਮਾਂ ਦੀਆਂ ਚਕੀਆਂ ਨੇ ਜਿਸ ਹੇਠ ਕਈ ਪ੍ਰਕਾਰ ਦੇ ਲੋਕ ਪੀਹਣ ਹੁੰਦੇ ਨੇ (ਕੇਤੇ ਕਰਮ-ਭੂਮੀ) ਤੇ ਹਰ ਇਕ ਕਰਮ–ਭੂਮੀ ਦਾ ਮੁਕਤੀ-ਮੈਰਾਜ, ਕੋਈ ਮੇਰ ਸੁਮੇਰ ਯਾ ਹੇਮਕੁੰਟ ਏ, ਜੋ ਉਹਨਾਂ ਨੂੰ ਕਰਮ-ਚਕੀ ਤੋਂ ਬਚਾਵੇਗਾ (ਕੇਤੇ ਮੇਰ), ਹਾਂ ਕੇਤੇ ਹੀ ਨੇ ਧ੍ਰੂ ਵਰਗੇ ਅਟੱਲ ਤਾਰੇ, ਹਰ ਇਕ ਬ੍ਰਹਮੰਡ ਵਿਚ ਇਕ ਇਕ ਤੇ ਇੰਝ ਹਰ ਇਕ ਬ੍ਰਹਮੰਡ ਵਿਚ ਬ੍ਰਹਮ ਦਾ ਉਪਦੇਸ਼ ਇਹਨਾਂ ਅਟੱਲ ਧ੍ਰੂਆਂ ਦਵਾਰਾ ਪ੍ਰਚਲਤ ਤੇ (ਕੇਤੇ ਧ੍ਰੂ ਉਪਦੇਸ) !

ਓ ਗਿਆਨ–ਖੰਡ,ਤੈਂਡੀ ਗਿਆਨ ਚਖਸ਼ੂ ਨਾਲ ਇਕ ਨਹੀਂ ਅਨਿਕ ਇੰਦ੍ਰ ਭਾਸਦੇ ਨੇ ਜੋ ਕਰਮ-ਇੰਦ੍ਰਿਆਂ ਤੇ ਗਿਆਨ—ਇੰਦ੍ਰਿਆਂ ਦੇ ਸਰਦਾਰ ਨੇ, ਇਸ ਖੰਡ ਵਿਚ ਨੀਲੇ ਬ੍ਰਹਮੰਡ ਵਿਚ, ਕਿਉਂਕਿ ਜੋ ਬ੍ਰਹਮੰਡ ਸੋਈ ਪਿੰਡੇ (ਕੇਤੇ ਇੰਦ੍ਰ), ਹਾਂ ਕੇਤੇ ਹੀ ਨੇ, ਪ੍ਰਕਾਸ਼-ਪੁੰਜ ਚਾਨਣੇ ਰਾਤ ਨੂੰ ਚਾਨਣਾ ਕਰਨ ਵਾਲੇ (ਕੇਤੇ ਚੰਦ) ਕੇਤੇ ਹੀ ਨੇ ਅਗਨੀ-ਖਾਣਾਂ, ਹਾਂ ਓ ਨੂਰ ਪੁੰਜ ਸੂਰਜ ਜਿਨ੍ਹਾਂ ਤੋਂ ਚੰਨ ਵੀ ਉਧਾਰ ਲੈ ਕੇ ਚਮਕਦਾ ਏ (ਕੇਤੇ, ਸੂਰ) ਕੇਤੇ ਹੀ ਨੇ ਤਾਰਾ–ਮੰਡਲ ਜਿਨ੍ਹਾਂ ਵਿਚ ਜਗਮਗ ਕਰਦੇ ਨੇ ਤਾਰ-ਮੋਤੀ (ਕੇਤੇ-ਮੰਡਲ), ਹਾਂ ਤੇ ਕੇਤੇ ਹੀ ਨੇ ਦਹਦਿਸਾਂ ਵਿਚ ਦੇਸ (ਕੇਤੇ ਦੇਸ) !

ਓ ਗਿਆਨ—ਖੰਡ, ਤੈਂਡੀ ਗੰਗਾ—ਤੱਟ ਤੇ ਬੈਠੇ ਨੇ ਕੇਤੇ ਹੀ ਯੋਗੀ ਰਾਜ ਜਿਨ੍ਹਾਂ ਨੇ ਆਪਣੇ ਆਪ ਨੂ ਸਾਧ ਕੇ 'ਸਿਧਾ' ਕਰ ਲਿਆ ਹੈ (ਕੇਤੇ ਸਿਧੁ), ਤੇ ਕੇਤੇ ਨੇ ਉਹ ਜੋ ਅਕਲ ਦੀ ਦੂਰਬੀਨ ਨਾਲ ਕਰਮਾਂ ਦਾ ਗੇੜ ਘੋਖਦੇ ਨੇ ਤੇ ਇਉਂ ਬੁਧੀ ਨਾਲ ਬੋਧੀ—ਮਾਰਗ ਛਾਂਟਦੇ ਨੇ (ਕੇਤੇ ਬੁਧ), ਹਾਂ ਕੇਤੇ ਨੇ ਯੋਗੀਆਂ ਦੇ ਸਿਰ-ਨਾਥ ਕਈ ਮਛਿੰਦਰ ਨਾਥ ਤੇ ਗੋਰਖ ਨਾਥ (ਕੇਤੇ ਨ ਥ), ਤ ਕੇਤੀਆਂ ਹੀ ਨਾਦੇਵੀਆਂ ਜੋ ਤੀਵੀਆਂ ਹੋ ਪ੍ਰਕਾਸ਼—ਮਾਰਗ ਨੂੰ ਪਾਲਦੀਆਂ ਨੇ ਤੇ ਕੇਤੇ ਹੀ ਉਹਨਾਂ ਦੇ ਨੇ ਵੇਸ—ਕੋਈ ਕਾਲੇ, ਕੋਈ ਚਿਟੇ, ਕੋਈ ਉਰਵਸ਼ੀ ਵਰਗੇ, ਕੋਈ ਅਪਸਰਾਂ ਵਰਗੇ, ਹਾਂ ਇਹ ਦੇਵੀਆਂ ਜੋ ਅਰਸ਼ ਕੁਰਸ਼ ਦੋਵਾਂ ਵਿਚ ਨੇ ਦੇਵਤਿਆਂ ਨੂੰ ਲੁਭਾਉਣ ਵਾਸਤੇ ਨਰ ਨਾਲ ਨਾਰੀ ਸ਼ਕਤੀਆਂ (ਹਰ ਇਕ ਦੇਵਤੇ ਦੀ ਇਕ ਨਾਰੀ 'ਦੇਵੀ' ਮਿਥੀ ਜਾਂਦੀ ਹੈ, ਜੀਕਣ ਬ੍ਰਹਮਾ ਦੀ ਸਰਸਵਤੀ ਵਿਸ਼ਨੂ ਦੀ ਲਖਮੀ ਤੇ ਸ਼ਿਵ ਦੀ ਪਾਰਬਤੀ) (ਕੇਤੇ ਦੇਵੀ ਵੇਸ !)

ਓ ਗਿਆਨ—ਖੰਡ, ਤੈਂਡੀ ਚਾਦਰ ਵਿਚ ਆਂਵਨੇ ਨੇ ਕਿਡੇ ਹੀ ਦੇਵਤੇ. ਹਾਂ ਪ੍ਰਕਾਸ਼ ਪੁੰਜ ਜੋਤਾਂ ਜੋ ਪਰਛਾਵੇਂ—ਵਹੀਣ ਨੇ, ਨੂਰੋ ਨੂਰੀ ਕੇਤੇ ਦੇਵ ਤੇ ਕੇਤੇ ਉਹਨਾਂ ਨਾਲ ਲੜਨ ਵਾਲੇ ਨੇ ਭਜਦੇ-ਪਰਛਾਵੇਂ, ਜੋ ਸਤ—ਅਸਤ ਦਾ ਸਾਂਝਾ ਸੰਗ੍ਰਾਮ ਮਟਾਉਂਦੇ ਨੇ ਉਹ ਦੇਵਾਂ ਦੇ ਵੈਰੀ ਦਾਨਵ ਕੇਤੇ ਦਾਨਵ, ਕੇਤ ਹੀ ਮਨ-ਮੁਦੇ ਮੁਨੀ ਨੇ ਜਿਨ੍ਹਾਂ ਨੇ ਆਪਣੇ ਮਨਾਂ ਨੂੰ ਜਦਰਾ ਮਾਰ, ਅੰਤਰ—ਆਤਮੇ ਵਲ ਲਿਵ ਲਾਈ ਏ (ਕੇਤੇ ਮੁਨਿ), ਤੇ ਕੇਤੇ ਹੀ ਨੇ ਬ੍ਰਹਮ-ਸਮੁੰਦਰ ਦੇ ਗੁਝੇ ਰਤਨ, ਵਿਵੇਕ—ਵਿਚਾਰ ਆਦਿ ਜਿਨ੍ਹਾਂ ਨਾਲ ਚੁਭੀ ਮਾਰਿਆਂ, 'ਨਾਮ' ਦੀ ਚਿੰਤਾਮਣੀ ਕਿਸੇ ਸਿਪੀ ਵਿਚ ਲੁਕੀ ਮਿਲਦੀ ਏ (ਕੇਤੇ ਰਤਨ-ਸਮੁੰਦ)!

ਓ ਗਿਆਨ-ਖੰਡ, ਤੈਂਡੀ ਵਿਸਥੀਰਤ ਬਾਦਸ਼ਾਹੀ ਵਿਚ ਕੇਤੇ

ਹੀ ਖਾਣੀਆਂ ਨੇ : ਅੰਡਜ ਜੋ ਅੰਡੇ ਤੋਂ ਉਪਜਣ, ਜੇਰਜ ਜੋ ਮਾਂ ਦੀ ਜੇਰ ਯਾ ਨਾੜੂ ਨਾਲ ਲਟਕਣ, ਸੇਤਜ ਜੁ ਪਸੀਨੇ ਤੋਂ ਉਪਜਣ, ਤੇ ਉਤਭੁਜ ਜ ਖੁੰਬ ਵਾਂਗ ਪ੍ਰਿਥਵੀ ਪਾੜ ਕੇ ਉਠਣ (ਕੇਤੀਆ ਖਾਣੀ), ਹਾਂ ਕੇਤੀਆਂ ਬਾਣੀਆਂ ਨੇ -ਪਰਾ, ਪਸੰਤੀ, ਮਧਮਾ ਤੇ ਬੇਖਰੀ, ਜੋ ਪਰਾ ਯਾ ਅਤਿਅੰਤ ਸੂਖਮ ਤੋਂ ਲੈ ਅੰਤ ਨੂੰ ਜ਼ਬਾਨ ਦਵਾਰਾ, ਅਖਰਾਂ ਦੁਆਰਾ ਬੈਖਰੀ ਹੋ ਨਿਕਲਦੀਆਂ ਨੇ (ਕੇਤੀਆ ਬਾਣੀ), ਤੇ ਕੇਤੇ ਹੀ ਨੇ ਪਾਤਸ਼ਾਹੀਆਂ, ਕੋਈ ਇੰਦ੍ਰ ਦੀ ਆਕਾਸ਼ ਵਿਚ ਤੇ ਬਾਲੀ (ਇੰਦ੍ਰ ਤੇ ਬਾਲੀ ਰਾਜੇ ਅਲੰਕਾਰ ਨੇ, ਉਪਰ ਤਤ-ਸਤ (ਇੰਦ੍ਰ) ਹੇਠ ਪਸ਼ੂ-ਬਲ (ਬਾਲੀ)) ਦੀ ਪਾਤਾਲ ਵਿਚ ਤੇ ਮਹਾਰਾਜਿਆਂ ਦੀ ਇਸ ਸੰਸਾਰ ਵਿਚ ਤੇ ਕਿਤਨੀਆਂ ਹੀ ਨੇ ਉਹਨਾਂ ਦੀਆਂ ਪੀੜ੍ਹੀਆਂ ਅਗੇਂ ਚਲਣ ਵਾਲੀਆਂ ਨਸਲਾਂ (ਕੇਤੇ ਪਾਤ ਨਰਿੰਦ)।

ਓ ਗਿਆਨ-ਖੰਡ, ਤੈਂਡੇ ਗਿਆਨ-ਅੰਜਨ ਨੇ ਖੋਹਲੇ ਨੇ ਕਿਤਨ ਹੀ ਨੇਤਰ, ਤੇ ਮੁਗਧਾਂ ਨੂੰ ਬਣਾਇਆ ਹੈ 'ਨਾਮ' ਦਾ ਸਰੋਤਾ, ਹਾਂ ਤੇ ਅਨਿਕ (ਕੇਤੀਆ ਸੁਰਤੀ), ਤੇ ਉਹ ਜਿਨ੍ਹਾਂ ਨੇ 'ਨਾਮ' ਚਾਨਣ ਨੂੰ ਹਥ ਫੜ ਸੇਵਾ-ਸੰਮਤੀ ਵਿਚ ਆਪਣੇ ਆਪ ਨੂੰ ਚਾ ਲਾਇਆ ਏ, ਉਹ ਵੀ ਨੇ ਸੁਚੇ-ਸੇਵਕ ਕੇਤੇ (ਸੇਵਕ ਕੇਤੇ) !...

ਓ ਕਾਨੀ ਤੂੰ ਕੀਕਣ ਲਿਖ ਸਕਦੀ ਏਂ ਬੇਅੰਤ ਦੇ ਲਖਣ, ਹਾਂ ਉਹਦਾ ਮਿਤ, ਉਹਦਾ ਵਿਸਥਾਰ ! ਓਏ ਕਾਨੀ 'ਬੇਅੰਤ' ਬੇਅੰਤ ਕਹੁ। "ਜੇ ਹਉ ਜਾਣਾ ਆਖਾ ਨਾਹੀ ਕਹਿਣਾ ਕਥਨੁ ਨ ਜਾਈ" ਓਏ ਭਾਵੇਂ ਮੈਂ ਅੰਦਰੋਂ ਅਨੁਭਵ ਕਰਾਂ ਪਰ ਫਿਰ ਵੀ ਪੂਰਾ ਨਹੀਂ ਆ ਸਕਦਾ ! ਓ ਹੋਇਆ ਜੁ ਬੇਅੰਤ ? ਓਏ ਓ ਵਡਾ ਏ, ਉਹਨੂੰ ਆਖੋ ਵਡਾ, ਵਡਾ-ਵਡਾ, ਤੇ ਉਥੇ ਹੀ ਛਡ ਦਿਓ (ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ

ਸੋਇ ॥) !......ਓ ਅੰਤਕੀ–ਅਖਰੋ, ਤੁਸੀਂ ਕੀਕਣ ਪਾਵੋਗੇ ਮਿਤ ਮੈਂਡੇ ਬੇਅੰਤ–ਮਾਹੀ ਦਾ ! ਓ ਬੇਅੰਤ ਤੂੰ ਬੇਅੰਤ ਏਂ, ਦਹਦਿਸ ਪਸਰਿਆ, ਚਹੁ ਜੁਗਾਂ ਵਿਚ ਸਮਾਇਆ, ਕਾਲ ਵਿਚ ਰਮਿਆ, ਪਰ ਫਿਰ ਵੀ ਅਕਾਲ ! ਓ ਬੇਅੰਤ ਤੇਂਡਾ ਕੋਈ ਅੰਤ ਨਹੀਂ, ਨਾ ਦੇਸ ਵਿਚ, ਨਾ ਕਾਲ ਵਿਚ, ਨਾ ਧਰਤੀ, ਨਾ ਆਕਾਸ਼, ਨਾ ਭੂਤ, ਨਾ ਭਵਿਖਤ ਵਿਚ !—

"ਨਾਨਕ ਅੰਤੁ ਨ ਅੰਤ ॥"

ਵਾਹਵਾਹ ਬੇਅੰਤ, ਵਾਹਵਾਹ ਬੇਅੰਤ !!

ਕਿਸੇ ਸਿਆਣੇ[1] ਨੇ ਸਾਇੰਸ ਨੂੰ ਧਰਮ ਦੀ ਅਧ–ਕੁੰਭੀ (Purgatory) ਕਰ ਕੇ ਆਖਿਆ ਹੈ, ਜਿਸ ਦਾ ਭਾਵ ਇਹ ਹੈ ਜੁ ਕੁਦਰਤ ਕੀਕਣ ਬੇਅੰਤ ਹੈ, ਕੇਡੇ ਵਡੇ ਵਿਸਥਾਰ ਵਾਲੀ ਤੇ ਸੂਰਜ ਚੰਨ ਕੇਡੇ ਕੇਡੇ ਦੂਰ ਨੇ, ਜਿਥੋਂ ਰੌਸ਼ਨੀ ਦੇ ਚਲ ਕੇ ਆਉਣ ਵਿਚ ਲਖਾਂ ਸਾਲ ਲਗ ਜਾਣ, ਉਹ ਲਖਾਂ ਮੀਲ ਇਕ ਸਕਿੰਡ ਵਿਚ ਟੁਰਨੀ ਏ, ਹਾਂ ਐਡਾ ਵਡਾ ਵਿਸਥਾਰ, ਐਡੀ ਵਡੀ ਕੁਦਰਤ ਨੂੰ ਵੇਖ ਕੇ ਪਤਾ ਲਗਦਾ ਏ, ਜੁ ਏਸ ਕੁਦਰਤ ਦਾ ਕਾਦਰ ਵੀ ਕੇਡਾ ਵਡਾ ਹੋਏਗਾ ? ਜੇਡੀ ਵਡੀ ਸ੍ਰਿਸ਼ਟੀ ਓਸ ਤੋਂ ਬਹੁੰ–ਵਡੇਰਾ ਹੋਇਆ ਉਹ ਆਪ, ਜਿਸ ਦਾ ਵੇਦ ਆਖਦੇ ਨੇ ਤਿੰਨ ਹਿੱਸੇ ਗੁਪਤ ਨੇ ਤੇ ਸਿਰਫ ਚੌਥਾ ਹਿੱਸਾ ਬਾਹਰ ਏ, ਹਾਂ ਚੌਥਾ ਵੀ ਨਹੀਂ ਹਾਂ ਜਿਸ ਦੀ ਮਾਨੋਂ ਪੋਟਾ—ਨਹੀਂ, ਨਹੀਂ, ਨਿਕੀ ਜਿਹੀ ਚੀਚੀ ਉਂਗਲ ਏ ਓ ਕੁਦਰਤ ਰਾਣੀ !

ਪਰ ਅਜ ਕਲ ਦੀ ਸਾਇੰਸ ਜਦ ਆਪਣੀ ਗੁਪਤ[2] ਅਗਨੀ

---

1. Science has been called by Baron Von Hugel, the Purgatory of Religion. The study of Nature, he means, purifies one's ideas about God and Reality.
2. Modern philosophy is Imaintain wrecked on the second Law of Thermo-dynamics. Dean Inge ਇਹ ਮਸਲਾ ਆਖਦਾ ਹੈ ਜੁ ਸ਼ਕਤੀ ਘਟ ਰਹੀ ਹੈ ਤੇ ਕਿਸੇ ਵੇਲੇ ਸੰਸਾਰ-ਕਲਾ ਬੈਠ ਜਾਏਗੀ ।

ਘਟਦੀ ਵੇਖਦੀ ਏ ਤਾਂ ਹਾਬੜ ਕੇ ਘਾਬਰ ਕੇ ਆਖਦੀ ਏ, ਇਹ ਜਗ ਅੰਤਕੀ ਏ, ਇਸ ਦੀ ਜੋਤ ਕਿਸੇ ਵੇਲੇ ਭਾਵੇਂ ਕੋਟ-ਕੋਟਾਨ ਵਰ੍ਹਿਆਂ ਯੁਗਾਂ ਬਾਹਦ ਘਟ ਜਾਣੀ ਏ ਤੇ ਇਹ ਸੰਸਾਰ ਫਿਰ ਭਸਮ ਦੀ ਢੇਰੀ ਬਣ ਜਾਣਾ ਏ।...ਤਾਂ ਫਿਰ ਇਸ ਦਾ ਕੋਈ ਅੰਤ ਹੋਇਆ ?...ਪਰ ਮੈਂਡਾ ਗੁਰਦੇਵ ਆਖਨਾ ਵੇ "ਨਾਨਕ ਅੰਤ ਨ ਅੰਤ" ਇਹਦਾ ਕੋਈ ਅੰਤ ਨਹੀਂ, ਜੇ ਪਰਲੋ ਵੇ ਤਾਂ ਪਰਲੋ ਦੇ ਪਿਛਾਂਹ ਫਿਰ ਉਤਪਤੀ ਏ, ਕਿਉਂਕਿ ਅਨਿਕ ਉਤਪਤ ਤੇ ਪਰਲੋ ਨ, ਮਾਨੋਂ ਉਸ ਦੀ ਅੱਖ ਝਲਕਾਰੇ। ਓਏ ਭੋਲਿਓ ! 'ਬੇਅੰਤ' ਦਾ ਵਿਸਥਾਰ ਵੀ 'ਬਅੰਤ' ਹੋਇਆ ਕਰਦਾ ਹੈ ! ਵੇਖੋ ਜਦ ਇਕ ਨਿਕੇ ਦੀਵੇ ਦੇ ਜੋ ਸ਼ੀਸ਼ੀਆਂ ਦੇ ਮਧ ਹੋਵੇ ਉਸ ਬੇਅੰਤ[1] ਅਕਸ (Image) ਨੇ, ਫਿਰ ਮੈਂਡੇ ਉਸ ਬੇਅੰਤ ਸੂਰਜ ਦੇ ਬੇਅੰਤ ਅਕਸ ਇਹ ਬ੍ਰਿਹਮੰਡ ਕਿਉਂ ਨਹੀਂ ਨੇ '!—

ਸ਼ੀਸ਼ਾ	○	ਸੀਸ਼ਾ
....	ਦੀਵਾ	....
ਬੇਅੰਤ ਪ੍ਰਤਿਬਿੰਬ !	Lamp	Infinite Images

ਹਾਂ ਨੇ, ਹਾਂ ਨੇ, ਹਾਂ ਨੇ ! ਓ ਬੇਅੰਤੀ-ਨਿਰੰਕਾਰ, ਤੈਂਡਾ ਅਕਾਰ (ਓਅੰਕਾਰ) ਵੀ ਬੇਅੰਤ[2] ਏ, ਹਾਂ ਬੇਅੰਤ ਪਰ ਫਿਰ ਵੀ ਇਕ ਆਨ

1. ਇਹ ਇਕ ਸਾਇੰਸ ਦਾ ਤਜਰਬਾ ਹੈ, ਇਕ ਦੀਵੇ ਦੇ ਬੇਅੰਤ ਦੀਵੇ (ਅਕਸੀ ਬਣਦੇ ਹਨ) Theoretically there should be infinite images if all light were reflected. ਪਰ ਨਾਮ ਅਖੁਟ ਹੈ, ਇਸ ਕਰਕੇ ਕੁਦਰਤ ਵੀ।
2. Cf. Jacobe —"A God whom we can understand would be no God".

Rousseau—The less I comprehend the more devoutly I pray,

ਇਕ ਸ਼ਾਨ, ਇਕ ਸੂਤ ਪਰੋਇਆ, ਹਾਂ ਇਕੋ ਇਕ ਏਕੰਕਾਰ ![3] -ਪਰ ਅਜ ਓ 'ਗਿਆਨ—ਖੇਡ' ਤੈਂਡੀ ਬੇਅੰਤ ਅੱਖ ਨਾਲ ਓ ਬੇਅੰਤ, ਵਾਹ ਵਾਹ ਬੇਅੰਤ—ਬਸੰਤ !!

੬

ਓ ਬੇਅੰਤ, ਜੇ ਤੂੰ ਨਾ ਬੇਅੰਤ ਹੋਵੇਂ ਤਾਂ ਮੈਂ ਲਮ-ਦਲਾਂਘਾ ਸਕੰਦਰ ਵਾਂਗ ਸਭ ਕੁਝ ਕਛਦਾ, ਖੋਂਹਦਾ, ਫਤੇ ਕਰਦਾ, ਤੈਂਡ ਅੰਤ ਨਾ ਪਾ ਲੈਂਦਾ ! ਓ ਬੇਅੰਤ ਜੇ ਤੂ ਬੇਅੰਤ ਨਾ ਹੋਵੇਂ ਤਾਂ ਮੈਂ ਆਪਣੀਆਂ ਲਤਾਂ ਲੰਮਿਆਰਦਾ ਲੰਮਿਆਰਦਾ, ਤੈਂਡੇ ਮੰਜੇ ਤੋਂ ਲਤਾਂ ਬਾਹਰ ਕਢ ਕੇ ਡਿਗ ਪੈਂਦਾ। ਓ ਬੇਅੰਤ ਜੇ ਤੂ ਬਅੰਤ ਨਾ ਹੁੰਦਾ ਤਾਂ ਮੈਂ ਭਜਦਾ ਭਜਦਾ ਕਿਸੇ ਅਣੋਖੇ ਗੜ੍ਹੇ ਵਿਚ ਜਾ ਡਿਗਦਾ ! ਓ ਬੇਅੰਤ ਜੇ ਤੂੰ ਬੇਅੰਤ ਨਾ ਹੁੰਦਾ ਤਾਂ ਮੈਂ ਹਨੂਮਾਨ* ਵਾਂਗ ਕਈਆਂ ਚੰਨਾਂ-ਸੂਰਜਾਂ* ਨੂੰ ਗੇਂਦ ਬਣਾ, ਪਰਾਂਹ ਉਛਾਲ ਛਡਦਾ ? ਓ ਬੇਅੰਤ ਜੇ ਤੂੰ ਬੇਅੰਤ ਨਾ ਹੁੰਦਾ ਤਾਂ ਤੈਂਡਾ ਸਾਰਾ ਸਾਗਰ ਮੈਂ ਇਕ ਡੀਕ ਨਾਲ ਅਗਸਤ* ਵਾਂਗੂ ਪੀ ਜਾਂਦਾ ਤੇ ਫਿਰ ਤਿਰਹਾਇਆ ਦਾ ਤਿਰਹਾਇਆ ਰਹਿ ਜਾਂਦਾ ! ਓ ਬੇਅੰਤ ਜੇ ਤੂੰ ਬੇਅਤ ਨਾ ਹੁੰਦਾ ਤਾਂ ਮੈਂਡੀ ਤਪਤ, ਮੈਂਡੀ ਡੀਕ, ਮੈਂਡੀ ਤ੍ਰਿਸ਼ਨਾ ਕੌਣ ਠਾਰਦਾ ! ਓ ਬੇਅੰਤ ਤੂੰ ਬੇਅੰਤ ਏਂ, ਤੂੰ ਮੈਨੂੰ ਅੰਤਕੀ ਨੂੰ ਬੇਅੰਤ ਢੀਲ ਤੇ ਖੁਲ੍ਹ ਦੇਨਾ ਵੇਂ—ਅਗਾਂਹ ਵਧਣ ਲਈ ਯਾਂ ਪਿਛਾਂਹ ਮੁੜਨ ਲਈ,

---

3. Cf. Heg. 1 —Coherence of the phenomenal world in a Single Being. Creation is eternal self revelation of God. ਬੇਅੰਤ ਦਾ ਪਰਛਾਵਾਂ ਵੀ ਬੇਅੰਤ । ਬੇਅੰਤ ਕਾਦਰ, ਬੇਅੰਤ ਕੁਦਰਤ ।

* ਇਹ ਇਕ ਅਲਕਾਰ ਹੈ, ਸੂਰਜ ਨੂੰ ਛੁਟਿਆਣ ਦਾ, ਹਨੂਮਾਨ ਨੇ ਚੰਨ ਸੂਰਜ ਨੂੰ ਗੇਂਦ ਸਮਝ ਕੇ ਖੇਡਿਆ ਤੇ ਅਗਸਤ ਰਿਸ਼ੀ ਸਾਰਾ ਸਮੁੰਦਰ ਪੀ ਗਿਆ—ਅਕਾਲ ਦੇ ਰਸਤੇ ਵਿਚ ਇਹ ਅਲੰਕਾਰ ਸਾਨੂੰ ਅੰਤ ਨੂੰ ਟਪ ਬੇਅੰਤ ਵਲ ਆਵਣਾ ਦਸਦੇ ਨੇ ।)

ਬਖੀ ਵਿਚ ਵਧਣ ਲਈ ਯਾ ਪੁਨ ਵਿਚ ਫਲਣ ਲਈ ! ਓ ਬੇਅੰਤ ਤੂੰ ਹਭਨੀਂ ਪਾਸੀਂ ਬੇਅੰਤ ਏਂ ! ਕਾਲ ਵਿਚ ਜੋ ਭੂਤ ਵਿਚ ਬੇਅੰਤ ਏ, ਜੋ ਭਵਿਖਤ ਵਿਚ ਬੇਅੰਤ ਏ ! ਦੇਸ ਵਿਚ ਜੋ ਪੂਰਬ-ਪਛਮ ਉਤਰ-ਦਖਣ ਸਾਰਿਆਂ ਪਾਸਿਆਂ ਬੇਅੰਤ ਏ ! ਓ ਬੇਅੰਤ ਮੈਨੂੰ ਭਾਸਦਾ ਏ ਜੁ ਪੂਰਬ ਦਾ ਨਵਾਂ ਮਸਲਾ ਵੀ ਕਿਧਰੇ ਗਲਤ ਏ, ਜੋ ਆਖਨਾ ਏਂ ਸੰਸਾਰ ਇਕ ਪਾਸੋਂ ਅੰਤਕੀ ਏ—ਓਏ ਜੇ ਇਹ ਅੰਤਕੀ ਏ ਤਾਂ ਮੈਂਡੇ ਲਈ ਇਹ ਸੰਸਾਰ ਨਹੀਂ ।

ਇਹ ਇਕ ਖੁਡ ਏ, ਇਹ ਗੁਫਾ ਏ ਜਿਸ ਵਿਚ ਮੇਰੀ ਸੰਘੀ ਘੁਟੀਂਦੀ (Marbeing immovital anything that is mortal checks his vision) ਏ ! ਓ ਬੇਅੰਤ ਤੂੰ [1]ਬੇਅੰਤ ਏਂ ਤੇ ਤੈਂਡੀ ਤਾਣੀ-ਬਾਣੀ ਏਹ ਸ੍ਰਿਸ਼ਟੀ ਵੀ ਬੇਅੰਤ ਏ, "ਨਾਨਕ ਅੰਤ ਨ ਅੰਤ ॥"—"ਅੰਤੁ ਨ ਸਿਫਤੀ ਕਹਣਿ ਨ ਅੰਤੁ ॥"

---

1 ਪਛਮ ਵਾਲੇ ਏਸ ਬੇਅੰਤ ਨੂੰ ਨਹੀਂ ਸਮਝ ਸਕਦੇ ।

Cf. HG. Wells – When you speak of the Absolute (ਨਿਰੰਕਾਰੁ) You speak to me of nothing. If you talk of a great yet finite and unknowable being, not myself, extending beyond me imagination intime and space, knowing all this I can think of as done, you come into the sphere of my philosophy. When you talk to me of a being of infinite extension and infinite duration Iminiscent and prefects, you seem to me to be talking in definitions of nothing whatever. ਏਸ ਫਲਾਸਫਰ ਦਾ ਵਾਹਿਗੁਰੂ ਵੀ ਅੰਤਕੀ ਏ, ਬੇਅੰਤ ਨਹੀਂ । ਭਲਾ ਤੂੰ ਕੀਕਣ ਸਮਝੇਂ ਨਾਮ-ਕਲਾ ।

ਅੰਤੁ ਨ ਕਰਣੈ ਦੇਣਿ ਨ ਅੰਤੁ ॥
ਅੰਤੁ ਨ ਵੇਖਣਿ ਸੁਣਨਿ ਨ ਅੰਤੁ ॥
ਅੰਤੁ ਨ ਜਾਪੈ ਕਿਆ ਮਨਿਮੰਤੁ ॥
ਅੰਤੁ ਨ ਜਾਪੈ ਕੀਤਾ ਆਕਾਰੁ ॥
ਅੰਤੁ ਨ ਜਾਪੈ ਪਾਰਾਵਾਰੁ ॥
ਅੰਤ ਕਾਰਣਿ ਕੇਤੇ ਬਿਲਲਾਹਿ ॥
ਤਾ ਕੇ ਅੰਤੁ ਨ ਪਾਏ ਜਾਹਿ ॥
ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥" (ਜਪੁਜੀ ੨੪)

ੳ ਬੇਅੰਤ, 'ਧਰਮ-ਖੰਡ ਵਸੇ ਬੇਅੰਤ', ਮੈਂ ਬਲਿਹਾਰੀ ਤੋਰਿ ! ਵਾਹ ਵਾਹ ਬੇਅੰਤ, ਵਾਹ ਵਾਹ ਅਨੰਤ ! ੳ ਬ੍ਰਹਮ-ਗਿਆਨ ਦੇ ਦੂਜੇ ਪਉੜੇ ਤੂੰ ਵੀ ਭੀ ਵਾਹ ਵਾਹ !!

ੴ ਸਤਿਗੁਰ ਪ੍ਰਸਾਦਿ ॥

ਸ੍ਰੀ

ਸਰਮ-ਖੰਡ

"ਸਚੇ ਤੇਰੇ ਖੰਡ ਸਚੇ ਬ੍ਰਹਿਮੰਡ ॥"

(ਆਸਾ ਦੀ ਵਾਰ)

ਵਾਹੁ ਵਾਹੁ ਸਰਮ-ਖੰਡ

ੳ ਸੁੰਦਰਤਾ, ੳ ਸੁੰਦਰਤਾ, ੳ ਅਰਸ਼-ਵਸਣ ਵਾਲੀਏ ਸੁੰਦਰਤਾ, ਤੂੰ ਅਜ ਕੀਕਣ ਹੇਠਾਂ ਉਤਰ ਆਈ, ਇਸ ਕਾਲੀ ਬੋਲੀ ਧਰਤੀ ਤੇ ? ਅਜ ਚਾਰੇ ਪਾਸੇ, ਦਹ-ਦਿਸਾਂ ਵਿਚ ਖੇੜਾ ਈ ਏ, ਖੇੜਾ, ਹਾਂ ਆਨੰਦ-ਘੇਰਾ ! ੳ ਸੁੰਦਰਤਾ, ੳ ਜਾਦੂਗਰਨੀ ! ਅਜ ਵਣ ਤ੍ਰਿਣ ਤ੍ਰਿਭਵਣ ਸਭੇ ਹਰਿਆਵਲੇ ਨੇ, ਨਹੀਂ ਸਗੋਂ ਫੁਲਾਂ ਨਾਲ ਲੱਦੇ ਹੋਏ ਨੇ, ੳ ਬਸੰਤ-ਰਾਣੀ !

ੳ ਸੁੰਦਰਤਾ, ਅਜ ਇਥੇ ਉਥੇ, ਜਿਥੇ ਕਿਥੇ, ਲਾਲੋ ਲਾਲ ਗੁਲਾਲ ਪਏ ਉਡਦੇ ਨੇ ਤੇ ਹੇਠਾਂ ਚੋਆ-ਚੰਦਨ ਤੇ ਸੋਨਾ ਚਾਂਦੀ ਵਿਛੇ ਹੋਏ ਨੇ ! ੳ ਹੋਲੀ ਖੇਡਣ ਆਈ ਅਣੋਖੀ ਅਪਸਰਾਂ ! ੳ ਸਈਓ, ਗਾਓ ਗਾਓ ਨਾ ਗੀਤ, ਹਾਂ ਗਾਉ ਗਾਉ ਅਜ ਮੈਂਡੇ ਲਾਲਣ ਦੇ ਸੋਹਲੜੇ ! ੳ ਸੁੰਦਰਤਾ ਸਵਾਰ ਲਾਲਣ, ੳ ਜਗਜੀਵਣ-ਭਤਾਰ :—

"ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥
ਮੇਰੇ ਗ੍ਰਿਹਿ ਆਏ ਰਾਜਾ-ਰਾਮ ਭਤਾਰਾ ॥ ਰਹਾਉ ॥
ਨਾਭਿ ਕਮਲ ਮਹਿ ਬੇਦੀ ਰਚਿ ਲੈ ਬ੍ਰਹਮ ਗਿਆਨ ਉਚਾਰਾ ॥
ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡ ਭਾਗ ਹਮਾਰਾ ॥
ਸੁਰਿਨਰ ਮੁਨਿਜਨ ਕਉਤਕ ਆਏ ਕੋਟਿ ਤੇਤੀਸਓ ਜਾਨਾ ॥
ਕਹਿ ਕਬੀਰ ਮੋਹਿ ਬਿਆਹਿ ਚਲੇ ਹਰਿ ਪੁਰਖ ਏਕ ਭਗਵਾਨਾ ॥"
(ਆਸਾ ਕਬੀਰ)

ਹਾਂ ਗਾਉ ਗਾਉ ਰੀ ਸਖੀ 'ਜੀ ਆਇਆਂ ਨੂੰ', ਮੈਂਡੇ ਸੁੰਦਰਤਾ ਸਵਾਰ ਨੂੰ ! ਗਾਉ ਗਾਉ ਰੀ ਸਖੀ 'ਭਵਨ ਸੁਹਾਵੜਾ ਧਰਤੀ ਸਭਾਗੀ ਰਾਮ, ਪ੍ਰਭ ਘਰਿ ਆਇਅੜਾ ਗੁਰਚਰਨ ਲਾਗੀ ਰਾਮ ॥" ਓ ਸਖੀਓ ਰਲ ਮਿਲ ਮੰਗਲ ਗਾਓ, ਗਜ ਕੇ, ਅਜ ਮੈਂ ਵਧਾਇਓਂ ਪੀਆ ਮੈਨੂੰ ਅੰਕ-ਅੰਕ ਲਾਇਓਂ ! ਓ ਸਖੀਉ, ਗਾਉ, ਗਾਉ, ਝੂਮਰ ਪਾ ਕੇ ! ਹਾਂ ਅਜ ਮੈਂ ਭਾਗ ਸੁਲਖਣੀ, ਅਜ ਮੈਂ ਬੱੜੀ ਸੁਲੱਖਣੀ ! ਓ ਸਈਓ ! ਗਾਉ ਮੈਂਡੇ ਪ੍ਰੀਤਮ ਦਾ ਨਿਰਭਉ ਸਹਿਲੜਾ, ਹਾਂ ਸੋਹਿਲੜਾ, ਜੁਗਚਾਰੇ ! ਓ ਸਈਓ, ਗਾਉ ਗਾਉ ਨੀ ਅਨੰਦ ਮੰਗਲ, ਅਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹ" ਅਣਛੁਤੇ ਕੀਰਨੇ ! ਓ ਸਖੀਓ, ਗਾਉ ਨਾ ਨੀਂ, ਮੈਂਡੇ ਗਰੁੜ ਸਵਾਰ ਦੇ ਗੁਣ, 'ਮਲਨਿ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ", ਹਾਂ ਅਜ ਅਣੋਖੜਾ ਦਿਨ ਅਤਿ ਸੋਹਣਾ ! ਓ ਸਖੀਉ, ਗਾਉ ਗਾਉ, ਮੈਂਡੇ ਬਿਸਮ ਪੁੰਜ ਦਾ ਬਿਸਮ ਜਨਕ ਬਿਲਾਵਲ "ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸ਼ੀ ਰਾਮੁ ॥"

ਓ ਸਖੀਓ ! ਅਜ ਅਰਸ਼ੋਂ ਉਤਰੀ ਠੰਡ ਏ, ਅਜ ਸੀਤਲਤਾ ਏ, ਅਜ ਆਨੰਦ ਏ, ਅਜ ਚਾਉ ਏ ਨੀਲੇ ਅਸਵਾਰ, ਅਜ ਮੰਗਲ

ਨੇ ਅਣਮੁਕਣੇ, ਅਜ ਹੁਟੇ ਨੇ ਅਨੂਠੜੇ, ਅਜ ਹੁਲਾਸ ਨੇ ਹੁਸੜ ਹੁੰਝਣੇ, ਅਜ ਠਾਠਾਂ ਨੇ ਕਾਂਗਾਂ ਕਿਰਪਾ ਸਾਗਰ ਦੀਆਂ ! ਓ ਅਮਿਟ ਅਮੁਕ, ਅਣੋਖੀਆਂ ! ਓ ਸਖੀਓ, ਅਜ ਦਿਨ ਏ ਸ਼ੁਭ, ਨਿਰਮਲ ਪਵਿਤਰਾ ! ਓ ਸਖੀਓ ਸਾਰੇ ਪਾਸੇ ਅਜ ਆਈ ਏ ਰੁਤ ਅਣੋਖੜੀ ! ਓ ਬਸੰਤ ਜੁ ਕੂਕਦੀ ਏ 'ਮਾਹ ਮਾਹ ਮੁਮਾਰਖੀ ਚੜ੍ਹਿਆ ਸਦਾ ਬਸੰਤ' ! ਹਾਂ ਅਜ ਲਾਲੋ ਲਾਲ ਚਲੂਲੜੀ ਰੁਤ ਏ ਤੇ ਮੈਂਡਾ ਮਾਹੀ ਸਤ-ਰੰਗੀ ਪੀਂਘ (Rainbow) ਤੇ ਸਵਾਰ ਅਰਸ਼ ਛਡ ਕੁਰਸ਼ ਵਲ ਆਇਆ ਏ ! ਓ ਸੁੰਦਰਤਾ ਦੇ ਹੜ੍ਹ ! ਓ ਸੁੰਦਰਤਾ ਦੇ ਸੀਤਲ-ਬੁੱਲੇ ! ਵਾਹ ਵਾਹ 'ਸਰਮ-ਖੰਡ ਤੈਂਡਾ ਵਿਚਿਤਰ ਆਸਣ !

ਹਾਂ, ਅਜ ਅਸਾਂ 'ਸਰਮ-ਖੰਡ' ਦੇ ਅਨੂਪਮ ਨਗਰ ਵਿਚ ਪੈਰ ਪਾਇਆ ਵੇ, ਜਿਥੇ ਕੋਝ ਨਹੀਂ, ਕਾਲਖ ਨਹੀਂ, ਸਭ ਪਾਸੇ ਕੰਚਨ-ਵਾੜੀ ਏ ! ਓ ਸਰਮ-ਖੰਡ, ਤੈਂਡੇ ਦਰ ਉਰ ਨੂੰ ਵਸ ਕਰਨ ਵਾਲੀ 'ਉਰਵਸ਼ੀ' ਵ੍ਸਦੀ ਏ, ਕੋਈ ਊਸ਼ਾ-ਜਾਈ ਅਪਛਰਾਂ, ਸੁੰਦਰ, ਸੁੰਦਰਤਾ ਦੀ ਖਾਣ ! ਓ ਸਰਮ-ਖੰਡ ਤੂੰ ਕੋਈ ਵਚਿੱਤਰ ਦੇਸ ਏਂ ਜਿਥੇ ਰਤਨ, ਲਾਲ, ਜਵਾਹਰ, ਮਾਣਕ ਪੈਰਾਂ ਵਿਚ ਵੀਟੇ ਪਏ ਨੇ ! ਓ ਸਰਮ-ਖੰਡ ਤੈਂਡੀ ਪਵਿਤਰ ਧਰਤੀ ਵਿਚ ਸਚਿਤਰ ਹੂਰਪਰੀਆਂ ਵਸਦੀਆਂ ਨੇ ! ਓ ਸਰਮ-ਖੰਡ ਤੈਂਡੀ ਅਨੂਪਮ ਵਸਤੀ ਵਿਚ ਹੀ ਮੁਨਿਜਨ ਵਸਦੇ ਨੇ, ਜਿਨ੍ਹਾਂ ਆਪਣੀਆਂ ਕਲਮਲਾਂ ਧੋ ਹੰਸ ਰੂਪ ਧਾਰੇ ਨੇ ! ਓ ਸੁਖ ਵਸਦੀ ਰਾਮਦਾਸ ਪੁਰੀ ! ਓ ਅਖੋਂ ਉਹਲੇ ਬਿਸਮੇ ਨਗਰੀ !

ਓ ਬਿਸਮ ਨਗਰੀ ! "ਡਿਠੇ ਸਭ ਥਾਂ ਨਹੀਂ ਤੁਧ ਜੇਹਿਐ ॥" ਓ ਬਿਸਮ-ਨਗਰੀ ! ਹਾਂ ਹੁਣ ਮੈਂ ਜਾਣਿਆ 'ਬਧਹੋ ਪੁਰਖਿ ਬਿਧਾਤੈ ਤਾਂ ਤੂ ਸੋਹਿਆ' ! ਓ ਬਿਸਮ ਨਗਰੀ, ਮੈਂਡੇ ਸੁੰਦਰ ਬੇਦੀ ਨੇ ਆਪ

ਆਪਣੇ ਪਵਿਤਰ ਕਰਾਂ ਨਾਲ ਤੈਨੂੰ ਰਚਿਆ ਵੇ, ਤਾਂ ਤੂੰ ਏਂ ਸੋਹਣੀ! ਓ ਵਚਿਤਰ ਨਗਰੀ, ਜਿਥੈ ਵਸਨਾ ਏਂ ਮੈਂਡਾ-ਮੋਰ, ਹਾਂ ਮੈਂਡਾ ਚਿਤ ਚੋਰ! ਓ ਸੁੰਦਰ ਨਗਰੀ, ਸੁੰਦਰਤਾ ਦੀ ਖਾਣ, ਸਚ ਤੂੰ ਏਂ 'ਸਰਮ ਖੰਡ!

ਓ ਸਰਮ ਖੰਡ, ਓ ਬਿਸਮ ਨਗਰੀ, ਤੈਂਡੇ ਅੰਦਰ ਮਿਟੀ ਤੇ ਗਾਰਾ ਨਹੀਂ ਵਰਤਿਆ, ਪਰ ਮੈਂਡੇ ਸੋਹਣੇ ਨੇ ਸੋਨੇ ਦੀਆਂ ਇੱਟਾਂ ਤੇ ਅੰਮ੍ਰਿਤ ਦਾ ਗਾਰਾ ਵਰਤਿਆ ਏ। ਓ ਸਰਮ-ਖੰਡ ਤੈਂ ਅੰਦਰ ਹੀ ਤਾਂ ਦੁਧ-ਮਾਖਿਓਂ ਦੀਆਂ ਨਦੀਆਂ ਵਗਦੀਆਂ ਨੇ ਜਿਨ੍ਹਾਂ ਨੂੰ ਪੀ ਪੀ ਹੰਸ ਗੁਟਕਦੇ ਨੇ! ਓ ਸਰਮ-ਖੰਡ ਤੈਂਡੇ ਅੰਦਰ ਹੀ ਤਾਂ ਕਲਪ-ਬਿਰਛ ਨੇ ਜਿਨ੍ਹਾਂ ਨਾਲ 'ਫੂਲ ਲਗੇ ਫਲ ਰਤਨ ਭਾਂਤ'! ਓ ਸਰਮ-ਖੰਡ, ਓ ਅਖ ਨੂੰ ਚੁੰਧਿਆਉਣ ਵਾਲੇ ਚੰਨਾਂ ਦੀ ਨਗਰੀ, ਤੈਂਡੀਆਂ ਗਲੀਆਂ ਵਿਚ ਹੀ ਤਾਂ ਚੋਆ ਚੰਦਨ ਤੇ ਕੁੰਗੂ ਕੇਸਰ ਦੇ ਫ਼ਰਸ਼ ਨੇ। ਓ ਸਰਮ ਖੰਡ ਤੋਂ ਮਿਠੇ-ਖੰਡ, ਤੈਂਡੀ ਵਚਿਤਰ ਸੁੰਦਰਤਾ ਮੈਂ ਕੀਕਣ ਵਾਚ ਸਕਨਾ ਈਂ? ਓ ਸ਼ਰਮ-ਖੰਡ ਤੈਂਡੀ ਸੁਚੀ-ਸਰਮ! ਓ ਸਰਮ-ਖੰਡ ਤੈਂਡੀ ਸੁਚੀ ਸੀਤਲਤਾ! ਓ ਸਰਮ ਖੰਡ ਤੈਂਡੀ ਬਿਸਮ ਲੀਲ੍ਹਾ ਤੇ ਅਕਹਿ ਸੁਖ–

"ਓਇ ਸੁਖ ਕਾਸਿਓ ਬਰਨਿ ਸੁਨਾਵਤ ॥
ਅਨਦਿ ਬਿਨੋਦ ਪੇਖਿ ਪ੍ਰਭ ਦਰਸਨ
ਮਨਿ ਮੰਗਲ ਗੁਨ ਗਾਵਤ ॥ ਰਹਾਉ ॥
ਬਿਸਮ ਭਈ ਪੇਖਿ ਬਿਸਮਾਦੀ
ਪੂਰਿ ਰਹੇ ਕਿਰਪਾਵਤ ॥"

... ...

ਪੀਓ ਅੰਮ੍ਰਿਤ 'ਨਾਮ' ਅਮੋਲਕ
ਜਿਉ ਚਾਖਿ ਗੂੰਗਾ ਮੁਸਕਾਵਤ ॥

ਜੈਸੇ ਪਵਨੁ ਬੰਧ ਕਰਿ ਰਾਖਿਓ
ਬੂਝ ਨਾ ਆਵਤ ਜਾਵਤ ॥
ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ
ਉਆ ਕੀ ਕਹੀ ਨ ਜਾਇ ਕਹਾਵਤ ॥

(ਸਾਰੰਗ ਮ: ੫)

ਓ ਸਰਮ-ਖੰਡ, ਤੈਂਡੇ ਅੰਦਰੋਂ ਡੁਲ੍ਹ ਡੁਲ੍ਹ ਪੈਂਦੀ ਏ ਸੁੰਦਰਤਾ ਤੈਂਡੇ ਅੰਦਰੋਂ ਡੁਲ੍ਹ ਡੁਲ੍ਹ ਪੈਂਦੀ ਏ ਸੀਤਲਤਾ ! ਓਇ ਪਵਣ ਨੂੰ ਕੀਕਣ ਕੋਈ ਬੰਨ੍ਹ ਸਕਦਾ ਏ–ਓ ਸੁਭਰ ਭਰੀ ਸੁੰਦਰਤਾ ਦੀ ਖਾਣ ! ਓ ਸਰਮ-ਖੰਡ !

੨.

ਸਰਮ-ਖੰਡ ਭਾਵੇਂ ਉੱਝ ਤਾਂ ਤੀਜਾ ਪਉੜਾ ਹੈ, ਪਰ ਇਕ ਲਿਹਾਜ਼ ਤੇ ਸਾਰਿਆਂ ਕੋਲੋਂ ਵਚਿਤਰ ਏ, ਕਿਉਂਕਿ "ਤਿਥੈ ਘਾੜਤਿ ਘੜੀਐ ਬਹੁਤ ਅਨੂਪ", ਇਥੇ ਅਜਬ ਕਿਸਮ ਦੀ ਘਾੜਤ ਘੜੀ ਜਾਂਦੀ ਏ, ਤੇ ਸਿੱਕੇ ਨੂੰ ਢਾਲ ਕੇ ਸੁਚਾ ਕੰਚਨ ਇਸ ਵਿਚੋਂ ਉਪਜਦਾ ਏ ! ਓ ਸਰਮ-ਖੰਡ, ਤੈਂਡੇ ਅੰਦਰ ਕੋਈ ਅਨੂਪਮ ਭਠੀ ਏ ਜਿਸ ਵਿਚ– (੧) ਸੁਰਤਿ, (੨) ਮਤਿ, (੩) ਮਨਿ, (੪) ਬੁਧਿ–ਸਾਰੇ ਢਾਲੇ ਜਾਂਦੇ ਨੇ ਤੇ ਵਿਚੋਂ ਸੋਲਾਂ ਵੰਨੀ ਸੁਧ ਕੰਚਨ ਨਿਕਲਦਾ ਏ ! ਓ ਸਰਮ-ਖੰਡ, ਤੂੰ ਕੋਈ ਅਣੋਖੀ ਕੁਠਾਲੀ ਏਂ, ਕਿਸੇ ਅੰਦਰਲੇ ਸੁਨਿਆਰੇ ਦੇ ਹਥ ! ਇਸ ਅਣੋਖੀ ਭਠੀ ਦਾ ਮਾਲਕ ਓ ਨਦਰੀ ਨਦਰਿ ਨਿਹਾਲ ਆਪ ਏ, ਤੇ ਉਸਦੇ ਹੱਥ ਹਥਿਆਰ 'ਨਾਮ ਨਿਰੰਜਨ' ਏ ! ਹਾਂ ਉਹ ਅਕਹਿ-ਕੜਾਹ ਜਿਸ ਵਿਚ ਟੁਭੀ ਖਾ ਕੇ ਹਰ ਇਕ ਅੰਤ ਵਸ ਬ੍ਰਿਤ ਬੇਅੰਤ ਵੰਨੀ ਹੋ ਜਾਂਵਦੀ ਏ !

ਸੁਰਤ ਕੀ ਏ ? ਇਹ ਸਾਡੇ ਵਿਚ ਦਬੀ ਹੋਈ ਜੀਵਣ-ਕਣੀ ਹੈ ਜੋ ਅਨੰਤ ਨੂੰ ਵੇਖਣ ਵਾਲੀ ਇਕੋ ਇਕ ਦੂਰਬੀਨ ਏ, ਪਰ ਇਹ ਭਾਵੇਂ ਹਰ ਇਕ ਦੇ ਕੋਲ ਹੈ—"ਸੁਰਤਿ ਵਿਹੂਣਾ ਕੋਇ ਨਾ ਕੀਆ ॥" (ਸਿਰੀ ਰਾਗੁ ਮ: ੧)-ਪਰ ਇਸ ਦੂਰਬੀਨ ਅਗੇ ਖੋੜ ਚੜ੍ਹੇ ਹੋਏ ਨੇ ! ਜਦ ਤੋੜੀ ਇਸ ਦਾ ਢਕਣ ਨਾ ਖੁਲ੍ਹੇ ਯਾ ਓਹ ਨਦਰੀ ਇਹਨੂੰ ਆਪ ਨਾ ਖੋਲ੍ਹੇ, ਤਦ ਤੋੜੀ ਇਹ ਦਬੇ ਦਰਬ ਵਾਂਗ ਏ, ਗੁਝੇ ਖਜ਼ਾਨੇ ਵਾਂਗ ਜੋ ਸਾਡੇ ਅੰਦਰ ਹੈ, ਪਰ ਫੇਰ ਵੀ ਨਹੀਂ, ਕਿਉਂਕਿ ਸਾਡੇ ਹਥ ਨਹੀਂ ਆਇਆ ! ਪਰ ਜਦ 'ਨਾਮ ਆਪਣੀ ਅਕਹਿ-ਕਹੀ ਲੈ ਕੇ ਖੁਟਦਾ ਏ, ਤਦ ਇਹ ਸੁਤੀ ਹੋਈ ਸੁਰਤੀ ਜਾਗ ਪੈਂਦੀ ਏ—ਪਰ ਹੌਲੇ ਹੌਲੇ, ਧੀਮੇ ਧੀਮੇ ਇਹ ਦੀ ਨੀਂਦਰ ਖੁਲ੍ਹਦੀ ਏ ! ਧਰਮ ਖੰਡ ਵਿਚ 'ਗਿਆਨ ਰਾਏ' ਸੇਜੇ ਤੇ ਆਂਵਦਾ ਏ। ਉਹ ਇਸ ਨੂੰ ਵੀ ਟੁੰਬ ਜਗਾਂਵਦਾ ਏ। ਫਿਰ 'ਸੁਰਤ' ਤੇ 'ਮੱਤ' ਦੋਵੇਂ ਭੈਣਾਂ, ਅਣੋਖੇ ਕਪੜੇ ਪਾ ਬਾਹਰ ਨਿਕਲਦੀਆਂ, ਹੁਣ ਬਣੀਆਂ ਠਣੀਆਂ, ਨਾਮ ਰੰਗੀਆਂ। ਪਹਿਲੋਂ ਇਹ ਦੋਵੇਂ ਤਾਕਤਾਂ ਅੰਤ (Finitude) ਨਾਲ ਘਿਰੀਆਂ ਸਨ, ਪਰ ਹੁਣ ਉਹਨਾਂ ਨੂੰ 'ਨਾਮ' ਦੀ ਬੇਅੰਤ ਰਙਣ ਚੜ੍ਹਦੀ ਏ ਤੇ ਉਹਨਾਂ ਦਾ ਮੁਖ ਉਸ਼ਾ (Day Dawn) ਵਾਂਗ ਚਮਕਦਾ ਹੈ ! 'ਧਰਮ ਖੰਡ' ਵਿਚ ਅਜਾਂ 'ਸੂਰਜ' ਕਿਧਰੇ ਆਕਾਸ਼-ਘੇਰੇ Horizon) ਤੋਂ ਹਠ ਸੀ, ਭਾਵੇਂ ਉਹਦੀ ਲਾਲੀ ਪਹਿਲੋਂ ਹੀ ਬਦਲਾਂ ਨੂੰ ਰਗਣ ਟੁਰ ਆਈ ਸੀ, ਪਰ ਅਜ ਬ੍ਰਹਮ ਗਿਆਨ ਦਾ ਸੂਰਜ ਅਖਾਂ ਦੇ ਸਾਹਮਣੇ ਆ ਕੇ ਸੁਤੀ ਹੋਈ ਸੁਰਤ ਮਤ ਦੋਵਾਂ ਨੂੰ ਟੁੰਬ ਜਗਾਉਂਦਾ ਹੈ ਤੇ ਉਹ ਨੂਰੋ ਨੂਰੀ ਵੇਸ ਓਢਪਰੀਆਂ ਬਣ ਸਾਡੇ ਹਿਰਦੇ ਅੰਦਰ ਉਤਰਦੀਆਂ ਨੇ। ਸੁਤੀ ਹੋਈ ਸੁਰਤ ਦਬਿਆ ਖਜ਼ਾਨਾ ਸੀ, ਪਰ ਇਹ ਹਥ ਆਇਆ ਖਜ਼ਾਨਾ ਏ। ਦਬੀ ਹੋਈ ਸੁਰਤੀ ਪੂਰੀ ਕਦੇ ਨਹੀਂ

ਦਬਦੀ, ਜੀਕਣ ਸੂਰਜ ਗੜਾ ਲੁਕਿਆ ਵੀ ਆਪਣੀ ਚਾਨਣੀ ਚੰਨ ਤਾਰਿਆਂ ਰਾਹੀਂ ਭੇਜਦਾ ਰਹਿੰਦਾ ਹੈ। ਇਸ ਝਿਲਮਿਲੇ ਚਾਨਣ ਦਾ ਨਾਂ Inspiration or Intuition ਭਾਵ ਅੰਤਰ-ਵਸੀ ਲੋ ਤੇ ਇਸੇ ਅੰਤਰ ਵਸ਼ੇ ਚਾਨਣੇ ਨਾਲ ਖੋਜੀ ਨਵੀਆਂ ਨਵੀਆਂ ਕਾਢਾਂ ਕਢਦੇ ਨੇ (All discoveries whether in scienee or in other fields are due to flashes of inpiration in a genius) ਤੇ ਇਸ ਦੇ ਚਿੰਘਾਰੇ ਬਿਨਾਂ ਕੋਈ ਕਾਢ ਨਿਕਲ ਹੀ ਨਹੀ ਸਕਦੀ ਕਿਉਂਕਿ 'ਮਤ' (ਅਕਲ) ਉਥੇ ਨਹੀਂ ਅਪੜ ਸਕਦੀ, ਜਿਥੇ 'ਸੁਰਤ' ਅਪੜਦੀ ਹੈ-ਜੇ ਅਕਲ ਅੰਨ੍ਹੇ ਦੇ ਹਥ ਟੋਹਣੀ ਹੈ ਤਾਂ 'ਸੁਰਤ' ਉਹਨੂੰ ਮੁੜ ਆਈ ਲੋਇਣ ਏ. ਪਰ ਅਜਾਂ ਝਿਲਮਿਲੀ (Veiled Vison)! ਇਹ ਲੋਇਣ ਹੌਲੇ ਹੌਲੇ ਵਧਦੀ ਏ, ਨਿਕੇ ਦੀਵੇ-ਚਾਨਣ ਤੋਂ ਟੱਪ, ਤਾਰਾ ਵੰਨੀ ਲੋ, ਤਾਰਾਂ ਵੰਨੀ ਲੋ ਟੱਪ ਪੂਰਨਮਾਸ਼ੀ ਚੰਦਰਮਾ ਵੱਤ ਉਥੋਂ ਟੱਪ ਸੂਰਜ ਦੇ ਪੂਰਨ-ਪ੍ਰਕਾਸ਼ ਤਕ—ਇਹ ਸੁਰਤੀ ਦਾ ਅਖੀਰਲਾ ਮਾਰਗ (ਪੜਾ) ਹੈ, ਯਥਾ—

"ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ,
ਇਕ ਸਖਨੀ ਹੋਰ ਫੇਰ ਭਰੀਅਤ ਹੈ।
ਤੈਸੇ ਹੀ ਇਹ 'ਖੇਲੁ' ਖਸਮ ਕਾ,
ਜਿਉ ਉਸ ਕੀ ਵਡਿਆਈ ॥
'ਸੁਰਤੀ ਕੇ ਮਾਰਗਿ' ਚਲ ਕੈ,
ਉਲਟੀ ਨਦਰਿ ਪ੍ਰਗਾਸੀ ॥
ਮਨ ਵਿਚਾਰਿ ਦੇਖਿ ਬ੍ਰਹਮ ਗਿਆਨੀ
ਕਉਨ ਗਿਰਹੀ ਕਉਨ ਉਦਾਸੀ ॥"

(ਪ੍ਰਭਾਤੀ ਮ: ੧)

ਹਾਂ ਇਹ ਸਾਰੇ ਪੱੜਾ, ਇਹ ਸਾਰਾ ਪੈਂਡਾ ਸੁਰਤੀ ਏਸ ਸਰਮ ਖੰਡ ਵਿਚ ਕਟਦੀ ਹੈ (ਤਿਥੈ ਘੜੀਐ ਸੁਰਤੀ), ਹਾਂ ਫਿਰ ਆਪਣਾ, ਘੁੰਘਟ ਖੋਲ੍ਹ, ਲੋਕ-ਲਾਜ ਛਡ, ਬ੍ਰਹਮ ਗਿਆਨ ਵਿਚ ਗਲਤਾਨ, ਨੰਗੀ ਮਨੰਗੀ ਹੋ ਬਾਹਰ ਨਿਕਲਦੀ ਹੈ ! ਓ ਪੂਰਨ ਸੁਰਤੀ, ਤੈਂ ਪੂਰਨ ਵੇਖ ਪੂਰਨ-ਮਾਸ਼ੀ ਦੇ ਨੂਰੀ ਪੱਟ ਪਹਿਨੇ ਨੇ ! ਓ ਪੂਰਨ ਸੁਰਤੀ, ਤੂੰ ਸਰਮ-ਖੰਡ ਪਲੀ, ਅਜ ਵਿਆਹਣ ਆਈ ਏਂ ! ਓ ਪੂਰਨ-ਸੁਰਤੀ, ਤੂੰ ਪਿਰ ਰਾਵਅੜੀ ਯੁਵਤੀ ਏਂ, ! ਓ ਖਿੜੀ, ਓ ਵੇਖ-ਵਿਗਸੀ ਸੁਰਤੀ, ਤੂ ਹੀ ਸੁੰਦਰਤਾ ਦੀ ਖਾਣ ਏਂ ! ਓ ਸਰਮ ਖੰਡ ਦੀ ਸਜ ਵਿਆਹੀ ਯੁਵਤੀ, ਤੈਂਡਾ ਪਿਰ ਓ ਪਰੀ-ਪੂਰਨ ਜਗਜੀਵਨ ਭਤਾਰ ਆਪ ਏ ! ਓ ਅਨੁਪਮ ਮਾਹੀ ਦੀ ਅਨੁਪਮ ਪਤਨੀ, ਨਮਸਕਾਰ ! ਓ ਸੁਰੰਗ ਰੰਗੀ ਸੁਰਤੀ, ਤੈਂਡਾ ਅਗਮ ਦੁਗਮ ਗੜ੍ਹ ਉਹ 'ਸਰਮ-ਖੰਡ' ਏ ਜਿਥੇ "ਬੀਜਲੁ ਚਮਕੈ ਹੋਇ ਅਨੰਦੁ ॥ ਜਿਹ ਪਉੜੇ ਪ੍ਰਭ ਬਾਲ ਗੋਬਿੰਦ ॥" ਓ 'ਘੜੀ' ਸੁਰਤੀ, ਤੈਂਡੀ ਸੁੰਦਰ ਸੂਰਤ ਤੇ ਸੁਹਾਵੜਾ-ਥਾਨ, ਅਖੰਡ ਮੰਡਲ, ਹਾਂ ਸ੍ਰੀ ਸਰਮ-ਖੰਡ' !

੩.

ਜੀਕਣ 'ਸੁਰਤ' ਤੇ 'ਮਤ' ਦੀ ਜੋੜੀ ਹੈ, ਤੀਕਣ ਹੀ 'ਮਤ' ਤੇ 'ਬੁਧਿ' ਦੀ ਜੋੜੀ ਹੈ। ਮਤ (Reason) ਸਮਝਣ ਵਾਲੀ ਅਕਲ ਹੈ, ਹਰ ਗਲ ਨੂੰ ਸਮਝਣ ਵਾਲੀ ਤੇ ਸਮਝ ਕੇ ਆਪਣੇ ਵਿਡ ਅੰਦਰ ਪਾਉਣ ਵਾਲੀ। ਗੁਰ ਦੀ ਬਖਸ਼ੀ ਹੋਈ ਮਤ, ਗੁਰਮਤ ਹੈ, ਤੇ ਸ਼ਿਸ਼ ਨੂੰ ਸਮਝ ਆਈ ਮਤ ਅਕਲ ਹੈ। ਇਹਨਾਂ ਵਿਚ ਭਾਵੇਂ ਲੈਣ ਦਾ ਸੰਬੰਧ ਹੈ, ਪਰ ਦੋਹਾਂ ਹਾਲਤਾਂ ਵਿਚ ਅਕਲ ਉਹ ਕਿੱਲੀ ਹੈ ਜੇ ਉਡਦੇ ਖਿਆਲ ਸਾਡੇ ਅੰਦਰ ਪੂਰੀ ਤਰ੍ਹਾਂ ਜ਼ਹਿਨ-ਨਸ਼ੀਨ ਕਰਾ ਦੇਂਦੀ ਹੈ, ਮਾਨੋਂ ਕਿਸੇ ਖਿਆਲ ਨੂੰ ਮੇਖ ਵਜ ਗਈ ਹੈ।

ਪਰ 'ਬੁਧੀ' ਵਿਚ ਰਤਾ ਕੁ ਫਰਕ ਹੈ' ਇਹ ਅਗਾਂਹ-ਪਿਛਾਂਹ ਆਪ ਵੇਖਦੀ ਏ, ਜੋ ਮਾਸਟਰ ਦਸ ਜਾਏ ਉਸ ਨੂੰ ਆਪ ਘੋਖਦੀ ਹੈ, ਆਪ ਜੁਗਾਲੀ ਕਰਦੀ ਹੈ ਤੇ ਫਿਰ ਇਸ ਨੂੰ ਆਪਣੇ ਅੰਦਰ ਜੀਰ, ਆਪਣਾ ਅਗ ਪਿਛ ਆਪ ਵਿਚਾਰਦੀ ਹੈ–ਮੈਂ ਕੀ ਹਾਂ, ਕਿਥੋਂ ਆਈ ਹਾਂ, ਕਿਥੇ ਅਪੜਨਾ ਹੈ, ਮੇਰਾ ਆਦਿ ਅੰਤ (Epistemologi-cal Reason) ਕੀ ਹੈ। 'ਮਤ' ਅੰਨ੍ਹੇ ਦੇ ਹਥ ਟੋਹਣੀ ਹੈ, ਪਰ ਇਹ ਦੂਰਬੀਨ ਹੈ ਅਗੇ-ਪਿਛੇ ਵੇਖਣ ਵਾਲੀ-ਬੁਧ ਵਾਂਗ ਬੁਧੀ ਮਾਰਗ, ਨਿਰਬਾਨ-ਪਦ ਘੋਖਣ ਵਾਲੀ! ਇਹ ਜ਼ਰੂਰੀ ਨਹੀਂ ਜੁ ਇਸ ਵਿਚ ਨਾਮ ਦੀ ਲੋਇਣ ਹੋਵੇ, ਜਿਹਾ ਕਿ ਬੁਧ–ਮਤ ਦਾ ਨਾ 'ਨਾਮ' ਨਾ ਆਤਮਾ ਉਪਰ ਜ਼ੋਰ ਹੈ, ਸਗੋਂ ਪ੍ਰਕਿਰਤੀ ਦੀ ਅਣਹੋਂਦ ਉਪਰ ਜ਼ੋਰ ਹੈ, ਪਰ ਇਸ ਗੋਂਦ ਦੀ ਗੁੰਦਣ ਵਾਲੀ ਬਿਰਤੀ 'ਬੁਧੀ' ਹੈ ਜੋ ਆਵਾਗਵਨ ਦਾ ਚਕਰ ਟਪਣ ਦੇ ਤਤਪਰ ਹੈ, 'ਬੁਧੀ' ਤੇ 'ਸੁਰਤੀ' ਇਕ ਗਲ ਵਿਚ ਮਿਲਦੀਆਂ ਨੇ ਜੁ ਉਹ ਅਗ–ਪਿਛ ਨੂੰ ਫਰੋਲਦੀਆਂ ਫਰਾਲਦੀਆਂ ਨੇ, ਪਰ 'ਬੁਧੀ' ਦੀ ਚਾਂਦਮਾਰੀ ਅੰਤਕੀ ਘੇਰੇ ਤਕ ਮਹਿਦੂਦ ਹੈ। (Finite circle of Reason) ਪਰ ਸੁਰਤੀ ਨੂੰ ਕੋਈ ਅਗੇਤਰਾ ਚਾਨਣਾ ਹੈ, ਕੋਈ ਬੇਅੰਤਕੀ ਕਿਰਣ (First flash of Infinite Ray) ਏ! ਬੁਧੀ ਹਰਹਟ ਦੀ ਮਾਲਾ ਵਾਂਗ ਖੂਹ ਵਿਚ ਹੀ ਚਕਰ ਕਟਦੀ ਹੈ ਤੇ ਆਪਣਾ ਆਦਿ-ਅੰਤ ਇਹ ਆਪ ਨਹੀਂ ਜਾਣ ਸਕਦੀ (Infinite Regress) ਪਰ 'ਸੁਰਤੀ' ਵਿਚ ਕੋਈ ਅਣੋਖਾ ਝਰੋਖਾ ਹੈ, ਜੋ ਕਾਲ ਦੀ ਬੇਅੰਤ ਕੁਲੇ ਨੂੰ ਚੁਕ ਅਨੰਤੀ ਦੇ ਸਾਖਸ਼ਾਤ ਦਰਸ਼ਨ ਕਰਦੀ ਹੈ।

ਤੇ 'ਮਨ' ਇਕ ਹੋਰ ਕਿਸਮ ਦੀ ਸੱਤਾ ਹੈ, ਜੋ ਦੁਖ-ਸੁਖ ਨੂੰ ਮਹਿਸੂਸ ਤੇ ਪ੍ਰਤੀਤ (Feeling) ਕਰ ਕੇ ਕਦੀ ਸਾਨੂੰ ਅਰਸ਼ ਦੇ ਹੂਟੇ ਕਦੀ ਨਰਕ-ਕੁੰਭੀ ਵਿਚ ਸੁਟਦੀ ਹੈ। ਮਨ ਵਿਚ ਹਰਖ-ਸੋਗ

ਦੇ ਟੋਏ ਟਿੱਬੇ ਨੇ, ਕਦੀ ਅਸੀਂ ਖੁਸ਼ ਕਦੀ ਨਾਰਾਜ਼, ਕਦੇ ਮੌਜਾਂ ਮਾਣਦੇ, ਕਦੀ ਚਿੰਤ ਖਟੋਲੇ ਤੇ ਸਵਾਰ ! 'ਮਤ' (ਅਕਲ) ਵੀ ਇਕ ਕਿਸਮ ਦਾ ਪੰਖੇਰੂ ਹੈ, ਜੋ ਕਦੀ ਬੂਟੇ ਦੀ ਉਪਰਲੀ ਟਹਿਣੀ ਤੇ ਜਾ ਬੈਠਦਾ ਹੈ ਤੇ ਕਦੀ ਉਡ ਹੇਠਾਂ ਧਰਤੀ ਤੇ ਆ ਜਾਂਦਾ ਹੈ—'ਮਤਿ ਪੰਖੇਰੂ ਕਿਰਤ ਸਾਥਿ ਕਬ ਉਤਮ ਕਬ ਨੀਚ ।" (ਵਾਰ ਮਾਝ ਮ: ੧) ! ਹਾਂ ਅਜ ਕਲ ਦੀ ਫਿਲਾਸਫੀ 'ਮਤ' (Reason) ਨੂੰ ਚੰਗੀ ਤਰ੍ਹਾਂ ਪਹਿਚਾਣਦੀ ਏ ਤੇ ਜਾਣਦੀ ਏ ਜੁ ਮਨ ਮਚਲਾ ਏ, ਜੋ ਵਿਚੋਂ ਕਰਨ ਵਾਸਤੇ ਦਿਲ ਹੋਵੇ, ਉਸ ਲਈ ਕੋਈ ਹੁਜਤ, ਕੋਈ ਦਲੀਲ ਘੜ ਲੈਂਦਾ ਹੈ । ਇਹ ਜ਼ਰੂਰੀ ਨਹੀਂ ਜੋ ਦਲੀਲ ਸੁਚੀ ਹੋਵੇ, ਪਰ ਉਸ ਵੇਲੇ ਉਹਨੂੰ ਉਹੋ ਦਲੀਲ ਚੰਗੀ ਭਾਸਦੀ ਹੈ—ਜਲ੍ਹਿਆਂ ਵਾਲੇ ਬਾਗ ਤੇ ਗੋਲੀ ਚਲਾਉਣ ਨੂੰ ਵੀ ਚਗਾ ਦਸਣ ਦਾ ਯਤਨ ਕਰਦੀ ਏ, ਇਹ ਮੰਦੀ ਅਕਲ-ਪਰ ਕਿਉਂ ਨਾ ਕਰੇ, ਇਹ ਅਕਲ ਫਫੇ-ਕੁਟਣ ਏ, ਇਹ ਆਪਣੀ ਪਟ ਪੂਜਾ ਨੂੰ ਮੁਖ ਰਖਦੀ ਏ—ਹੋਈ ਜੁ ਕਿਰਤ-ਸਾਥਣ, ਆਪਣੀ ਕਿਰਤ ਜਾਂ ਕਮਾਈ ਦਾ ਸਾਥ ਦੇਣ ਵਾਲੀ, ਭਾਵੇਂ ਕਮਾਈ ਸਚੀ ਹੋਵੇ ਭਾਵੇਂ ਝੂਠੀ, ਪਰ ਇਹ ਸਾਥਣ ਅਕਲ, ਆਪਣੀ ਦਲੀਲ ਘੜ ਕੇ ਉਹਦੇ ਅਗੇ ਚਾ ਰਖਦੀ ਏ ! ਹਾਂ ਮਤ' ਭਾਵੇਂ ਉਤੋਂ ਮੱਤ ਭਾਸੇ, ਪਰ ਵਿਚੋਂ 'ਕੁਮਤ' ਬਹੁ-ਵਾਰੀ ਹੋਇਆ ਕਰਦੀ ਏ, ਤਦ ਇਹ ਮਨ ਦੀ ਵਕੀਲਣ ਬਣ, ਮਨ ਨੂੰ ਪਰਚਾਉਂਦੀ ਏ ! ਅੰਦਰੋਂ 'ਸੁਰਤੀ' (Conscience) ਆਖਦੀ ਏ, ਜੁ ਔਹ ਕੰਮ ਭੈੜਾ ਈ, ਨਾ ਕਰ ! ਪਰ ਉਹਦੀ ਦੱਬੀ ਹੋਈ ਆਵਾਜ਼ (Still Small Voice) ਕੌਣ ਸੁਣੇ, ਜਦ ਏਧਰ ਮਨ ਤੇ ਉਹਦੀ ਪਿਛ-ਲਗ 'ਕੁਮਤਿ' ਜੁ ਉਚਾ ਚੜ੍ਹਕੇ ਪੁਠੇ ਹੋਕੇ ਦੇਣ ਵਾਲੀਆਂ ਹੋਈਆਂ !

ਪਰ ਕੀ 'ਸੁਰਤੀ' (Conscience), ਕੀ 'ਮਤਿ' (Reason)

ਕੀ 'ਮਨ' (Feeling) ਤੇ ਕੀ 'ਬੁਧਿ' (Epistemological Reason or fore-seeing reason), ਇਹ ਸਾਰੇ ਘੜੇ ਜਾਂਦੇ ਹਨ ਇਸ ਸਰਮ-ਖੰਡ ਵਿਚ (ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ), ਤੇ ਨਦਰੀ-ਨਦਰ ਨਿਹਾਲ ਦੀ ਸਵੱਲੀ ਨਜ਼ਰ ਨਾਲ ਇਹ ਚਾਰੇ ਨਦੀਆਂ ਵਿਸ-ਛੱਡ ਮਾਖਿਉਂ ਨਦੀਆਂ ਬਣ ਜਾਂਦੀਆਂ ਨੇ। (Cf. Four hone streams of Eden) ਇਹ ਪਾਵਨ-ਆਤਮਾ, 'ਬੈਕੁੰਠ ਦੇਸ' ਦੀਆਂ ਮਾਨੋਂ ਚਾਰ ਨਦੀਆਂ 'ਗੰਗਾ, ਜਮਨਾ, ਸਰਸਵਤੀ ਤੇ ਗੰਦਾਵਰੀ' ਨੇ ! ਓ ਸਰਮ-ਖੰਡ ਦੇ ਖੰਡ ਭਰੇ ਚਾਰ ਤਲਾਓ ! ਓ ਅਨੂਠੇ ਬਾਲ ਦੇ ਅਨੂਠੇ ਚਾਰ-ਭੋਜਨੋ, ਤੁਹਾਡੇ ਥਾਲ ਵਿਚ ਤਿੰਨ ਨਹੀਂ ਚਾਰ ਚੀਜ਼ਾ ਨੇ—

"ਥਾਲ ਵਿਚ ਤਿੰਨ ਵਸਤੂ ਪਈਓ,
ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮ ਠਾਕਰ ਕਾ ਪਾਇਓ
ਜਿਸ ਕਾ ਸਭਸੁ ਆਧਾਰੋ ॥"

ਉਹਨਾਂ ਤਿੰਨਾਂ : ਸਤ, ਸੰਤੋਖ ਤੇ ਵੀਚਾਰ ਨੂੰ, ਹਾਂ ਸਭ ਨੂੰ ਥੰਮਣ ਵਾਲੀ ਸਾਂਝੀ-ਕਲਾ 'ਨਾਮ' ਏ (ਸਭਸੁ ਆਧਾਰੀ) ! ਵੀਚਾਰ ਥੰਮਦਾ ਹੈ 'ਮੱਤ' ਨੂੰ, ਨਾਲੇ 'ਬੁਧੀ' ਨੂੰ ! ਕਿਉਂਕਿ ਇਹ ਬਿਬੇਕ ਵਿਚਾਰ ਏ, ਨਾਮ ਬੀਚਾਰ ਏ। ਮਨ ਨੂੰ ਥੰਮਦਾ ਹੈ ਸੰਤੋਖ ਤੇ ਫਿਰ ਸੰਤਖ ਨੂੰ ਥਮਦਾ ਏ 'ਸਬਦ' ਜਾਂ 'ਨਾਮ' :—

"'ਮਨਿ' 'ਸੰਤੋਖ' 'ਸਬਦਿ-ਗੁਰ' ਰਾਜੇ ॥"
(ਰਾਮ ਕਲੀ ਮ: ੫)

ਹਾਂ, ਓ ਦਸ-ਮੁਖੀਆ ਮਨ, ਜਿਸ ਦੇ ਪੰਜ ਕਰਮ-ਇਦਰੇ ਤੇ ਪੰਜ ਗਿਆਨ-ਮਾਨੋਂ ਮੁਖ ਨੇ, ਰਜਦਾ ਏ, ਹੋਰ ਕਾਸੇ ਤਰ੍ਹਾਂ ਨਹੀਂ, ਉਹ ਰਜਦਾ ਏ ਤਾਂ ਜੁ ਉਹਨੂੰ ਅੰਤ ਛਡ ਬੇਅੰਤਕੀ ਅਨਹਦ

ਸ਼ਬਦ ਲਭੇ :

"ਆਖਣੁ ਆਖਿ ਨ ਰਜਿਆ, ਸੁਨਣਿ ਨ ਰਜੇ ਕੰਨ ॥
ਅਖੀ ਦੇਖਿ ਨ ਰਜੀਆ, ਗੁਣ ਗਾਹਕ ਇਕ-ਵੰਨ ॥
ਭੁਖਿਆ ਭੁਖ ਨ ਉਤਰੈ, ਗਲੀ ਭੁਖ ਨ ਜਾਇ ॥
ਨਾਨਕ ਭੁਖਾ ਤਾ ਰਜੈ, ਜਾਂ ਗੁਣ ਕਹਿ ਗੁਣੀ ਸਮਾਇ ॥"
(ਮ: ੨)

"ਸਬਦਿ ਤਪਤਿ ਬੁਝਾਈ ਅੰਤਰਿ ਸਾਂਤਿ ਆਈ
ਸਹਿਜੇ ਹਰਿ ਰਸੁ ਚਾਖਿਆ ॥
ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ
ਸਚੈ-ਸਬਦ ਸੁਭਾਖਿਆ ॥" (ਆਸਾ ਮ: ੩)

ਹਾਂ, ਗੁਣਾਂ ਦੇ ਗਾਹਕ ਢੂੰਡਦੇ ਨੇ ਇਸ ਇਕ-ਰੰਗੀ ਰੰਗ ਨੂੰ, ਇਸ ਨਾਮ ਰੰਗ ਨੂੰ, ਜਿਸ ਵਿਚ ਉਹ ਸਹਿਜੇ ਹੀ ਸਮਾ ਜਾਂਵਦੇ ਨੇ। ਇਹ ਤਪਤ ਮਨ ਦਾ ਤ੍ਰਿਪਤਾਵਣਾ ਏ !

ਤੇ 'ਸੁਰਤੀ' ਨੂੰ ਸਭ-ਮਾਰਗ ਦਸਣ ਵਾਲਾ ਤੇ ਦਬੀਆਂ ਹੋਈਆਂ ਖੰਧਕਾਂ ਵਿਚੋਂ ਕਢਣ ਵਾਲਾ ਵੀ ਏ ਸਰਬ-ਉਤਮ-ਸਤ, ਜਿਸ ਦਾ ਅਧਾਰ ਵੀ ਏ 'ਸਬਦ' ਜੋ ਸਤ ਦੀ ਨੀਂਹ ਏ !

ਆਓ ਹੁਣ ਵੇਖੀਏ ਜੁ ਸਰਮ-ਖੰਡ ਵਿਚ ਵੜ ਕੇ ਸਾਨੂੰ ਕਿਹੜਾ ਮੁੰਧਾਵਣੀ ਰੂਪੀ ਥਾਲ ਤ੍ਰਿਪਤਾਂਵਦਾ ਏ। ਇਹ ਵੇ :—

	ਬ੍ਰਿਤੀ	ਤ੍ਰਿਪਤ ਕਰਨ ਵਾਲੀ ਔਸ਼ਧੀ	
੧ੴ	–ਸੁਰਤੀ	–ਸੱਤ !	"ਤਿਥੈ ਘੜੀਐ ਸੁਰਤਿ ਮਤਿ
	–ਮਤਿ	–ਵਿਵੇਕ ਵਿਚਾਰ !	ਮਨਿ ਬੁਧਿ ॥"
ਨਾਮ ਦਾ	–ਮਨ	–ਸੰਤੋਖ !	
ਥਾਲ	–ਬੁਧਿ	–ਵਿਵੇਕ ਵਿਚਾਰ !	

ਓ ਸਰਮ-ਖੰਡ ਦੀ ਘੜੀ ਹੋਈਓ ਬ੍ਰਿਤੀਓ ! ਤੁਸੀਂ ਅਜ ਸਚਮੁਚ ਬਾਰ੍ਹਾਂ ਵੰਨੀ ਸੁਧ-ਕੰਚਨ ਹੋ ! ਓ ਜੀਅ ਕਰਦਾ ਏ ਤੁਹਾਨੂੰ ਸਭ ਨੂੰ ਸਮੇਟ ਕੇ 'ਏਕੰਕਾਰ' ਦੇ ਖਜ਼ਾਨੇ ਵਿਚ ਪਾ ਲਵਾਂ ! ਵਾਹ ਵਾਹ ਅੰਮ੍ਰਿਤ 'ਨਾਮ' ਨਵੀਆਂ-ਘਾੜਤਾਂ ਘੜਣ ਵਾਲਿਆ ! ਵਾਹ ਵਾਹ 'ਨਾਮ' ਸਾਰੀਆਂ ਜੰਗਾਲਾਂ ਤੇ ਮੈਲਾਂ ਧੋਣ ਵਾਲਿਆ ! ਵਾਹ ਵਾਹ ਵੇ ਅਘੱੜ ਘਾੜਿਆ, ਓ ਮੈਂਡੇ ਗੁਰੂਆ :

> "ਬਾਰਹਾ ਕੰਚਨੁ ਸੁਧ ਕਰਾਇਆ ॥
> ਨਦਰ ਸਰਾਫ ਵੰਨੀਸ ਚੜਾਇਆ ॥
> ਪਰਖਿ ਖਜਾਨੈ ਪਾਇਆ ਸਰਾਫੀ
> ਫਿਰ ਨਾਹੀ ਤਾਈਜੇ ਹੇ ॥"

(ਮਾਰੂ ਸੋਲਹੇ ਮ: ੫)

੪.

ਓ ਸਰਮ-ਖੰਡ, ਤੈਂਡੇ ਵਿਚ ਅਨੂਪਮ ਟਕਸਾਲ ਏ ! ਓਏ ਅਣੋਖੇ ਗਹਿਣੇ ਘੜਣ ਵਾਲੜੀ ! ਸੁਨਿਆਰ ਸੋਨਾ ਘੜਦੇ ਨੇ ਓ ਗੁਰੂਆਂ, ਤੂੰ ਘੜਣਾ ਏਂ ਸੁਰਤ-ਮਤ, ਸਾਡੀ ਚਤਰਾਈ ਤੇ ਬਾਰਾਂ ਵੰਨੀ ਸੁਧ ਕਰਨਾ ਏਂ ! ਓ ਘਾੜਿਆ, ਓ ਅਡਿਠ ਘਾੜਿਆ, ਤੂੰ ਵੇਂ ਮੈਂਡਾ ਗੁਰ-ਪੀਰ ਮੈਂਡਾ ਇਸ਼ਟ ! ਓ ਗੁਰ-ਪੀਰ, ਤੂੰ ਪਤਾ ਨਹੀਂ ਕਿਥੇ ਲੁਕ ਕੇ ਬਹਿਨਾ ਏਂ ! ਪਰ ਮੈਂ ਸੁਣਨਾ ਹਾਂ, ਸੁਣਨਾ ਈਂ ਹੁਣ ਤੇਂਡੀਆਂ ਸੱਦਾਂ ! ਉਹ ਠਕ ਠਕ ਕਰਦੀਆਂ ਸੱਟਾਂ ਜੋ ਤੂੰ ਇਕ ਸੀਟੀ ਮੈਂਡੇ ਅੰਦਰ ਮਾਰ ਰਿਹਾ ਏਂ ! ਹਾਂ ਮੈਂ ਸੁਣਨਾ ਈਂ, ਮੈਂ ਸੁਣਨਾ ਈਂ ਤੈਂਡੇ ਹਥੌੜੇ ਦੀ ਮਿਠੜੀ ਖਟ ਖਟ ਜੋ

ਮੈਂਡੇ ਤਨ ਮਨ ਨੂੰ ਘੜਦੀ ਤੇ ਸਵਾਰਦੀ ਊ ! ੳ ਘਾੜਿਆ, ਮੈਂ ਸੁਣਦਾ ਊਂ, ਹਾਂ ਹੁਣ ਸੁਣਦਾ ਊਂ, ਤੈਂਡੀ ਇਕ ਇਕ ਸੀਟੀ ਜੋ ਵਗਦੀ-ਮਸ਼ੀਨ ਦੀ ਸੁਰ ਵਾਂਗ ਕਦੀ ਨਹੀਉਂ ਨਿਖੁਟਦੀ ! ੳ ਘਾੜਿਆ ਮੈਂ ਸੁਣਦਾ ਉਂ ਹਾਂ ਸੁਣਦਾ ਈਂ, ਤੈਂਡੀ ਗਡੀ ਦੀ ਲੰਮੀ ਸੀਟੀ ਜੋ ਮੈਂਡੇ ਤਨ ਮਨ ਆਤਮ-ਰਾਮ ਨੂੰ ਕੂਕਾਂ ਦੇ ਕੇ ਜਗਾਂਵਦੀ ਊ ! ੳ ਘਾੜਿਆ, ਮੈਂ ਸੁਣਦਾ ਊਂ, ਹਾਂ ਸੁਣਦਾ ਊਂ, ਤੈਂਡੀ ਵਰਕਸ਼ਾਪ ਦੀ ਲੰਮ-ਸਲੰਮੀ ਧੁਧੂ-ਸੀਟੀ, ਜੋ ਮੈਂਡੀਆਂ ਸਭ ਕੰਮ-ਕਰਨੀਆਂ ਬ੍ਰਿਤੀਆਂ ਨੂੰ ਟੁੰਬ ਜਗਾਉਂਦੀ, ਪ੍ਰਭਾਤੀਂ, ਨਹੀਂ ਨਹੀਂ ਅੱਧੀ ਰਾਤੀਂ !

ੳੳੳ, ਵਾਹ ਵਾਹ ਵਾਹ, ੳ ਲੋਹਾਰਾ, ੳ ਸੁਨਿਆਰਿਆ, ੳ ਭੰਨਣ-ਘੜਣ ਸਮਰਥ ਗੁਸੱਈਆਂ ! ਮੈਂ ਸੁਣਨਾ ਊਂ, ਹਾਂ ਸੁਣਨਾ ਈਂ, ਤੈਂਡੀ ਕਾਲ-ਚੀਰਨੀ ਕੈਂਚੀ ਦੀ ਮਧੁਰ-ਸੁਰ, ਸ਼ਰ ਸ਼ਰ ਕਰਦੀ ਵਧਦੀ ਠਾਠਾਂ ਮਾਰਦੀ, ਕਲਮਲ ਫਾੜਦੀ ਤੇ ਮੈਂਡੀਆਂ ਖਿਗੜੀਆਂ ਗੰਢ, ਮੈਨੂੰ 'ਕਵਾਓ' ਪਹਿਨਾਉਂਦੀ !

ੳ ਸਰਮ-ਖੰਡ, ਉਥ ਘੜੀਂਦੀ ਊ ਦੇਵਤਿਆਂ ਦੀ ਸੁਰਤੀ, ਉਥੇ ਘੜੀਂਦੀ ਊ ਸਿੱਧਾਂ ਦੀ ਸੁਧੀ, ਜੋ ਸੁਣਦੀ ਊ ਇਹ ਦੁਖ-ਹਰਨੀ 'ਧੁਨੀ' (ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ) ੳ ਪਿਆਰਿਆ, ਘਾੜਿਆ, ਤੂੰ ਪੁਠੀ ਬੁਧੀ ਨੂੰ ਸਿਧਾ ਕਰ ਵਿਖਾਨਾ ਏਂ (ਸਿਧੀ) ! ੳ ਪਿਆਰਿਆ-ਘਾੜਿਆ, ਤੂੰ ਅਸੁਰ ਬ੍ਰਿਤੀਆਂ ਲੈ ਵਿਚੋਂ ਦੇਵਮਈ ਦੰਦ-ਖੰਡ ਮੂਰਤੀ ਚਾ ਘੜਨਾ ਏਂ ! ੳ ਨੂਰ ਦਾ ਝਰਲੂ ਫੇਰਨ ਵਾਲਿਆ ਖੰਡਾ, ਤੈਂਡਾ ਨਾ ਈਂ ਸਰਮ-ਖੰਡ !

ੳ ਮੈਂਡੀ ਹਉਮੈ ਹਰਣ ਵਾਲੀਏ 'ਧੁਨੀਏ', ਚੌਖੰਨੀਏ ਸੌਖੰਨੀਏ ! ਜਿਥੇ ਏ ਵਸਨੀ ਏ ਉਥੇ ਸਾਰੇ ਗੁਣ ਵਸਨੇ ਨੇਂ ! ੳ 'ਸਰਮੇਂ' (True humility) (ਇਕ ਸ਼ਰਮ ਵਿਖਾਵੇ ਦੀ

ਹੁੰਦੀ ਹੈ। ਇਕ ਅਧ ਪੱਕੀ, ਪਰ ਇਹ ਨਾਮ ਧੋਤੀ ਪੂਰਨ ਸ਼ਰਮ ਹੈ—ਸ਼ਰਮ ਧਰਮ ਯਾ ਹਿਆ, 'ਸ਼੍ਰਮ' (ਉਦਮ) ਨਹੀਂ ਜੇ ਤੂੰ ਲਾੜੀ ਏਂ ਤਾਂ ਉਹ 'ਆਪ' ਲਾੜਾ ਏ ਤੇ ਹੋਰ ਗੁਣ, ਸਾਰੇ ਗੁਣ ਤੈਂਡੇ ਜਾਂਞੀ ਨੇ, ਲਾੜਾ ਜਾਂਞੀਆਂ ਬਿਨਾਂ ਨਹੀਂ ਸੋਭਦਾ :—

"ਗੁਣ ਜੰਞ 'ਲਾੜੋ' ਨਾਲਿ ਸੋਹੇ
ਪਰਖਿ ਮੋਹਣੀਐ ਲਇਆ ॥
ਵੀਵਾਹੁ ਹੋਆ ਸੋਭਾ ਸੇਤੀ 'ਪੰਚ-ਸਬਦੀ' ਆਇਆ ॥"
(ਸੂਹੀ ਛੰਤ ਮ: ੧)

ਓ ਪੰਚ-ਸ਼ਬਦਾ (ਨਾਮ ਨਿਰੰਜਨ)! ਓ ਸਰਬਉਤਮ (ਪੰਚ)-ਨਾਮਾ ! ਅਜ ਤੂੰ ਲਾੜਾ ਬਣ ਚੜ੍ਹ ਆਇਆ ਵੇਂ, ਤੈਂਡੇ ਨਾਲ ਗਣਾਂ ਦੀ ਜੰਞ ਏ, ਤੇ ਤੁਸੀਂ ਵਿਆਹ ਲੈ ਚਲੇ ਹੋ ਸੀਲ ਸੰਤੋਖ ਮੂਰਤੀ : 'ਸਚੀ-ਸਰਮ' ! ਉਹ ਲਾੜੀ ਜਿਸ ਦਾ ਨੰਗੇਜ ਸੂਰਜ ਦੀਆਂ ਕਿਰਨਾਂ ਨੇ ਵੀ ਕਦੀ ਨਹੀਂ ਡਿਠਾ ! ਓ 'ਸਰਮੇਂ', ਤੂੰ ਵੇਂ ਏਸ ਘਰ ਦੀ ਮਾਲਕ ਜਿਥੇ ਤੂੰ ਵਸਨੀ ਏਂ ਉਥੇ ਸਭ ਗੁਣ ਵਸਨੇਂ ਨੇ, ਤੈਂਡੀ ਛਤਰ ਛਾਇਆ ਹਠ ! ਓ ਸਰਮੇ, ਪਤਾ ਨਹੀਂ ਤੈਂਡੇ ਵਿਚ ਕੀ ਜਾਦੂ ਭਰਿਆ ਹੋਇਆ ਏ ? ਤੂ ਸਭ ਨੂੰ ਗਲ ਲਾ ਕੇ ਕਲਜੇ ਵਿਚ ਪਾ ਲੇਂਨੀ ਏਂ ? ਓ 'ਸ਼ਰਮ' ਤੂੰ ਮੈਂਡੀ ਮਾਂ—'ਧਰਮ' ਭਾਵੇਂ ਪਿਤਾ ਏ, ਪਰ ਮਾਂ ਨੇ ਇਕ ਦੇ ਅਨੇਕ ਕਰ ਵਿਖਾਏ ਨੇ ! ਓ 'ਸ਼ਰਮ', ਓ 'ਧਰਮ'-ਓ 'ਧਰਮ, ਓ 'ਸਰਮ', ਓ ਮੈਂਡੇ ਮਾਪਿਓ !

'ਸਰਮ' ਉਹ ਅਪੂਰਣ ਸਤਾ ਹੈ, ਜੋ ਹੋਰ ਗੁਣਾਂ ਨੂੰ ਘੋਲ ਕੇ ਅੰਦਰ ਪਾ ਲੈਂਦੀ ਹੈ, ਮਾਨੋਂ ਇਹ ਕੋਈ ਜਾਦੂ-ਚੂਰਨ ਏ ਜੋ ਹੋਰਾਂ ਗੁਣਾਂ ਨੂੰ ਸਾਡੇ ਅੰਦਰ ਹੱਲ ਕਰ ਲੈਂਦੀ ਏ। ਜਿਥੇ ਇਹ ਹੈ ਉਥੇ ਹਉਮੈਂ ਰਤਾ ਕੁ ਵੀ ਨਹੀਂ, ਕਿਉਂਕਿ 'ਹਉਮੈ ਨਾਵੈ ਨਾਲ ਵਿਰੋਧ

ਹੈ, ਦੁਇ ਨ ਵਸਹਿ ਇਕ ਠਾਇ''–ਹਉਮੈ 'ਨਾਮ' ਦੇ ਨ ਹੋਣ ਦਾ ਵਾਚਕ ਹੈ ਤੇ ਸਚੀ ਸਰਮ, 'ਨਾਮ' ਜਾਈ ਸਭਰਾਈ ਏ ! ਓ ਸੋਹਣੀਏ-ਸਰਮੇ, ਓ ਸਚੀਏ, ਓ ਅੱਖੋਂ ਉਹਲੇ ਰਹਿਣੀਏ, ਨਿਮਸ-ਕਾਰ ! ਓ ਸੋਹਣੀਏ ਸਰਮੇ, ਓ ਮਲੂਕ ਕੁੜੀਏ, ਚੰਨ ਚਾਨਣੀ ਨਾਲ ਮੈਲੀ ਹੋਣ ਵਾਲੀਏ, ਤੂੰ ਆਤਮ-ਮਾਤਾ ਵੇ ! ਓ ਸੁੰਦਰ-ਮਰਮੇ ਜਿਥੇ ਤੂੰ ਵਸਨੀ ਏਂ ਉਥੇ ਤੇਂਡੇ ਪੁਤ-ਧੀਆ ਤੇ ਬਾਗ-ਪ੍ਰਵਾਰ ਗੁਣ ਤੇ ਸ਼ੁਭ ਇਛਾਂ ਵਸਨੀਆਂ ਨੇ ! ਓ ਸੁੰਦਰ-ਮੁੰਦਰੀਏ, ਓ ਸਰਮੇਂ, ਤੇਂਡਾ 'ਵਿਚਾਰਾ ਲਕੀਂ ਪੁਛਦੇ ਨੇ, ਤੇ ਮੁੰਡੇ ਲੋਹੜੀ ਵਾਲੇ ਦਿਨ ਗਾਂਵਦੇ ਨੇ, ਹਾਂ ਸੁੰਦਰ-ਮੁੰਦਰੀਏ ਤੇਂਡਾ ਕੌਣ ਵਿਚਾਰਾ (ਲਾੜਾ) ? ਤੇ ਮੈਂ ਆਖਨਾਂ ਵਾਂ ! ਉਹ ਆਪ, ਓ ਪੰਚ-ਸਬਦੀ, ਓ ਨਵਤਨ ਬਾਲੜਾ ! ਅਜ ਮੈਂ ਸੁਣਨਾਂ ਵਾਂ, ਹਾਂ ਸੁਣਨਾਂ ਵਾਂ ਵਿਆਹ ਵੇ ਤੇ ਤੇਂਡੇ ਦਰ ਤੇ ਢੁਕੇ ਨੇ ਤੇਤੀਸ ਕਰੋੜ ਦੇਵਤੇ, ਉਥੇ ਵਜਨੇ ਨੀ ਸੰਖ ਹਜ਼ਾਰ ! ਓ ਲਾੜਿਆ, ਓ ਲਾੜੀਏ, ਓ ਅਪੂਰਨ ਜਾਂਵੀਓ' ਓ ਮਾਂਵੀਉ–

"ਮਿਲਿ ਸੰਤ ਆਏ ਪ੍ਰਭ ਧਿਆਏ, ਬਣੇ ਅਚਰਜ ਜਾਂਞੀਆ ॥
(ਸ਼ੁਭ ਗੁਣ ਜ 'ਸਰਮ' ਨਾਲ ਆਂਵਦੇ ਨੇ
ਮਿਲਿ 'ਇਕਤ੍ਰ ਹੋਏ, ਸਹਜਿ ਢੋਏ,
ਮਨਿ ਪ੍ਰੀਤਿ ਉਪਜੀ ਮਾਞੀਆ ॥
ਮਿਲਿ ਜੋਤਿ-ਜੋਤੀ ਓਤਿ ਪੋਤੀ ਹਰਿਨਾਮੁ ਸਭਿ ਰਸਿ ਭੋਗੇ ॥
ਬਿਨਵੰਤਿ ਨਾਨਕ ਸਭ ਸੰਤਿ ਮੇਲੀ,
ਪ੍ਰਭ ਕਰਣ-ਕਾਰਣ ਜੋਗੋ ॥" (ਬਿਲਾਵਲ ਛੰਤੁ ਮ: ੫)

ਓ ਗੁਣ-ਨਿਧ-ਮਾਤਾ, ਓ 'ਸਰਮ' ਤੂੰ ਸਚ ਮੁਚ 'ਸਰਮ-ਖੰਡ' ਦੀ ਮਾਲਕ ਏਂ ! ਓ ਅਨੂਪਮ-ਖੰਡ ਤੇ ਤੇਂਡੀ ਅਨੂਪਮ-ਸਰਮ ਰਾਣੀ ! ਓ 'ਸਰਮ' ! ਸੁੰਦਰ, ਸੁਘੜ ਸਰੂਪ ਬਿਚਖਣ ਤੂੰ !

੫.

ਜੇ ਧਰਮ-ਖੰਡ ਵਿਚ 'ਨਾਦ-ਬਿਨੋਦ' ਸਨ ਤਾਂ ਏਸ ਖੰਡ ਵਿਚ 'ਬਾਣੀ' (ਸਰਮ ਖੰਡ ਕੀ 'ਬਾਣੀ' ਰੂਪ)! ਕਿਹੜੀ ਬਾਣੀ? ਚੌਜੁਗ ਸਮਾਣੀ, ਬਾਣੀ ਚੌਹਕੁੰਟ ਸਮਾਣੀ! ਪਰਾ-ਬਾਣੀ ਗੁਰਬਾਣੀ (ਚਵ੍ਹਾਂ ਬਾਣੀਆਂ ਵਿਚੋਂ 'ਪਰਾ' (Transcendent) ਉਚੀ ਹੈ, ਹੋਰ ਹਨ, ਬੈਸੰਤੀ, ਮਧਮਾ ਤੇ ਬੇਖਰੀ (Vocal)।

"ਗੁਰਬਾਣੀ 'ਚਹੁਕੁੰਡੀ' ਸੁਣੀਐ ਸਾਚੇ ਨਾਮ ਸਮਾਇਦਾ ॥"

(ਮਾਰੂ ਮ: ੩)

ਓਥੇ 'ਨਾਦ' ਬਿਨੋਦ ਤੇ ਇਥੈ ਬਾਣੀ ਚੌਹ-ਜੁਗੀ ਗੁਰਬਾਣੀ! ਇਹਨਾਂ ਵਿਚ ਕੀ ਫਰਕ ਏ? 'ਨਾਦ' 'ਨਾਮ' ਦਾ ਪਹਿਲਾ-ਚਾਨਣ ਹੈ, ਜੋ 'ਧਰਮ' ਨੇ ਸਾਡੇ ਅੰਦਰ ਪ੍ਰਪਕ ਕਰਕੇ ਸਾਨੂੰ ਗਿਆਨ-ਖੰਡ ਦਾ ਪ੍ਰਚੰਡ ਸੂਰਜ ਆ ਵਿਖਾਂਦਾ ਹੈ। ਪਰ ਉਥੇ ਤੋੜੀ ਗਿਆਨ-ਖੰਡ ਤਕ ਮਨ ਅਨੰਦ-ਬਿਨੋਦ, ਕੋਡ, ਧਾਰਮਿਕ ਉਚੜੇ ਰਸਾਂ ਵਿਚ ਗਲਤਾਨ ਏ, ਮਾਨੋ ਕਿਸੇ ਸੁੰਦਰੀ ਦੀ ਹੁਣੇ ਹੁਣੇ ਸ਼ਾਦੀ ਹੋਈ ਏ (Honey-moon) ਉਸ ਖੰਡ ਵਿਚ ਕਾਮ-ਕਲੋਲ ਨੇ ਗਿਆਨ ਰਾਏ, ਦੇ ਸੇਜੇ ਆਵਣ ਦੇ, ਅਨਦ ਮੰਗਲ ਨੇ ਪਹਿਲੜੇ. ਨਵੀਂ ਸ਼ਾਦੀ ਵਾਲੇ! ਪਰ 'ਸਰਮ-ਖੰਡ' ਵਿਚ ਅਪੜ ਕੇ ਉਸ 'ਭੋਗ' ਦਾ, ਉਸ ਮਿਲਾਪ ਦਾ ਜੋ "ਗਿਆਨ ਰਾਉ ਜਬ ਸੇਜੇ ਆਵੈ ਤਾਂ ਨਾਨਕ ਭੋਗ ਕਰੇਈ' ਦਾ ਹੁਣ ਸਿੱਟਾ ਨਿਕਲਦਾ ਹੈ, ਉਸ ਦੇ ਪੁਤ-ਧੀਆਂ ਪੈਦਾ ਹੋਣੇ ਨੇ। ਹਾਂ ਜੇ ਉਥੇ 'ਨਾਦ' ਯਾ ਅਨਹਦ-ਸ਼ਬਦ ਵਿਚਾਰਣ ਵਾਲਾ, ਹੁਣ ਉਸ ਅਨਹਦ ਸ਼ਬਦ ਨੇ ਵਿਚਾਰ ਦਾ ਸਿੱਟਾ ਕਢ ਬ੍ਰਹਮ ਗਿਆਨ ਕਥਣਾ ਹੈ, ਗਾਵਣਾ ਹੈ, ਇਹ ਰਸ ਅਖਰਾਂ ਵਿਚ ਬਨ੍ਹ ਦਰਸਾਵਣਾ ਹੈ—

"ਅਨਹਦ [1]ਸਬਦਿ ਸੁਹਾਵਣੇ ਪਾਈਐ ਗੁਰ-ਵੀਚਾਰ ॥
[2]ਅਨਹਦ ਬਾਣੀ ਤਾਈਐ ਤਹ [2]ਹਉਮੈ ਹੋਇ ਬਿਨਾਸ ॥"
(ਸਿਰੀ ਰਾਗੁ ਮ: ੧)

ਓ ਅਨਹਦ-ਸਬਦ ਵੀ ਸਾਨੂੰ ਬੇਅੰਤ ਦਾ ਝੂਟਾ ਦੇਂਦਾ ਹੈ ਪਰ ਉਸ ਦਾ ਸਿੱਟਾ ਬਿਬੇਕ-ਵਿਚਾਰ ਹੈ ਕੁਝ ਸੋਚਣਾ ਹੈ ਕੁਝ ਸਮਝਣਾ, ਕੁਝ ਜੀਰਣਾ ਤੇ' ਜਿਉਂ ਜਿਉਂ ਜੀਰਣਾ ਤਿਉਂ ਤਿਉਂ ਅਨੰਦ ਦੇ ਕਿਣਕੇ (ਕੋਢ-ਰਸ ਨਾਦ-ਬਿਨੋਦ) (Flashes of insight) (ਅਨੰਦ ਦੇ ਕਿਣਕੇ, ਮਹਾਂ ਆਨੰਦ ਹੋਰ ਅਵਸਥਾ ਹੈ ਵੇਖੋ ਅਗੇ) ਮਾਨਣੇ। ਪਰ ਉਹ ਅਵਸਥਾ ਅਜਾਂ ਸਪੰਜ ਵਾਂਗ ਨਾਮ-ਸਜੀਰਨ ਦੀ ਹੈ, ਅੰਦਰ ਅਕਰਖਣ ਦੀ ! ਪਰ ਜਣ 'ਬਾਣੀ' ਦਾ ਪੜਾ ਆਇਆ ਤਾਂ ਅੰਦਰਲਾ ਤਲਾ ਭਰ ਗਿਆ ਲਬੋਲਬ ਤੇ ਜਿਤਨਾ ਉਹ ਭਰੀਵਿਆ ਤਿਤਨੀ ਹਉਮੈ ਬਾਹਰ ਨਿਕਲ ਟੁਰੀ...

"ਮੇਰਾ 'ਘਰ' ਬਨਿਆ, ਬਨ ਤਾਲ ਬਨਿਆ
ਪ੍ਰਭ ਪਰਸੇ ਹਰਿ ਰਾਇਆ ਰਾਮ ॥"
(ਸੂਹੀ ਮ: ੫)

ਮੇਂਡਾ 'ਤਾਲ' ਬਣਿਆ ਹੀ ਨਹੀਂ 'ਬਾਣੀ' ਬਣ ਕੇ ਅਜ -ਸਰਮ-ਖੰਡ ਵਿਚ-ਡੁਲ੍ਹਿਆ, ਹਾਂ 'ਪਾਰਸ' ਨੂੰ ਪਰਸ ਕ 'ਪਾਰਸ' ਹੋ ਗਿਆ,ਉਹ ਤਾਕਤ ਨਾਲ ਲੈ ਆਇਆ ਜੋ ਅਗੋਂ ਕੰਚਨ-ਬਣਾਵੇ।

"ਪਾਰਸਿ ਪਰਸਿਐ ਪਾਰਸੁ ਹੋਇ ਜਾ ਤੇਰੈ ਮਨਿ ਭਾਣੈ ॥
ਅਮਰਾ ਪਦ ਪਾਇਆ ਆਪ ਗਵਾਇਆ......॥"
[ਧਨਾਸਰੀ ਛੰਤ ਮ: ੧]

---

1 ਵਿਚ ਤਾਂ ਅਕਲ ਵਲ ਜ਼ੋਰ ਹੈ। 2 ਵਲ ਹਉਮੈਂ ਕਢ, ਡਾਢਾ ਗਿਆਨ ਬਖਸ਼ਣ ਵਲ ਇਸ਼ਾਰਾ ਹੈ। ਉਥੇ Passive ਹੈ ਇਥੇ Active ਉਥੇ ਅਧ-ਸੁਤੀ ਏਥੇ ਡੁਲ੍ਹੀ ਤੇ ਜਾਗਦੀ।

ੳ ਅਮਰਾ-ਪਦ ਬਖਸ਼ਣ ਵਾਲੀ 'ਬਾਣੀ' ! ਤੂੰ ਆਪ ਵੀ ਅਮਰ ਏਂ ਤੇ ਪਰਸ ਕੇ ਸ਼ਿਸ਼ਾਂ ਨੂੰ 'ਗੁਰਮੁਖ' ਬਣਾ ਛਡਦੀ ਏਂ ! ੳ ਚਹੁਜੁਗੀ ਬਾਣੀ ! ਤੂੰ ਅਜ ਨਹੀਂ ਕਲ ਨਹੀਂ ਭੂਤ ਵਿਚ ਨਹੀਂ ਭਵਿਖਤ ਵਿਚ ਮਹਿਦੂਦ ਨਹੀਂ, ਚਵ੍ਹਾਂ ਜੁਗਾਂ ਵਿਚ ਸਮਾਈ ਹੋਈ ਏਂ । ੳ ਚੌਕੋਟੀ ਬਾਣੀ ! ਤੂੰ ਪੂਰਬ ਪਛਮ ਉਤਰ ਦਖਣ ਸਭ ਥਾਂ ਵਿਚ ਰਮੀ ਹੋਈ ਏਂ ! ੳ ਗੁਣ ਨਿਧ ਬਾਣੀ, ਤੂੰ ਪਾਰਬ੍ਰਹਮ ਸਮਾਣੀ ਏਂ; ਪਾਰਬ੍ਰੈਹਮ ਤੋਂ ਉਤਰ, ਪਾਰਬ੍ਰਹਮ ਲੈ ਜਾਣੀ ਏਂ ! ੳ "ਅਨਹਤ ਬਾਣੀ ਪੂੰਜੀ, ਸੰਤਨ ਹਥ ਰਾਖੀ ਕੂੰਜੀ" ! ੳ ਬਾਣੀ, ੳ ਬਾਣੀਆਂ ਸਰ ਬਾਣੀ, ਤੈਨੂੰ ਵਿਰਲਾ ਕੋਈ ਪਹਿਚਾਣਸੀ, ਪਰ ਜੋ ਜਾਣਸੀ ਉਹ ਬ੍ਰਹਮ ਪਛਾਣਸੀ ! ੳ ਵੇਦਾਂ ਸ਼ਾਸਤਰਾਂ ਵਿਚ ਵਡਿਆਈ-ਬਾਣੀ ਨਿਮਸ਼ਕਾਰ, ਨਿਮਸ਼ਕਾਰ, ਰੋਮ ਰੋਮ ਨਿਮਸ਼ਕਾਰ !

ੳ 'ਨਾਮ' ਗੰਭੀਰ ਜਦ ਤੂੰ ਜੀਰਨਾ ਵੇਂ ਤਾਂ ਸਾਡੇ ਸਾਰੇ ਮਨ, ਚਤੁਸ਼ਟੇ ਮਨ (Four faced mind)[1] ਨੂੰ ਤੂੰ ਸਾਂਭ ਸਵਾਰ ਲੈਂਦਾ ਏਂ ! ੳ 'ਨਾਮ' ਅੰਤ ਵਿਚ ਆਇਆ ਬੇਅੰਤ ਰਸ ! ੳ ਅਮੋਘ ਦਰਸ਼ਨ ਤੂੰ ਸਚ ਏਂ, ਤੈਂਡੇ ਬਿਨਾਂ ਹੋਰ ਸਭ ਬਾਂਦਰ ਦੀ ਛਾਈ–

"ਖੂਬ ਖੂਬ ਖੂਬ ਤੇਰੇ 'ਨਾਮ' ॥
ਝੂਠ ਝੂਠ ਝੂਠ ਦੁਨੀ ਗੁਮਾਨ ॥" (ਭੈਰਉ ਮ: ੫)

---

੧. ਚਾਰ ਮੂੰਹ ਹੋਏ–ਸੁਰਤ, ਮਤਿ, ਮਨ, ਬੁਧਿ ਯਾਂ ਮਨ, ਚਿਤ, ਬੁਧੀ ਤੇ ਅਹੰਕਾਰ । ਜਦ ਇਹ ਪੂਰਨ-ਪਵਿਤਰ ਹੋਵੇ ਤਾਂ ਬ੍ਰਹਮ (ਆਤਮਾ) ਦੇ ਮਾਨੋ ਚਾਰ ਪੁਤਰ ਯਾ 'ਸੰਤ-ਕੁਮਾਰ' ਅਖਵਾਂਦੇ ਨੇ, ਸਦਾ ਸਦਾ ਕੰਵਾਰੇ, ਸੋਹਣੇ ਤੇ ਆਦ-ਜੁਗਾਦੀ, ਕਿਉਂਕਿ ਇਹ ਆਤਮਾ ਦੀਆਂ ਸ਼ੁਧ ਤੇ ਆਦਿ ਬ੍ਰਿਤੀਆਂ ਨੇ ।

ਪਰ ਜਦ ਤੂੰ ਮੈਂਡੇ ਸਿਰ ਚੜ੍ਹ ਗਜਦਾ ਏਂ ਤੇ ਮੈਂਡੀ ਕਾਨੀ ਰਾਹੀਂ ਸੁਭਰ ਭਰੇ ਤਲਾ ਵਾਂਗ ਡੁਲ੍ਹ ਡੁਲ੍ਹ ਵਗਨਾ ਏਂ, ਹਾਂ ਜਦ 'ਨਾਦ-ਬਿਨੋਦ' ਚੋਲੜਾ ਛਡ 'ਬਾਣੀ' (Creative word Productive word, not potential but active word) ਵਗ ਟੁਰਦਾ ਏ, ਮੈਂ ਧਰਤੀ ਤੋਂ ਗਜ਼ ਗਜ਼ ਉਛਲਣਾ ਵਾਂ ਤੇ ਇਉਂ ਗਾਵਨਾ ਵਾਂ—

"ਏ ਮਨ ਰੂੜੇ ਰੰਗਲੇ ਤੂੰ ਸਚਾ ਰੰਗ ਚੜ੍ਹਾਇ ॥
ਰੂੜੀ ਬਾਣੀ ਜੇ ਰਪੈ ਨਾ ਇਹ ਰੰਗ ਲਹੈ ਨ ਜਾਇ ॥"
(ਆਸਾ ਮ: ੩)

ਓ ਰੂੜੀ ਬਾਣੀ (Ravishingly sweet and Enlightening)! ਓ ਜੁਗ ਜੁਗ ਸਮਾਣੀ ! ਓ ਚਲੂਲੜੀ ਬਾਣੀ, ਗੁਹਮਾਹਿ· ਸਮਾਣੀ ! ਓ ਲਾਲੋ-ਲਾਲ ਬਾਣੀ, ਮੈਂਡੇ ਲਾਲਣ ਆਣੀ !

"ਰੂੜੋ ਰੂੜ ਆਖੀਐ ਭਾਈ, ਰੂੜੋ ਲਾਲ ਚਲੂਲ ॥"
(ਸੋਰਠਿ ਮ: ੧)

੬.

ਓ ਨਾਮ ਧੋਤੀ, ਨਾਮ ਪਰੋਤੀ 'ਸਰਮ', ਜਿਥੇ ਤੂੰ ਆਵਨੀ ਏਂ ਉਥੇ ਕੋਈ ਅਨੂਪਮ-ਕਲ੍ਹਾ ਵਰਤ ਵੈਨੀ ਏਂ ! ਓ ਵਿਸਮਾਦ ਅਣੀ, ਜਿਥੇ ਜਿਥੇ ਤੂੰ ਟੁਰਨੀ ਏਂ ਉਥੇ ਉਥੇ ਸਦ ਬਸੰਤ ਦੀ ਸਦ ਬਹਾਰ ਛਾ ਜਾਂਦੀ ਏ ! ਤੂੰ ਕੋਈ ਸੋਹਣੀ ਏਂ, ਓ ਅਰਸ਼ੋਂ ਉਤਰੀ 'ਬਾਣੀ' । ਮੈਂ ਵੇਹਨਾ ਹਾਂ, ਤੂੰ ਔਹ (ਵੇਖੋ 'ਸਰਮ-ਖੰਡ' ਦੀ ਤਸਵੀਰ, ਉਥੇ 'ਬਾਣੀ' o 'ਸਿਰ ਚੱਕਰ' (Halo) ਪ੍ਰਕਾਸ਼ ਚਕਰ ਕਰ ਕੇ ਦਸੀ ਏ, ਇਹ ਵਾਸਤਵ ਵਿਚ ਨਾਮ-ਰਸੀਆਂ ਵਾਸਤੇ ਮੂਰਤੀ ਚਿੰਨ੍ਹ (Symbol) ਹੈ । ਅਰਸ਼ੋਂ ਉਤਰ ਕੇ ਫਲਾਣੇ ਵੀਰ,

ਗੁਰਮੁਖ ਵੀਰ ਦੇ ਕੋਲ ਆਈ ਏਂ ਤੇ ਉਹ ਹੁਣ ਨੂਰੋਨੂਰ ਏ—ਨੂਰ ਦਾ ਪ੍ਰਕਾਸ਼ 'ਚੱਕਰ' ਉਹਦੇ ਜਲਾਲੀ ਮੁਖੜੇ ਤੇ ਮੁਨਵਰ ਏ ! ਓ ਧੁਰੋਂ ਆਈ ਬਾਣੀ, ਗੁਰਮੁਖ-ਜੱਟਾਂ ਵਿਚ ਸਮਾਣੀ, ਤੂੰਏਂ ਵੇ ਪ੍ਰਕਾਸ਼-ਜਨਕ, ਪ੍ਰਕਾਸ਼-ਪੁੰਜ, 'ਵਿਸਮਾਦ-ਮਾਤਾ' ! ਜਿਥ ਤੂੰ ਏਂ ਉਥੇ ਅਨੂਪਮ 'ਰੂਪ' ਏ 'ਸਰਮ ਖੰਡ ਕੀ 'ਬਾਣੀ, ਰੂਪ''' (Beauty) (ਰੂਪ ਯਾ ਸੁੰਦਰਤਾ ਨੂੰ 'ਬਾਣੀ' ਜਣਦੀ ਏ, ਤੇ ਇਹ ਸਰਮ-ਖੰਡ ਵਿਚ ਉਪਜਦੀ ਏ ! ਸਰਮ-ਜਾਈ ਸਭਰਾਈ)। ਜਿਥੇ ਤੂੰ ਨਹੀਂ, ਉਥ ਰੂਪ ਨਹੀਂ, ਸੁੰਦਰਤਾ ਨਹੀਂ। ਓ ਵਿਸਮਾਦ ਮਾਤਾ, ਤੈਂਡਾ ਮੈਂ ਕੀਕਣ ਪੜਦਾ-ਚੁਕਾਂ ? ਓ ਵਿਸਮਾਦ-ਪਰੀਏ, ਜਦ ਤੂੰ ਆਂਵਦੀ ਏਂ, ਤਾਂ ਆਪਣੇ ਰਾਹ ਵਿਚ ਨੂਰ ਦੇ ਛੱਟੇ ਸੁਟਨੀ ਆਵਨੀ ਏਂ, ਜੀਕਣ ਸਜ-ਵਿਆਹੀ ਦੇ ਪਲੇ ਨਾਲੋਂ ਚੰਬੇਲੀ ਦੇ ਰੱਸ-ਬੁਲੇ ! ਓ ਵਿਸਮਾਦ-ਪਰੀਏ, ਜਦ ਤੂੰ ਚੜ੍ਹਨੀ ਏਂ ਤਾਂ ਇਹ ਸਾਰਾ ਅਰਸ਼ ਕੁਰਸ਼ ਨਿਤ ਨਵਾਂ ਜੋਬਨ ਵਿਚ ਆ ਜਾਂਦਾ ਏ ! ਓ ਅਨੂਠੀਏ ਲਿਲਾਰਨੇ ! ਤੈਂਡਾ ਰੰਗ ਭਰਿਆ ਕੜਾਹਾ ਅਤੀ ਹੀ ਮਨੋਰੰਜਕ ਏ !

ਓ ਆਤਮਕ-ਊਸ਼ਾ (Spiritual Day Dawn) ਤੈਂਡਾ ਸੁਨਹਿਰੀ-ਛੱਬਾ, ਤੇ ਸੂਹਾ ਲਾਲ ਚੋਪ ਕਿਹਾ ਹੀ ਮਨ ਲੁਭਾਵਣਾ ਵੇ ! ਓ ਸੁੰਦਰ-ਮੁੰਦਰੀਏ, ਓ ਹੂਰ ਪਰੀਏ, ਓ ਬਿਸਮ ਜਨਣੀ- ਮੇਂਡੇ ਲੂੰ ਲੂੰ ਵਿਚ ਤੇਂਡੀ ਟੋਰਣ ਏ, ਤੈਂਡੀ ਜਾਦੂਵਾਨੀ ਨੂਰ ਏ, ਚੁਲੂਲੜਾ ਸਰੂਰ ਏ ! ਓ ਨਵ-ਰੰਗੇ ਰੰਗਾ ! ਓ ਰੰਗ ਬਰੰਗਾ ! ਓ ਸਤ ਪੀਂਘੀ ਰੰਗਾ, ਜਦ ਤੈਂਡੀ ਰੰਗੀ ਹੋਈ ਕੁਦਰਤ ਵੇਖਨਾ ਹਾਂ ਤਾਂ ਗਾਵਨਾ ਈਂ—

> "ਬਿਸਮਨ ਬਿਸਮ ਰਹੇ ਬਿਸਮਾਦ ॥
> ਨਾਨਕ ਅਪਨੀ ਗਤਿ ਜਾਨਹੁ ਆਪਿ ॥" (ਸੁਖਮਨੀ)

ਓ ਸਜ-ਵਿਆਹੀ 'ਸਰਮ' ਤੈਂਡਾ ਰੰਗ-ਅਰੰਗ (Colourless colour) ਪਰ ਹਭ-ਰੰਗਾਂ ਨੂੰ ਲਿਤਾੜਦਾ! ਓਹ ਸਦ ਬਸੰਤ ਲਾਲ ਗੁਲਾਲ ਵੀਟਦਾ! ਓ ਅਖੀਓ ਵੇਖੋ ਨਹੀਂ, ਉਹਨੂੰ ਪੀਵੋ; ਓ ਕੰਨੋਂ ਸੁਣੋ ਨਹੀਂ, ਉਹਨੂੰ ਵੇਖੋ! ਓ ਜਿਹਵਾ ਉਹਨੂ ਪੀਵੋ ਨਹੀਂ ਉਹਨੂੰ ਆਪਣੇ ਨਾਲ ਸੀ। ਹਾਂ ਰੰਗ-ਸਰੂਰਵਾਂ, ਦਰਸ਼ਨ ਦਾ ਕਾਸਾ, ਮੇਟੇ ਅਭਿਲਾਸ਼ਾਂ! ਓ ਮਾਈ, ਏਸ 'ਚਲੂਲੜੇ ਰੰਗ' (Transfiguration) ਨੂੰ ਵੇਖ ਪੀ ਸੀ ਮੈਂਡਾ ਮਨ ਈ ਮਤਵਾਰਾ—

"ਮਾਈ ਰੀ ਮਨੁ ਮੇਰੋ ਮਤਵਾਰੋ ॥
ਪੇਖਿ ਦਇਆਲ ਅਨਦ ਸੁਖ ਪੂਰਨ
ਹਰਿ ਰਸਿ ਰਪਿਓ ਖੁਮਾਰੋ ॥ ਰਹਾਉ ॥
ਨਿਰਮਲ ਭਏ ਊਜਲ ਜਸ ਗਾਵਤ ਬਹੁਰਿ ਨ ਹੋਵਤ ਕਾਰੋ ॥
ਚਰਨ ਕਮਲ ਸਿਓ 'ਡੋਰੀ' ਰਾਚੀ ਭੇਟਿਓ ਪੁਰਖ ਅਪਾਰੋ ॥
ਕਰੁ ਗਹਿ ਲੀਨੇ ਸਰਬਸੁ ਦੀਨੇ [1]ਦੀਪਕੁ ਭਇਓ ਉਜਾਰੋ ॥
ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾ ਤਾਰੋ ॥"

(ਸਾਰੰਗ ਮ: ੫)

ਓ ਵਿਸਮਾਦ-ਪੁੰਜ 'ਸਰਮ-ਖੰਡ' ਧਨ ਧਨ! ਓ ਇਥਾਂ ਅਪੜੇ ਪਾਂਧੀ ਵਧਾਇਉਂ ਓ ਚਲੂਲੜੀ ਸਰਮ-ਖੰਡ ਚੋਖੰਨੀਏ!

੭.

ਓ ਸੁੰਦਰਤਾ, ਸਰਮ-ਜਾਈਏ ਸਭਰਾਈਏ! ਮੈਂ ਵੇਹਨਾਂ ਹਾਂ ਤੂੰ ਕੁਰਸ਼ ਅਰਸ਼ ਦੀ ਰਾਣੀ ਏਂ, ਪਰ ਅਰਸ਼ੋਂ ਉਤਰੀ ਏਂ! ਤੈਂਡੀ ਜਨਣੀ ਨਾਮ-ਮਾਤਾ ਏ, ਜਿਸ ਦਾ ਦੂਜਾ ਰੂਪ ਹਉਮੈ ਵਿਹੂਣ

੧. (ਨਾਮ ਅਖੁਟ, ਨਿਰੰਜਨ)

ਸਰਮ ? ਜਿਥੇ ਜਿਥੇ 'ਨਾਮ' ਮਾਤਾ ਪੈਰ ਰਖਦੀ ਏ, ਉਥੇ ਸੁੰਦਰਤਾ ਦੀਆਂ ਪਿਚਕਾਰੀਆਂ ਚਲਦੀਆਂ ਨੇ। ਓ ਬਿਸਮਾਦੀ ਤੈਂਡੀ ਬਿਸਮਾਦੀ ਦਾਸੀ ! ਓ ਪਹੁ-ਫਟਾਲ ਤੂੰ ਮੈਂਡੇ ਲਾਲਣ ਦੀ ਏਂ ਅਰਦਲ-ਚਲਣ ਵਾਲੀ ਇਕ ਦਾਸੀ ਏਂ ! ਓ ਸਤਰੰਗੀਏ ਪੀਂਘੇ, ਤੂੰ ਮੈਂਡੇ ਲਾਲਨ ਦੀ ਏਂ ਅਰਸ਼ੀ ਧਨੁਸ਼, ਆਲ-ਜਾਲ ਕਾਲ ਫੁੰਡਣੀ ! ਓ ਹੀਰੇ ਲਾਲ ਮੋਤੀਓ ! ਤੁਸੀਂ ਓ ਮੈਂਡੇ ਲਾਲਣ ਦੇ ਪਾਣੀ ਨਿਚੋੜ ਹੋਏ ਕੇਸ-ਕਤਰੇ ! ਹਾਂ ਉਸ ਕੇਸੀਂ ਇਸ਼ਨਾਨ ਕਰਨ ਵਾਲੇ 'ਕੇਸ਼ਵ' ਦੀਆਂ ਨੂਰੋ ਨੂਰੀ ਬੂੰਦਾਂ ! ਓ ਪੂਰਨਮਾਸ਼ੀਏ, ਤੂੰ ਮੈਂਡੇ ਲਾਲਣ ਦੀ ਏਂ ਚਿਟਾ ਹਥ-ਕੜਾ ਗੋਲ-ਅਡੋਲ ! ਓ ਧਰਤੀ ਫਲਾਂ ਫੁਲਾਂ ਨਾਲ ਜੜੀ, ਤੂੰ ਮੈਂਡੇ ਲਾਲਣ ਦੀ ਏਂ ਖੜਾਵਾਂ ਦੰਦ-ਖੰਦ ਜੜੀ ! ਓ ਪਵਣ ਪਾਣੀ ਝੁਲਾਰਿਓ, ਤੁਸੀਂ ਮੈਂਡੇ ਲਾਲਣ ਦੇ ਹੋ, ਕਾਰਦਾਰ ਚੌਰਬਰਦਾਰ ! ਓ ਖੰਡ-ਬ੍ਰਹਮੰਡ, ਤੁਸੀਂ ਓ ਮੈਂਡੇ ਲਾਲਣ ਦਾ ਪਹਿਰਨਾ, ਲੰਮਾ-ਸੁਲੰਮਾ ਚੋਲੜਾ.........! ਹਾਂ ਸੋਹਣਿਓਂ ਅਜ ਤੁਹਾਡੇ ਚੀਰੇ ਤੇ ਕੋਈ ਅਣੋਖੇ ਤਾਰੇ ਜੜੇ ਹੋਏ ਨੇ, ਜੋ ਕਰਦੇ ਨੀ ਜਗਮਗ ਜਗਮਗ, ਉਸ ਝਲਕਦੀ ਤੇ ਲਸ਼ ਲਸ਼ ਕਰਦੀ ਅਕਾਸ਼ ਗੰਗਾ ਵਾਂਗ। ਓ ਧੁਰੋਂ ਆਈ ਗੰਗਾ (ਨਾਮ), ਓ ਚਿਟੀ ਦੁਧ ਮਡਾਕਣੀ (Milky way) ਜੋ ਨੰਦਨ (ਸੰਸਾਰ) ਬਣ ਵਿਚ ਵਗਨੀ ਏਂ, ਮੈਂ ਤੈਂਡੇ ਦਰ ਤੇ ਖਲੋਤਾ ਅਜ ਅਨੂਪਮ-ਦ੍ਰਿਸ਼ ਵੇਖਣਾ ਊਂ......ਉਸ ਤਾਰਾ-ਰਾਣੀ ਦੀ ਸਾੜ੍ਹੀ ਵਿਚੋਂ ਟਿਪ ਟਿਪ ਕਰਦੀਆਂ ਨੂਰ ਬੂੰਦਾਂ ਡਿਗ ਰਹੀਆਂ ਨੇ ਤੇ ਮੈਂ ਇੰਦ੍ਰ ਵਾਂਗ ਨੀਝ ਲਾ ਪਿਆ ਵੇਹਨਾ ਵਾਂ ! ਓ ਅਣੋਖੀਏ ਸੁੰਦਰਤਾ, ਆਤਮ ਗੰਗਾ ਵਿਚੋਂ

ਉਤਰੀ ! ਓ ਨਖਰੇਲੀ ਸੁੰਦਰਤਾ [1]ਤਾਰਾ ਮਣੀ ਦੀ ਨਿਚੜੀ ਸਾੜ੍ਹੀ ਦੀ ਨੂਰ ਫੁਆਰ ! 'ਓ ਤਾਰਾ ਰਾਣੀ ! ਓ ਸਰਮ ਖੰਡ ਵਸੀ ਵਿਸਮਾਦਣੀ !!

੮

ਓ ਸੁੰਦਰਤਾ, ਤੂੰ ਸਚ ਮੁਚ ਆਤਮਾ ਦਾ ਝਲਕਾਰ ਏਂ, ਜਿਥੇ ਤੂੰ ਪਵੇਂ ਉਹ ਥਾਂ ਭਖ ਉਠਦੀ ਏ ! ਜੀਕਣ ਬਦਲਾਂ ਨੂੰ ਪੋਹ ਫੁਟਾਲਾ ਚਾ ਰੰਗਦੀ ਏ, ਤੀਕਣ ਹੀ ਤੈਂਡੀ ਚਾਨਣੀ ਏਸ ਕੁਦਰਤ ਨੂੰ ਰੰਗਦੀ ਏ, ਪਰ ਜੇ ਤੈਂਡੀ ਰਸ ਭਿੰਨੀ ਚਾਨਣੀ ਬੱਦਲ ਚੀਰ ਦਿਸੇ ! ਓ ਜੇ ਦਿਸੇ ਤਾਂ ਓ ਕੁਦਰਤੇ ਤੂੰ ਸੁਹਾਗਣ ਭਾਗਣ, ਨਹੀਂ ਤਾਂ ਕਾਂਲੀ ਬੌਲੀ ! ਓ ਜੇ ਦਿਸੇਂ ਤਾਂ ਤੂੰ ਸੁਘੜ ਬਿਚੱਖਣ ਨਹੀਂ ਤਾਂ ਆਵਲ—ਬਾਵਲ ! ਜੇ ਉਹ ਦਿਸੇ ਤਾਂ ਤੂੰ ਸੁਭਰਾਈ ਸਤ ਪੁਤਰੀ, ਬੁਢ—ਸੁਹਾਗਣ, ਨਹੀਂ ਤਾਂ ਛੁਟੜ—ਡੁਮਣ ।..... ਓ ਸਰਮ ਖੰਡ ਧੰਨ ਧੰਨ ਤੈਂਡੀ 'ਬਾਣੀ' ਅਰਸ਼ੋਂ ਉਤਰੀ ਅਰਸ਼ ਸਮਾਣੀ, ਧਨ ਧੰਨ ਤੈਂਡਾ ਚਲੂਲਾ—ਰੰਗ, ਰੰਗ ਸੁਰੰਗ (Transfiguration)

"ਕਵਨ ਕਵਨ ਕਵਨ ਗੁਨ ਕਹੀਐ ਅੰਤ ਨਹੀਂ ਕਛੁ ਪਾਰੈ ॥
ਬਿਸਮ ਬਿਸਮ ਬਿਸਮ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ
ਜਿਉਂ ਚਾਖਿ ਗੂੰਗਾ ਮੁਸਕਾਰੈ ॥" (ਕਾਨੜਾ ਮ: ੫)

1. ਅਥਰਵ-ਵੇਦ ਵਿਚ ਇਹ ਕਥਾ ਹੈ ਜੋ ਏਸ ਅਰਸ਼ੀ ਗੰਗਾ ਦੇ ਪਾਰ ਵਸਦੀ ਸੀ 'ਤਾਰਾ ਰਾਣੀ' (The Queen of Stars), ਤੇ ਉਰਾਹ ਸੀ ਤਾੜਨ ਵਾਲਾ ਵਡ-ਤਾਰ ਇੰਦਰ (The King among elements) ਹਾਂ ਤੇ ਏਸ ਅੱਖ-ਮਟੱਕੇ ਨਾਲ ਨਿਕਲਦੀ ਵਿਸਮਾਦ-ਨਦੀ, ਓ ਅਰਸ਼ੀ ਗੰਗਾ ਹਾਂ ਕੇਹੀ ਸੋਹਣੀ ਕਹਾਣੀ !!

ੳ ਸੁੰਦਰਤਾ, ਤੂੰ ਆਤਮਾ ਦਾ ਜਲਵਾ ਏਂ ਆਤਮਾ ਦੀ ਪ੍ਰਤਵੀ ਕਿਰਨ (Reflected light) ਜਦ ਅਸੀਂ ਏਸ ਨੂੰ ਵੇਖਦੇ ਹਾਂ ਤਾਂ ਆਪਣੇ ਆਪ ਧੂਹੇ ਜਾਂਦੇ ਹਾਂ, ਪਰ ਇਕ ਸੁੰਦਰਤਾ ਵੇ ਡੋਬਣੀ ਇਕ ਅਰਸ਼-ਚੁਮਣੀ। ਡੋਬਣੀ ਸੁੰਦਰਤਾ ਚਮ ਵਿਚ ਵਸਦੀ ਏ, ਅਰਸ਼ ਚੁਮਣੀ ਆਤਮਾ ਵਿਚ! ੳ ਅਖੋ ਤੁਸੀਂ ਉਸ ਬਿਸਮਾਦੀ ਲਾਲਣ ਦੀਆਂ ਪੁਜਾਰਨਾ ਬਣੋ, ਤੁਸੀਂ ਕੱਚ ਛਡ ਕੰਚਨ ਨੂੰ ਫੜੋ![1]

ੳ ਨੂਰਾਨੀ ਸੁੰਦਰਤਾ, ਜਦ ਮੈਂ ਤੈਂਡਾ ਨੂਰਾਨੀ ਮੁਖੜਾ ਵੇਖਨਾ ਵਾਂ ਤਾਂ ਅਤੀ ਸੁੰਦਰਤਾ ਨਾਲ[2] ਚੁੰਧਿਆ ਜਾਨਾ ਵਾਂ,

---

1. Cf. Hegal—'Beauty is merely the spiritual (ਆਤਮਾ) making itself from sensuously"

2. Cf. Plato = "Of beauty' Say he "I repeat again that we saw her shining with celestial forms and coming to earth we find her here too shining in clearness, through the clearest aperture of sense......But this is the privilege of Beauty, that being the lovelist, she is also most palpable to sight. Now he who is not newely initiated, or who has been corrupted, does not easily uscout of the world to the sight of true Beauty in the other...:......But he whose initiation is recent, and who has been that spectator of many glories in the other world, is amassed, when he sees any one havihg a God-like face of or form, which is the expression of Divine Beauty, and at first a shudder runs through them, and again the old awe steals over him (Phaedrus). ਕਈ ਇਸ ਸੁੰਦਰਤਾ ਨੂੰ ਨਾ ਝਲ ਕੇ ਬਾਵਰੇ ਹੋ ਜਾਂਦੇ ਨੇ—ਪਰ ਗੁਰਸਿਖੀ ਵਿਚ ਦੋ ਕਿਸਮ ਦੇ ਮਸਤਾਨੇ ਹਨ—ਇਕ 'ਦਿਵਾਨੇ-ਮਸਤਾਨੇ' ਦੂਜੇ 'ਦਾਨੇ-ਮਸਤਾਨੇ'। ਸਰਮ-ਖੰਡ ਦਾਨੇ ਮਸਤਾਨਿਆਂ ਦਾ ਘਰ ਏ ਤੇ ਉਹ ਇਸੇ ਕਰਕੇ ਪੰਚ ਸਦੇਂਦੇ ਨੇ—ਪੰਚ ਪਰਵਾਨ!

ਜੀਕਣ ਕੋਈ ਬਾਲਕ ਸਿਧਾ ਸੂਰਜ ਵਲ ਚਾ ਤੱਕੇ ! ਪਰ ਹੇ ਸੁੰਦਰਤਾ ! ਤੂੰ ਆਪੇ ਦਾਈ ਏਂ, ਆਪੇ ਲਾਡ–ਲਡਾਈ ਏਂ ! ਓ ਵਿਸਮਾਦਣੀ, ਓ ਤਾਰਾ ਰਾਣੀ (The Queen of the celestial firmament) ਮੈਂਡੀ ਤੈਨੂੰ ਸਦਾ ਸਦਾ ਨਿਮਸ਼ਕਾਰ ! ਓ ਸ੍ਰਰਮ ਖੰਡ ਵਸੇਂਦੀਏ ਸਦ–ਕੰਵਾਰੀ ਕੁੜੀਏ ! ਓ ਸੁੰਦਰਤਾ, ਤੂ ਧੰਨ ਧੰਨ, ਤੂੰ ਧੰਨ ਧੰਨ !

—o—

ੴ ਸਤਿਗੁਰ ਪ੍ਰਸਾਦਿ ॥

ਸ੍ਰੀ

ਕਰਮ-ਖੰਡ

ਅਨੰਦੋ-ਅਨਦ ਤੇ ਅਡੋਲਤਾ

THE PERFECT MAN
THE END

"ਸਚੇ ਤੇਰੇ ਖੰਡ ਸਚੇ ਬ੍ਰਹਿਮੰਡ ॥"

(ਆਸਾ ਦੀ ਵਾਰ)

ਵਾਹੁ ਵਾਹੁ ਕਰਮ-ਖੰਡ

ੳ ਖੇੜਾ, ਖੇੜਾ, ਖੇੜਾ (Ah Supreme Bliss)...ਸੁਖ ਮੰਗਲ ਕਲਿਆਨ ! ੳ ਸੀਤਲਤਾ ਦੀ ਸੀਤਲਤਾ ! ੳ ਅਨੰਦੋ ਅਨੰਦ ੳ ਸੁਖ–ਸਹਜਿ ਅਨੰਦ ! ੳ ਸੂਹਬ ਸੂਹਬ ਸੂਹਵੀ, ਅਪਨੈ ਪ੍ਰੀਤਮ ਕੈ ਰੰਗਿ ਰਤੀ ॥" "ਤੇਰਾ ਨਾਮੁ ਰੂੜੋ ਰੂਪ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ ॥" ਤੈਂ ਬਿਨ ਘੜੀ ਨਾ ਜੀਵਾਂ ! ਤੂੰ ਦਾਨਾ ਤੂੰ ਬੀਨਾ, ਤੂੰ ਸਾਈਂ ਮੈਂਡਾ ! ਤੂੰ ਉਚ ਅਪਾਰ ਅਥਾਹ ! ਤੂੰ ਨੇੜੇ, ਤੂੰ ਦੂਰ, 'ਤੂੰ ਭਰਪੂਰ ! ਤੂੰ ਉਤਮ ਊਚਾ, ਹਉ ਨੀਚਾ ! ਤੂੰ ਅਕਥ ਹਉਂ ਤੈਂਡਾ ਕਾਥਣੀ ! ਤੂੰ ਬੇਅੰਤ ਹਉ ਤੈਂਡਾ ਆਥਣੀ ਤੂੰ ਅਕੁਲ ਨਿਰੰਜਣ ਰਾਇਆ, ਹਉਂ ਨਰੰਜਣੀ ਸਾਇਆ ! ਤੂੰ

ਅਕਾਲ ਪੁਰਖ ਹਉਂ ਅਕਾਲੀ ! ਤੂੰ ਅਚਰਜ ਹਉਂ ਬਿਸਮ ਜਾਇਆ ! ਤੂੰ ਅਡੋਲ, ਕਦੇ ਡੋਲੇ ਨਾਹੀਂ; ਹਉਂ ਤੈਂਡੀ ਛਤਰ–ਛਾਇਆ ! ਤੂੰ ਅੰਤਰਜਾਮੀ ਹਉਂ ਘਟ ਘਟ ਗਾਮੀ ! ਤੂੰ ਅਥਾਹ ਹਉਂ ਅਸਗਾਹ ! ਤੂੰ ਨਿਰੰਕਾਰ ਹਉਂ ਨਿਰੰਕਾਰੀ ! ਤੂੰ ਆਦਿ–ਪੁਰਖ ਹਉਂ ਆਦਿ ਜੁਗਾਦਿ ! ਤੂੰ ਸੁਜਾਣ ਹਉਂ ਤੈਂਡਾ ਮਾਣ ! ਤੂੰ ਸਿਰਜਣਹਾਰ ਹਉਂ ਤੈਂਡਾ ਚਜ ਅਚਾਰ ! ਤੂੰ ਰਸ–ਰਸੀਆ ਹਉਂ ਤੈਂਡੀ ਰਾਸ ਲੀਲ੍ਹਾ ! ਤੂੰ ਕਰਤਾ ਹਰਤਾ ਮੈਂ ਤੈਂਡੀ ਖੇਡਾਂ ! ਤੂੰ ਗੁਪਤ ਮੈਂ ਅੱਖੋਂ ਉਹਲੇ ! ਤੂੰ ਹਾਜ਼ਰਾ ਹਜ਼ੂਰ, ਮੈਂ ਜ਼ਾਹਰ ਜ਼ਹੂਰ ! ਤੂੰ ਗੁਰ—ਚੇਲਾ ਹਉਂ ਤੈਂਡਾ ਲੇਲਾ ! ਤੂੰ ਜਲ ਹਉਂ ਮੀਨਾ ! ਤੂੰ ਠਾਕਰ ਹਉਂ ਸੇਵਕ ! ਤੂੰ ਮੁਕਤ ਹਉਂ ਤੈਂਡੀ ਜੁਗਤ ! ਤੂੰ ਅਭੁਲ ਹਉਂ ਤੈਂਡਾ ਭੁਲਾਇਆ ! ਤੂੰ ਅਤੋਲ ਹਉਂ ਤੈਂਡਾ ਤੋਲ ! ਤੂੰ ਅੰਮ੍ਰਿਓ, ਹਉਂ ਤੈਂਡੀ ਪਨਿਹਾਰੀ ! ਤੂੰ ਸਾਹ–ਸਰਾਫ ਹਉਂ ਤੈਂਡਾ ਬਿਉਪਾਰੀ ! ਤੂੰ ਅਮਿਓ—ਵੈਦ ਹਉਂ ਤੈਂਡਾ ਪਨਸਾਰੀ ! ਤੂੰ ਸੂਖਮ ਹਉਂ ਤੈਂਡਾ ਸੂਤਰ ! ਤੂੰ ਸਥੂਲ ਹਉਂ ਤੈਂਡੀ ਚਾਦਰ ! ਤੂੰ ਸਾਗਰ ਹਉਂ ਹੰਸ ਤੁਹਾਡਾ ! ਤੂੰ ਗੁਣ—ਨਿਧਾਨ ਹਉਂ ਤੈਂਡਾ ਗਾਹਕ ! ਤੂੰ ਸੰਤਨ ਕਾ ਸੰਤ ਤੁਮਾਰੇ। ਤੂੰ ਸਮਰਥ ਅਕਥ ਹਉਂ ਤੈਂਡੀ ਵਥ ! ਤੂੰ ਸੁਲਤਾਨ ਹਉਂ ਤੈਂਡੀ ਜਾਨ ! ਤੂੰ ਮਾਨ ਹਉਂ ਤੈਂਡਾ ਧਿਆਨ ! ਤੂੰ ਰਸ ਹਉਂ ਤੈਂਡਾ ਜਸ ! ਤੂੰ ਕਰਨ—ਕਾਰਣ ਹਉਂ ਤੈਂਡੀ ਸ਼ਰਨ ! ਤੂੰ ਹਮਰੋ ਹਮ ਤੁਮਰੇ..... ਤੂੰ ਕੁਨਰੇ ?......ਮੈਂ ਜੀ...ਨਾਮਾ ! ਤੈਂਡਾ ਨਾਮਾ...ਤੈਂਡਾ ਨਾਮ ਲੇਵਾ......ਸਰਬ ਨਾਂ ਤੈਂਡੇ ਨਾਂ...ਹੇ ਜੀ, ਅੰਦਰ ਵੀ ਤੂੰ ਏਂ, ਬਾਹਰ ਵੀ ਤੂੰ ਏਂ ! ਹੇ ਜੀ, ਤੂੰ ਮੇਰਾ ਹਉਂ ਤੇਰਾ ! ਓ ਮੇਰੀ—ਤੇਰੀ ਦੀਏ ਗੰਢੇ ! ਤੂੰ ਹੁਕਮੀ ਹਉ ਹੁਕਮੀ ਬੰਦਾ !...ਮੈਂ ਜੀ... ਨਾਮਾ...ਤੈਂਡਾ 'ਨਾਮ' ਨਾਮਾ ! ਹੇ ਜੀ

ਮੈਂ-ਤੇ-ਤੋਂ ਭਿਨੜਾ 'ਨਾਮਾ' !

"ਡੀਗਨ ਡੋਲਾ ਤਉ ਲਉ ਜਉ ਮਨ ਕੇ ਭਰਮਾ ॥"
ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥
ਓਇ ਬਿਖਾਈ ਰੋਖੀਆ ਤੈ ਗੁਰ ਤੇ ਹੂਟੇ ॥
ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ ॥ਰਹਾਉ ॥
ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥
ਗੁਰਿ ਕਾਟਿ ਅਗਿਆਨਤਾ ਤਬ ਛੁਟਕੇ ਫੰਧਾ ॥
ਜਬ ਲਗ 'ਹੁਕਮ' ਨ ਬੂਝਤਾ ਤਬ ਹੀ ਲਉ ਦੁਖੀਆ ॥
ਗੁਰਿ ਮਿਲਿ 'ਹੁਕਮੁ' ਪਛਾਣਿਆ ਤਬ ਹੀ ਤੇ ਸੁਖੀਆ ॥
ਨਾ ਕੋ ਦੁਸ਼ਮਨ ਦੋਖੀਆ ਨਾਹੀ ਕੋ ਮੰਦਾ ॥
ਗੁਰ ਕੀ ਸਵਾ ਸੇਵਕੋ ਨਾਨਕ ਖਸਮੈ ਬੰਦਾ ॥"

(ਆਸਾ ਮ: ੫)

ਓ ਖੇੜਾ ਖੇੜਾ ਖੇੜਾ ! ਹਾਂ ਦੂਈ ਰਹਿਤ ਖੇੜਾ, ਮੈਂ-ਤੈਂ ਰਹਿਤ ਖੇੜਾ, ਦੁਖ-ਸੁਖ ਰਹਿਤ ਖੇੜਾ ! ਹਾਂ ਸੁਖ, ਸਦਾ ਸੁਖ ਨਿਜ ਸੁਖ ! ਤੈਂਡਾ 'ਹੁਕਮ' ਮੰਨ ਹੁਣ ਆਇਆ ਖੇੜਾ ! ਤੈਂਡਾ ਹੁਕਮ ਮੰਨ ਹਉਂ ਪਾਇਆ ਸੇਹਰਾ ! ਓ ਅਨੂਠੀ ਕਲਗੀ, ਓ ਅਨੂਠਾ ਮੋਰ-ਮੁਕਟ ! 'ਹੁਕਮ' ਦੀ ਕਾਰ, ਹੁਕਮੀ ਸਰਕਾਰ ! ਹੁਕਮੀ ਸੇਵਾ ਹੁਕਮੀ ਮੇਵਾ ! ਹੁਕਮੀ ਦੁਖ ਸੁਖ ! ਹੁਕਮੀ ਉਤੇ ਹੁਕਮੀ ਪਇਆਲੇ ! ਹੁਕਮੀ ਆਵਣ ਹੁਕਮੀ ਜਾਵਣ ! ਹੁਕਮੀ ਆਕਾਰ ਹੁਕਮੀ ਨਿਰੰਕਾਰ—

"ਉਲਾਹਨੋ (ਉਲਾਂਭਾ, ਗਿਲਾ) ਮੈ ਕਾਹੂ ਨ ਦੀਓ ॥
ਮਨ ਮੀਠ ਤੁਮਾਰੋ ਕੀਓ ॥ਰਹਾਉ ॥
ਆਗਿਆ ਮਾਨਿ ਜਾਨਿ ਸੁਖੁ ਪਾਇਆ
ਸੁਨਿ ਸੁਨਿ 'ਨਾਮ' ਤੁਹਾਰੋ ਜੀਓ ॥

ਈਹਾਂ, ਊਹਾ ਹਰਿ ਤੁਮਹੀ ਤੁਮਹੀ
ਇਹ ਗੁਰ ਤੇ ਮੰਤ੍ਰੁ ਦ੍ਰਿੜੀਉ ॥
'ਜਬ' ਤੇ ਜਾਨਿ ਪਾਈ ਇਹ ਬਾਤਾ
'ਤਬ' ਤੇ ਕੁਸਲ ਖੇਮ ਸਭ ਥੀਓ ॥
ਸਾਧ ਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ ।'
(ਨਟ ਮ: ੫)

ਹਾਂ ਛੁਟੇ ਉਲਾਂਭੇ ਤੇ ਗਿਲੇ, ਗਏ ਦੁਖ ਤੇ ਆਏ ਸੁਖ, ਜਬ ਤੇ ਜਾਨ ਪਾਈ ਇਹ ਬਾਤਾ...ਕਿਹੜੀ ਬਾਤਾ ? ਈਹਾਂ ਊਹਾ ਹਰਿ ਤੁਮਹੀ ਤੁਮਹੀ—

"ਤਉ ਕੜੀਐ ਜੇ ਕਿਛੁ ਹੋਇ ਪਿਛਾਣੈ ॥
ਤਉ ਕੜੀਐ ਜੇ ਭੂਲਿ ਰੰਞਾਣੈ ।
ਗੁਰਿ ਕਹਿਆ ਜੋ ਹੋਇ ਸਭ ਪ੍ਰਭ ਤੇ ।
ਤਬ ਕਾੜਾ ਛੋਡ ਅਚਿੰਤ ਹਮ ਸੋਤੇ ॥
ਪ੍ਰਭ ਤੂਹੈ ਠਾਕੁਰ ਸਭ ਕੋ ਤੇਰਾ ॥
ਜਿਉਂ ਭਾਵੈ ਤਿਉਂ ਕਰਹਿ ਨਿਬੇਰਾ ॥
'ਦੁਤੀਆ' ਨਾਸਤਿ 'ਇਕ' ਰਹਿਆ ਸਮਾਇ ।
ਰਾਖਹੁ ਪੈਜ ਨਾਨਕ ਸਰਣਾਇ ॥

ਓ ਖੇੜਾ, ਖੇੜਾ, ਖੇੜਾ ! ਦੁਤੀਆ ਨਾਸਤੀ ਖੇੜਾ, ਹਾਂ ਗੁਰ ਕਹਿਆ ਜੋ ਹੋਇ ਸਭ ਪ੍ਰਭ ਤੇ...ਤਬ ਕਾੜਾ ਛਡ ਅਚਿੰਤ ਹਮ ਸੋਤੇ...! ਓ ਖੇੜਾ-ਛੱਡੂ, ਓ ਖੇੜਾ ਅਨੰਦ ਵਿਗਸੂ ! ਓ ਬਾਬਾ ਤੂੰ ਆਪ ਉਚਰ ਉਸ ਅਚਿੰਤ-ਪਦ ਦੀ ਮਹਿਮਾ ਇਹ ਕਾਨੀ ਵੇ ਕਾਚੀਂ । ਪਰ ਅਚਿੰਤ-ਸਹਜਿ ਸੰਗਿ ਮਨ-ਰਾਚੀ:—

"ਕਹੁ ਨਾਨਕ ਕੀਰਤਿ ਹਰਿ ਸਾਚੀ ॥
ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥ ਰਹਾਉ ॥

ਅਚਿੰਤ ਹਮਾਰੈ ਭੋਜਨ ਭਾਉ' ॥
ਅਚਿੰਤ ਹਮਰੈ ਲੀਚੈ 'ਨਾਉ'
ਅਚਿੰਤ ਹਮਾਰੇ 'ਸਬਦਿ' ਉਧਾਰ ॥
ਅਚਿੰਤ ਹਮਾਰੈ ਭਰੇ ਭੰਡਾਰ ॥
ਅਚਿੰਤ ਹਮਾਰੈ ਕਾਰਜ ਪੂਰੇ ॥
ਅਚਿੰਤ ਹਮਾਰੈ ਲਥੇ ਵਿਸੂਰੇ ॥
ਅਚਿੰਤ ਹਮਾਰੈ ਬੈਰੀ ਮੀਤਾ ॥
ਅਚਿੰਤੋ ਹੋਇ ਮਨ ਵਸਿ ਕੀਤਾ ॥
ਅਚਿੰਤ ਪ੍ਰਭੂ ਹਮ ਦੀਆ ਦਿਲਾਸਾ ॥
ਅਚਿੰਤ ਹਮਾਰੀ ਪੂਰਨ ਆਸਾ ॥
ਅਚਿੰਤ ਹਮ ਕਉ ਸਗਲ ਸਿਧਾਂਤ ॥
ਅਚਿੰਤ ਹਮ ਕਉ ਗੁਰ ਦੀਨੋ ਮੰਤੁ ॥
ਅਚਿੰਤ ਹਮਾਰੇ ਬਿਨਸੇ ਬੈਰ ॥
ਆਚਿੰਤ ਹਮਾਰੇ ਮਿਟੇ ਅੰਧੇਰ ।.
ਅਚਿੰਤੋ ਹੀ ਮਨਿ ਕੀਰਤਨ ਮੀਠਾ ॥
ਅਚਿੰਤੋ ਹੀ ਪ੍ਰਭ ਘਟਿ ਘਟਿ ਡੀਠਾ ॥
ਅਚਿੰਤ ਮਿਟਿਓ ਹੈ ਸਗਲੋ ਭਰਮਾ ॥
ਅਚਿੰਤੋ ਵਸਿਓ ਮਨਿ ਸੁਖ ਬਿਸਰਾਮਾ ॥
ਅਚਿੰਤ ਹਮਾਰੇ 'ਅਨਹਤ' ਵਾਜੈ ॥
ਅਚਿੰਤ ਹਮਾਰੈ ਗੋਬਿੰਦ ਗਾਜੈ ॥
ਅਚਿੰਤ ਹਮਾਰੈ ਮਨੁ ਪਤੀਆਨਾ ॥
ਨਿਹਚਲ ਧਨੀ ਅਚਿੰਤ ਪਛਾਨਾ ॥
ਅਚਿੰਤੋ ਉਪਜਿਓ ਸਗਲ ਬਿਬੇਕਾ ॥
ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥

ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥
ਅਚਿੰਤ ਮਿਲਿਓ ਪ੍ਰਭ ਠਾਕੁਰ ਏਕੁ ॥
ਚਿੰਤ ਅਚਿੰਤਾ ਸਗਲੀ ਗਈ ॥
ਪ੍ਰਭ ਨਾਨਕ ਨਾਨਕ ਨਾਨਕ ਮਈ ॥"

(ਭੈਰਉ ਮ: ੫)

ਓ ਖੇੜਾ, ਖੇੜਾ, ਖੇੜਾ ! ਹਾਂ-ਚਿੰਤ ਅਚਿੰਤ ਸਗਲੀ ਗਈ, ਖੇੜਾ ! ਓ ਪਦ-ਨਿਰਵਾਣੀ ਖੇੜਾ !

੨.

ਹਾਂ ਖੇੜਾ, ਖੇੜਾ ਖੇੜਾ...ਪਰ ਸਈਆਂ ਪੁਛਨੀਆਂ ਨੇ ਅਜ, ਭੈਣ, ਕਿਹੜਾ ਖੇੜਾ ? ਤਾਂ ਮੈਂ ਦੀਵਾਨੀ, ਮੈਂ ਬਉਰਾਨੀ ਕੀ ਆਖਾਂ, ਕੀ ਦਸਾਂ ? "ਗੂੰਗੇ ਮਹਾ ਅੰਮ੍ਰਿਤ ਰਸੁ ਚਾਖਿਆ, ਪੂਛੇ ਕਹਨੁ ਨ ਜਾਈ ਹੋ" ! ਓ ਮੈਂ ਮਤਵਾਰਾ, ਕੀਕਣ ਦਸਾਂ ? ਹਾਂ ਦਸ ਨਾ ਨੀ ਕਾਨੀਏ, ਮੈਂਡੇ ਮਾਹੀ ਦੀ ਨਰਾਨੀ ਅਰਗਵਾਨੀਂ 'ਸ਼ਰਾਬ' ! ਹਾਂ, ਦਸ ਨਾ ਉਸ ਅੰਮ੍ਰਿਤ ਫੁਆਰ ਦੀ ਕਾਰ ਜੋ ਹੁਣ, ਹਾਂ ਹੁਣ, ਪਈ ਅਰਸ਼ਾਂ ਤਾਂ ਝਿਮ ਝਿਮ ਵਰਸਦੀ ਆ ! ਹਾਂ ਦਸ, ਦਸ, ਓ ਤ੍ਰਿਪ ਤ੍ਰਿਪ ਕਰਦੀ ਅੰਮ੍ਰਿਤ ਧਾਰਾ ਜਿਤ ਪੀਤਿਆਂ ਮਨ ਤ੍ਰਿਪਤਾਰਾ ! ਹਾਂ ਦਸ, ਓ ਦਸ, ਓ ਝਿਲਮਿਲਕਾਰ ਦਿਸੇ ਤਾਂ ਜਹਿ ਅਨਹਤ-ਸਬਦ ਵਾਜੰਤਾ ! ਹਾਂ ਦਸ, ਓ ਦਸ, ਓ ਮਿਠੜੀ ਚਾਸ਼ਨੀ ਜਿਸ ਦੀ ਇਕੋ ਇਕ ਸਲਾਂਟ ਊ, ਨਾਂ ਟਟਣੀ ! ਓ ਦਸ, ਹਾਂ ਦਸ, ਓ ਰੁਣ-ਝੁਣਣੀ ਧੁਨੀ, ਜਿਸ ਤੈਂਡੀ ਸੁਧ ਬੁਧ ਹੈ ਮੁਨੀ ! ਹਾਂ ਦਸ, ਓ ਦਸ,ਰਾਗਣੀ-ਸੁਹਾਗਣੀ, ਜਿਤ ਲਾਏ ਨੇ ਕੇਸਰ ਛੱਟੇ ਤੈਂਡੇ ਲੂੰ ਲੂੰ ਵਿਚ ਲੁਕ ਕੇ ! ਹਾਂ ਦਸ, ਓ ਦਸ, ਰਾਗ ਰਤਨ ਪ੍ਰਵਾਰ ਪਰੀਆ ਜੋ ਅਜ ਆਈਆਂ ਨੇ ਤੈਂਡੇ ਘਰ,

ਅਭਗ ਦੀਵਾਨ ਲਾਵਣ ਕਾਰਨੇ ! ਹਾਂ ਦਸ, ਓ ਦਸ, ਓ ਪਾਰਸ ਪਰਸ ਜਿਤ ਛੋਹਿਆਂ ਕਾਗ ਹੋਵੇ ਹੰਸ ! ਹਾਂ, ਦਸ ਓ ਦਸ, ਓ ਪਰਸ-ਸਰਸ ਜਿਤ ਛੋਹਿਆਂ ਪਿੰਗ ਹੋਵੇ 'ਸਿੰਘ' ! ਹਾਂ ਦਸ, ਓ ਦਸ, ਓ ਅੰਮ੍ਰਿਤ-ਰਾਣੀ ਜਿਤ ਪੀਤਿਆਂ ਮੈਂਡੀ ਤ੍ਰਿਖਾ ਬੁਝਾਣੀ ! ਹਾਂ ਦਸ, ਓ ਦਸ, ਓ ਗੁਪਤ-ਗੰਗਾ ਜਿਤ ਨ੍ਹਾਤਿਆਂ ਮੈਂਡੇ ਕਿਲਵਿਖ ਖੰਗਾਂ ! ਹਾਂ ਦਸ, ਓ ਦਸ, ਓ ਬਣੀ, ਬਾਣੀਆਂ ਸਿਰ ਬਾਣੀ ਵਿਸਮਾਦ ਰਾਣੀ !......ਪਰ ਕੀਕਣ ਦਸਾਂ .....ਬੋਵਰਾ ਮਨ ਕੀਕਣ ਦਸੇ "ਅਬ ਮੋਹਿ ਨਾਚਨੋ ਨ ਆਵੈ ॥ ਮੇਰਾ ਮਨ ਮੰਦਰੀਆ ਨ ਬਜਾਵੈ ॥" ਹਾਂ ਦਸ ਬਾਬਾ, ਤੂੰ ਆਪੇ ਦਸ, ਤ੍ਰੁਠ-

"ਅਬ ਮੇਰਾ ਨਾਚਨੋ ਰਹੋ ॥
ਲਾਲ ਰੰਗੀਲਾ ਸਹਿਜੇ ਪਾਇਓ
ਸਤਿਗੁਰ ਬਚਨ ਲਹੋ ॥ਰਹਾਉ॥"

ਹੁਣ ਮੈਂਡਾ ਨਚਣਾ ਬੋਲਣਾ ਵੀ ਰਹਿ ਗਿਆ ਏ, ਹੁਣ ਆਪਣੇ ਲਾਲਣ ਨਾਲ ਮੈਂ ਸੌਂ ਗਈ ਆਂ ਆਤਮ-ਸੇਜੜੀ, ਮੈਂ ਤ੍ਰਿਪਤ, ਮੈਂ ਗੁਟੋਗੁਟ, ਮੈਂ ਕਾਮ-ਕਲੋਲਣ !

"ਕੁਆਰ ਕੰਨਿਆ ਜੈਸੇ ਸੰਗਿ ਸਹੇਰੀ,
ਪ੍ਰਿਆ ਬਚਨ ਉਪਹਾਸ ਕਹੇ ॥
ਜਬ ਸੁਰਿਜਨ ਗ੍ਰਿਹਿ ਭੀਤਰਿ ਆਇਓ
ਤਬ ਮੁਖੁ ਕਾਜਿ ਲਜੇ ।"

ਹਾਂ ਹੁਣ ਮੂੰਹ ਬੰਦ ਏ, ਕੋਈ ਅਨੋਖੜੀ ਸ਼ਰਮ ਆਈ ਏ, ਹੁਣ ਸਈਆਂ ਨਾਲ ਠੱਠੇ ਮਸਖਰੀਆਂ ਨਹੀਂ, ਹੁਣ ਚੂੜਾ-ਮਣੀ ਦੇ ਹਥ ਚੂੜਾ ਆ ਪਕੜਿਆਂ ਵੇ, ਤੇ ਮੈਂ ਸਰਮ ਨਾਲ ਲੋਟ-ਪੋਟ ਹੋਏ ਪਈਆਂ ।

"ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੇ ॥

ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ ।"

ਓ ਦੌੜਾਂ, ਓ ਭਜਾਂ, ਓ ਸਈਆਂ ਨਾਲ ਅਟਖੇਲੀਆਂ ਤਦ ਤੋੜੀ ਸਨ, ਜਦ ਤੋੜੀ ਅਸੁਧ ਸਾਂ ਤੇ ਅਸ਼ੁੱਧ ਸੋਨੇ ਵਾਂਗ ਕੁਠਾਲੀ ਵਿਚ ਪਿਘਲ ਪਿਘਲ ਕੇ ਨਚਦੀ ਸਾਂ, ਪਰ ਜਦ ਦੀ ਮੈਲ ਦੂਰ ਹੋਈ ਤੇ ਬਾਰਾਂ ਵੰਨੀ ਸੁਧ ਹੋਈ ਤਦ ਦੀ ਟਿਕ ਕੇ ਬਹਿ ਗਈ (ਥਾਨ ਥਿਰੋ) !

"ਜਉ ਦਿਨੁ ਰੈਨਿ ਤਉ ਲਉ ਬਜਿਓ, ਮੂਰਤ ਘਰੀ ਪਲੋ॥
ਬਜਾਵਨ ਹਾਰੋ ਊਠਿ ਸਿਧਾਰਿਓ
ਤਬ ਫਿਰ ਬਾਜ ਨ ਭਇਓ ॥"

ਘੜਿਆਲ ਵਜਦਾ ਸੀ ਕਾਲ ਵਿਚ, ਘੜੀ ਘੜੀ, ਘੰਟੇ ਘੰਟੇ, ਰਾਤ ਦਿਨੇ—ਪਰ ਜਦ ਵਜਾਵਣ-ਹਾਰਾ ਕਾਲ ਹੀ ਚਲਾ ਗਿਆ ਤਾਂ ਹੁਣ ਏਸ ਜੀਵ-ਘੜਿਆਲ ਨੂੰ ਕੌਣ ਠਹਿਕੇ ?

"ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹ ਭਿਨ ਦ੍ਰਿਸ਼ਟੋ ॥
ਕਹੁ ਨਾਨਕ ਕੁੰਭ ਜਲੈ ਮਹਿਡਾਰਿਓ ਅੰਭੈ ਅੰਭ ਮਿਲੋ ॥"
(ਸਾਰੰਗ ਮ: ੫)

ਜਦ ਤੋੜੀ ਘੜਾ ਪਾਣੀ ਤੋਂ ਭਰਿਆ ਪਰ ਭਿੰਨ ਸੀ ਤਦ ਵਖ ਭਾਸਦਾ ਸੀ, ਪਰ ਜਦ ਘੜੇ ਨੂੰ ਪਾਣੀ ਵਿਚ ਚਾ ਡੋਬਿਆ ਤਾਂ ਜਲ ਜਲ ਨਾਲ ਮਿਲ ਗਿਆ, ਇਹ ਜੀਵ ਪ੍ਰਮਾਤਮਾ ਨਾਲ ਮਿਲ ਗਿਆ ! ਹਾਂ ਮੇਲ ਮਿਲਣੇ ਦਾ ਸੁਖ ਅਕਹਿ ਸੁਖ, ਸਹਿਜ ਸੁਖ ! ਹਾਂ ਉਹ ਬ੍ਰਹਮ, ਏਸ ਬ੍ਰਹਮ ਨਾਲ 'ਕੁੰਭ' ਕੁੰਭ ਨਾਲ ਮਿਲ ਗਿਆ ਏ :—

"ਬ੍ਰਹਮੈ ਬ੍ਰਹਮ ਮਿਲਿਆ ਕੋਇ ਨ ਸਾਕੈ
ਭਿੰਨ ਕਰ ਬਲਿਰਾਮ ਜੀਉ ॥
ਬਿਸਮ ਪੇਖੈ ਬਿਸਮ ਸੁਣੀਐ ਬਿਸਮਾਦ ਨਦਰੀ ਆਇਆ ॥

ਜਲਿ ਥਲਿ ਮਹੀਅਲਿ ਪੂਰਨ ਸੁਆਮੀ
ਘਟ ਘਟ ਰਹਿਆ ਸਮਾਇਆ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ
ਕੀਮਤ ਕਹਣੁ ਨ ਜਾਏ ॥
ਜਿਸ ਕੇ ਚਲਤ ਨ ਜਾਹੀ ਲਖਣੇ
ਨਾਨਕ ਤਿਸਹਿ ਧਿਆਇ ॥ (ਸੂਹੀ ਮ: ੫)

"ਸੂਰਜ ਕਿਰਣ ਮਿਲੇ ਜਲ ਕਾ ਜਲ ਹੂਆ ਰਾਮ ।
ਜੋਤੀ ਜੋਤਿ ਰਲੀ ਸੰਪੂਰਣ ਥੀਆ ਰਾਮ ॥
ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕ ਏਕ ਵਖਾਣੀਐ ।
ਆਤਮ ਪਸਾਰਾ ਕਰਣਹਾਰਾ, ਪ੍ਰਭ ਬਿਨਾ ਨਹਿ ਜਾਣੀਐ॥"
(ਬਿਲਾਵਲ ਮ: ੫)

ਕਾਂ ਕੁੰਭੇ ਕੁੰਭ ਮਿਲਣ ਦਾ ਖੇੜਾ ! ਸੂਰਜ-ਕਿਰਣ ਮਿਲਣ ਦਾ ਖੇੜਾ ! ਜੋਤੀ ਜੋਤਿ ਮਿਲਨ ਦਾ ਖੇੜਾ ! ਮੈਂ-ਤੈਂ ਮਿਲਣ ਦਾ ਖੇੜਾ ! ਹਾਂ ਸੰਪੂਰਣ-ਥੀਣ ਦਾ ਖੇੜਾ ! ਖੇੜਾ ਹੀ ਖੇੜਾ, ਖੇੜਾ ਹੀ ਖੇੜਾ !

੩.

ਓ ਖੇੜਾ ਅਜ ਸੰਪੂਰਣ ਥੀਣ ਦਾ ਖੇੜਾ ! ਅੱਖਾਂ ਰਜਣ ਦਾ ਖੇੜਾ ! ਮਾਖਿਉਂ ਚਖਣ ਦਾ ਖੇੜਾ ! ਵਸੀ ਕਰਣ ਦਾ ਖੇੜਾ ! ਨਵਨਿਧ ਪਾਉਣ ਦਾ ਖੇੜਾ ! ਸਭ ਕਿਛ ਪਾਉਣ ਦਾ ਖੇੜਾ ! ਗਣਤ ਮਿਟਾਉਣ ਦਾ ਖੇੜਾ ! ਖਜ਼ਾਨਾ ਪਾਉਣ ਦਾ ਖੇੜਾ ! ਸੁਖ ਸਹਜਿ ਅਨੰਦ ! ਅਨੰਦੋ ਅਨੰਦ ! ਹਾਂ ਅਨਦੋ-ਅਨੰਦ ਘਣਾ ! ਓ ਬਾਬਾ, ਓ ਮੇਹਰਾਂ ਦੇ ਸਾਈਂ, ਓ ਅਨੰਦ ਝੜੀ ਬਰਸ, ਹਾਂ ਬਰਸ—

"ਅਨੰਦੋ ਅਨੰਦ ਘਣਾ ਮੈਂ ਸੋ ਪ੍ਰਭ ਡੀਠਾ ਰਾਮ ॥
ਚਾਖਿਅੜਾ ਚਾਖਿਅੜਾ ਮੈਂ ਹਰਿ ਰਸ ਮੀਠਾ ਰਾਮ ॥

ਹਰਿ ਰਸ ਮੀਠਾ ਮਨ ਮਹਿ ਵੂਠਾ
ਸਤਿਗੁਰ ਤੂਠਾ 'ਸਹਜ' ਭਇਆ ॥
ਗ੍ਰਿਹ ਵਸ ਆਇਆ ਮੰਗਲ ਗਾਇਆ
ਪੰਚ ਦੁਸ਼ਟ ਓਇ ਭਾਗਿ ਗਇਆ ॥
ਸੀਤਲ ਆਘਾਣੇ, ਅੰਮ੍ਰਿਤ ਬਾਣੇ,
ਸਾਜਨ ਸਾਤ ਬਸੀਠਾ (ਵਕੀਲ) ॥
ਕਹੁ ਨਾਨਕ ਹਰਿ ਸਿਉ ਮਨ ਮਾਨਿਆ
ਸੋ ਪ੍ਰਭ ਨੈਣੀ ਡੀਠਾ ॥ ੧ ॥
ਸੋਹਿਅੜੇ[1] ਸੋਹਿਅੜੇ ਮੇਰੇ ਬੰਕ [3]ਦੁਆਰੇ ਰਾਮ ॥
ਪਾਹੁਨੜੇ[2] ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥
ਸੰਤ ਪਿਆਰੇ ਕਾਰਜ ਸਾਰੇ,ਨਮਸਕਾਰ ਕਰਿ ਲਗੇ ਸੇਵਾ ॥
ਆਪੇ ਜਾਂਞੀ, ਆਪੇ ਮਾਂਞੀ, ਆਪਿ ਸੁਆਮੀ ਆਪਿ ਦੇਵਾ॥
ਆਪਣਾ ਕਾਰਜ ਆਪਿ ਸਵਾਰੇ ਆਪੇ ਧਾਰਨ ਧਾਰੇ ॥
ਕਹੁ ਨਾਨਕ ਸਹੁ ਘਰ[4] ਮਹਿ ਬੈਠਾ ਸੋਹ ਬਕ ਦੁਆਰੇ ॥
ਨਵਨਿਧੇ, ਨਵਨਿਧੇ ਮੇਰੇ ਘਰ ਮਹਿ ਆਈ ਰਾਮ ॥
ਸਭ ਕਿਛੁ, ਮੈ ਸਭ ਕਿਛੁ ਪਾਇਆ 'ਨਾਮ' ਧਿਆਈ ਰਾਮ ॥
ਨਾਮ ਧਿਆਈ ਸਦਾ ਸੁਖਾਈ ਸਹਜ ਸਭਾਈ ਗੋਵਿੰਦਾ ।

---

੧. ਸੋਹਣੇ ਹੋਏ । ਮੇਂਡੀ ਕੱਖਾਂ ਦੀ ਕੁਲੀ ਅਜ ਸੋਹਣੀ ਹੋਈ ਬਾਕੀ ਭਾਵ ਏ ਭ੍ਰਮ-ਗੜੀ ।
੨. ਸੰਤ ਇਸ ਜਗ ਵਿਚ ਖਚਤ ਨਹੀਂ, ਉਹ ਤਾਂ ਪਰਾਹੁਣੇ (guests) ਨੇ ।
੩. ਜੀਵ-ਆਤਮਾ ਵਿਚ, ਸਰੀਰ ਵਿਚ,ਨਾਮ ਦੁਆਰਾ ਹੁਣ ਪਰਗਟ ।
੪. ਨੱਸ, ਭਜ, ਭਾਵ ਸਤਿਗੁਰੂ ਦੀ ਖੋਜ, ਹੁਣ ਲਭ ਜੁ ਪਿਆ ।

ਗਣਤਿ ਮਿਟਾਈ, ਚੂਕੀ [5]ਧਾਈ ਕਦੇ ਨ ਵਿਆਪੈ ਮਨਚਿੰਦਾ ॥
ਗੋਵਿੰਦ ਗਾਜੇ ਅਨਹਦ ਵਾਜੇ, ਅਚਰਜ ਸੋਭ ਬਣਾਈ ॥
ਕਹੁ ਨਾਨਕ ਪਿਰ ਮੇਰੈ ਸੰਗੇ, ਤਾਂ ਮੈਂ ਨਵਨਿਧਿ ਪਾਈ ॥
ਸਰਸੀਅੜੇ ਸਰਸੀਅੜੇ ਮੇਰੇ ਭਾਈ ਮੀਤਾ ਰਾਮ ॥
ਬਿਖਮੋ ਬਿਖਮ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ ॥
ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ ॥
ਪਾਇਆ ਖਜਾਨਾ ਬਹੁਤੁ ਨਿਧਾਨਾ
ਸਾਣਥ ਮੇਰੀ ਆਪਿ ਖੜਾ ॥ (ਆਸਾ ਮ: ੫)

ਹਾਂ, ਇਹਨਾਂ ਨੈਣਾਂ ਨਾਲ ਪ੍ਰਭ ਵੇਖਣ ਦਾ ਖੜਾ ! ਭਰਮ ਗੜ੍ਹ ਭੰਨਣ ਦਾ ਖੇੜਾ ! ਉਹਨੂੰ ਆਪਣੇ ਅੰਗ ਸੰਗ (ਸਾਣਥ) ਪਾਵਨ ਦਾ ਖੇੜਾ ! ਹੀ ਖੜਾ !

ਓ ਭੈਣੋ, ਓ ਭਰਾਓ, ਓ ਬਾਪਿਓ, ਅਜ ਦਿਨ ਵਡ-ਭਾਗੀ ਆਇਆ ! ਹਾਂ ਗਾਉ, ਗਾਉ ਨੀ ਸਖੀਓ, 'ਅਜ ਦਿਨ ਵਡਭਾਗੀ ਆਇਆ, ਸਹਿਜੇ ਮੇਲ ਮਿਲਾਇਆ ॥' ਅਜ ਦਿਨ ਜੇ ਨੂਰਾਨੀ, ਲਾਸਾਨੀ ! ਹਾਂ ਅਜ ਦਿਨ ਜੇ ਕੈਦੀ ਛਡਣ ਦਾ, ਬੂਹੇ ਖੁਲ੍ਹਣ ਦਾ ! ਓ ਅਜ ਦਿਨ ਜੇ ਹਥ-ਕੜੀਆਂ ਟੁਟਣ ਦਾ ਤੇ ਬੇੜੀਆਂ ਫੁਟਣ ਦਾ ! ਓ ਅਜ ਦਿਨ ਜੇ ਪਿੰਜਰਾ ਟੁੱਟਣ ਦਾ ਤੇ ਤੋਤੇ ਉਡਣ ਦਾ ! ਓ ਅਜ ਦਿਨ ਸੁਭਾਗੀ ਆਇਆ ! ਓ ਅਜ ਦਿਨ ਚਿਰਾਂ ਪਿਛੋਂ ਆਇਆ ! ਓ ਅਜ ਦਿਨ ਉਡੀਕੀਂ ਆਇਆ ! ਓ ਜੁਗਾਂ ਦਾ ਗੇੜ ਖਾਕੇ ਆਇਆ ! ਓ ਚੌਰਾਸੀ ਕਟ ਕੇ ਆਇਆ ! ਓ ਜੰਦਰਾ ਖੋਹਲਣ ਆਇਆ ! ਓ ਜੁਗਤ-ਭੁਗਤ ਦੀ ਕੁੰਜੀ ! ਓ ਬੰਦੀ ਛੋੜ ਦਾ ਅੰਚਲਾ ਜਿਹਨੂੰ ਵੇਖ ਮਨ ਬੇਚਲਾ ! ਹਾਂ ਅਜ ਖੇੜਾ ਹੀ ਖੇੜ

---

੫. ਨਾਮ

ਸੁਖਸਾਗਰੀ ਖੇੜਾ ! :—

'ਸੁਖ ਸਾਗਰ ਕਰਿ ਪਰਮਗਤੀ ਮੋਰੀ ॥ ਰਹਾਉ ॥
ਅੰਚਲਾ ਗਹਾਇਓ ਜਨ ਅਪਨੇ ਕਉ
ਮਨ ਬੀਧੋ ਪ੍ਰੇਮ ਕੀ ਖੋਰੀ ॥
ਜਸੁ ਗਾਵਤ ਭਗਤਿ ਰਸੁ ਉਪਜਿਓ
ਮਾਇਆ ਕੀ ਜਾਲੀ ਤੋਰੀ ॥
ਪੂਰਨ ਪੂਰਿ ਰਹੇ ਕਿਰਪਾ ਨਿਧਿ ਆਨ ਨ ਪੇਖਉ ਹੋਰੀ ॥
ਨਾਨਕ ਮੇਲਿ ਲੀਓ ਦਾਸ ਅਪਨਾ ਪ੍ਰੀਤ ਨ ਕਬਹੂ ਥਰੀ ॥"
(ਨਟ ਮ: ੫)

ਓ ਬੰਚਲੇ ਨੇ ਅਜ ਲੰਮਾ ਅੰਚਲਾ ਛਡਿਆ ਏ, ਲੰਮ-ਸਲੰਮਾ, ਅਰਸ਼ੋਂ ਲਮਕਿਆ ਤੇ ਮੈਂ ਪੜੱਛਿਆ ! ਓ ਬੰਚਲੇ ਨੇ ਅਜ ਅੰਚਲਾ ਛਡਿਆ ਏ ਸਭ ਬੰਦੀਆਂ ਨੂੰ ਛਡਣ ਵਾਲੜਾ, ਸਦ-ਲੜੀਆ ਦੋਪਟਾ (ਜੀਕਣ ਛੇਵੀਂ ਪਾਤਸ਼ਾਹੀ ਨੇ ਬੰਦੀ ਛੋੜ ਰਾਜੇ ਗਵਾਲੀਅਰ ਦੇ ਕਿਲੇ ਤੋਂ ਛਡਾਏ) ! ਹਾਂ ਅਜ ਬੰਚਲੇ ਨ ਛਡਿਆ ਏ ਓ ਅੰਚਲਾ ਜੋ ਸਭ ਥਾਂ, ਸਭ ਜਾਂ, ਘਟ ਘਟ ਵਿਚ ਲਮਕ ਰਿਹਾ ਏ ! ਓ ਸੁਖ-ਸਾਗਰ, ਓ, 'ਪੂਰਨ' ਤੈਂ ਬਿਨਾ ਹੋਰ ਨਾ ਦਿਸੇ : ਆਨ ਨ ਪੇਖਉ 'ਹੋਰੀ' !" ਹਾਂ ਤੈਂ ਬਿਨ ਕੋਈ ਨਹੀਂ 'ਹੋਰ'......ਇਹ 'ਕਰਮ ਖੰਡ' ਏ..."ਤਿਥੈ ਹੋਰੁ ਨ ਕੋਈ ਹੋਰੁ" ! ਤੂੰ ਆਪ ਆਪ ਓ ਏਕੰਕਾਰਾ !

੪

ਓ ਪਿਤਾ, ਓ ਪਿਤਾਮਾ, ਜਿਥੇ ਤੂੰ ਵਸਨਾ ਏਂ, ਉਥੇ ਵਸਨੇ ਨੀ ਰਾਜਨ, ਪਰ ਰਾਜਿਆਂ ਦਾ ਰਾਜਾ ਤੂੰ, ਜਿਥੇ ਤੂੰ ਵਸਨਾ ਏਂ ਉਥੇ ਵਸਨੇ ਨੇ ਸੂਰਬੀਰ, ਪਰ ਸੂਰਮਿਆਂ ਦਾ ਮਹਾਬਲੀ ਸੂਰਾ ਤੂੰ "ਪਿਤਾ ਮੇਰੋ ਬਡੋ ਧਨੀ ਅਗਮਾ" ! ਹਾਂ ਉਥੇ ਵਸਦੇ ਨੀ ਸੂਰ,

ਮਹਾਬਲੀ "ਸੂਰ-ਬੀਰ ਬਚਨ ਕੇ ਬਲੀ! ਕਉਲਾ (ਮਾਇਆ) ਬਪੁਰੀ ਸੰਤੀ ਛਲੀ ." ਹਾਂ, ਉਥ ਵਸਦੇ ਨੀ ਸੂਰਬੀਰ ਮਹਾਂ ਬਲੀ ਜੋਧ ਜੋ ਸਿਰ ਧਰ ਤਲੀ ਗਲੀ ਤੈਂਡੀ ਆਵਣ। ਹਾਂ ਉਹੋ ਸੂਰਬੀਰ ਵਰਿਆਮ ਜਿਨ੍ਹਾਂ ਬਲੀਆਂ ਚੋਂ ਬਲੀ ਦੁਸ਼ਟ ਅਹੰਕਰਣ ਨੂੰ ਜਿਤਿਆ ਈ ਉਸ ਨੂੰ ਜਿਸ ਨੂੰ ਕਿਸੇ ਨਹੀਂ ਜਿਤਿਆ :-

"ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥
ਫਉਜ ਸਤਾਣੀ ਹਾਠ ਪੰਚਾ ਜੋੜੀਐ ॥
ਦਸ ਨਾਰੀ ਅਉਧੂਤ ਦੇਨਿ ਚਮੋੜੀਐ ॥
ਜਿਣਿ ਜਿਣਿ ਲੈਨਿ ਰਲਾਇ ਏਹੋ ਏਨਾ ਲੋੜੀਐ ॥
ਤ੍ਰੈ ਗੁਣ ਇਨ ਕੈ ਵਸਿ ਕਿਨੈ ਨ ਮੋੜੀਐ ॥......
ਭਰਮ ਕੋਟ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ।
ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ ॥"

ਓ ਸੂਰੇ ਵਰਿਆਮ, ਕਲਗੀ ਵਾਲੜੇ, ਜਿਨ੍ਹਾਂ ਨੇ ਇਕ ਨੂੰ ਸਵਾ ਲਖ ਕਰ ਵਿਖਾਇਆ, ਉਹਨਾਂ ਸੂਰੇ ਵਰਿਆਮਾਂ ਕੋਲ ਵੇ ਸਤਾਣੀ ਫੌਜ ਜ ਮਾਇਆ ਦੀ ਤਿਨ-ਸਫੀ (ਰਜੋ, ਸਤੋ, ਤਮੋ) ਫੌਜ ਹੋੜਦੀ ਏ, ਜੋ ਪੰਜਾਂ (ਕਾਮ ਆਦਿਕਾਂ) ਦਾ ਬਲ ਫੇੜਦੀ ਏ, ਜੋ ਦਸਾਂ (ਦਸ ਇੰਦਰੇ) ਦੀ ਰੱਸੀ ਤੋੜਦੀ ਏ ! ਓ "ਤਿਥੈ ਜੋਧ ਮਹਾਂ ਬਲ ਸੂਰ" ਓ ਤਿਥੈ ਵਸਦੇ ਫੁਲੋ, ਓ ਫੁਲਾਂ ਦੇ ਫੁਲੋ, ਓ ਅਕਾਲੀ ਫੂਲਾ ਸਿੰਘੋ, ਤੁਹਾਨੂੰ ਸਦਾ ਸਦਾ ਨਮਸਕਾਰ ! ਓ ਦੂਲਿਉ, ਓ ਫੂਲਿਉ, ਜਦ ਤੁਹਾਡੀ ਨਾਮ ਕਟਾਰ ਚੱਕਰ ਖਾਂਵਦੀ ਸੀ ਤਾਂ ਆਪਣੇ ਰੁੜ੍ਹੇ ਪਸੀਨੇ ਵਿਚ ਤੁਸੀਂ ਆਪ ਗੋਡ ਗੋਡੇ ਡੁਬ ਜਾਂਵਦੇ ਸੋ ! ਓ ਤ੍ਰਾਣ. ਓ ਬਲ, ਓ ਵਰਿਆਮਤਾ, ਤੇਂਡਾ ਨਾਮ ਈ ਅਕਾਲੀ ਫੂਲਾ ਸਿੰਘ ! ਓ ਕਰਮ ਖੰਡ ਵਸਿਉ ਸੂਰਮਿਉ, ਓ ਕਲਗੀਧਰ ਦੇ ਪੁਤਰੋ, ਓ ਨਿਹੰਗੋ, ਓ ਸਿੰਘੋ, ਓ ਗੜਗਜ ਬੀਰੋ, ਓ ਸ਼ਹੀਦੋ, ਓ

ਜਾਗਦੀ ਜੋਤੇ, ਓ ਦੇਗ ਤੇਗ ਦੇ ਧਨੀ ਬੀਰੋ, ਓ ਬਾਰਾਂਵੰਨੀ ਸ਼ੁਧ ਖਾਲਸਿਓ, ਡੁਹਾਡੀ ਜੁਗੋਜੁਗ ਜੈਕਾਰ...ਹਾਂ ਤੁਹਾਡੀ ਜੁਗੋਜੁਗ ਬਲਕਾਰ—ਮੈਂ ਬਲਿਹਾਰ ! ਵਾਹ ਵਾਹ ਕਰਮ ਖੰਡ ਨਿਵਾਸੀ ਸੂਰਬੀਰੋ, ਰਣਧੀਰੋ, ਅਜੀਤ ਜੋਧਿਓ !

੫.

ਓ ਕਰਮ ਖੰਡ ਵਸਦੇ ਜੋਧੇ, ਪਰ ਤੈਂਡਾ ਜੋਰ ਓ ਮਾਲਕਾ, ਓ ਤੈਂਡਾ ਜੋਰ—

"ਅਸਾਂ ਜੋਰ ਨਾਹੀ ਜੇ ਕਿਛੁ ਕਰਿ ਹਮ ਸਾਕਹਿ,
ਜਿਉਂ ਭਾਵੈ ਤਿਵੈ ਬਖਸਿ ॥" (ਸੂਹੀ ਮ: ੧)

ਓ ਤੈਂਡਾ ਜੋਰ, ਓ ਤੈਂਡਾ ਤ੍ਰਾਣ—ਹਾਂ, ਤੈਂਡਾ ਸਚ-ਸਬਦੀ ਨੀਸਾਨ (ਜਪੁ-ਨੀਸਾਨ 'ਨਾਮ'), ਓ ਮਾਲਕਾ—

"ਜੋਰਿ ਤੁਮਾਰੈ ਸੁਖਿ ਵਸਾ ਸਚ 'ਸ਼ਬਦ ਨੀਸਾਣ ॥"
(ਗਉੜੀ ਮਾਝ ਮ: ੫)

ਓ ਤੈਂਡਾ ਕੀਤਾ ਸਭ ਕੁਝ ਹੋਸੀ, ਓ ਖਾਲਕਾ, ਓ ਮਾਲਕਾ ! ਸਰਬੰਗ ਤ੍ਰਾਣ, ਸਰਬੰਗ ਪ੍ਰਾਣ !...ਤਾਂ ਮੈਂ ਆਪਣਾ ਜ਼ੋਰ ਆਖਦਾ ਸਾਂ, ਜਦ ਤੈਨੂੰ ਅੰਦਰ ਲੁਕਿਆ ਨਹੀਂ ਵੇਖਨਾ ਸਾਂ, ਹੁਣ ਤੂੰ ਏਂ ਕਲਾ ਭਵਾਂਦਾ ਤੇ ਮੈਂ ਭੋਂਦਾ ! ਤਦ ਅੰਜਾਣਾ ਸਾਂ, ਹੁਣ ਸੁਜਾਣਾ, ਪਰ ਦੋਵੇਂ ਹਾਲਤਾਂ ਵਿਚ ਤੈਂਡਾ ਤਾਣਾ ! ਓ ਜ਼ੋਰ ਖਜ਼ਾਨਾ, ਓ ਬਲ ਥਲ, ਓ ਸਰਬ ਤ੍ਰਾਣ, ਅਸਾਂ ਜ਼ੋਰ ਨਹੀਂ ਜੇ ਆਖ ਕਿਝੁ ਸਕੀਐ, ਅਸਾਂ ਜ਼ੋਰ ਨਹੀਂ ਜੇ ਚੁਪ ਚਾਂ ਰਹੀਏ, ਅਸਾਂ ਜ਼ੋਰ ਨਹੀਂ ਜੇ ਰਾਜ ਮਾਲ ਮਲ ਲਈਏ, ਅਸਾਂ ਜ਼ੋਰ ਨਹੀਂ ਸੁਰਤੀ ਨੂੰ ਆਪ ਫੜ ਗਿਆਨ ਵਿਚਾਰੀਏ; ਅਸਾਂ ਜ਼ੋਰ ਨਹੀਂ ਜੋਗ ਜੁਗਤੀ (ਨਾਮ) ਲਭ ਸੰਸਾਰ ਤੋਂ ਛੁਟੀਐ, ਓ ਮਾਲਕਾ-ਖਾਲਕਾ, ਸਭ ਜੋਰ ਤੇ

ਜੁਗਤੀਆਂ ਤੈਂਡੇ ਹਥ, ਹੁਣ ਸਦਾ ਸਦਾ "ਜਿਸ ਹਥਿ ਜੋਰੁ ਕਰ ਵੇਖੈ ਸੋਇ"—ਹਾਂ ਤੈਂ ਹੱਥ, ਹਾਂ ਤੈਂ ਹੱਥ, ਹਾਂ ਤੈਂ ਹਥ...ਕਰਨਾ ਤੂੰ ਵੇਂ, ਕਰਨ-ਕਾਰਨ ਤੂੰ ਵੇਂ-ਵੇਖਨਾ ਤੂੰ ਵੇਂ ਭੂਤ ਵਿਚ ਭਵਿਖਤ ਵਿਚ ਵਰਤਮਾਨ ਵਿਚ, ਅਜ ਕਲ ਪਰਸੋਂ, ਸਦਾ ਸਦਾ 'ਵੇਖੈ' (Sees as Eternal. Present) ਵਖੇ ਸੋਇ ! ਵੇਖੈ = Is futuretense ਭਵਿਖਤ ਕਾਲ । ਵੇਖੈ = Eternal 'Present tense ਸਦ ਵਰਤਮਾਨ ਕਾਲ ਅਕਾਲ ਵਾਚ ! ਸਵੈ-ਵਰਤਮਾਨ ਕਾਲ ! ਅਕਾਲ ਵਾਂਗਰ !

"ਆਖਣਿ ਜੋਰੁ ਚੁਪੈ ਨਹਿ ਜੋਰੁ ॥
ਜੋਰੁ ਨ ਮੰਗਣਿ ਦੇਣ ਨ ਜੋਰੁ ॥
ਜੋਰੁ ਨ ਜੀਵਣ ਮਰਣਿ ਨ ਜੋਰੁ ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ (ਮਨ ਏਵੈਂ ਸ਼ੋਰ ਕਰਦਾ ਹੈ, ਜੋ ਮੈਂ ਕਰਦਾ ਹਾਂ, ਵਾਸਤਵ ਵਿਚ ਓਹ ਕਰਦਾ ਹੈ)
ਜੋਰੁ ਨ ਸੁਰਤੀ ਗਿਆਨ ਵੀਚਾਰਿ ॥
ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸ ਹਥਿ ਜੋਰੁ ਕਰ ਵੇਖੈ ਸੋਇ (ਅਕਾਲ ਹਥ) ॥
ਨਾਨਕ ਉਤਮੁ ਨੀਚੁ ਨ ਕੋਇ ॥ (ਜਪੁਜੀ ੩੩)

ਓ ਤੈਂਡਾ ਤ੍ਰਾਣ ਤੇ ਬਾਣ ! ਓ ਤਾਣੀਆਂ, ਜਿਨ ਬਿਨ ਥੰਮਾਂ ਗਗਨ ਰਹਾਇਆ ! ਓ ਤੈਂਡਾ ਤ੍ਰਾਣ ਤੇ ਮਾਣ, ਓ ਤਾਣੀਆਂ ਤੈਂਡੀ ਜੋਰ-ਜੁਗਤੀ, 'ਨਾਮ' ਨਿਰੰਜਨੀ ! ਹਾਂ ਤੈਂਡਾ 'ਨੀਸਾਣ' ਤੈਂਡੀ ਧੁਰੋਂ ਆਈ 'ਬਾਣੀ' : "ਕਰਮ ਖੰਡ ਕੀ ਬਾਣੀ ਜੋਰ ॥" ਓ ਕਰਮ-ਧਰਤੀ (ਇਹਦਾ ਨਾਂ ਏ ਕਰਮ ਖੰਡ, ਕਿਉਂਕਿ ਇਥੇ ਕਰਮ ਦਾ ਅੰਤ ਏ-ਨਿਸ਼ਕਾਮ-ਕਰਮ, ਨਾਮ ਧੋਤਾ ਕਰਮ, ਸਹਿਜ ਸਮਾਇਆ ਕਰਮ, ਕਰਮ-ਅਕਰਮ ! ਉਹ ਕਰਮ (Grace) ਜਿਸ ਵਿਚ 'ਨਦਰ' ਏ, ਉਹ ਇਹਤੋਂ ਭਿੰਨ ਨਹੀਂ, ਪਰ ਕਰਮ-ਖੰਡ

ਵਿਚ ਕਰਮਾਂ ਦੀ ਵਾੜੀ ਏ ! ਪਰ ਹਉਮੈ ਵਾਲਾ ਕਰਮ ਹੇਠਲੇ ਖੰਡਾਂ ਦਾ ਦਰਜਾ ਹੈ, ਧਰਮ-ਖੰਡ "ਕਰਮੀ ਕਰਮੀ ਹੋਇ ਵਿਚਾਰ ॥")

ਤੈਂ ਵਿਚ ਗੁੜੀ-ਬਾਣੀ ਦਾ ਜੋਰ ਏ ! ਓ ਕਰਮ-ਖੇਤੀ. ਤੈਂ ਵਿਚ ਗੁਪਤ ਬਾਣੀ ਦਾ ਬੀਜ ਏ ! ਓ ਕਰਮ-ਵਾੜੀ, ਤੈਂ ਵਿਚ ਅਖੋਂ ਉਹਲਾ ਬਾਣੀ- ਬ੍ਰਹਮ ਫੁਲ ਏ ! ਓ ਕਰਮ-ਖੰਡ, ਤੈਂਡੀ ਜੜ੍ਹ ਹਰੀਆਂ ਸ਼ਾਖ਼ਾਂ ਕਰਣ ਵਾਲੀ 'ਨਾਮ' ਏ ਤੇ ਫਲ ਫੁਲ ਨੇ ਗਿਆਨ—

"ਕਰਮ-ਪੇਡ ਸਾਖਾ-ਹਰੀ ਧਰਮ ਫੁਲ, ਫਲ ਗਿਆਨ ॥
ਪਤਿ ਪਰਾਪਤਿ ਛਾਵ-ਘਣੀ, ਚੂਕਾ ਮਨਿ ਅਭਿਮਾਨ ॥"
(ਬਸੰਤ ਮ: ੧)

ਓ ਸਦ-ਬਸੰਤ, ਮਾਹ ਮਾਹ ਮੁਮਾਰਖੀ ਵਾਲਿਆ, ਚੜ੍ਹਿਆ ਤੂੰ ਤਾਂ, ਜੇ ਚੂਕਾ ਮਨ-ਅਭਿਮਾਨ-ਹਾਂ ਜਦ ਤੂੰ-ਮੈਂ ਦੀ ਕ਼ੰਧ ਟੁਟੀ-ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥" ਓ ਤੈਂ-ਮੈਂ ਸਮਾਵਾ-ਣਿਆ ! ਓ ਜੋਰ-ਪੁੰਜ ਜੋਰ ਵੰਡਣ ਵਾਲਿਆ ! ਓ ਜੋਰਾਂ ਦੀਆਂ ਭੂਰਾਂ ਕਰਨ ਵਾਲੜਿਆ, ਓ ਸਮ੍ਰਥ-ਤਾਣੀਆਂ, ਮੈਂ ਤੈਂਡਾ ਬਾਣੀਆ ! ਤੈਂਡਾ ਕੱਠਾ ਜਦ ਮੈਂਡੇ ਅੰਦਰ ਵਗਨਾ ਵੇ, ਤਾਂ ਮੈਂ ਡਲ੍ਹਕ ਡਲ੍ਹਕ ਪੈਨਾ ਉਂ, ਓ ਵਡ-ਕਠਿਆ ! ਓ ਡੀਠ-ਅਡੀਠਾ ¹ਜੋਰਾ ! ਓ

1. The Author of Freewill Problem-Benn's series concludes as under : "The logical victory is always, with the determinist yet it invariably proves to only a logical triumph. The determinist can silence but cannot convince, nor can he act as though he were himself convinced. Confronted with the

(ਬਾਕੀ ਦੇਖੋ ਅਗਲੇ ਸਫੇ ਤੇ)

'ਜਿਸ ਹਥ ਜ਼ੋਰ'—ਹਾਂ 'ਕਰਿ ਵੇਖੈ ਸੋਇ' ਹਾਂ !

੬.

ਸਖੀ ਸਹੇਲੜੀਓ ! ਸਾ ਵੇਲਾ, ਸਾ ਵਖਤ ਸਾ ਘੜੀ ਮਹੂਰਤ ਧਨ ਧਨ ਮੇਰੀ ਜਿੰਦੜੀਏ, ਜਿਤ ਹਰ ਮੈਂਡਾ ਚਿਤ ਆਇਆ ! ਸਹੇਲੜੀਓ ! ਸਾ ਲਗਨ ਸਾ ਜਗਨ ਸਾ ਦਾਤ ਸਾ ਕਰਾਮਾਤ, ਧਨ ਧਨ ਮੇਰੀ ਜਿੰਦੜੀਏ, ਜਿਤ ਦਿਸਿਆ ਮੈਨੂੰ ਹਰਿ ਦਰਸਾਵੜਾ ! ਸਖੀ ਸਹੇਲੜੀਓ ! ਸਾ ਮਾਵੀ ਸਾ ਮਾਂਵੀ, ਸਾ ਜੇਵ ਧਨ ਧਨ ਮੇਰੀ ਜਿੰਦੜੀਏ, ਜਿਤ ਹਰ ਵਰ ਮੈਂਡਾ ਆਂਦਾ ਰਾਮ ! ਸਖੀ ਸਹੇਲੜੀ, ਗਾਉ ਗਾਉ ਨਾ ਮੈਂਡੇ ਨਾਲ ਇਹ ਵਡ-ਹੰਸੀ ਸੋਹਲੜਾ—

ਜਿਚਰ ਦੂਜਾ ਭਰਮ ਸਾ ਅਮਾਲੀ (ਓ ਅੰਮਾ,ਹੇ ਮਾਂ ਮਾਇਆ)
ਤਿਚਰ ਮੈਂ ਜਾਣਿਆ ਪ੍ਰਭੁ ਦੂਰੇ ॥
ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ
ਤਾ ਆਸਾ ਮਨਸਾ ਸਭ ਪੂਰੇ ॥
ਮੈਂ ਸਰਬ ਸੁਖਾਂ ਸੁਖ ਪਾਇਆ ਅੰਮਾਲੀ
ਪਿਰ ਸਰਬ ਰਹਿਆ ਭਰਪੂਰੇ ।
ਜਨ ਨਾਨਕ ਹਰਿ ਰੰਗ ਮਾਣਿਆ ਅੰਮਾਲੀ
ਗੁਰ ਸਤਿਗੁਰ ਕੈ ਲਗਿ ਪੈਰੇ ॥" (ਵਡਹੰਸ ਮ: ੫)

(ਪਿਛਲ ਸਫ਼ ਦੀ ਬਾਕੀ)

logical dilemma. We can **not excape can only console** one-selves with **the** intution of a life which is not commensurate with logic. We can nationalize free-will only by **indentifying** freedom with the life Principle itself."

ਵੇਖੋ ਧਰਮ-ਖੰਡ ਤੇ ਕਰਮ ਫ਼ਿਲਾਸਫ਼ੀ । ਸੋਖ 'ਨਾਮ' ਵਿਚ ਏ, ਤੇ 'ਨਾਮ' ਸਾਡਾ ਸੋਝੀ ਵਾਲਾ ਜੀਵਨ ਏ, ਜੋ ਸਾਨੂੰ ਅੰਦਰੋਂ ਕਰਾਂਦਾ ਏ-ਕਰਣ ਕਾਰਣ ਪਰ ਆਪਣੜਾ ਬਣ ।

ਓ ਸਖੀਓ, ਕਿਉਂ ਭੁਲਾਂ ਉਸ ਨੂੰ, ਜਿਸ ਮੈਂਡੀਆਂ ਲੋਚਾਂ ਕੀਤੀਆਂ ਪੂਰੀਆਂ ! ਓ ਸਖੀਓ, ਕਿਉਂ ਭੁਲਾਂ ਉਸ ਨੂੰ ਜਿਸ ਬਾਲਕ ਮੁਖ ਪਾਈ ਖੀਰ ! ਓ ਸਖੀਓ, ਕਿਉਂ ਭੁਲਾਵਾਂ ਤਿਸ ਜਿਸ ਚਾਤ੍ਰਿਕ ਤਿਖਾ ਬੁਝੇਤੀਆ ? ਓ ਸਖੀਓ, ਕਿਉਂ ਭੁਲਾਵਾਂ ਤਿਸ ਨੂੰ ਜਿਸ ਰੁਲ-ਪਰੁਲੜੀ ਨੂੰ ਗਲ ਲਾਇਆ ? ਓ ਸਖੀਓ, ਕਿਉਂ ਭੁਲਾਵਾਂ ਤਿਸ ਨੂੰ ਜਿਸ ਰੂਪ ਨ ਰੇਖ ਨਾ ਰੰਗ, ਨਾ ਜ਼ਾਤ ਨਾ ਪਾਤ ਡਿਠੀ ਤੇ ਆਪ ਲੀਓ ਲੜ ਲਾਏ ? ਹਾਂ ਕਿਉਂ ਭੁਲਾਵਾਂ ਗੁਣਤਾਸ ਨੂੰ ਜਿਸ ਖੋਲ੍ਹ ਦਿਤੀ ਸਭ ਗੁਣਾਂ ਦੀ ਗੁਥਲੀ ? ਓ ਸੋਹਣੀਏ ਗੁਣ-ਗੁਥਲੀਏ ! ਓ ਹੀਰੇ-ਲਾਲ ਮੋਤੀਏ ਭਰੀਏ ! ਆ ਇਕ ਇਕ ਮੋਹਰ ਨੂੰ ਚੁਮਾਂ, ਮੈਂਡੇ ਲਾਲਣ ਦੀ ਹਰ ਇਕ ਘਲੀ-ਛਲੀ (Wedding ring) ! ਓ ਮੋਹਰੋ, ਓ ਸੋਨੇ ਅੰਗੂਠੀਓ, ਓ ਗੁਣ-ਮੂਰਤਾਂ ਚੜ੍ਹਿਆ, ਏ ਚਾ, ਇਕ ਇਕ ਨੂੰ ਚਾਣ ਦਾ, ਇਕ ਇਕ ਨੂੰ ਅਲਾਣ ਦਾ—ਤੇ ਗੁਣ ਕਹਿ 'ਗੁਣੀ' ਵਿਚ ਸਮਾਣ ਦਾ :

"ਗੁਣਿ ਗਾਇ ਵਿਗਸੈ ਸਦਾ ਅਨਦਿਨ ॥"

(ਧਨਾਸਾਰੀ ਛੰਤ ਮ: ੪)

ਓ ਗੁਣੀ ਦੇ ਗੁਣ ਗਾਵਣਾਂ, ਤੈਂਡੇ ਵਿਚ ਰਸ ਈ, ਸੁਖ ਈ, ਮਗਨਤਾ ਈ, ਲਿਵਲੀਨਤਾ ਈ—ਹਾਂ ਸਚਾ 'ਅਨੰਦ' ਇਸੇ ਵਿਚ ਹੀ ਆ ਤੇ ਇਉਂ ਭਗਤਾਂ ਦੀ ਆਧਾਰ ਈ, ਗੁਣ ਗਾਵਣਾ :

"ਭਗਤਾਂ ਇਹ ਅਧਾਰ ਗੁਣ ਗੋਵਿਦ ਗਾਇ ॥
ਸਦਾ ਸਦਾ ਦਿਨੁ ਰੈਣਿ ਇਕੋ ਇਕ ਧਿਆਇ ॥
ਪੀਵਨ ਅੰਮ੍ਰਿਤ 'ਨਾਮ' ਜਨ ਨਾਮੇ ਰਹੇ ਅਘਾਇ ॥"

(ਵਾਰ ਗੂਜਰੀ ਮ: ੫)

ਇਹ ਹੀ 'ਸਚਾ-ਅਨੰਦ', ਅਨੰਦੋ ਅਨੰਦ, ਅਬਿਨਾਸੀ—ਅਨੰਦ—

'ਕਰਹਿ ਅਨੰਦ ਸਚਾ ਮਨ ਸੋਇ ।"

ਓ ਵਾਹ ਵਾਹ ਤੈਂਡੇ ਗੁਣ ਗਾਵਣੇ ਅਨੰਦਾ ! ਓ ਇਕੋ ਇਕ ਸੁਚਿਆ-ਸਚਿਆ ਅਨੰਦਾ-

"ਗੁਣ ਗਾਵਾਂ ਦਿਨ ਰਾਤਿ ਨਾਨਕ ਚਾਉ ਏਹੁ ॥"

(ਸੂਹੀ ਮਹਲਾ ੪)

(ਇਹ 'ਅਨੰਦ' ਚੁਪ-ਗੜੁਪ, ਸੁੰਨਤਾ ਵਾਲਾ ਨਹੀਂ, ਸਗੋਂ ਚੋ ਚੋ, ਵਗ ਵਗ ਪੈਣ ਵਾਲਾ ਹੈ (Not passive but active and out-flowing).

੭.

ਓ 'ਗੁਣੀ' ਦੇ ਗਾਵਣੇ, ਗੁਣਿ-ਗਾਵਣੇ, ਤੁਹਾਡੇ ਵਿਚ ਜੋ ਅਕਹਿ ਸੁਖ, ਵਗਦੀਆਂ ਝਰਨਾਟਾਂ, ਸ਼ਰ ਸ਼ਰ ਕਰਦੇ ਨਾਲੇ ਅੰਮ੍ਰਿਤ ਫੁਆਰਾਂ ਰਸ ਭਰੀਆਂ! ਓ ਗੁਣ ਨਿਧਿ ਮਹਿਮਾ ਤੈਂ ਵਿਚ ਨੇ ਮਿਠ ਕੱਠੇ, ਮਾਖਿਉਂ-ਨਦੀਆਂ, ਹਿਮਾਚਲ-ਧਾਰਾਂ, ਠਡੀਆਂ ਤੇ ਠਾਰਨੀਆਂ ! ਓ ਭਗਤੋ, ਮੈਂਡ ਸਹੋਰਦੋ, ਤਿਥੈ ਤੁਸੀਂ ਸਚ, ਅਕਹਿ-ਸੁਖ ਸੀਤਲਤਾਂ ਮਾਣਦੇ ਹੋ—ਠੰਡ ਹੀ ਠੰਡ, ਸੀਤਲਤਾ ਹੀ ਸੀਤਲਤਾ (ਸੀਤੋ ਸੀਤਾ) ਹਾਂ ਉਥੈ ਹੋਈ ਜੋ ਕੁਸ਼ਲ-ਮਤੀ ਮਹਿਮਾ-ਰਾਣੀ (ਤਿਥੈ ਸੀਤੋ ਸੀਤਾ ਮਹਿਮਾ ਮਾਹਿ) !—

"ਤਨ ਸੀਤਲ, ਮਨ ਸੀਤਲ ਥੀਆ
ਸਤਿਗੁਰ 'ਸਬਦ' ਸਮਾਇਆ ॥
ਲਾਥੀ ਭੂਖ ਤ੍ਰਿਸਨਾ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਤ੍ਰਿਪਤ ਆਘਾਇ ਰਹੇ ਰਿਦ ਅੰਤਰ ਡੋਲਨ ਤੇ 'ਅਬ' ਚੂਕੇ ॥
ਅਖੁਟ ਖਜਾਨਾ ਸਤਿਗੁਰ ਦੀਆ ਤੋਟ ਨਹੀ ਰੇ ਮੂਕੇ ॥

(ਗਉੜੀ ਮ: ੫)

ਓ ਨੂਰੀ ਹੋਏ ਭਗਤੋ ਤੁਹਾਡੀ ਮਹਿਮਾ ਕੌਣ ਕਹਿ ਸਕਦਾ ਹੈ- ਉਹ ਜੋ ਵਾਹਿਗੁਰੂ, ਜੋ ਤੈਂਡੀ ਮਹਿਮਾ ਵਿਚ ਡੁੱਬੇ ਹੋਏ ਨੇ। ਤਾਂ ਬ੍ਰਹਮੈ ਬ੍ਰਹਮ ਮਿਲੇ ਹੰਸ, ਤੈਂ ਵਿਚ ਤੇ ਉਹਨਾਂ ਵਿਚ ਰੰਚਕ ਭਰ ਵੀ ਭਿਨ-ਭੇਦ ਨਹੀਂ! ਓ ਸੂਰਜ-ਕਿਰਣ ਮਿਲੇਭਗਤੇ, ਤੁਸਾਂ ਵਿਚ ਤੇ ਜੋਤੀ ਜਤ ਵਿਚ ਕਾਈ ਭਿਨਤਾ ਨਹੀਂ!

ਓ ਬਾਬਾ, ਗਰੀਬ ਨਿਵਾਜ਼ ਗੁਸੱਈਆਂ, ਤੈਂਡੇ ਚੋਜ ਨਿਰਾਲੇ ਨੇ, ਓ ਨੀਚਾਂ ਨੂੰ ਉਚਾ ਕਰਨ ਵਾਲਿਆ! ਓ ਛਾਇਆ, ਆਪ ਛਤਰ-ਪਤਿ ਕਰਨ ਵਾਲਿਆ! ਓ ਆਪ ਚੁਕ ਆਪਣੇ ਸਿੰਘਾਸਣ ਤੇ ਬਿਠਾਣ ਵਾਲਿਆ! ਓ ਲਹੂ ਲਿਬੜੇ ਨੂੰ ਅੰਮ੍ਰਿਤ ਨਾਲ ਧੋ ਸਾਵਧਾਨ ਕਰਨ ਵਾਲਿਆ! ਓ ਪਾਰਸਾ, ਅਗੋਂ ਕੰਚਨ ਨਹੀਂ 'ਪਾਰਸ' ਘੜਨ ਵਾਲਿਆ! ਓ ਬ੍ਰਹਮ, ਬ੍ਰਹਮ ਘੜਨ ਵਾਲਿਆ, ਤੈਂ ਤੇ ਤੈਂਡੇ ਭਗਤਾਂ ਵਿਚ ਨਹੀਉਂ ਫਰਕ ਰਾਈ ਜਿੰਨਾ—

"ਨਾ ਉਹ ਮਰਤਾ, ਨਾ ਹਮ ਡਰਿਆ ॥
ਨਾ ਉਹ ਬਿਨਸੈ ਨਾ ਹਮ ਕੜਿਆ ॥
ਨਾ ਉਹ ਨਿਰਧਨ, ਨਾ ਹਮ ਭੂਖੇ ॥
ਨਾ ਉਸ ਦੂਖ, ਨਾ ਹਮ ਕਉ ਦੂਖੇ ॥
ਨਾ ਉਸ ਬੰਧਨ, ਨਾ ਹਮ ਬਾਧੇ ॥
ਨਾ ਉਸ ਧੰਧਾ ਨਾ ਹਮ ਧਾਧੇ ॥
ਨਾ ਉਸ ਮੈਲ, ਨਾ ਹਮ ਕਉ ਮੈਲਾ ॥
ਉਸ ਅਨੰਦ ਤਾਂ ਹਮ ਸਦ ਕੇਲਾ ॥
ਨਾ ਉਸ ਸੋਚ, ਨਾ ਹਮ ਕਉ ਸੋਚਾ ॥
ਨਾ ਉਸ ਲੇਪ, ਨਾ ਹਮ ਕਉ ਪੋਚਾ ॥
ਨਾ ਉਸ ਭੂਖ, ਨਾ ਹਮ ਕਉ ਤ੍ਰਿਸ਼ਨਾ ॥
ਜਾ ਉਹ ਨਿਰਮਲ, ਤਾਂ ਹਮ ਜਚਨਾ ॥

ਨਾਨਕ ਗੁਰ ਖੋਏ ਭ੍ਰਮਭੰਗਾ ॥
ਹਮ ਓਇ ਮਿਲ ਹੋਏ ਇਕ ਰੰਗਾ ॥"

(ਆਸਾ ਮ: ੫)

"ਨ ਉਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮ ਵਸੈ ਮਨ ਮਾਹਿ ॥"

ਓ ਭਗਤੋ, ਤੁਸੀਂ ਸੂਰਜ ਵਾਂਙ ਨਿਰਮਲ ਹੋ ! ਓ ਭਗਤੋ ਤੁਸੀਂ ਹੀਰੇ ਵਾਂਙ ਸ਼ੁਧ ਹੋ ! ਓ ਭਗਤੋ ਤੁਸੀਂ ਅੰਮ੍ਰਿਤ ਵਾਂਙ ਸ਼ੁਧਕਾਰੀ ਹੋ ! ਓ ਸੋਹਣੇ ਭਗਤੋ, ਤੁਹਾਡੀ ਮਨਮੋਹਣ ਚਿਤ-ਚੋਰ ਨੂਰਾਨੀ ਛੱਬੀ "ਤਾਂ ਕੇ ਰੂਪ ਨ ਕਥਨੇ ਜਾਹਿ ॥"

ਓ ਭਗਤੋ, ਤੁਸੀਂ ਓ ਥੰਮ੍ਹ ਜਿਨ੍ਹਾਂ ਨੇ ਸੰਸਾਰ ਚੁਕ ਰਖਿਆ ਏ : ਅਕਾਸ਼ ਵਿਚ ਵੀ ਇਹ ਨੇ ਗੁਪਤ ਥੰਮ੍ਹ, ਪਾਤਾਲ ਵਿਚ ਵੀ ਨੇ ਇਹ ਗੁਪਤ ਥੰਮ੍ਹ ਤੇ ਅਨਿਕ ਪੁਰੀਆਂ, ਅਨਿਕ ਬ੍ਰਹਮੰਡਾਂ ਵਿਚ ਵੀ ਨੇ ਇਹ ਥੰਮ੍ਹ ! ਓ ਏਸ ਜਗਤ ਦੇ ਧ੍ਰੂਓ,ਤੁਸੀਂ ਖੰਡ ੨ ਵਿਚ ਹੋ, ਨਿਕੇ ਛਲੇ (Cell) ਵਿਚ ਛਲਆਣੂ (Nucleolus) ਬਣ ਕੇ, ਵਡੇ ਬ੍ਰਹਮੰਡ ਵਿਚ ਧ੍ਰੂ ਤਾਰਾ (Pole star) ਬਣ ਕੇ ! ਓ ਅਨੰਦ ਭਰਪੂਰ ਭਗਤੋ, ਓ ਡੁਲ੍ਹ ਡੁਲ੍ਹ ਪੈਂਦੇ ਭਗਤੋ, ਜੈਕਾਰ, ਜੈਕਾਰ, (ਤਿਨ ਮਹਿ ਰਾਮ ਰਹਿਆ ਭਰਪੂਰ),(ਤਿਥੈ ਭਗਤਿ ਵਸਹਿ ਕੇ ਲੋਅ) ਓ ਅਨਿਕ ਖੰਡ, ਅਨਿਕ ਬ੍ਰਹਮੰਡਾਂ ਦੇ ਧ੍ਰੂ ਤਾਰਿਓ ਓ ਹਮਜੋਲੀਓ ! ਤਹਾਡਾ ਖੰਡ ਕਰਮ ਖੰਡ ਏ ! ਓ ਸੁਖ ਵਸਦੀ ਰਾਮਦਾਸ ਪੁਰੀ, ਤੂੰ ਨਿਤ ਨਿਤ ਵਸ, ਓ ਗੁਰਾਂ ਵਸਾਈ ਨਗਰੀ (ਆਤਮਕ ਜੋੜ, ਸਤ ਸੰਗਤ) ।

ੴ ਸਤਿਗੁਰ ਪ੍ਰਸਾਦਿ ॥

ਸ੍ਰੀ

ਸਚ-ਖੰਡ !

THE ENDLESS END

"ਸਚੇ ਤੇਰੇ ਖੰਡ ਸਚੇ ਬ੍ਰਹਿਮੰਡ ॥"

(ਆਸਾ ਦੀ ਵਾਰ)

ਵਾਹੁ ਵਾਹੁ ਸਚ-ਖੰਡ ! ਵਾਹ ਵਾਹੁ ਸਚ-ਖੰਡ !!

੧.

"ਸਚ ਖੰਡ ਵਸੈ ਨਿਰੰਕਾਰ ।" ਹਾਂ, ਤਿਥੇ ਤੂੰ ਵਸੇਂ ਆਪ, ਓ ਨਿਰ-ਅਕਾਰ, ਓ ਵਰਨਾਂ ਚਿਹਨਾਂ ਬਾਹਿਰਿਆ, ਮੈਂ ਕੀਕਣ ਤੇਰਾ ਵਰਣਨ ਕਰਾਂ ? ਜਿਥੇ ਤੂ ਵਸਨਾ ਏਂ, ਉਥੇ ਨਾ ਉਤਪਤ ਏ ਤੇ ਨਾ ਪਰਲੋ ਏ, ਸਦਾ-ਸੁਨ ਏ ! ਜਿਥੇ ਤੂੰ ਵਸਨਾ ਏਂ ਉਥੇ ਨਾ ਕਾਲ ਏ ਨਾ ਮਹਾ-ਕਾਲ ਏ, ਤੂੰ ਸਦਾ ਕਾਲ-ਰਹਿਤ, 'ਅਕਾਲ' ਏਂ ! ਜਿਥੇ ਤੂੰ ਵਸਨਾਂ ਏਂ ਉਥੇ ਨਾ ਦਿਨ ਏ ਨਾ ਰਾਤ ਏ, ਨਾ ਥਿਤਾਂ ਨੇ ਨਾ ਰੁਤਾਂ ਨੇ ਨਾ ਚੰਨ ਏ ਨਾ ਸੂਰਜ, ਨਾ ਖੰਡ ਏ ਨਾ ਬ੍ਰਹਮੰਡ ਏ, ਓ ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ! ਜਿਥੇ ਤੂੰ ਵਸਨਾ ਏਂ ਉਥੇ ਨਾ ਪਵਨ ਏ ਨਾ ਪਾਣੀ ਏ, ਨਾ ਜਲ ਏ ਨਾ ਜਲ-ਤਰੰਗ

ਨੇ, ਨਾ ਖਾਣੀਆਂ ਨਾ ਬਾਣੀਆਂ, ਨਾ ਰਜੋ ਸਤੋ ਤਮੋ ਗੁਣ, ਨ ਭੂਤ-ਭਵਿਖ ਭਵਾਨ, ਓ ਕਲ-ਮੁਕਲਿਆ ! ਓ ਨਿਵੇਕਲਿਆ, ਓ ਸੁਨ-ਮਸੁਨ' ਓ ਅਕਾਰ-ਰਹਿਤ, ਨਿਰੰਕਾਰ, ਤੈਂਡਾ ਵਰਨਣ ਕੋਈ ਕੀਕੂੰ ਕਰੇ ? ਨਾ ਸੰਖ, ਨਾ ਚਕ੍ਰ, ਨਾ ਗਦਾ, ਨਾ ਪਦਮ- ਨਾ ਚਤਰਭੁਜ ਨਾ ਅਸਟਭੁਜ, ਨਾ ਦੋ ਭੁਜ ਨ ਸੋ ਭੁਜ, ਨਾ ਦੋ ਨੈਣ ਨ ਸਹੰਸਰ ਨੈਣ, ਨਾ ਰੂਪ ਨਾ ਰੇਖ ਨਾ ਰੰਗ, ਓ 'ਨ ਨਿਆ' ('ਨ' 'ਨਾਂ') ! ਓ ਨਿਹੋਣ ਹੋਣਿਆ, ਦਸ ਤੈਨੂੰ ਕੋਈ ਕੀ ਦਸੇ ? ਨਾ ਬੁਢਾ ਨਾ ਨਢਾ, ਨਾ ਨਰ ਨਾ ਨਾਰੀ, ਨਾ ਸੁਰ ਨਾ ਅਸੁਰ, ਨਾ ਅਰਸ਼ ਨਾ ਕੁਰਸ਼, ਓਏ ਨਿਰਬਿਕਾਰ, ਤੈਨੂੰ ਕੋਈ ਕੀ ਵਾਚੇ ! ਨਾ ਪੀਤਾਂਬਰ ਨਾ ਸੇਤਾਂਬਰ, ਨਾ ਲੱਖ ਨਾ ਭੇਖ, ਨਾ ਭੈ ਨਾ ਭਉ, ਨਾ ਦੁਖ ਨਾ ਸੁਖ, ਨਾ ਇਹ ਨਾ ਔਹ, ਓ ਗੁਝਿਆ, ਓ ਅਬੁਝਿਆ, ਦਸ ਤੈਨੂੰ ਕੋਈ ਕੀਕੂੰ ਬੁਝੇ ?...ਓ ਅਖਰਾਂ ਤੋਂ ਬਾਹਰਿਆ, ਤੂੰ ਇਹ ਨਹੀਂ ਜੋ ਏਹ ਮਨ ਕਲਪੇ, ਤੂੰ ਔਹ ਨਹੀਂ ਜੋ ਕੋਈ ਹੋਰ ਮਨ ਕਲਪੇ,...ਨਾ ਇਤ...ਨਾ ਇਤ, ਨਤਿ-ਨੇਤਿ (ਇਹ ਨਹੀਂ) 'ਨੇਤ-ਨੇਤ', ਤੈਨੂੰ ਵੇਦਾਂ-ਸ਼ਾਸਤਰਾਂ ਨੇ ਪੁਕਾਰਿਆ ਏ ! ਓ ਨੇਤ-ਨੇਤ ਨਿਰੰਕਾਰ ਨਮਸਕਾਰ !—

'ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨ ਦਿਨੁ ਰੈਣ ਨ ਚੰਦ ਨ ਸੂਰਜ ਸੁੰਨ-ਸਮਾਧਿ ਲਗਾਇੰਦਾ ॥
ਖਾਣੀ ਨ ਬਾਣੀ ਪਉਣ ਨ ਪਾਣੀ
ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀਂ ਸਾਗਰ
ਨਦੀ ਨ ਨੀਰ ਵਹਾਇੰਦਾ ॥ (ਮਾਰੂ ਮ: ੧ ਸੋਲਹੇ)

੨.

ਓ ਨਿਰੰਕਾਰਾ, ਭਾਵੇਂ ਤੂੰ ਰੂਪ ਰੇਖ ਰੰਗ ਤੋਂ ਨਿਆਰਾ ਸੈਂ ਤੇ ਹੁਣ ਵੀ ਏਂ, ਪਰ ਤੂ ਹੈਂ, ਤੂੰ ਹੈਂ,ਤੂ ਹੈਂ ! ਓ ਅਖਰੋ ਦਸੋ ਨਾ ਉਸ ਪਿਆਰ ਦੇ ਲਛਣ ਜੋ ਥਰ ਥਰ ਕਰਦਾ, ਪਰ ਫਿਰ ਵੀ ਏ ਸਥਿਰ ! ਓ ਰਸਨਾ ਗਾਉ ਨਾ ਉਸ ਦੇ ਗੀਤ ਜੋ ਵੇ ਆਪ ਗਾਂਵਦਾ-ਸਦਾ ਪਰ ਫਿਰ ਵੇ ਬੋਲ-ਅਬੋਲ ! ਓ ਰਸਨਾ, ਚਖ ਨਾ ਉਹਦਾ ਸਵਾਦ, ਜੋ ਸਵਾਦ-ਖਾਣ ਪਰ ਵੀ ਅਖਾਣ ! ਓ ਅੱਖੋ, ਵੇਖੋ ਨਾ ਉਹਨੂੰ ਜੋ ਸਭ ਕੁਝ ਵੇਖਦਾ ਪਰ ਫਿਰ ਵੀ ਏ ਅਡਿੱਠ !

ਓਏ ਡੀਠ-ਅਡੀਠ, ਰਸ ਅਰਸ, ਬੋਲ-ਅਬੋਲ, ਥਰਾਟ-ਸੁਥਿਰ, ਅਣਹੋਂਦੀ-ਹੋਂਦ, ਨਿਰ-ਆਕਾਰ-ਅਕਾਰ ! ਆਖਰ ਤੈਂਡੀ ਗਤ-ਮਿਤ ਨਹੀਂ ਦਸ ਸਕਦੇ, ਕਿਉਂਕਿ ਇਥੇ ਅਪੜ ਕੇ ਅਖਰ ਹੋ ਜਾਂਦੇ ਨੇ ਨਿਅਖਰੇ, ਜੀਕਣ ਅਗ ਵਿਚ ਪੰਛੀਆਂ ਦੇ ਫਗ ਸੜ-ਬਲ ਜਾਂਦੇ ਨੇ—ਪਰ ਤੂੰ ਏਂ ! ਅੱਖਾਂ ਨਾ ਵੇਖਣ, ਨਕ ਭਾਵੇਂ ਤੈਨੂੰ ਨਾ ਸੁੰਘ ਸਕੇ, ਕੰਨ ਭਾਵੇਂ ਤੈਨੂੰ ਨਾ ਸੁਣਨ, ਰਸਨਾ ਭਾਵੇਂ ਤੈਨੂੰ ਨਾ ਚਖ ਸਕੇ, ਪਰ ਅੰਦਰ ਕੋਈ ਬੁਢਾ-ਨਚਣ ਵਾਲਾ ਨਟ ਆਖਦਾ ਏ, ਓ ਇੰਦਰਿਓ ਤਹਾਡੇ ਵੇਖਣ, ਚਖਣ, ਸੁਣਨ ਵਿਚ ਕਸਰ ਰਹਿ ਗਈ, ਕਸਰ ਰਹਿ ਗਈ'............. ਉਹ ਹੈ, ਪਰ ਤੁਸਾਂ ਨਹੀਂ ਵੇਖਿਆ, ਉਹ ਹੈ ਪਰ ਤੁਸਾਂ ਨਹੀਂ ਚਖਿਆ, ਉਹ ਹੈ ਭਾਵੇਂ ਤੁਸਾਂ ਨਹੀਂ ਸੁਣਿਆ ! ਓ ਹੈ, ਓ ਹੈ, ਓ ਹੈ, ਭਾਵੇਂ ਉਹਨੂੰ ਕੋਈ ਵੇਖੇ ਯਾ ਨਾ ਵੇਖੇ, ਭਾਵੇਂ ਉਹਨੂੰ ਵੇਖਣ ਵਾਲਾ ਹੋਵੇ ਯਾ ਨਾ ਹੋਵੇ, ਭਾਵੇਂ ਉਤਪਤ ਹੋਵੇ ਭਾਵੇਂ ਨਾ ਹੋਵੇ ? ਤੇ ਪਰਲੋ ਵੇਲੇ ਸਭ ਅਲੋਪਦੇ ਨੇ, ਪਰ ਤੂੰ ਵੇ ਓਜਹੇ ਦਾ ਉਜੇਹਿਆ, ਸਦ-ਸ਼ਥਿਰ ਹੋਂਦ, ਟਿਕਵੀਂ ਹੋਂਦ, ਸਦ-ਸੱਤ ਹੋਂਦ; "ਸਤਿਨਾਮ ਤੇਰਾ ਪਰਾ-ਪੂਰਬਲਾ !" ਓ ਨਿਰਾਕਾਰ ਪਰ ਸੱਤ, ਓ

ਆਕਾਰ ਰਹਿਤ ਸੱਤ ਨਿਮਸ਼ਕਾਰ ! ਓ ਨੇਤ-ਨੇਤ ਸੱਤ ਨਿਤ ਨਿਤ ਨਿਤ ਨਿਮਸ਼ਕਾਰ !! ਓ ਨਿੱਤ-ਨਿਰਕਾਰ, ਨਿੱਤ-ਸੱਤ, ਨਮੋ ਨਮੋ ਨਮੋ !! ਹਾਂ ਤੂੰ ਏਂ, ਤੂੰ ਵਸਨਾ ਏਂ, ਏਸ ਸੱਤ ਵਿਚ, ਸਦਾ ਸਦਾ—'ਸਚ-ਖੰਡ' ਵਸੈ ਨਿਰੰਕਾਰ !!

੩.

ਓ ਚੋਜੀਆ, ਜਦ ਤੂੰ ਚਾਹੇਂ ਓ ਚਾਈਆ, ਤਾਂ ਤੂੰ ਆਪਣਾ ਇਕੋ ਇਕ ਪੁਤ ((The only Son) 'ਨਾਮ' ਉਪਾਏਂ ! ਓ ਨਾਮ-ਨਿਰੰਜਨ ਨਿਰਮਲਾ, ਜੋ ਤੈਂਡੇ ਵਾਂਗ ਰੂਪ ਰਖ ਰੰਗ ਤੋਂ ਏ ਨਿਆਰਾ, ਜੋ ਤੈਂਡੇ ਵਾਂਗ ਏ ਪਰਾ-ਪੂਰਬਲਾ, ਜੋ ਤੈਂਡੇ ਵਾਂਗ ਏ ਪਰੀਪੂਰਨ, ਜੋ ਨਰ-ਨਾਰੀ ਰਹਿਤ ਸਤਾ ਏ, ਸਦ-ਜਾਗਦੀ, ਸਦ-ਥਰਾਂਦੀ, ਸਦ-ਦਮਕਦੀ, ਸਦ-ਧੜਕਦੀ, ਤੇ ਇਸ ਅਦਿਸ਼ਟ-ਤਾਣੇ ਨਾਲ ਚਾ ਬੁਣ ਕਢੇਂ ਇਹ ਉਹ ਤੇ ਔਹ ! ਹਾਂ ਇਹ ਧਰਤੀ, ਪਾਤਾਲ ਤੇ ਆਕਾਸ਼ ਓ ਬਿਨਾਂ ਥੰਮ੍ਹਾਂ ਗਗਨ-ਬਹਾਣ ਵਾਲਿਆ 'ਨਾਮਾ' ! ਓ 'ਨਾਮ' ਨਿਰੰਜਨਾ! ਓ ਮਾਇਆ ਅੰਜਨੀ ਤੋਂ ਉਚਰਿਆ! ਓ ਮਾਇਆ ਤੋਂ ਪਰਰਿਆ । ਓ ਮਾਇਆ-ਓਪਰੇਰਿਆ (Transcerndent and antecedent to all acception) ਤੂੰ ਵੇਂ ਆਦਿ-ਜੁਲਾਹਿਆ ! ਓ ਨਿਤ-ਨਵਿਆਂ ਜੁਲਾਹਿਆ, ਤੈਂਡਾ ਧਨ ਧਨ ਓ ਅਦਿਸ਼ਟ-ਤਾਣਾ ! ਹਾਂ ਧਨ ਧਨ ਓ ਤਾਣਾ, ਓ ਨਿਰੰਕਾਰਾਂ ਜੋ ਤੂੰ ਆਪਣੇ-ਆਪ ਵਿਚੋਂ ਇੰਝ ਉਗਲਦਾ ਏ ਜੀਕਣ ਊਰਣ-ਬ੍ਰਹੀ (Spider) (ਪੰਜਾਬੀ ਸ਼ਬਦ ਡੋਰਾ ਹੈ) ਆਪਣੇ ਮੂੰਹ ਵਿਚੋਂ ਪਟ-ਤਾਰ ! ਓ 'ਨਾਮ' ਤੈਂਡੀ ਪਟ ਵਰਗੀ ਕੂਲੀ-ਤਾਰ, ਪਟ ਵਰਗੀ ਪਕੀ, ਪਟ ਵਰਗੀ ਸੋਹਲ ਪਰ ਅਦਿਸ਼ਟ ! ਓ 'ਨਾਮ' ਏ ਵੇਹਨਾ ਉਂ ਤੈਂਡੀਆਂ ਚੌਫੇਰੀ ਫੈਲੀਆਂ ਪਟ-ਤਾਰਾਂ ਚਮਕਦੀਆਂ ਤੇ ਦਮਕਦੀਆਂ, ਗਰਜਦੀਆਂ

ਤੇ ਵਜਦੀਆਂ, ਪਰ ਅੱਖਾਂ ਤੋਂ ਉਹਲੇ ਇੰਦ੍ਰਿਆਂ ਤੋਂ ਉਹਲੇ ! ਓ ਨਾਮ ਤੂੰ ਏਂ ਆਦਿ ਜੁਲਾਹਿਆ, ਤੂੰ ਏਂ ਆਦਿ ਲੁਹਾਰ, ਆਦਿ-ਤਰਖਾਣ-ਓਏ ਬੁਢਾ-ਬੇਢੀ ! "ਐਸਾ ਬੇਢੀ ਬਰਨਿ ਨ ਸਾਕਉ, ਸਭ ਅੰਤਰ ਸਭ ਠਾਈ ਹੈ ।" ਹਾਂ ਹਾਂ ਬੁਢਾ-ਬੇਢੀ, ਪਰ ਨਢਾ ਕਦੇ ਨਾ ਥਕਦਾ। "ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੈ" ਓ ਜਲ ਥਲ ਤੇ ਨਖਤਰ ਥਾਪਣ ਵਾਲੜਾ ! ਓ ਨਢਾ-ਬੇਢੀ, ਸਭ ਅੰਤਰ, ਸਭ ਠਾਈ, ਕਰ ਕਰ ਕਰਦਾ, ਨਿਤ ਨਿਤ ਘੜਦਾ, ਤੇ ਕਦੀ ਨਾ ਥਕਦਾ ! ਓ ਸਾਰੇ ਵਿਸ਼ਵ (Unievrse) ਦਾ ਘਾੜਾ, ਓ ਵਿਸ਼ਵ-ਕਰਮਨ ਵਿਸ਼ਵ ਬਨ ਉਣ ਵਾਲਾ ਦੇਵਤਾ,(ਇਹ ਵਿਸ਼ਵ ਕਰਮਨ ਦਾ ਦੂਜਾ ਨਾਂ ਏ) ਓ ਤੇਸਾ ਹਥ ਲੇ ਉਤਰਨ ਵਾਲਾ ਤਵਿਸ਼ਤਰੀ ! ਓ ਕਾਰਕ, ਓ ਖਾਲਕ, ਓ ਮਾਲਕ ਓ ਪ੍ਰਿਤਪਾਲਕ ਓ ਕਾਲ ਕਰਤਾ, ਓ ਦੇਸ਼ ਕਰਤਾ, ਹਾਂ ਬੁਢਾ-ਬੇਢੀ !!

ਓ ਬੁਢਿਆ ਬੇਢੀਆ, ਮੈਂ ਸੁਣਦਾ ਉਂ, ਹਾਂ ਹੁਣ ਸੁਣਦਾ ਉਂ ਤੈਂਡੇ ਤੇਸੇ ਦੀ ਮਿਠੜੀ ਖਟ ਖਟ, ਤੈਂਡੀ ਚਰਖੜੀ ਦੀ ਸਵਾਦੀ ਘੂੰ ਘੂੰ, ਤੈਂਡੀ ਆਰੀ ਦੀ ਪਿਆਰੀ ਸ਼ਾਂ-ਸ਼ਾਂ ! ਓ ਆਦਿ-ਘੜਿਆ, ਤੂੰ ਘੜਣਾ ਏਂ ਸਭ ਕੁਝ, ਤੂੰ ਘੜਣਾ ਏਂ ਆਪਣੇ ਨੂਰ ਨਾਲ ਨੂਰੀ ਸੂਰਜ, ਏ ਤੂੰ ਘੜਣਾ ਏਂ ਆਪਣੀ ਚਿਟਤ ਨਾਲ ਚਨ, ਤੂ ਘੜਨਾ ਏਂ ਆਪਣੀਆਂ ਖੜਾਵਾਂ ਨਾਲ ਇਹ ਵਿਸ਼ਾਲ-ਧਰਤੀ ਤੇ ਡੂੰਘੇ-ਪਾਤਾਲ ! ਓ ਸੋਹਣਿਆ ਘਾੜਿਆ, ਸੋਹਣੇ ਜੀਵ-ਜੰਤ ਬਨਾਉਣ ਵਾਲਿਆ ! ਓ ਆਦ ਜੁਲਾਹਿਆ ਸਾਰਾ ਤ੍ਰਿਭਵਣ ਤੈਂਡੀ ਮੇਖਲੀ ਈ, ਤੈਂਡੀ ਵਚਿਤਰ ਤਾਣੀ ਬਾਣੀ ! ਓ ਅਣੋਖਿਆ, ਤੈਨੂੰ ਕਿਹੜੇ ਨਾਂ ਨਾਲ ਪੁਕਾਰਾਂ ? ਤੂੰ ਜੁਲਾਹਿਆ ਨਹੀਂ, ਕਿਉਂਕਿ ਤੈਂਡਾ ਕੋਈ ਰੂਪ ਨਹੀਂ, ਰੇਖ ਨਹੀਂ, ਸ਼ਕਲ ਨਹੀਂ । ਤੂੰ ਨੇਤ ਨੇਤ ਨਿਰੰਕਾਰ ਵਾਂਗ ਪਰੀ-ਪੂਰਨ ਏਂ ! ਕੀ ਤੂੰ ਬੀਜ ਏਂ ? ਆਦਿ-

ਬੀਜ, ਜੋ ਬਟਕ-ਬੀਜ, ਵਾਂਗ ਸਾਰੇ ਬ੍ਰਹਮੰਡ ਆਪਣੀ ਕੁਖ ਵਿਚ ਸਾਂਭ ਰਖਦਾ ਏਂ ? ਤੂੰ ਏਂ ਕੋਈ ਅਣੋਖੜਾ-ਬੀ, ਪਰ• ਹਾਇ 'ਬੀ' ਨਹੀਂ, ਕਿਉਂਕਿ ਤੇਂਡੇ ਉਪਰ ਕੋਈ ਗਲੇਫ (Coat) ਨਹੀਂ, ਤੂੰ ਤਾਂ ਏ ਪਰੀ-ਪੂਰਨ, ਵਿਸਥਰਿਨ ਬੀ ! ਕੀ ਤੈਨੂੰ ਅੰਡਾ ਆਖਾਂ ? ਹਾਂ ਤੂੰ ਏਂ ਕੋਈ ਸੁਨਹਿਰੀ ਅੰਡਾ (ਹਿਰਨ ਗਰਭ (Hiran Garbh) ਜੋ ਸਾਰੇ ਸੰਸਾਰ ਨੂੰ ਆਪਣੇ ਅੰਦਰੋਂ ਕਢਦਾ ਏਂ The Cosmic Egg), ਪਰ ਹਾਇ ਤੂੰ ਅੰਡਾ ਨਹੀਂ। ਕਿਉਂਕਿ ਅੰਡੇ ਵਰਗੀ ਤੇਂਡੀ ਕੋਈ ਚੂਨੇ ਗਚ ਕਬਰ ਹੈ ਨਹੀਂ, ਤੂੰ ਤਾਂ ਪਰੀ-ਪੂਰਨ ਸਰਬ ਵਿਆਪਕ ਜੋਤ ਏਂ ! ਕੀ ਤੈਨੂੰ 'ਜਤ' ਆਖਾਂ ? ਹਾ ਤੂੰ ਜੋਤ ਏ ਸੂਰਜ ਦੀ ਚਮਕ ਦਮਕ ਘੜਨ ਵਾਲੜਾ, ਉਹ ਸੂਰਜ ਜੋ ਇਸ ਸੰਸਾਰ ਦਾ ਮੁਢ ਏ, ਪਰ ਹਾਇ ਤੂੰ ਸੂਰਜ ਜੋਤ ਨਹੀਂ, ਕਿਉਂਕਿ ਤੂੰ ਕੋਈ ਗਗਨ-ਥਾਲ ਨਹੀਂ, ਤੂੰ ਤਾਂ ਆਕਾਸ-ਗਗਨ ਵਾਂਗ ਵੀਟਿਆ ਥਲ ਏਂ, ਓ ਵਿਸਥੀਰਤ ਜੋਤੇ ! ਕੀ ਤੈਨੂੰ ਫਿਰ 'ਬੀਰਜ' ਆਖਾਂ ਕਾਸੇ ਬ੍ਰਹਮੇ ਦਾ ? ਹਾਂ ਤੂੰ ਆਦ ਬੀਰਜ ਏਂ ਅਣੋਖਣਾ, ਜੀਂਵਦੇ-ਜੀ ਚਰ ਅਚਰ ਰਚਣ ਵਾਲੜਾ, ਪਰ ਤੂੰ ਫਿਰ 'ਬੀਰਜ' ਨਹੀਂ, ਕਿਉਂਕਿ ਤੈਨੂੰ ਕਿਸੇ ਅਲਿੰਗ ਪਿਆ ਨੇ ਜਾਇਆ ਏ। ਓ ਲਿੰਗ ਰਹਿਤ ਨਿਰਲਪ ਬੀਰਜਾ ! ਕੀ ਫਿਰ ਤੂੰ ਕੋਈ ਜਾਦੂ ਮੰਤਰ ਏਂ ਜਿਸ ਨੂੰ ਮਦਾਰੀ ਰਗੜ ਕੇ ਪੈਸ ਘੜ ਲੈਂਦੇ ਨੇ ? ਹਾਂ ਤੂੰ ਏਂ ਸਵਨੜਾ ਓਂਮ ਮੰਤਰ, "ਓਨਮ ਅਖਰ ਤ੍ਰਭਵਣ ਸਾਰ" ਪਰ ਹਾਇ ! ਫਿਰ ਤੂੰ ਉਹ ਨਹੀਂ ਕਿਉਂਕਿ ਤੂੰ ਹੋਇਉਂ ਜੇ ਨਿਅਖਰਾ-ਅਖਰ (The word that is no word)! ਓਏ ਫਿਰ ਤੂੰ ਕੀ ਏਂ ?ਕੀ ਏਂ, ਹਾਇ ਕੀ ਏਂ ?...ਮੈਂ ਤੈਨੂੰ ਜਾਣਨਾ ਵਾਂ, ਓ ਜਾਦੂਗਰਾ, ਤੈਨੂੰ ਹੁਣ ਹੁਣ ਹੁਣ ਜਾਣਦਾ ਵਾਂ, ਓ ਨਿ-ਅਖਰਾ, ਪਰ ਅਖਰਾਂ ਵਿਚ ਕੀਕੁਣ

ਨਿਰੂਪਾਂ ? ਤੂੰ ਵੇਂ ਅੰਮ੍ਰਿਤ - ਇਸ ਕਰਕੇ 'ਅੰਮ੍ਰਿਤ ਅੱਖਰ' (Logos), ਤੂੰ ਵੇਂ ਦੇਵਤਿਆਂ ਦੀ ਗੁੜ੍ਹਤੀ 'ਸੋਮ', ਇਸ ਕਰ ਕੇ 'ਸੋਮ ਅੱਖਰ', ਤੂੰ ਵੇਂ ਬੁਧ ਸੁਧ ਦਾਤੀ ਸੁਧਾ, ਇਸ ਕਰ ਕੇ 'ਸੁਧਾਖਰ'......ਪਰ ਓਏ ਅਖਰੋ, ਆਖਰਕਾਰ ਤਸੀਂ ਹੋ ਅਖਰ, ਤੁਸੀਂ ਹੋਏ ਕੋਈ ਨਾਮ—ਪਰ ਮੈਂ ਹਾਂ ਅਨਾਮ—'ਨਾਮ', ਮਾਇਆ ਤੋਂ ਉਚੇਰਨ, ਉਪਰੇਰਾ, ਪਰੇਰਾ ਨਿਰਅੰਜਨ : ਨਿਰੰਜਨ, 'ਨਾਮ ! ਹਾਇ, ਮੈਂ ਕੀਕਣ ਤੈਨੂੰ ਵਰਣਨ ਕਰਾਂ, ਓ ਇਕੋ ਇਕ ਪੁਤਰਾ (The only begotten son), ਓ ਸੋਨ ਅੰਡਿਆ, ਓ ਬਟਕ-ਬੀਜਾ, ਓ ਬੁਢੇ ਬਢੀਆ, ਓ ਵਿਸ਼ਵਕਰਮਨਾ, ਓ ਸੁਧਾਖਰਾ, ਓ ਓਨਮ ਮੰਤਰਾ, ਓ ਅਨਾਮ-ਨਾਮਾ, ਓ ਨਾਮ ਨਿਰਜਨਾ !!............ ਅਖਰ ਹਾਇ ਕੋਰ ਨੇ, ਨਿਅਖਰੇ ਰਸਹੀਣ ਨੇ, ਤੇਂਡੀ ਲਜ਼ਤ ਚਖਣ ਨੂੰ, ਲਜ਼ਤ ਚਖਾਣ ਨੂੰ ! ਓ ਸਵਾਦ ਭਰੀ, ਰਸ ਭਰੀ, 'ਬਾਵਨ ਅਖਰੀਏ' ! ਹਾਂ, ਹਾਂ ਤੂੰ ਏਂ ਸਾਰੀਆਂ ਜ਼ਬਾਨਾਂ ਦੀ ਬਾਵਨ ਅਖਰੀਆਂ ਦਾ ਮੁਢ, ਵੇਦਾਂ ਸ਼ਾਸਤਰਾਂ ਦਾ ਮੁਢ, ਅਣਗਾਈ 'ਗਾਇਤਰੀ' (Gayatri) – ਓ ਸਾਰ-ਰਸ, 'ਸਾਰ ਰਸਵਤੀ' (Saraswati), ਓ ਤੱਤ ਸੱਤ, ਓ ਨਿਚੋੜ, ਓਏ ਨਾਮ ਨਿਰੰਜਨਾ ! ਹਾਂ ਮੈਂ ਤੇਂਡੀ ਉਪਮਾ ਕੀਕਣ ਕਰਾਂ—ਆਪਣੇ ਪਿਤਾ ਵਾਂਗ ਤੂੰ ਵੀ ਨੇਤ ਨੇਤ, ਅਗੱਮ, ਅਖਰਾਂ ਤੋਂ ਉਪਰ, ਮਨ-ਬਾਣੀ ਤੋਂ ਉਪਰ—

"ਬਹੁਤ ਉਪਮਾ ਥੋਰ ਕਹੀ ॥
ਹਰਿ ਅਗਮ ਅਗਨ ਅਗਾਧਿ ਤੂਹੀ ।"

(ਗਉੜੀ ਮ:੫)

ਓ ਅਲਖੇ ਅਖਰ, ਓ ਅ-ਖੁਰੇ ਅੱਖਰ, ਤੂੰ ਵੇਦ 'ਵਾਕ' ਏਂ, ਕੋਈ' ਅਣੋਖੜੀ ਧੁਨੀ, ਅਖਰਾਂ ਵਿਚ ਪਰ ਉਹਨਾਂ ਤੋਂ ਉਹਲੀ—

"ਬਾਵਨ ਅਖਰ ਲੋਕ ਤ੍ਰੈ ਸਭ ਕਿਛੁ ਇਨ ਹੀ ਮਾਹਿ ॥
ਏ ਅਖਰਿ ਖਿਰ ਖਿਰ ਜਾਹਿਗੇ ਓਇ ਅਖਰ ਇਨ ਮਹਿ ਨਾਹਿ।
ਜਹਾ ਬੋਲਤ ਤਹਿ ਅਛਰ ਆਵਾ ॥
ਜਹਿ ਅਬੋਲ ਤਹਿ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ 'ਸੋਈ' ॥
ਜਸ 'ਓਹ' ਹੈ ਤਸ ਲਖੈ ਨ ਕੋਈ।"

(ਰਾਗ ਗਉੜੀ ਕਬੀਰ ਜੀ)

ਓ ਨਿਅਖਰੇ ਬਾਵਨ ਅਖਰਾ, ਤੈਂਡੇ ਬਾਵਨ ਰੂਪ (ਬਾਵਨ ਅਵਤਾਰ ਸੂਖਮ ਰੂਪ) ਨੂੰ ਨਿਮਸ਼ਕਾਰ ! ਹਾਂ ਤੈਂਡੇ ਇਸ ਅਤੀ ਸੂਖਮ ਬਾਵਨੇ ਰੂਪ ਨੂੰ ਨਿਮਸ਼ਕਾਰ—

"ਬਾਵਨ ਰੂਪੁ ਕੀਆ ਤੁਧੁ ਕਰਤੇ, ਸਭ ਹੀ ਸੇਤੀ ਹੈ ਚੰਗਾ।"

ਓ ਸਭ ਤੋਂ ਚੰਗਾ ਰੂਪ, ਓ ਸੂਖਮ-ਮੂਰਤ ਨਾਮ ਨਿਰੰਜਨ, ਤੂੰ ਵੇਂ ਆਦਿ ਅੰਤ ਤੇ ਮੁਢ, ਖੰਡ ਬ੍ਰਹਮੰਡ ਕਾਇਆਂ ਦਾ ਆਧਾਰ ਤੇ ਆਕਾਰ—

"ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥
ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮ ਕਰਤਾਰੁ ॥"

(ਸਲੋਕੁ ਮ: ੧, ਆਸਾ ਵਾਰ)

ਓ ਬਾਵਨਾ, ਓ ਬੁਢਿਆ, ਓ ਨਢਿਆ, ਆਦਿ-ਬਢੀਆ, ਮੈਂਡੀ ਤੈਨੂੰ ਰੋਮ ਰੋਮ ਨਿਮਸਕਾਰ !

੪.

ਹਾਂ ਤੈਂਡਾ ਓ ਨਢੇ-ਬੇਢੀਆ, ਇਕ ਨਾਮ 'ਸੁੰਨ' ਏ ਪਰ ਸੁਤੀ ਹੋਈ ਗੋਲ ਸਿਫ਼ਰ (੦) ਨਹੀਂ, ਜੀਉਂਦੀ ਜਾਗਦੀ, ਵਧਦੀ ਫੈਲਦੀ, ਗੋਲ ਜਲ-ਤਰੰਗਾਂ ਵਾਂਙ ਸਭ ਨੂੰ ਆਪਣੀ ਬੁਕਲ ਵਿਚ

ਲਪੇਟਦੀ, ਸੂੰਦੀ ਜਾਂਦੀ, ਸਪਣੀ ਵਾਂਗ ਸਹੰਸਰ ਪੁਤ ਧੀਆਂ ਘੜਦੀ, ਨਹੀਂ—ਸੂਰਜ ਕਿਰਣਾਂ ਵਾਂਗ ਜਣਦੀ ਤੇ ਆਕਾਸ਼ ਵੱਤ ਗਹਿਰ ਗੰਭੀਰ ਤੇ ਅਡੋਲ, ਹਾਂ ਤੂੰ ਅਣੋਖੜੀ ਸੁੰਨ ਏਂ ! ਸੁੰਨ-ਮਸੁੰਨ ! ਪਰ ਤ੍ਰਿਭਵਣ ਸੁਨ, ਅਰਸ਼ ਕੁਰਸ਼ ਵਲੇਟਣੀ ਸੁੰਨ ! ਓ ਸੂੰਦੀਏ ਸੁੰਨੇ, ਇਕ ਪਾਸੇ ਤੂੰ 'ਨੇਤ ਨੇਤ', ਤੇ ਦੂਜੇ ਪਾਸੇ ਨਿਤ ਸਵਾਈ ! ਹਾਂ ਪਰ ਜਦ ਤੂੰ ਆਪਣੀ ਪਟਾਰੀ ਖੋਲ੍ਹਣੀ ਏਂ, ਤਦ ਉਸ ਪਟਾਰੀ ਵਿਚੋਂ ਸਭ ਕੁਝ ਹੀ ਨਿਕਲ ਆਂਵਦਾ ਈ, ਬੀਜ ਵਿਚੋਂ ਜੀਕਣ ਬੁਢਾ ਬਟਕ; ਬੋਹੜ ਦਾ ਵਡਾ ਬੋਧੀ ਬਿਰਛ—

"ਸੁੰਨ ਕਲਾ ਅਪਰੰਪਰਿ ਧਾਰੀ ॥
ਆਪਿ ਨਿਰਾਲਮੁ ਅਪਰ ਅਪਾਰੀ ।
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨ ਉਪਾਇਦਾ ॥
ਪਉਣ ਪਾਣੀ ਸੁੰਨੈ ਤੇ ਸਾਜੇ ।
ਸ੍ਰਿਸਟਿ ਉਪਾਇ ਕਾਇਆ ਗੜ੍ਹ ਰਾਜੇ ।
ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇੰਦਾ
ਸੁਨਹਿ ਧਰਤਿ ਆਕਾਸ਼ ਉਪਾਏ ॥
ਬਿਨ ਥੰਮਾ ਰਾਖੇ ਸਚ ਕਲੁ ਪਾਏ ॥
ਤ੍ਰਿਭਵਣ ਸਾਜਿ ਮੇਖੁਲੀ ਮਾਇਆ.
ਆਪਿ ਉਪਾਇ ਖਪਾਇਦਾ ॥ (ਮਾਰੂ ਮ: ੧)

ਹਾਂ ਸੁੱਨੇ ਹੀ ਚੰਦ ਸੂਰਜ ਤੇ ਤਾਰੇ ਗੈਣਾਰੇ, ਸੁੱਨੇ ਹੀ ਤ੍ਰਿਭਵਣ, ਬਨਾ ਥਮ੍ਹਾਂ ਜਗਤ ਚਲਾਇੰਦਾ ! ਕਿਉਂ ਨ ਚਲਾਏ ? ਓ ਜਾਦੂਗਰਾ ਤੇਂ ਵਿਚ 'ਸੱਚੁ' ਕਲ' ਨਿਰੰਜਨੀ ਕਲ ਜੋ ਪਾਈ ਹੋਈ ਏ ! 'ਸੋਮ ਨਾਥ' ਦਾ ਬੁਤ ਬਿਨ ਥੰਮ੍ਹਾਂ ਹਵਾ ਵਿਚ ਲਟਕਦਾ ਸੀ, ਚਾਰੇ ਪਾਸੇ ਚੁੰਬਕ ਪੱਥਰ ਦੀ ਤੋਲਵੀਂ ਖਿੱਚ ਨਾਲ (Magnetic forces in equilibrium) ਤੀਕਣ ਹੀ ਓ ਮੈਂਡੇ ਕ੍ਰਿਸ਼ਨਾ, ਤੇਰੀ ਅਕਰਖਣ ਖਿੱਚ

ਨੇ ਸਭ ਕਾਸੇ ਨੂੰ ਤੋਲ ਕੇ ਬੰਨ੍ਹ ਰਖਿਆ ਹੈ। ਓ ਅਡਿੱਠ ਪਰ ਸੱਚੀ ਕਲ, ਤੈਂਡੇ ਵਿਚ ਜਿੰਦ ਏ, ਜਾਨ ਏ, ਖਿੱਚ ਏ, ਹਾਂ ਆਪਣੀ ਕੇਂਦਰੀ ਖਿੱਚ (Centripetal) ਜੋ ਹਰ ਕਾਸੇ ਨੂੰ 'ਨਾਮ ਨਿਵਾਸੀ ਕਰ ਛਡਦੀ ਹੈ। ਦਹ ਦਿਸਾਂ ਵਿਚ ਭਾਵੇਂ ਕੋਈ ਕਿਥੇ, ਪਰ ਉਸ ਕੇਂਦਰ ਵਲ ਮੁਖ Oriented to Supreme Centre or Self —ਹਾਂ ਬੇਦੀ ਵਾਲੇ ਭਲਤ-ਤਾਰੇ Erratic ਨੂੰ ਬੇਦੀ ਨਾਲ ਬੰਨ੍ਹ ਰਖਦੀ ਏ। ਓ ਸੁੱਨ ਦੀ ਸਚੀਏ ਕਲਾ! ਤੂੰ ਕਿਜਲੀ ਏਂ! ਹਾਂ ਬਿਜਲੀ ਏਂ! ਪਰ ਅਣਖੜੀ, ਇਸ ਬਿਜਲੀ ਦੀ ਮਾਂ।

ਤੂੰ ਵਸਨਾ ਵੇਂ ਓ ਨਿਰਕਾਰ ਕਿਧਰੇ, ਪੜੈਦੇ ਪਿਛੇ ਪਰ ਤੈਂਡਾ ਲਾਡਲਾ-ਪਰੀ ਪੂਰਨ-ਪੁਤ (ਨਾਮ) ਨਚਦਾ ਈ ਤ੍ਰਿਭਵਣ ਵਿਚ ਮੱਖਲੀ ਲਾਈ, ਤਾਣਾਂ ਬਾਣਾ ਬੁਣਦਾ, ਅਨੋਖੜੇ ਬਾਗ ਤੇ ਫੁਲਕਾਰੀਆਂ ਉਣਦਾ ਤੇ ਵਿਚ ਸਜ, ਸੁਰ ਤੇ ਗੈਣਾਰੇ ਪਾਂਦਾ, ਵਿਚ ਜਤ ਨਦੀਆਂ ਵਗਾਂਦਾ, ਤੇ ਇਕ ਪਾਸੋਂ ਸੂਈ ਮਾਰ ਦੂਜੇ ਪਾਸੋਂ ਕਢਦਾ, ਅਰਸ਼ ਕੁਰਸ਼ ਨੂੰ ਤੁੰਪਦ, ਸੀੜਦਾ, ਸਵਾਰਦਾ......ਹਾਂ ਏਹੀ ਹੀ ਤੇਰਾਂ ਕਾਰਕੁਨ ਪੁਤ 'ਵਿਸ਼ਵ ਕਰਮਨ ਵਿਸ਼ਵ ਦਾ ਘਾੜਾ! ਪਰ ਜੋ ਕੁਝ ਓਹ ਘੜਦਾ ਏ, ਤੈਂਡੇ ਹੁਕਮ ਤੋਂ ਬਿਨਾ ਨਹੀਂ, ਤੈਂਡੀ ਹੀ ਸੇਨਤ ਤੈਂਡੀ ਹੀ ਵਿਉਂਤ, ਤੈਂਡੀ ਹੀ ਦੱਸੀ ਹੋਈ ਜੁਗਤ ਨਾਲ; ਨਹੀਂ ਤਾਂ ਅੰਞਾਣਾ ਬਾਲਕ ਕੀ ਜਾਣੇ-ਏਸ ਵੱਡੇ ਤੋਤੇ ('ਨਾਮ') ਨੂੰ ਵੀ ਤੂੰ ਪੜ੍ਹਾਣਾ ਏਂ। ਓ ਨੇਤ ਨੇਤ ਪਿਤਾ ਤੇ ਹੋਰ *ਨਿਕਿਆਂ ਤੋਤਿਆਂ ਨੂੰ ਵੀ ਤੂੰ ਆਪ ਪੜ੍ਹਾਣਾ ਵੇਂ। ਓ ਆਦਿ ਗੁਰੂਆ। ਜੇ ਤੂੰ ਨਾ ਪੜ੍ਹਾਏ ਤਾਂ ਹੋਰ ਕੌਣ ਪੜ੍ਹਾਏ, ਓ ਆਦਿ ਪਾਂਧਿਆ! ਓ ਪਰਾ-ਪੂਰਬਲੇ ਪਾਂਧੇ, ਇਹ ਤਾਂ ਪਹਿਲੀ ਮੁਢਲੀ ਮੇਹਰ ਏ, ਤੀਕਣ ਹੀ ਆਪਣੀਆਂ ਨੂਰਾਨੀ ਰਿਸ਼ਮਾਂ ਨਾਲ

---

*ਸਸਾਰੀ ਜੀਵ ਤੇ ਪਸ਼ੂ ਪੰਛੀ ਆਦਿਕ।

ਤੂੰ ਸਾਨੂੰ ਨਵ੍ਹਾਲਦਾ ਏਂ ਤੇ ਸਾਨੂੰ ਉੜਾ ਐੜਾ ਦਸਨਾ ਏਂ—ਪਰ ਇਥੇ ਹੀ ਬਸ ਨਹੀਂ ਓਹ ਕੇਹੜਾ ਦਿਨ ਤੂੰ ਸਾਡੇ ਨਾਲ ਨਹੀਂ। ਜਦ ਮੈਂ ਦੁਧ ਲਈ ਊਂ ਊਂ ਕਰਨਾ ਵਾਂ ਤਾਂ ਤੂੰ ਮੈਂਡੀ ਰਸਨਾ ਨੂੰ ਹਿਲਾ ਤੇ ਮਾਂ ਨੂੰ ਅਡਿੱਠੇ ਡਰ ਨਾਲ ਖਿਚ ਮੈਂਡੇ ਪਾਸ ਲੈ ਆਵਨਾ ਏਂ,'ਪਰ ਖੀਰ ਬਣ ਮੈਨੂੰ ਤ੍ਰਿਪਤਾਵਨਾ ਏਂ। ਫਿਰ ਰੇੜਾ ਬਣ ਮੇਰੇ ਨਾਲ ਰਿੜ੍ਹਦਾ ਏਂ, ਫਿਰ ਸੋਟੀ ਚੁਕ ਮੇਰੇ ਨਾਲ ਸੈਰ ਕਰਣ ਜਾਵਨਾ ਏਂ, ਫਿਰ ਖੂੰਡੀ ਚੁਕ ਗਾਨਾ ਬੰਨ੍ਹ ਸੇਹਰਾ ਪਾਵਨਾ ਏਂ ਪਰ ਮੈਂਡੇ ਨਾਲ ਲਾੜੀ ਬਣ ਕਾਮ-ਕਲੋਲ ਕਰਨਾ ਏਂ,—ਪਰ ਓਇ ਵਡਿਆ ਬਹੁ-ਰੂਪੀਆ! ਤੂੰ ਮੈਨੂੰ ਆਪਣੇ ਵਾਂਙ 'ਪਿਤਾ' ਚਾ ਬਣਾਣਾ ਵੇਂ......ਹਾਂ, ਹਾ ਇਸ ਪੰਘੂੜੇ ਨੂੰ ਪਿਤ', ਵਡਾ, ਵਡ-ਵਡਾ ਬ੍ਰਹਮਾ, ਤੈਂਡੇ ਵਰਗਾ......ਹਾਂ ਤੈਂਡੇ ਵਰਗਾ ਓਇ ਲਾਡ ਲਡਊਆ!......ਮੈਂ ਨੱਢਾ, ਫਿਰ ਬੁੱਢਾ!......ਮੈਂ ਪੁਤ, ਫਿਰ ਪਿਤਾ!......ਪਰ ਹਾਏ ਅਗਿਆਨ ਡੁੱਬਾ। ਤੈਨੂੰ ਨਾ ਪਹਿਚਾਣਦਾ ਭਾਵੇਂ ਤੂੰ ਮੈਂਡੇ ਅੰਗ ਸੰਗ ਪਵਣ ਵਾਂਗ, ਤੈਂਡੇ ਸਾਹ ਲੈਂਦਾ, ਤੇਰੇ ਨਾਲ ਫੇਫੜੇ ਲੈਂਦਾ, ਪਰ ਓ ਅਡਿੱਠ ਪਵਨੇ, ਤੈਨੂੰ ਨ ਸਿਆਣਦਾ ਤੇ ਇੰਵੇ ਚੌਰਾਸੀ ਚਕਰ ਝੂਟਦਾ। ...ਫਿਰ ਉਡਣ ਖਟੋਲੇ ਤੇ ਕਦੀ ਫ਼ਰਸ਼......ਓਇ ਸਭ ਖੇਡਾਂ ਖੇਡਦਾ ਤੂੰ ਮੈਂਡੇ ਨਾਲ ਹਭਨੀਂ ਥਾਈਂ, ਪਰ ਮੈਂ ਤੈਨੂੰ ਨਾ ਪਹਿਚਾਣਦਾ—ਹਾਂ ਪਰ ਤੂੰ ਅੰਗ ਸੰਗ, ਕਦੇ ਨਾ ਵਿਛੜਦਾ, ਤੈਂਡਾ ਦਿਤਾ ਖਾਂਵਦਾ!

ਪਰ ਓਇ ਬਹੁ ਰੂਪੀਆ ਬਾਬਾ, ਤੈਂਡੀ ਓਹ ਖੇਡ ਮੈਨੂੰ ਸਭ ਤੋਂ ਚੰਗੀ ਲਗਦੀ ਉ, ਜਦ ਮੈਂ ਨੱਢਾ ਨਹੀਂ, ਬੁਢਾ ਨਹੀਂ। ਇਕ ਨਵਾਂ ਜਨਮ ਧਾਰਦਾ, ਜਦ ਤੂੰ 'ਪਵਣੇ' ਮੈਂਡਾ ਗੁਰੂ ਬਣ ਅਡਿੱਠ ਦੇ ਸੱਦੇ ਦੇਨੀਂ ਏਂ, ਜਦ 'ਪਾਣੀ' ਮੈਂਡਾ ਪਿਤਾ, ਤੇ ਮਾਤਾ ਮੈਂਡੀ ਏ ਵਡੀ ਧਰਤੀ, ਧਰਤ ਮਹੱਤ ਬਣ ਜਾਂਦੀ ਉ। ਹਾਂ ਜਦ

ਦਿਵਸ ਰਾਤ ਮੈਂਡੇ ਦੋਏ ਦਾਈ ਦਾਇਆ ਬਣ ਜਾਂਦੇ ਨੇ, ਤੇ ਫਿਰ ਮੈਂ ਗੁਜ਼ਰਣ ਵਾਲੇ ਮਾਤਾ ਪਿਤਾ ਛਡ ਵਡੇ ਮਾਪੇ ਜਾ ਢੂੰਢਦਾ ਆਂ।

ਓ ਬਹੁਰੂਪੀਆ ! ਹੁਣ ਤਾਂ ਤੂੰ ਆਪਣਾ ਬਾਵਨ ਰੂਪ ਦਸ, ਮੈਂ ਆਖਨਾਂ ਹਾਂ, ਤੇ ਤੂੰ ਆਖਨਾ ਏਂ ਕਾਲੇ ਹਨੇਰੇ ਵਿਚ ਛਿਪ ਕੇ ਹੋਰ ਲੱਭ। ਫਿਰ ਮੈਂ ਮਾਤਾ ਮਹੱਤ-ਜਾਇਆ, ਤੈਨੂੰ ਅਰਸ਼ ਵਿਚ ਲਭਨਾ ਵਾਂ ਕੋਈ ਅਨੋਖੜਾ ਕਾਰਤਕ, ਨੂਰਖਿੱਟੀ (The Heavenly Pleiades) ਦਾ ਨੂਰ ਪੁਤ. ਤੇ ਆਪਣੇ ਨੂਰੋਂ ਨੂਰੀ ਤੀਰਾਂ ਨਾਲ ਵਿਨ੍ਹ ਛਡਣਾ ਏਂ, 'ਤਾਰਕਾ' (ਅਗਿਆਨ) ਡੈਣ (The Chaos Hag) ਦਾ ਕਾਲਾ ਦਿਲ, ਫਿਰ ਵੇਹਨਾ ਈਂ ਓ ਚਾਨਣਾ, ਜੋ ਦਹ ਦਿਸਾ ਵਿਚ ਏ ਪਸਰਿਆ, ਓ ਮੇਰੇ ਬਾਵਨ ਰਾਇਆ, ਹੁਣ ਚੰਦਰਮਾ, ਪੁੱਨਿਆਂ ਦਾ 'ਚੰਦ੍ਰਮਾ' ਬਣ ਚੜ੍ਹ ਆਇਆ...... ਓ ਓ ਓ, ਮੈਂ ਲੱਧਾ, ਮੈਂ ਲੱਧਾ, ਮੈਂਡਾ ਚੰਨ, ਮੰਡਾ ਲਾਲਣ, ਮੈਂਡਾ ਰਾਂਝਣ, ਮੈਂਡਾ ਬਹੁਰੂਪੀਆ ਬਾਵਨ, ਬਹੁ ਖੇਡਾਂ ਖਿਡਾਵਣ ਵਾਲੜਾ, ਓ ਮੈਂ ਲੱਧਾ, ਮੈਂ ਲੱਧਾ !!!

ਪਰ ਤਾਂ ਲਧਾ ਜੇ ਤੂ ਆਪ ਵਿਖਾਇਆ, ਮੈਂਡੇ ਪਾਂਧਿਆ, ਓ ਆਦਿ-ਗੁਰੂਆ ! ਓਇ ਤਾਂ ਲੱਧਾ ਜੇ ਤੂੰ ਆਪਣੀ ਮੇਹਰ ਦੀ ਸਵੱਲੀ ਨਜ਼ਰ, ਮੈਂ ਵਲ ਸੁੱਟੀ ! ਓ ਨਦਰੀ ਨਦਰ ਨਿਹਾਲ, ਤੂੰ ਹਰ ਥਾਂ, ਹਰ ਨਾਂ, ਮੈਂਡੇ ਹਰ ਵੇਸ-ਚੋਰਾਸੜੇ* ਵਿਚ ਤੂੰ ਅੰਗ ਸੰਗ, ਤੂੰ ਨਾਲ-ਨਾਲ ਹੀ ਨਹੀਂ ਮੈਂਡੇ ਅਪੇ ਦਾ ਆਪਾ, ਮੈਂਡੀ ਜੀਭ ਦੀ ਜੀਭ, ਮੈਂਡੀ ਅੱਖ ਦੀ ਅੱਖ, ਮੈਂਡੇ ਕੰਨ ਦਾ ਕੰਨ, ਮੈਂਡੀਆਂ ਲੱਤਾਂ ਬਾਹਾਂ ਦੀਆਂ ਲੱਤਾਂ-ਬਾਹਾਂ, ਮੈਂਡਾ ਦਿਲ ਦਾ ਧੜਕਦਾ ਲਹੂ, ਮੈਂਡੇ,ਪ੍ਰਾਣਾਂ ਦਾ ਪ੍ਰਾਣ, ਓਇ ਮੈਂਡਾ ਪ੍ਰਾਨ ਆਧਾਰ!

---

*ਚੌਰਾਸੀ ਵਾਲੇ ਸਾਰੇ ਜਨਮਾਂ ਵਿਚ।

"ਹੇ ਸੰਗੀ, ਹੇ ਨਿਰੰਕਾਰ, ਹੇ ਨਿਰਗੁਣ ਸਭ ਟੇਕ।
ਹੇ ਗੋਬਿੰਦ. ਹੇ ਗੁਣ ਨਿਧਾਨ, ਜਾਕੈ ਸਦਾ ਬਿਬੇਕ।
ਹੇ ਅਪਰੰਪਰ ਹਰਿ ਹਰੇ, ਹਹਿ ਭੀ ਹੋਵਨਹਾਰ।
ਹੇ ਸੰਤਹ ਕੈ ਸਦਾ ਸੰਗਿ, ਨਿਧਾਰਾ ਆਧਾਰ।"

(ਬਾਵਨ ਅਖਰੀ ਮਹਲਾ ੫)

ਓ ਸੰਗੀ! ਓ ਆੜੀ! ਓ ਸਖਾ! ਨਿਮਸਕਾਰ! ਓ ਗੁਰਦੇਵ! ਓ ਭੈ ਭੰਜਨ! *ਤਾਰਕਾ ਮੰਡਲ ਸਦਾ ਨਿਮਸਕਾਰ! ਪਰ ਹੇ ਬਾਲ-ਸਖਾ, ਮੈਨੂੰ ਤੈਂਡਾ ਅਜ ਓ ਰੂਪ ਮਨ-ਭਾਂਵਦਾ ਈ, ਜਿਸ ਵਿਚ ਤੂੰ ਮੈਂਡੇ ਤੋਂ ਭਿੰਨ ਨਹੀਂ। ਮੈਂਡਾ ਸਹੋਦਰਾ-ਨਹੀਂ, ਮੈਂਡਾ ਆਪਾ (My Own Self) "ਅੱਠੇ ਪਹਿਰ ਨਿਹਾਲਸਾਂ" ਵਾਲਾ 'ਆਪਾ' ਹੋ ਭਾਸਦਾ ਏ। ਓ ਆਪੇ ਦੇ ਆਪਿਆ! "ਆਪਸ ਕਉ ਆਪਹਿ ਆਦੇਸ"। ਤੂੰ ਸਚ ਖੰਡੀਂ ਵਸਨਾ ਏਂ (ਵਸੈ) ਓ ਆਕਾਰ ਰਹਿਤ 'ਆਪਿਆ' (ਨਿਰੰਕਾਰ), ਤੂੰ ਨਢਾ-ਬੇਢੀ ਬਣ, ਤ੍ਰਿਭਵਣ ਵਿਚ ਮੇਖਲੀ ਲਾ, ਤਾਣੀ ਤਣਦਾ ਏਂ (ਕਰਿ ਕਰਿ) ਓ ਆਪਿਆ ਤੂੰ ਫਿਰ ਆਪ ਓਹਨੂੰ ਵੇਹਨਾ ਏਂ ਓ ਰਾਖਿਆ। ਸਚੇ ਸੰਤੋਖੀਆ (ਵੇਖੈ); ਤੇ ਫਿਰ ਹਰ ਇਕ ਦੇ ਅੰਗ ਸੰਗ ਹੋ, ਓਹਨਾਂ ਨੂੰ ਆਪਣੀ ਨਦਰ ਨਾਲ ਨਿਹਾਲ ਕਰਨਾ ਏਂ (ਨਦਰਿ ਨਿਹਾਲ), ਓ ਆਪਣੇ ਆਪਿਆ! ਓ ਮੈਂ ਤੈਂ ਦੇ ਸਾਂਝੇ, ਪਰ ਮੈਂ ਤੈਂ ਰਹਿਤ ਆਪਿਆ!

"ਸਚ ਖੰਡ ਵਸੈ ਨਿਰੰਕਾਰ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥"

੫.

ਓ ਆਦਿ ਅੰਤ ਤੋਂ ਰਹਿਤ ਨਿਰੰਕਾਰਾ, ਜਿਥੇ ਤੂੰ ਅੰਤ ਹੀਣ

---

*ਤਾਰਕਾ = ਗਿਆਨ।

ਏਂ, ਓਥੇ ਤੇਂਡਾ 'ਘਾੜਾ' ਵੀ ਬੇਅੰਤ ਏ! ਜਿਹਾ ਪਿਤਾ ਤੇਹਾ ਪੁੱਤ। ਜਿਹਾ ਕਾਦਰ ਤਿਹੀ ਤੈਂਡੀ ਕੁਦਰਤ। ਤੂੰ ਅਨਤ ਓ ਬਿਅੰਤ, ਤੂ ਆਦਿ ਜੁਗਾਦਿ, ਓ ਅਨਾਦੀ, ਤੂ ਆਦਿ ਅਨੀਲ, ਅਨਾਦ-ਅਨਾਹਤ, ਓ ਆਹਤ-ਪਰ ਅਨਾਹਤ! ਓ ਕੀਕਣ ? ਅਨਿਕ ਉਤਪਤ, ਏਹ ਤੈਂਡੇ ਅੱਖ ਦੇ ਝਲਕਾਰੇ ਨੇ ਓ ਕਾਦਰਾ! ਹਰ ਪਰਲੋ ਤੇ ਸ੍ਰਿਸ਼ਟੀ ਸਉਂ ਜਾਂਦੀ ਏ। ਤੈਂ ਵਿਚ ਸਮਾ ਜਾਂਦੀ ਏ, ਪਰ ਫਿਰ ਅੱਖ ਝਮਕਣ ਤੇ ਫਿਰ ਤਿਆਰ ਬਰ ਤਿਆਰ, ਇਸ ਆਦਿ ਦਾ ਪਿੱਛਾ ਕੋਈ ਪਿਛਲਾ ਅੰਤ ਸੀ ਤੇ ਉਸ ਦਾ ਪਿਛਲਗ।-ਪਰ ਸਭ ਦਾ ਤੈਂ ਵਾਂਙ ਨਾ ਆਦਿ ਤੇ ਨ ਅੰਤ। ਭਲਾ ਗੋੜ੍ਹ ਖੂਹ ਦੀ ਮਾਹਲ ਦਾ ਕੀ ਆਦਿ-ਅੰਤ ? ਜੇਹਾ ਤੂ ਤੇਹਾ ਤੇਂਡੀ ਆਪਸੀ ਵਿਚ ਤੈਂਡਾ ਪਰਛਾਵਾਂ। ਓ ਲੀਲ੍ਹਾ ਰਚਣ ਵਾਲਿਆ! ਤੂੰ ਨਿਰਾਕਾਰ, ਤੈਂਡੀ ਆਰਸੀ ਤੈਂਡਾ ਨਿਰੰਜਨੀ ਨਾਮ, ਤੈਂਡੀ ਕੁਦਰਤ ਤੈਂਡਾ ਪਰਛਾਵਾਂ, ਪਰ ਨਿਰਾਕਾਰ ਦਾ ਆਕਾਰ, ਪਰਛਾਵਾਂ ਕਿਉਂ ? ਗੋਰੇ ਦਾ ਕਾਲਾ ਪਰਛਾਵਾਂ ਕੀਕਣ ? ਮੈਂਡਾ ਮੂੰਹ ਸੜੇ ਜੋ ਤੈਂਡੇ ਪਰਛਾਵੇਂ ਨੂੰ ਕਾਲਾ ਆਖੇ :—

"ਤੂ ਅਚਰਜ ਕੁਦਰਤਿ ਤੇਰੀ ਬਿਸਮਾ।"

(ਵਡਹੰਸ ਮ: ੫)

ਓ ਵਿਸ਼ਾਲ ਘੇਰੇ ਵਾਲਿਆ, ਤੂੰ ਆਪ ਈ ਏਂ ਸਭ ਕੁਝ ਆਪੇ ਆਪ। ਤੈਂਡਾ ਦਿਲ ਓ ਨਾਮ ਨਿਰਕਾਰੀ, ਤੈਂਡਾ ਧੜ ਏ ਕੋਟ-ਬ੍ਰਹਿਮੰਡ, ਤੈਂਡੀਆਂ ਲੱਤਾਂ ਬਾਹਾਂ-ਕੋਟ ਸ਼ਕਤੀਆਂ, ਤੈਂਡੀ ਰਸਨਾ—ਕੋਟ ਰਾਗਨੀਆਂ! ਤੈਂਡੇ ਨੈਣ-ਕੋਟ ਚੰਨ ਸੂਰਜ ਤੇ ਗੈਣਾਰੇ, ਤੈਂਡੇ ਕੇਸ ਨੇ ਓ ਕੇਸਵਾ-ਨਾਮ ਨੂਰ ਦੀਆਂ ਕਿਰਨਾਂ। ਓ ਵਿਸ਼ਵ ਰੂਪਾ (Vishwarupa--Omniform) ਤੂੰ ਏਂ ਵੇਂ ਸੂਖਮ,

ਤੂੰ ਏਂ ਵੇਂ ਸਥੂਲ—

"ਤੂੰ *ਪੇਡੁ ਸਾਖਾ ਤੇਰੀ ਫੂਲੀ ॥
ਤੂੰ ਸੂਖਮ ਹੋਆ ਅਸਥੂਲੀ ॥
ਤੂੰ ਜਲ ਨਿਧਿ ਤੂੰ **ਫੇਨੁ ਬੁਦਬੁਦਾ,
ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥

ਤੂੰ ਸੂਤ ਮਣੀਏ ਭੀ ਤੂੰਹੈ,
ਤੂੰ ਗੰਠੀ ਮੇਰੁ ਸਿਰ ਤੂੰ ਹੈ ॥
ਆਦਿ ਅੰਤੁ ਮਧਿ ਪ੍ਰਭ ਸੋਈ,
ਅਵਰੁ ਨ ਕੋਈ ਦਿਖਾਲੀਐ ਜੀਉ ॥
ਤੂੰ ਨਿਰਗੁਣ ਸਰਗੁਣ ਸੁਖਦਾਤਾ,
ਤੂੰ ਨਿਰਬਾਨ ਰਸੀਆ ਰੰਗ ਰਾਤਾ ॥
ਅਪਣੇ ਕਰਤਬ ਆਪਹਿ ਜਾਣਹਿ,
ਆਪੇ ਤੁਧੁ ਸਮਾਲੀਐ ਜੀਉ ॥
ਤੂੰ ਠਾਕੁਰ ਸੇਵਕੁ ਫੁਨਿ ਆਪੇ,
ਤੂੰ ਗੁਪਤ ਪਰਗਟ ਪ੍ਰਭ ਆਪੇ।
ਨਾਨਕ ਦਾਸ ਸਦਾ ਗੁਣ ਗਾਵੈ,
ਇਕ ਭੋਰੀ ਨਦਰਿ ਨਿਹਾਲੀਐ ਜੀਉ ॥

(ਮਾਝ ਮ: ੫)

ਓ ਗੁਪਤ ਪ੍ਰਗਟ ਪੁਰਖਾ, ਪੂਰਨ ਪੁਰਖ (Perfect being) ਤੂੰ ਏਂ। ਤੇ ਏਹ ਜੋ ਕੁਝ ਏ, ਏਹ ਤੇਰਾ ਈ ਰੂਪ ਏ, ਤੈਂਡਾ ਵਿਸ਼ਾਲ ਰੂਪ, ਓ ਪਰੀਪੂਰਨ ਪੁਰਖਾ, ਕੋਟ ਬ੍ਰਹਿਮੰਡ ਤੈਂਡੀ ਟਕਸਾਲ ਆਖਾਂ

---

*ਪੇੜ (ਬੂਟਾ) ਆਦਿ, ਬੂਟਾ ਕਲਪਤਰੁ।

**ਝਗ ਦਾ ਬਣਿਆ ਬੁਲਬੁਲਾ।

ਕਿ ਤੇਂਡਾ ਧੜ ਆਖਾਂ ? ਪਰ ਕੀਕਣ ਆਖਾਂ ? ਓਸਦਾ ਮੂੰਹ ਸਿਰ ਧੜ-ਜਿਸ ਦਾ ਕੋਈ ਆਕਾਰ ਨਹੀਂ, ਕੀਕਣ ਆਖਾਂ ਕੋਟ ! ਓਸ ਦਾ ਪਸਾਰਾ, ਜੋ ਕਥਨੀ ਬਦਨੀ ਤੋਂ ਬਾਹਰ ਏ, ਅਸੰਖ ਵਾਰ ਆਖਿਆ ਵੀ ਜੋ ਨਹੀਂ ਅਖੀਂਦਾ, ਓ ਵਿਸ਼ਵਰੂਪਾ ਤੂੰ ਬਅੰਤ— ਬੇਸ਼ੁਮਾਰ ਏਂ ਪਰ ਓ ਨਦਰੀ ਨਦਰਿ ਨਿਹਾਲ, ਤੇਂਡਾ ਅਜ ਮੈਨੂੰ ਓਹ ਰੂਪ ਅਤੀ ਲੁਭਾਵਣਾ ਲਗਦਾ ਹੈ, ਜੋ ਇਹ ਸਭ ਕੁਝ ਹੁੰਦਿਆਂ ਵੀ ਕੁਝ ਨਹੀਂ, ਕਿਉਂਕਿ ਤੂੰ ਏਂ ਨਿਰ-ਅਕਾਰ, ਨਿਰੰਕਾਰ ਓ ਸਚਖੰਡ ਵਸਿਆ ਨਿਰੰਕਾਰਾ !

ਓ ਨਿਰੰਕਾਰ, ਤੂੰ ਏਸ ਵਿਸ਼ਵ ਵਿਚ ਕੁਝ ਇੰਞ ਵਸਨਾ ਵੇਂ ਜੀਕਣ ਮੇਂਡਾ ਜਿੰਦ। ਓ ਆਤਮ ਰਾਮ, ਵਸਨਾ ਵੇਂ ਪਰ ਪਰੇਡਾ, ਪਤਲਾ, ਸੂਖਮ, ਨਿਰਾਹਾਰ, ਨਿਰਬਿਕਾਰ, ਨਿਰਲੇਪ, ਨਿਰੰਜਨ, ਪੂਰਨ, ਪਰੀਪੂਰਨ, ਸਰਬ ਸਾਂਝਾ, ਪਰ ਫਿਰ ਵੀ ਜੜ-ਸਰੀਰ ਤੋਂ ਓਪਰਾ। ਓ ਜਗਤ ਦੀ ਜਿੰਦੇ ! ਓ ਜਗਜੀਵਨ, ਤੂੰ ਜੀਵੇਂ ਤਾਂ ਸਭ ਕਈ ਜੀਵੇ, ਅਜ ਮੈਨੂੰ ਤੇਂਡਾ ਓਹ ਰੂਪ ਲੁਭਾਂਵਦਾ ਈ ਜੋ ਵੇ ਜਗ ਜੀਵਨ ! ਓ ਨਿਰਆਕਾਰਾ, ਤੂੰ ਚੰਨਾਂ ਦਾ ਚੰਨ ਏਂ, ਸੂਰਜਾਂ ਦਾ ਸੂਰਜ, ਕੋਟ ਬ੍ਰਹਮੰਡਾਂ ਦਾ ਬ੍ਰਹਮ, ਬ੍ਰਹਮਾ ਵਿਸ਼ਨ ਮਹੇਸ਼। ਪਰ ਅਜ ਮੈਨੂੰ ਤੇਂਡਾ ਓਹ ਰੂਪ ਲੁਭਾਂਵਦਾ ਈ ਜਿਸ ਵਿਚ ਤੂੰ ਏਂ ਆਦਿ ਅਦਿਤ (Eternity) ਕਾਲ ਅਕਾਲ (Timeless time) ਓ ਅਕਾਲ ਪੁਰਖਾ, ਓ ਜਿੰਦ ਜੋਤੇ, ਓ ਰੂਹ ਰੁਹਾਨ, ਓ ਆਤਮਾ-ਸਰਬ ਆਤਮਾ, ਓ ਸੂਖਮਾ, ਅਜ ਮੈਨੂੰ ਤੇਂਡਾ ਓਹ ਰੂਪ ਲੁਭਾਂਵਦਾ ਈ ਜਿਸ ਵਿਚ ਤੂੰ ਏਂ ਮਤ ਆਤਮਾ ਸਰਬ ਮਾਲਾ ਦਾ ਸਾਂਝਾ ਸੂਤਰ। ਓ ਪ੍ਰਗਟਾ-ਪਜ-ਗੁਪਤਾ ਓ ਓਅੰਕਾਰ ਪਰ ਨਿਰੰਕਾਰ, ਓ ਸਚਖੰਡ ਵਸਿਆ ਨਿਰੰਕਾਰ—

'ਆਪਸ ਕਉ ਆਪੇ ਆਦੇਸ'

ਓ "ਆਦਿ ਅਨੀਲ ਅਨਾਦਿ ਅਨਾਹਿਤ ਜੁਗੁ ਜੁਗ ਏਕੋ ਵੇਸ।" ਧੰਨ ਧੰਨ ! ਓ ਵਿਸ਼ਵਰੂਪਾ, ਤੂੰ ਹਭ ਕਈਂ ਨੂੰ ਵੇਖਨਾ ਏਂ ਪਰ ਤੈਨੂੰ ਕੋਈ ਨਹੀਂ ਊ ਵੇਖਦਾ—

"ਓਹ ਵੇਖੈ ਓਨਾ ਨਦਰਿ ਨਾ ਆਵੈ
ਬਹੁਤਾ ਏਹੁ ਵਿਡਾਣੁ।"

ਹਾਂ ਇਹ ਵਚਿਤਰ ਲੀਲ੍ਹਾ ਕਰਦੇ ਨੂੰ ਕੋਈ ਹਰਤਾ ਕੋਈ ਕਰਤਾ, ਕੋਈ ਏਹ, ਕੋਈ ਓਹ, ਕਰਕੇ ਪੂਜਦਾ ਈ। ਓ ਬਹੁ ਰੂਪੀਆ, ਪਰ ਮੈਂ ਡਿੱਠਾ ਈ ਤੈਂਡਾ ਏਕੰਕਾਰ ਰੂਪ—ਇਕ ਪਰ ਅਕਹਿ ਇਕ—ਫਿਰ ਇਕ ਵੀ ਨਾ, ਸੁੰਨੋ ਸੁੰਨ ਮਸੁੰਨ—ਫੇਰ ਸੁੰਨ ਵੀ ਨਾਂਹ, ਨਿਰਅਕਾਰ, ਨੇਤ ਨਤ ਨਿਰੰਕਾਰ, ਓ ਸਚਖੰਡ ਵਸਿਆ ਨਿਰੰਕਾਰ !

੬

ਪਰ ਹੇ ਨਿਰੰਕਾਰ, ਤੂੰ ਆਪੂ ਕਦੀ ਸੂਰਜ ਬਣ ਚੜ੍ਹਦਾ ਏਂ, ਏਸ ਆਕਾਸ਼ ਤੇ, ਜਦ ਰਾਤ ਨੂੰ ਚਲਾ ਜਾਂਵਦਾ ਏਂ ਤਾਂ ਆਪਣੇ ਕੋਟ—ਕੋਟਾਨ ਦੀਵਿਆਂ ਗੈਣਾਰਿਆਂ ਵਿਚ ਬਾਲ ਜਾਨਾ ਏਂ। ਓਹ ਬੇਅੰਤ ਤਾਰੇ ਨ ਗਿਣੇ ਜਾਣ ਵਾਲੇ ਗੈਣਾਰੇ ਭਾਵੇਂ ਬੇਅੰਤ ਨੇ, ਪਰ ਤੈਂਡੇ ਕੋਲੋਂ ਘਟ ਬੇਅੰਤ। ਸੁ ਕੁਝ ਇੰਞ ਹੀ ਭਾਵੇਂ ਏਹ ਕੁਦਰਤ ਤੈਂਡੇ ਵਾਂਗ ਬਅੰਤ ਏ—

"ਜੇ ਕੋ ਕਥੈ ਤ ਅੰਤ ਨ ਅੰਤੁ"

ਪਰ ਤੈਂਡੇ ਕੋਲੋਂ ਕਦੀ ਗੁਣਾਂ, ਸਹੰਸਰ ਗੁਣਾਂ, ਅਕਿਹ ਗੁਣਾਂ, ਘਟ ਬਅੰਤ। ਓ ਕੁਦਰਤ ਭਾਵੇਂ ਬੇਅੰਤ ਏ ਪਰ ਕਾਲ ਵਾਂਗ ਲੰਮ—ਸਲੰਮੀ ਬੇਅੰਤ, ਪਰ ਤੂੰ ਵੇਂ ਅਨੰਤ ਓਸ ਸ਼ੇਸ਼ਨਾਗ ਵਾਂਗ ਜਿਸ ਨੇ ਆਪਣੀ ਪੂਛ ਆਪਣੇ ਮੂੰਹ ਵਿਚ ਈ

ਪਾਈ ਹੋਈ ਏ ।[1]

ਓ ਬੇਅੰਤ ਏ ਕਾਲ ਵਿਚ, ਤੂੰ ਵੇਂ ਬੇਅੰਤ ਅਕਾਲ ਵਿਚ, ਓਹ ਬੇਅੰਤ (Infinit) ਪਰ ਤੂੰ ਵੇਂ, ਨਿਰ ਅੰਤਰ, ਨਿਰੰਤਰ ਨਿਰੰਕਾਰ (Eternal) ਓ ਕਾਲ–ਦੇਸ਼–ਅੰਤਰੇ ਤੋਂ ਪਰੇ ਅਕਾਲ, ਮੈਂ ਕੀਕਣ ਤੈਂਡੀ ਸ਼ਕਲ ਬੰਨ੍ਹਾਂ ।

"ਨਾਨਕ ਕਥਨਾ ਕਰੜਾ ਸਾਰ"

ਏਸ ਸਾਰ, ਏਸ ਤੱਤ–ਸੱਤ, ਏਸ ਸਾਰਵਸਤ, ਗੁੱਝੜੇ ਭੇਦ ਨੂੰ ਓਹ ਈ ਜਾਣਦੇ ਨੇ ਜਿੰਨ੍ਹਾਂ ਨੇ ਏਸ ਗੁੰਝਲ ਨੂੰ ਆਪਣੀ ਅੱਖ ਨਾਲ ਆਪ ਖੁਲ੍ਹਦਾ ਡਿੱਠਾ ਵੇ, ਏਸ ਅੱਖ ਨਾਲ ਨਹੀਂ ਬਿਅੰਨ ਨੈਣਾਂ ਨਾਲ–ਜੋ ਨਿਰੰਕਾਰ ਨੂੰ ਆਪ ਵੇਂਹਦੀਆਂ ਨੇ । ਓ ਅੱਖੋ ! ਵੇਖਨੀਆਂ ਓ ਉਸ ਭੁਲ ਭੁਲਾਇੜੇ ਦੇ ਵੇਸ ਨੂੰ ਪਰ ਕਿਉਂ ਨਹੀਂ ਅੱਖ-ਮਟੱਕੇ ਨਾਲ ਦਸਦੀਆਂ ? ਓ ਬੇਅੰਨ ਕੰਨ, ਤੁਸੀਂ ਸੁਣਦੇ ਓ ਓਸ ਰੁਨ ਝੁਝਨੜੇ ਦਾ ਰੁਣ ਝੁਝਨੜਾ । ਪਰ ਕਿਉਂ ਨਹੀਂ ਅਲਾਉਂਦੇ ? ਓ ਰਸਨਾ, ਓ ਜਿਹਵਾ ! ਅੱਲਾ ਨਾ ਓਸ ਨਿਰੰਤਰ ਨਿਰੰਕਾਰ ਦਾ ਰੂਪ–ਹਾਂ ਅੱਲਾ ਅੱਲਾ ਓ ਤੋਤਲੀ, ਓ ਥੋਥਰੀ ਰਸਨਾ, ਅੱਲਾ-ਅੱਲਾ-ਅੱਲਾ–

"ਜਿਨਿ ਚਾਖਿਆ ਤਿਨਿ ਸਾਦੁ ਆਇਆ,
ਬਿਨੁ ਚਾਖੇ ਭਰਮਿ ਭੁਲਾਇ ।
ਅੰਮ੍ਰਿਤ ਸਾਚਾ 'ਨਾਮੁ' ਹੈ,
ਕਹਣਾ ਕਛੂ ਨ ਜਾਇ ।"

(ਸਿਰੀ ਰਾਗੁ ਮ: ੩)

---

੧. ਵੇਖੋ ਕਾਲ ਅਕਾਲ ਵਿਚ ਫ਼ਰਕ 'ਆਤਮ' ਦਰਸ਼ਨ ਵਿਚ ।

ਹਾਂ—'ਕਹਿਣਾ ਕਛੂ ਨਾ ਜਾਇ' ! ਓਇ ਰਸਨੇ ! ਅਲਾ ਨਾ, ਨਿਰੰਤਰ ਨਿਰੰਕਾਰ ਦਾ ਰੂਪ......

"ਬੈਣ ਅਲਾਉਣ ਥੋਥਰੇ"

ਮੈਂ ਕੀਕਣ ਅਲਾਵਾਂ ਥੋਥੇ ਖੁੱਖੇ ਅੱਖਰਾਂ ਨਾਲ ਨਿਰਅਖਰੇ ਦੇ ਕੌਤਕ ?

"ਨਾਨਕ ਕਥਨਾ ਕਰੜਾ ਸਾਰ ।"

੭

ਕਥਨਾ ਕਰੜਾ ਏ ਸਾਰੁ-ਤਤ ਦਾ ਸੱਚ ! ਪਰ ਏਹ ਮੈਂ ਜਾਣਨਾ ਊਂ ਓ ਆਪਣ-ਆਪਿਆ । ਓ ਨਿਰੰਤਰ ਨਿਰੰਕਾਰ ! ਤੂੰ ਵੱਂ ਭਾਵੇਂ ਕਿਧਰੇ ਲੁਕਿਆ ਬੈਠਿਆ, ਪਰ ਤੂੰ ਆਪ ਵੇਖਣਾ ਏਂ ਸਭ ਵਣ ਤ੍ਰਿਣ ਨੂੰ, ਦਹ ਦਿਸਾਂ ਨੂੰ, ਭੂਤ ਭਵਾਮ ਨੂੰ—ਹਾਂ ਹਰ ਕਾਸੇ ਨੂੰ, ਤੂੰ ਤਾੜਨਾ ਏਂ (ਵੇਖੈ), ਜੋ ਕੁਝ ਹੈ ਓਹ ਤੈਂਡੀ ਸਝੀ ਵਿਚ ਹੈ, ਤੈਂਡੀ ਜਾਣ ਪਹਿਚਾਣ ਵਿਚ ਹੈ, ਤੇ ਜੋ ਕਲਾ ਫਿਰਦੀ ਹੈ ਤੈਂਡੀ ਹੀ ਭਵਾਈ ਹੋਈ ਹੈ । ਤੂੰ ਸਾਡੀਆਂ ਸਭ ਦੀਆਂ ਕਰਨੀਆਂ ਵਾਚਨਾ ਵੇਂ (ਕਰੈ ਵੀਚਾਰੁ) ਤੇ ਇੰਝ ਨਿਤ ਨਿਤ ਸਾਨੂੰ ਵੇਹਨਾਂ ਏਂ ਆਦਿ ਜੁਗਾਦਿ ਤੋਂ, ਇੰਝ ਸਦ ਵੇਖਨਾ ਏਂ ਪਰ ਥਕਦਾ ਨਹੀਂ (ਵੇਖੈ—) Eternal seeing ਇੰਝ ਵਿਚਾਰਨਾ ਏਂ ਨਿਤ ਨਿਤ, ਪਰ ਅਕਦਾ ਨਹੀਂ (ਕਰੈ ਵੀਚਾਰੁ—Eternal Judgement) ਹਾਂ ਤੈਂਡਾ ਤਰੱਕੜ ਰੋਜ਼ ਚੜ੍ਹਿਆ ਏ, ਤੇ ਤੈਂਡੀ ਕਸਵੱਟੀ ਖਿਨ ਖਿਨ ਸਾਨੂੰ ਪਰਖੜੀ—ਕਿਸੇ ਅਖੀਰਲੇ ਦਿਨ, ਅਜੋਕੜੇ, ਕਿਆਮਤ ਵਾਲੇ ਦਿਨ ਨਹੀਂ—ਸਗੋਂ ਨਿਤ ਨਿਤ ਓਹ ਤਰੱਕੜ ਸਾਨੂੰ ਤੋਲਦਾ ਹੈ ਤੇ ਕਸਵੱਟੀ ਲਾਉਂਦਾ ਏ, ਓ ਨਿਤ ਜਾਗਦਿਆ ਨਿਰੰਤਰ ਨਿਰੰਕਾਰਾ !

"ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ ।"
ਸੂਹੀ ਵਾਰ ਮ: ੧)

ਹਾਂ ਉਸਦੇ ਦੀਵਾਨ ਵਿਚ ਜਿਸਦਾ ਦੀਵਾਨ ਅਭੱਗ, ਜਿਸ ਦਾ ਤਰੱਕੜ ਏ ਸਦ ਚੜ੍ਹਿਆ, ਜਿਸਦਾ ਕੁੰਡਾ ਏ ਚੋ ਕੁੰਟੀ !!

ਓ ਨਦਰੀ-ਨਦਰਿ-ਨਿਹਾਲ ! ਤੂੰ ਵੇਖ ਵੇਖ ਹਸਨਾ ਹੋਵੇਂਗਾ ਕਾਣ-ਸਾਡੀਆਂ ਖ਼ਾਮੀਆਂ, ਕਚੇਜ, ਤੇ. ਨੰਗੇਜ ਵੇਖਨਾ ਹੋਵੇਂਗਾ ਸਾਡੀਆਂ ਕਚਿਆਈਆਂ ?-ਪਰ ਕੀ ਮਾਂ ਪੁੰਗਰੇ ਪੁੱਤ ਨੂੰ ਨੰਗਾ ਕਰ ਨਹਾਇਆਂ ਸੰਗਦੀ ਏ ?-ਨਹੀਂ ! ਠੀਕਣ ਈ ਓ ਬਾਲਗੁਪਾਲਾ, ਤੂੰ ਸਾਡੇ ਕਚੇਜ ਨੰਗੇਜ ਤਕ ਕੇ ਨਹੀਂ ਸੰਗਦਾ-- ਸਗੋਂ ਵਧੇਰਾ ਹਸਨਾ ਵੇਂ ਆਪਣੇ ਕਰਤਵ ਆਪ ਵੇਖ ਕ, ਓ ਲੀਲਾਕਾਰਾ ! ਹਾਂ ਹਸਣਾ ਖੇਡਣਾ, ਲਾਡ ਲਡਾਉਣਾ ਕਦੀ ਨ ਅਕਣਾ, ਚੁੱਮਣਾ ਚਟਣਾ, ਵਿਖਾਣਾ ਸਿਖਾਣਾ ਤੇ ਫੇਰ ਆਪਣੇ ਗਲ ਲਾਣਾ, ਏਹ ਤੇਂਡਾ ਵਿਰਦ ਏ -ਓ ਆਣ-ਮੰਗਿਆ ਦਾਨ ਦੇਣ ਵਾਲਿਆ ! ਹਾਂ ਤੈਂਡਾ ਬਿਰਦ ਏ ਸੂਰਜਾ ਸਭ ਨੂੰ ਸੂਰਜ ਵਰਗਾ ਕਰਣਾ, ਇੰਝ ਕਰਦਿਆਂ ਤੇਨੂੰ ਕੋਈ ਖੇਚਲ ਨਹੀਂ, ਇੰਝ ਕਰਦਿਆਂ ਤੈਨੂੰ ਕੋਈ ਕਾਹਲ ਨਹੀਂ---ਓ ਗਹਿਰ ਗੰਭੀਰ, ਅਡੋਲ ਅਡੋਲ ਗੁਰੂਆ ! ਓ ਵਡ ਵਡੇ ਧੋਬੀਆ, ਸਾਡ ਕੂਲ ਮਲ ਧੋਣ ਵਾਲਿਆ ! ਹਾਂ ਤੂੰ ਸੰਗਦਾ ਨਹੀਂ, ਜਦ ਹਰਹਟ ਦੀ ਮਾਹਲ ਚਲਦੀ ਏ, ਚੋਰਾਸੀ ਚੱਕਰ, ਭੋ ਤੇ ਤੈਂਡਾ ਬਲਦ ਚਲਾਂਦਾ ਏ ਓਸ ਗੇੜੂ ਖੂਹ ਨੂੰ, ਤਾਂ ਓਸ ਵਗਦੇ ਖੂਹ ਵਿਚੋਂ ਉਠਦੀ ਏ ਮੋਹਨੀ-ਧੁਨੀ, ਤੇ ਓ ਰਾਗੀਆ, ਤੂੰ ਕੀਰਤਨ ਸੁਣ ਹੋਨਾ ਏਂ ਮਸਤ, ਮਸਤ ਅਲ ਮਸਤ ਕਲੰਦਰਾ, ਹਾਂ ਤੂੰ ਵੇਖਨਾਂ ਵੇਂ ਨਿਤ ਨਿਤ (ਵੇਖੈ) ਵਿਚਾਰਨਾ ਵੇਂ, ਸਾਨੂੰ ਨਵ੍ਹਾਲਨਾ ਵੇਂ ਸਵਾਰਨਾ ਨਿਤ ਨਿਤ (ਕਰੈ ਵੀਚਾਰ) ਪਰ ਏਹ ਸਭ ਕੁਝ ਤੈਂਡੀ ਨਿਹਾਲਵੀਂ

ਨਦਰ ਨਾਰਵੀਂ ਨਦਰ,-ਨਦਰ-ਓ ਹਸਦਿਆਂ ਖੇਡਦਿਆਂ ਵਿਗਸਦਿਆ ਨਿਰੰਤਰ ਨਿਰੰਕਾਰਾ ! ਹਾਂ ਤੂੰ ਗੁਟਕਨਾ ਵੇਂ, ਹਾਂ ਤੂੰ ਅਨੰਦ-ਮੰਗਲ ਸਦ ਵਿਗਸਨਾ ਵੇਂ, ਓ ਸਦ-ਵਿਗਸੰਦ ਦਾਨਿਆਂ, (ਵਿਗਸੈ) ! ਓ ਦਾਨਾ ਬੀਨਾ, ਓ ਗੁਰ, ਓ ਪਿਤਾ, ਓ ਕਰਣ ਓ ਕਾਰਣ ।

"ਓਹ ਅਡੋਲ ਕਦੇ ਡਲੈ ਨਾਹੀਂ ।"

ਓ ਅਨੰਦੀ—ਤੂੰ ਏਂ ਸਚਦਾਨੰਦ ! ਤੂੰ ਜਦ ਵੇਖਦਾ ਏਂ ਨਿਤ ਨਿਤ, ਤਾਂ ਏ 'ਸਤ' ਹਾਂ ਵੇਖਣਾਂ 'ਸਾਚੇ ਦੀ ਸਾਚੀ ਕਾਰ' ! ਤੂੰ ਜਦ ਵੇਖ ਵੇਖ, ਚੁੱਮਚੱਟ, ਪ ਲ ਪੜ੍ਹਾ ਆਪਣੇ ਵਤ ਕਰਨਾ ਏਂ; ਤਾਂ ਤੂੰ ਏਂ ਅਨੰਦੀ 'ਅਨੰਦ'-ਓ ਸਚਦਾਨੰਦ, ਓ ਸਦੀਵ ਵੇਖ ਵਿਚਾਰ ਵਿਗਸਣ ਵਾਲਿਆ, ਤੂੰ ਪੂਰਾ, ਤੂੰ ਪੂਰਾ, ਤੂੰ ਪੂਰਾ ।

੮

ਓ ਵਿਗਸੜਿਆ—ਨਿਰੰਕਾਰਾ ! ਤੂੰ ਵੇਹਨਾ ਏਂ ਪਰ ਕਾਹਨੂੰ ! ਜਿਥੇ ਤੂੰ ਵਸਨਾ ਏਂ ਓਥੇ ਅੰਧਿਆਰ ਨਹੀਂ, ਤਾਰਕਾ ਨਹੀਂ, ਅਗਿਆਨ ਨਹੀਂ, ਫਿਰ ਕਾਸਨੂੰ ਵੇਹਨਾ ਏਂ ? ਹਾਂ ਤੈਂ ਵਿਚ ਦੀਦ ਵੇ, ਪਰ ਕੋਈ ਨਹੀਂ, ਕਿਉਂਕਿ ਜਿਸਨੂੰ ਤੂੰ ਵੇਹਨਾ ਏਂ ਓਹ ਤੈਂਡੇ ਤੋਂ ਭਿੰਨ ਨਹੀਂ, ਤੂੰ (Subject) ਭਿੰਨ ਨਹੀਂ, ਤੇ ਦ੍ਰਿਸ਼ (Object) ਭਿੰਨ ਨਹੀਂ ਵੇਖਣਾ ਭਿੰਨ ਨਹੀਂ—ਏਹ ਗਿਆਨ ਗਿਆਤਾ ਤੇ ਗਯੇਜ ਏਹ ਤੈਂਡੇ ਏਕ ਵਿਚ ਸਮਾਏ ਹੋਏ ਨੇ । ਓ ਇਕੋ ਇਕ ਏਕੰਕਾਰ ! ਜੀਕਣ ਮੈਂ ਸੁਫਨੇ ਵੇਲੇ ਵੇਖਣਾ ਊਂ, ਆਪਣੇ ਈ ਕਲਪਤ ਕਲਪਣੇ, ਤੇ ਓਹ ਮੈਂ ਭਿੰਨ ਨਹੀਂ, ਸੁ ਕੁਝ ਇਝ ਹੀ ਤੈਂਡੀ ਸ੍ਰਿਸ਼ਟੀ, ਤੈਂਡੀ ਕਲਪਣਾ ਵੇ, ਪਰ ਤੈਂ ਤੋਂ ਭਿੰਨ ਨਹੀਂ । ਓ ਕਲਪਣਾ, ਓ ਸਚੀਏ ਕਲਪਣਾ ! ਤੂੰ ਮੈਂ

ਵਿਚ ਤੇ ਮੈਂ ਤੈਂ ਵਿਚ, ਮੈਂਡੇ ਆਤਮਾ ਵਿਚ । ਓ ਜਿੰਦੇ,ਓ ਚੇਤਨ ਜਿੰਦੇ, ਤੈਂਡੇ ਆਤਮ ਰਾਮ ਵਿਚ ਨੇ ਕਲਪਣੇ ਭਖਦੇ ਜੇਗਿਆ-ਰਿਆਂ ਵਾਂਗ, ਜੁਗਨੂਆਂ ਵਾਂਗ ਜਗ ਮਗ ਜਗ ਮਗ ਕਰਦੇ, ਪਰ ਓ ਕਲਪਣੇ ! ਤੈਂ ਤੋਂ ਭਿੰਨ ਨਹੀਂ-ਓਹ ਨੇ ਵਗਦੇ, ਵਹਿੰਦੇ, ਜਲਤਰੰਗ ਤੈਂਡੀ ਚੇਤਨੀ ਨਦੀ ਦੇ। ਓ ਮੈਂਡੇ ਮਨਾਂ, ਮੈਂਡੇ ਸੰਕਲਪ ਵਿਕਲਪ ਨੇ ਤੈਂਡੇ ਆਪਣੇ-ਓਹਨੇ ਚੇਤਨ, ਨਾ ਕਿ ਜੜ੍ਹ ! ਪਰ ਫੇਰ ਵੀ ਵੇਖ ਨਾ, ਓਹਨਾਂ ਬਗੈਰ ਮੇਰਾ ਮਨ ਏ ਸੁੱਨਾ । ਓ ਬੁਧੀਏ । ਵੇਖ ਨਾ-ਤੂੰ ਵੀ ਮੇਰੀ ਆਤਮ ਧੀ । ਤੂੰ ਵਿਚਾਰਨੀ ਏਂ ਚਿਤਵਣੇ ਤਾੜਦੀ ਏਂ, ਤੈਂਡੇ ਬਿਨਾ ਮੈਂਡਾ ਉਨਮਨ, ਸੁੰਨਾ ਏ-ਸੋ ਕੁਝ ਇੰਝ ਈ, ਓ ਨਿਰੰਤਰ ਨਿਰੰਕਾਰਾ ! ਓ ਵਿਸ਼ਵ 'ਜਿੰਦੇ, ਤੂੰ ਸੁਨ ਏਂ, ਏਨ੍ਹਾਂ ਚਿਤ ਤਰੰਗਾਂ ਬਿਨਾਂ (Ideas), ਹਾਂ ਹਾਂ ਡੈਂਡੀ ਜਿੰਦ ਜਾਨ ਨੇ, ਤੂੰ ਇਨ੍ਹਾਂ ਦੀ ਜਿੰਦ ਜਾਨ, ਪਰ ਚਿਤ ਤਰੰਗਾਂ (Ideas), ਹਨ ਤੂੰ ਵੀ ਖੜੀ, ਨਹੀਂ ਤਾਂ ਸੁੰਨ ਮਸੁੰਨ । ਓ ਨਿਰੰਕਾਰ ! ਤੈਂਡੇ ਚਿਤ ਤਰੰਗਾਂ ਵਿਚ ਨੇ 'ਖੰਡ ਮੰਡਲ ਬ੍ਰਹਮੰਡ ।' 'ਤਿਥੈ ਲੋਅ ਲੋਅ ਆਕਾਰ ।'' ਹਾਂ ਤੈਂਡੇ ਉਨਮਨ ਚਿਤਵਣਿਆਂ ਵਿਚ; ਜੋ ਵੇ ਅੰਦਰ ਤੇਰੇ ਅੰਦਰ, ਜੋ ਕਿ ਤੈਂਡੇ ਬਾਹਰ ਜੀਕਣ ਮੇਰ ਸੁਫਣੇ ਨੇ ਮੇਰੇ ਅੰਦਰ, ਨਾ ਕਿ ਮੇਰੇ ਬਾਹਰ । ਓ ਏਕਾ ਇਕ ਏਕੰਕਾਰਾ ! ਤੂੰ ਵੇਂ ਇਕ ਪਰ ਕਲਪਣਾ ਚਿਤ ਤਰੰਗ, ਵੇਖਦਾ, ਵਾਚਦਾ, ਵਿਗਸਦਾ ਨਿਤ ਨਿਤ—

ਓ ਚੇਤੰਨ, 'ਸਫੁਰਨ-ਫੁਰਨਿਆ ।
ਜਲਤਰੰਗ ਜਿਉ ਜਲਹਿ ਸਮਾਇਆ ।

---

੧. ਸਫੁਰਨ=ਸਫੁਟ 'ਨਾਮ' ।

ਤਿਉ ਜੋਤੀ ਸੰਗ ਜੋਤਿ ਮਿਲਾਇਆ ।
ਕਹੁ ਨਾਨਕ ਭ੍ਰਮ ਕਟੇ ਕਿਵਾੜਾ ।
ਬਹੁੜਿ ਨ ਹੋਈਐ ਜਉਲਾ ਜੀਉ ।

(ਮਾਝ ਮ: ੫)

ਓ ਨਿਰੰਤਰ ਨਿਰੰਕਾਰ ! ਤੂੰ ਭਾਵੇਂ ਏਂ ਨਿਰ ਆਕਾਰ ਪਰ ਫਿਰ ਵੀ ਏਂ "ਲੋਅ ਲੋਅ ਆਕਾਰ" । ਹਾਂ ਤੈਂਡੇ ਵਿਚ ਲੋਕ, ਸਹੰਸਰ ਲੋਕ, ਕੋਰ ਕੋਟਾਨ ਲੋਕਾਂ ਦੇ ਸੁਫਣੇ ਨੇ । ਜਿਉਂ ਜਿਉਂ ਉਹ ਹੁਕਮੀ ਤੈਂਡੇ ਵਿਚ ਫੁਰਨੇ ਨੇ, ਤਿਉਂ ਤਿਉਂ ਹੀ ਦ੍ਰਿਸ਼ ਭਾਸਦੇ :

"ਜਿਵ ਜਿਵ ਹੁਕਮ ਤਿਵੈ ਤਿਵ ਕਾਰ ।"

ਪਰ ਓ ਫੁਰਨਿਓਂ, ਓ ਸਫੁਰਨਿਓਂ, ਜੀਕਣ ਤੁਸੀਂ ਮੈਂਡੀ ਚੇਤਨ ਆਤਮਾ ਤੋਂ ਭਿੰਨ ਨਹੀਂ–ਜੜ ਨਹੀਂ, ਚੇਤਨ ਅੰਗ ਹੋ, ਤੀਕਣ ਹੀ ਨਿਰੰਕਾਰ ਏਹ ਉਨਮਨ ਤਰੰਗ (Ideas in tne supreme self) ਤੈਤੋਂ ਭਿੰਨ ਨਹੀਂ—"ਏਹ ਤੈਂਡੇ ਸੁਚੇਤ ਚੇਤੇ ਦੇ ਨਿਰਮਲ ਅੰਗ ਨੇ ! ਮੈਂ ਵੀ ਤੈਂਡਾ ਇਕ ਫੁਰਨਾ ਵਾਂ–ਮੈਂ ਤੈਂ, ਹਭ ਕੋਈ—ਏਹ ਪੁਰੀ, ਬ੍ਰਹਮਪੁਰੀ, ਇੰਦ੍ਰਪੁਰੀ, ਵਿਸਨ ਪੁਰੀ–ਕੋਟਾਨ ਕੋਟ ਪੁਰੀਆਂ—ਏਹ ਤੈਂਡੀ [1]ਉਨਮਨ-ਤਰੰਗ ਨੇ—[2]ਚੇਤੰਨ-ਫੁਰਨੇ (Spiritual ideas) ਮੈਂਡੇ ਫੁਰਨਿਆਂ

---

1. Cf Spinoza : (in Ethics) "The human mind has no knowledge of the body and does not know it to exist save through the 'ideas' of the modification whereby the body is affected."

2. Cf. Hallet, "It is important to remember that a particular thing is never percieved in isolation, but always in a concrete situation whose organism is central and essential element.

ਵਾਂਗ ਕੱਚੇ ਨਹੀਂ, ਪੱਕੇ ਪੱਕੇ, ਨਹੀਂ ਸਦੀਵੀ-ਕਾਲ ਪੱਕੇ ਸਾਰੇ ਕਾਲ ਵਿਚ ਪ੍ਰਪੱਕ-ਪਰ ਜਦ 'ਖੇਲ ਸੰਕੋਚੇਂ', ਤੇ ਕਾਲ ਡੋਰੀ ਖਿੱਚੇ-ਤਾਂ ਨਾਨਕ 'ਏਕੋ'। ਓ ਏਕ ਏਕ ਗਾਇਆ ! ਤੈਂ ਸਭ ਸੰਸਾਰ ਉਪਾਇਆ ਇਕ ਚਿਤਵਣੇ ਨਾਲ—ਆਖਾਂ ਅਖ ਝਮਕਣੇ ਨਾਲ, ਪਰ ਕੀਕਣ ਆਖਾਂ ! ਤੈਂਡੀਆਂ ਅੱਖਾਂ ਜੇ ਨ ਹੋਈਆਂ। ਓ ਜੀਕਣ ਮਿਥਾਂ ਓ ਅਣ-ਅੰਗੀਆ ਤੈਂਡੇ ਕੋਈ ਵੀ ਅੰਗ। ਓ ਅਜੂਨੀ, ਕੀਕਣ ਮਿਥਾਂ ਤੈਂਡੀਆਂ ਕੋਈ ਜੂਨਾਂ, ਤੂੰ ਹੋਇਆ ਜੇ ਅਜੂਨਾ—ਚੁਰਾਸੀ ਚਕਰਾਂ ਤੋਂ ਰਹਿਤ। ਆਖਾਂ ਅਕਾਲ, ਤੈਂਡਾ ਕਾਲ ਪਸਾਰ-ਉਤਪਤ ਪਰਲੌ, ਤੈਂਡੇ ਨੀ ਸੇਜਾ ਦੇ ਕਾਲ ਪਲਸੇਟੇ ਪਰ ਓ ਅਨੰਤਾ, ਤੈਂਡੇ ਵਿਚ ਕੀਰਣ ਕਾਲ-ਕਲਾ, ਓ ਅਕਾਲ ਮੂਰਤਾ ! ਤੂੰ ਕਾਲ ਉਪਰ ਅਕਾਲ ਏਂ, ਅਕਲ ਕਲਾ, ਕਲਪਣਾ ਰਹਿਤ, ਨਿਸਕਲਾ ! ਓ ਤੈਂਡੇ ਉਨਮਨ ਤਰੰਗ ਤੈਂਡ ਤੋਂ ਭਿੰਨ ਨਹੀਂ, ਕੀਕਣ ਮੈਂਡੀ ਬੁਧੀ ਤੇ ਮਨਚਿਤ ਮੈਂ ਤੋਂ ਭਿੰਨ ਨਹੀਂ-ਮੇਰੀ ਸਰਬ ਸਾਂਝੀ ਆਤਮਾ ਤੋਂ ! ਓ ਅਗਮ ਅਗਮ ਅਗਮਈ ਤੈਨੂੰ ਕੋਈ ਤੈਂਡਾ ਤਰੰਗ ਕੀਕਣ ਜਾਣੇ !

"ਦੂਸਰ ਹੋਇ ਤਾ ਸੋਝੀ ਪਾਇ।"

ਪਰ ਤੂੰ ਵੇਂ ਇਕੋ ਇਕ—ਏਕੰਕਾਰ, ਤ੍ਰਿਭਵਣ ਸਮਾਇਆ। ਮੈਤੋਂ ਇਹ ਬਾਹਰਲਾ ਜਗਤ ਭਿੰਨ ਭਾਸਦਾ ਏ (object) ਕਿਉਂਕਿ ਇਹ ਮੈਂਡਾ ਮਨ-ਤਰੰਗ ਨਹੀਂ। ਪਰ ਮੈਤੋਂ ਕੌਣ ਬਾਹਰ ਏ, ਓ ਸਰਬ [1]ਵਿਸਥੀਰਣ ਤਰੰਗਾ ! ਸੈਂਡੇ ਸੁਫਨੇ ਮਨ-ਤਰੰਗ ਜੀਕਣ ਮੈਂਡੇ ਆਪੇ ਵਿਚ ਨੇ, ਭਾਵੇਂ ਓਹ ਸੁਤਿਆਂ ਵੱਖ ਭਾਸਦੇ ਨੇ, ਪਰ ਓ ਪਰੀ ਪੂਰਨ ਪੁਰਖਾ, ਤੈਂ ਤੋਂ ਵੇ ਕੌਣ ਭਿੰਨ ਏਹ

੧ ਭਾਵ ਇਹ ਬਾਹਰੋਂ ਨਹੀਂ ਬਣੀ, ਅੰਦਰੋਂ ਬਾਹਰ ਆਈ ਹੈ—ਪਰ ਓਥੇ ਅੰਦਰ ਬਾਹਰ ਇਕ ਹੈ।

ਤੈਂਡੇ ਅੰਦਰ ਵੇ ਸਭ ਸ੍ਰਿਸ਼ਟੀ, ਸਭ ਵਿਸ਼ਵ, ਓ ਕਰਮਨ-ਉਨਮਨ ਕਰਣ ! ਹਾਂ ਉਨਮਨ ਕਰਣ, ਤੈਂਡੇ ਉਨਮਨ ਤੋਂ ਉਠਦੇ (Projection ਸ੍ਰਿਸ਼ਟੀ[1]) ਨੇ ਏਹ ਉਨਮਨੇ ਤਰੰਗ, ਸ੍ਰਿਸ਼ਟ ਅਨੰਤ ਪਰ ਫੇਰ ਤੈਂਡੇ ਹੀ ਉਨਮਨ ਵਿਚ ਲੀਨ ਹੁੰਦੇ ਨੇ, ਤਾਂ ਚੇਤਨ ਉਨਮਨ ਵਿਚ। ਓ ਮਾਦਾ (Matter) ਤੂੰ ਕਿਵੇਂ ਵੇਂ ? ਕੀ ਤੂੰ ਨਹੀਂ ਚੇਤਨ ਤਰੰਗ, ਪਰ ਰਤਾ ਕੁ ਪੁਠਾ[2] ਤ੍ਰਿਸੰਕੂ ਵਾਂਗ ਟੰਗਿਆ ਸਿਰ ਹੇਠ, ਪੈਰ ਉਤਾਹਾਂ—ਪਰ ਪੁੱਠਾ ਵੀ ਭਾਸਦਾ ਸੀ ਤਦ ਤਕ ਜਦ ਮੈਂ ਆਪ ਹਾਂ ਪੁੱਠਾ, ਤ੍ਰਿਸੰਕੂ ਵ੍ਹਾਂਗ ਟੰਗਿਆ ਅਰਸ਼ ਵਿਚ। ਪਰ ਓ ਸਚਖੰਡ, ਤੂੰ ਪੁਠੇ ਨੂੰ ਸਿਧਾ ਕਰ ਵਿਖਾਇਆ। ਓ ਬਦੀ, ਤੂੰ ਕਿਥੇ, ਓ ਸਾਦਾ, ਤੂੰ ਕਿਥੇ, ਓ ਅਸਤ ਤੂੰ ਕਿਥੇ ? ਓ ਨਿਰਮਲ, ਓ ਬਿਮਲ, ਓ ਨਿਰੰਕਾਰ, ਧੰਨ, ਧੰਨ, ਧੰਨ ! ਧਨ, ਧੰਨ, ਧੰਨ, !! ਧੰਨ, ਧੰਨ, ਧੰਨ !!!

---

1. Bergson's Philosophy, Matter is inverted life current.'
੨. ਇਹ ਇਕ ਕਹਾਣੀ ਹੈ ਪੁਰਾਣਿਕ, ਇਸ ਰਾਜੇ ਨੇ ਹੰਕਾਰ ਕੀਤਾ ਤੇ ਬੈਕੁੰਠ ਤੋਂ ਥਿੜਕ ਅਸਮਾਨ ਵਿਚ ਲਟਕ ਗਿਆ—ਹਰਿ ਚੰਦਉਰੀ ਵਾਂਗ।

ੴ ਸਤਿਗੁਰ ਪ੍ਰਸਾਦਿ ॥

ਨਾਮ

ਵਾਹ ਵਾਹ ਨਾਮ

The Spirit or the Holy Ghost

ਵਾਹ ਵਾਹ ਨਾਮ ਵਿਚੋਲਾ

ਨਿਰੰਕਾਰ ਤੇ ਜੀਵ ਵਿਚ

Living Link Between God and man

"ਵਾਹੁ ਵਾਹੁ ਅੰਮ੍ਰਿਤ ਨਾਮੁ ਹੈ,
ਗੁਰਮੁਖਿ ਪਾਵੈ ਕੋਇ ।"

(ਗੂਜਰੀ ਵਾਰ ਮ: ੩)

ਨਿਰੰਕਾਰ
|
|
ਨਾਮ
|
|
ਸ੍ਰਿਸ਼ਟੀ

ਵਾਹ ਵਾਹ ਨਾਮ

Hallowed be Thy Name—the Holyghost

ਇਸ ਵਿਚ ਸੋਹਣੇ 'ਨਾਮ' ਦੇ ਸੋਹਣੇ ਚਿੰਨ੍ਹ ਨੇ । 'ਨਾਮ' ਵਾਸਤਵ ਵਿਚ ਬੇ-ਨਾਮ ਹੈ ਕਿਉਂਕਿ ਏਹ 'ਨ, ਮ' ਅਖਰਾਂ ਦਾ ਬਣਿਆ ਹੋਇਆ ਕਥਨੀ—ਨਾਂ ਨਹੀਂ, ਏਹ ਤਾਂ ਉਸ ਪਰੀ ਪੂਰਨ ਸਤਾ ਦਾ ਨਾਮ ਹੈ ਜੋ ਵਾਹਿਗੁਰੂ ਜੀ ਵਾਂਗ ਭਰਪੂਰ ਹੈ, ਘਟਾਂ ਘਟਾਂ ਵਿਚ ਵਸਦੀ ਤੇ ਵਾਹਿਗੁਰੂ ਜੀ ਵਾਂਗ ਅਨਹਦ (Infinit) ! ਪਹਿਲੋਂ ਏਹ ਹੁੰਦੀ ਹੈ ਗੁਪਤ, ਪਰ ਜਦ ਘਟ ਵਿਚ ਗਜ ਖਲੋਂਦੀ ਹੈ ਤਾਂ ਇਕ ਅਨੋਖੀ ਧੁਨੀ ਜਾਂ 'ਬੀਨ' ਵਾਂਗ ਅੰਦਰ ਅਟੁਟ ਵਜਦੀ ਹੈ, ਥਰ ਥਰ ਕੰਬਦੀ, ਮਾਖਿਓਂ ਮਿਠੀ, ਅਨੂਠੀ; ਚਾਉ, ਗੁੱਧੀ ! ਸ਼ਾਂਤੀ-ਪੁੰਜ ਏਹ ਹੈ— ਕਲ ਮਲ ਹਰਣੀ 'ਗੰਗਾ' ਏਹ ਹੈ, ਪ੍ਰਕਾਸ਼ ਪੁੰਜ 'ਸੂਰਜ' ਏਹ ਹੈ, ਤੇ ਮੋਇਆਂ ਨੂੰ ਜਿਵਾਣ ਵਾਲੀ 'ਅੰਮ੍ਰਿਤ-ਔਸ਼ਧੀ' ਏਹ ਹੈ । ਏਹ ਵੇ ਨਵੀਂ ਸਤਾ ਸਿਮਰਣ ਦਵਾਰਾ ਘਟ ਰਿੜਕਿਆ, ਖੀਰ ਸਾਗਰ, ਸਾਡੇ ਮਨ ਵਿਚੋਂ ਨਿਕਲਦੀ ਹੈ, ਏਸ ਦੇ ਅਗੋਂ ਗੁਣ ਵਾਚਕ ਨਾਂ ਵਾਹਿਗੁਰੂ ਵਾਂਗ ਬੇਅੰਤ ਨੇ, ਪਰ ਏਹ ਨਾਂ ਖਾਸ ਕਰਕੇ ਵਿਸੇਸ਼ ਨੇ, (੧) 'ਵਿਚ ਵਿਚੋਲਾ' ਕਿਉਂਕਿ ਇਹ ਜੀਵ ਤੇ ਆਤਮਾ ਯਾ ਪ੍ਰਮਾਤਮਾ ਵਿਚ ਜੀਂਵਦੀ ਗਢ ਹੈ । ਦੋਹਾਂ ਨੂੰ ਜੋੜਨ ਵਾਲੀ ਸਦੀਵੀ ਗੰਦ । (੨) ਦੂਜਾ ਇਹ ਬਿਸਮਾਦ-ਜਨਕ ਸਤਾ ਹੈ, ਸਾਨੂੰ ਅਨੰਤ (Infinite) ਤੇ ਨਿਰੰਤਰ-ਨਿਤ (Eternal Now) ਦੇ

ਦੇ ਝੂਟੇ ਦੇਣ ਵਾਲੀ। ਓਹ ਅਰਸ਼ੀ ਹੁਟੇ, 'ਵਾਹ ਵਾਹ' 'ਓਇ ਓਇ, ਤੇ ਹੋਰ **ਬਿਸਮਯਕਾ** (Exclamation) **ਦਵਾਰਾ ਪ੍ਰਗਟ ਕਰਣ** ਦੀ ਕੋਸ਼ਿਸ਼ ਕੀਤੀ ਗਈ ਹੈ।—ਪਰ ਇਸ ਸੁਖ ਸਾਗਰ ਨੂੰ ਕੀਕਣ ਏਹ ਨਿਕੀ ਕੈਲੀ ਅਖਰਾਂ ਦੁਆਰਾ ਪ੍ਰਗਟ ਕਰ ਸਕਦੀ ਹੈ। 'ਨਾਮ', ਵਾਹ ਵਾਹ, ਨਿਤ ਵਾਹ-ਵ੍ਹਾਹ, ਅਨੰਦੀ, ਅਨੰਤੀ, ਅਗੰਮੀ ਸਦ ਝੂਲਦਾ ਅਰਸ਼ੋਂ ਉਤਰਿਆ ਦੇਵ-ਹਿੰਡੋਲਾ। ਏਹ ਵਾਹਿਗੁਰੂ ਜੀ ਦੀ, 'ਕਵਾਉ-ਸੱਤਾ' ਹੈ ਜੀਵ ਵਿਚ ਉਮ੍ਹਦੀ—(Immanent Divine Influx) !!!

———

ੴ ਸਤਿਗੁਰ ਪ੍ਰਸਾਦਿ ।

ਵਾਹ ਵਾਹ ਨਾਮ ! ਵਾਹ ਵਾਹ ਨਾਮ !!
ਵਾਹ ਵਾਹ ਵਿਚ-ਵਿਚੋਲੜੇ ਨਾਮ !!!

ਵਾਹ ਵਾਹ 'ਨਾਮ'........ਵਾਹ ਵਾਹ......ਵਾਹੇ ਵਾਹ......
ਵਾਹ ਵਾਹ ..... ਵਾਹ......ਵਾ ਵਾ ਵਾਹ ਵਾਹ ਵੇ !

ਸਚ ਖੰਡ ਵਸਿਆ, ਵਾਹ ਵਾਹ ਤੇ ਮਾਤ ਲੋਕ, ਵਡੀਰਣਾ ! ਤੂੰ ਇਥੇ, ਤੂੰ ਔਥੇ, ਅਰਸ਼ ਫ਼ਰਸ਼ ਦੀ ਗੰਢ ਤੂੰ, ਨਾਦ ਬੇਦ ਦੀ ਗੰਢ ਤੂੰ । ਗਿਆਨ ਧਿਆਨ ਦੀ ਗੰਢ ਤੂੰ, ਸ਼ਰਮ ਧਰਮ ਦੀ ਗੰਢ ਤੂੰ, ਜੁਗਤ ਮੁਕਤਿ ਦੀ ਗੰਢ ਤੂੰ, ਦਿਨ ਰਾਤ ਦੀ ਗੰਢ ਤੂੰ ਏਂ, ਤੂੰ ਪਹਿਲੋਂ ਪਹਿਲਾਂ ਤੂੰ ਆਖਰ, ਤੂੰ ਜੁਗੋ ਜੁਗ ਤੂੰ ਚਹੁ-ਜੁਗੀ । ਤੂੰ ਭੂਤ-ਭਵਾਨ-ਭਵਿਖ, ਤੂੰ ਕਾਲ ਰਹਿਤ ਅਕਾਲ ਸਰੂਪ । ਤੂੰ ਆਦਿ ਮਧਿ ਅੰਤ ਹੀਨ ਬੇਅੰਤ, ਤੂੰ ਜਿਥੇ ਕਿਥੇ, ਤੂੰ ਦਹ-ਦਿਸ਼ਾਂ ਤੋਂ ਉਪਰੰਤ-ਅਨੰਤ ! ਤੂੰ ਆਦਿ ਅਨੀਲ ਅਨਾਦ ਅਨਾਹਦ ! ਤੂੰ ਨਿਰੰਤਰ ਨਿਤ, ਸਰਬ ਸਾਂਝਾ ਤੂੰ, ਸਰਬ ਮੈ ਤੂੰ, ਅਨੰਦ ਮੈ ਤੂੰ । ਜਗਨ ਨਾਥ ਤੂੰ, ਜਗਜੀਵਨ ਤੂੰ, ਗਿਰਧਰ ਤੂੰ ਚੌ ਮੁਖੀ ਤੂੰ, ਸਹੰਸਰ ਮੁਖੀ ਤੂੰ, ਅਸ਼ਟ ਭੁਜੀ ਤੂੰ, ਸਹਸਰ ਬਾਹੂ ਤੂੰ, ਅਨੰਤ ਨੈਣੀ ਤੂੰ· ਬਅੰਤ ਬੈਣੀ ਤੂੰ, ਤ੍ਰਾਣਾਂ ਦਾ ਤ੍ਰਾਣ ਤੂੰ, ਪ੍ਰਾਣਾਂ ਦਾ ਪ੍ਰਾਣ ਤੂੰ ! ਚੰਨਾਂ ਦਾ ਚੰਨ ਤੂੰ, ਸੂਰਜਾਂ ਦਾ ਸੂਰਜ ਤੂੰ,

ਪ੍ਰਚੰਡ ਮਾਰਤੰਡ ਤੂੰ, ਅਖੰਡ ਮੰਡਲ ਨਿਰੰਕਾਰ ਤੂੰ, ਨਾਮਾ ਸਿਰ ਨਾਮ ਤੂੰ ਨਿਰਨਾਮ ਤੂੰ, 'ਅਨਾਮ' ਤੂੰ......ਓ ਨਮਸਤੰ ਅਨਾਮੇ, ਓ ਨਮਸਤੰ ਨਿਰਨਾਮੇ, ਓ ਨਮਸਤੰ ਸਰਬ ਨਾਮੇ !...ਹਾਂ ਨਮਸਤੰ ਨਮਸਤੰ, ਨਮਸਤੰ 'ਨਾਮੁ'..ਵਾਹ ਵਾਹ 'ਨਾਮੁ-ਨਾਮੁ'... ਵਾਹ ਵਾਹ ਅਨਾਮੀ ਨਾਮੁ ।

ਮੇਰੇ ਮਨ, ਨਾਮੁ ਅੰਮ੍ਰਿਤੁ ਪੀਓ ।
ਆਨੁ ਸਾਦੁ ਬਿਸਾਰਿ ਹੋਛੇ ਅਮਰੁ ਜੁਗ ਜੁਗ ਜੀਓ ।"
(ਮਾਰੂ ਮ: ੫)

੨

ਵਾਹ ਵਾਹ ਅਕੱਥ ਕਥਾ ਨਾਮ !

ਵਾਹ ਵਾਹ 'ਨਾਮ' ਤੈਂਡੀ ਉਪਮਾ ਅਨਜੁਕਤ ਏ, ਕਥਨੀ ਬਦਨੀ ਤੋਂ ਬਾਹਰ ਏ। ਤੂੰ ਏਂ ਅਉਖਦ ਏਸ ਦੁਖੀਏ ਸੰਸਾਰ ਦੀ। ਤੂੰ ਏਂ ਰਖਣਹਾਰਾ ਏਸ ਜਗਤ ਜਲੰਦੇ ਦਾ, ਤੂੰ ਏਂ ਪ੍ਰਾਣ ਮਾਣ ਤਾਣ, ਤੂੰ ਏਂ—

"ਸਰਬ ਰੋਗ ਕਾ ਅਉਖਦੁ ਨਾਮੁ ।"

ਤੂੰ ਦਾਰੂ, ਤੂੰ ਰੋਗ ਬਿਦਾਰੂ ! ਤੂੰ ਰਤਨ ਸੂਖਮ ਗੁਝਾ ਰਖਿਆ, ਤੂੰ ਚਾਨਣ ਚਾਨਾਣ ਸਰਬ ਸਾਮ੍ਹਣੇ, ਪਰ ਫੇਰ ਵੀ ਅੱਖਾਂ ਤੋਂ ਓਹਲਾ, ਤੂੰ ਮੈਂਡ ਲਾਲਣ ਦੇ ਹਥ ਲਾਲ, ਤੂੰ ਮੈਂਡਾ ਹੀਰਾ, ਕੋਹਨੂਰ ਹੀਰਾ, ਹੀਰਿਆਂ ਸਿਰ ਹੀਰਾ, ਤੂੰ ਮਾਣਕ-ਮੋਤੀ ਅਮੋਲਕ । ਤੂੰ ਹੰਸਾ ਦੀ ਚੋਗ-ਅਰੋਗ ! ਤੂੰ ਰਸਾਂ ਦਾ ਰਸ— ਅੰਮ੍ਰਿਤਰਸ ! ਤੂੰ ਮਾਖਿਉਂ ਪੀ ਤ੍ਰਿਪਤਾਣਿਆ, ਤੂੰ ਪੱਕਾ ਰੰਗ ਮਜੀਠਵਾਂ, ਪਰ ਫਰ ਵੀ ਰੰਗ ਅਰਗ, ਤੂੰ ਪਰਮਲ ਮੈਂਡੀ ਕਲ ਮਲ ਦਲਣਾ, ਤੂੰ ਪਾਰਜਾਤ ਕ੍ਰਿਸ਼ਨ—ਲੈ ਆਇਆ, ਬਿੰਦ੍ਰਾ ਬਨ ਵਿਚ—

"ਪਾਰਜਾਤ ਗੋਪੀ ਲੈ ਆਇਆ
ਬਿੰਦ੍ਰਾਬਨ ਮਹਿ ਰੰਗੁ ਕੀਆ ।"

ਤੂੰ ਕਲਪਤਰ ਕਲਪਨਾ ਪੂਰਨ, ਸੁਖ ਵਸਬੀਰਣ, ਤੂੰ ਕਾਮਧੇਨ, ਤੂੰ ਲਖਮੀ ਚਿੰਤਪੂਰਨੀ, ਤੂੰ ਚਿੰਤਾਮਣੀ, ਤੂੰ ਸੂਖਮ, ਤੂੰ ਮਾਤਾ ਮੈਂਡੀ, ਤੂੰ ਪਿਤਾ ਸਭ ਸੰਸਾਰ ਦਾ, ਤੂੰ ਕੋਵਾਰੀ ਕੁਖ, ਤੂੰ ਭੁਖ ਅਭੁਖ ਤੂੰ ਮਿਤ੍ਰ ਤੂੰ ਸਖਾ ! ਤੂੰ ਇਸ਼ਟ ਤੂੰ ਜਗ ਰੱਖਾ ! ਤੂੰ ਬੇੜਾ ਤੂੰ ਬੋਹਿਥ–ਖੇਵਟ ਭੀ ਤੂੰ ਏਂ ਤੂੰ ਤੁਲ੍ਹਾ ਤੂੰ ਟਕ, ਥੰਭਨ ਸਿਰ ਥੰਭ ਵੀ ਤੂੰ ਈ ਏਂ । ਬਿਨ ਥਮ੍ਹਾ ਗਗਨ ਤੂੰ ਰਹਾਇਆ । ਬਿਨ ਨੀਹਾਂ ਪਰਪੰਚ ਤੈਂ ਥੰਨ੍ਹ ਬਹਾਲਿਆ, ਤੂੰ 'ਕਛ'[1] ਬਿੰਦਰਾਚਲ ਹੇਠ, ਸਾਗਰ ਰਿੜਕਣ ! ਤੂੰ ਮਛ ਵਿਰੇਂ ਪਵਨ ਪਾਣੀਆਂ ਪਰਲੋ-ਪਾਰਵਾ, ਓਤ ਪੋਤ ਦੀ ਕੁੰਜੀ ਤੂੰ, ਪਰਲੋ ਦੀ ਕੁੰਜੀ ਵੀ ਤੂੰ, ਤੂੰ ਤ੍ਰਿਭਵਣ[2] ਮੇਖਲੀ ! ਤੂੰ ਦਿਲ ਧੜਕਣ ਖੰਡਾਂਦੀ, ਤੂੰ ਨਾੜ ਨਚਦੀ ਬ੍ਰਹਮੰਡ ਦੀ, ਅਕਾਸ ਟਪਣੀ ਅਗਨੀ ਤੂੰ ।

ਮੈਂ ਅੰਧਲੇ ਹਥ ਟੋਹਣੀ ਤੂੰ, ਭਵਸਾਗਰ-ਤਰਣੀ ਤੁਲਹਾ ਤੂੰ, ਸੀਤਲ ਪਵਨ ਏਸ ਬਨ ਵਿਚ ਤੂੰ, ਡੰਡਕ ਬਨ ਦੀ ਪਾਪ ਖੰਡਨ ਤੂੰ, ਪਤਤ ਪਾਵਨ ਤੂੰ, ਭਗਤ ਵਛਲ ਤੂੰ, ਅਘ ਨਾਸਣ ਤੂੰ, ਅਸਧੁਜ ਅਸਕੇਤ ਤੂੰ ਸ੍ਰੀ ਕਾਲ ਤੂੰ, ਸ੍ਰੀ ਖੰਡਾ ਤੂੰ, ਸ੍ਰੀ ਕ੍ਰਿਪਾਨ ਤੂੰ,

---

੧. ਨਾਮ ਲਈ ਇਕ ਅਲੰਕਾਰ–ਕਛ ਦੀ ਪਿਠ ਮੋਟੀ ਹੁੰਦੀ ਹੈ, ਨਾਮ ਥੰਮਦਾ ਹੈ ਜਗਤ ਤੇ ਪਰਬਤ, ਨਾਕਿ ਕੋਈ ਕਛੂਆ !

੨. ਤਾਣਾ ਬਾਣਾ ਤਣਨ ਵਾਲੀ ਸ਼ਟਲ ।

ਅਠਾਸਠ ਤੀਰਥ ਤੂੰ, ਖਰਾ ਸੌਦਾ ਤੂੰ, ਲੋਕ ਪਰਲੋਕ ਦੀ ਖਟੀ ਤੂੰ ਸਾਠਰ ਤੋਸਾ ਤੂੰ, ਵਿਸ਼ਨੂ ਵਾਹਣ ਤੂੰ, ਗਰੜ [1]ਸੁਪਰਨ ਤੂੰ, [2]ਹਿਰਨ-ਗਰਭ ਤੂੰ, ਬੀਆਂ ਦਾ ਬੀ ਤੂੰ, ਜੀਆਂ ਦਾ ਜੀ ਤੂੰ, ਜੜ ਹਰੀ ਤੂੰ, ਰੰਗ ਮਜੀਠਾ ਤੂੰ, ਸੁਚੀ ਸਤਸੰਗੀ ਪੀਂਘ ਤੂੰ, । ਮੁਕਤ ਦਾਤਾ ਤੂੰ, ਤ੍ਰਿਪਤ ਅਘਾਵਣ ਮਹਾਰਸ ਤੂੰ ਸੁਖ-ਸਹਜ ਤੂੰ ! ਸਤ ਸੰਪਤਿ ਤੂੰ, ਨਾਦਿ ਬਿਨੋਦ ਤੂੰ, ਸੋਦਰ ਤੂੰ, ਸੋ ਘਰ ਤੂੰ, ਵਾਹਿਗੁਰੂ ਦਾ[3] ਪੁਤ ਸਪੁਤ ਤੂੰ, ਇਕੋ ਪੁੱਤਰ ਤੂੰ !... ....ਹਾਂ, 'ਨਾਮ ਰਸ, ਤੈਂਡਾ ਅੰਮ੍ਰਿਤਸਰ, ਸਰਬ ਸਾਂਝਾ ਅੰਮ੍ਰਿਤਸਰ ਜੁਗੋ ਜੁਗੀਵਾਂ ਅੰਮ੍ਰਿਤਸਰ—

> ਸਤਿਗੁਰ ਪੁਰਖ ਅੰਮ੍ਰਿਤਸਰੁ, ਵਡਭਾਗੀ ਨਾਵਹਿ ਆਇ ।
> ਓਨ ਜਨਮ ਮਰਨ ਕੀ ਮਲੁ ਉਤਰੈ, ਨਿਰਮਲ ਨਾਮ ਦ੍ਰਿੜਾਇ।
> ਜਨ ਨਾਨਕ ਉਤਮ ਪਦੁ ਪਾਇਆ, ਸਤਿਗੁਰ ਕੀ ਲਿਵਲਾਇ।
> (ਸਿਰੀ ਰਾਗੁ ਮਹਲਾ ੪)

ਧੰਨ ਧੰਨ ਸਰਬੋਤਮ ਨਾਮ, ਧੰਨ ਧੰਨ ! ਧੰਨ ਧੰਨ ਓ ਜੀਆਂ ਅੰਦਰ ਜੀਓ–'ਸ਼ਬਦ' !!

੩.

ਵਾਹ ਵਾਹ ਨਾਮ ਧੁਨੀਏਂ ! ਓ 'ਨਾਮ', ਓ ਮੈਂਡੀ ਜਿੰਦ ਜਾਨ, ਓ ਸਗਲੇ ਬ੍ਰਹਮੰਡ ਦੇ ਤ੍ਰਾਣ ! ਮੈਂ ਤੈਂਡੇ ਕੇਹੜੇ ਨਾਮ ਕਥਾਂ ? ਸਰਗੁਣ ਵਿਚ ਸਾਰੇ ਹੀ ਨਾਂ ਤੇਰੇ ਨਾਂ,

'ਬਨ ਤਿਨ ਪਰਬਤ ਹੈ ਪਾਰਬ੍ਰਹਮ''

---

੧. ਸੋਨੇ ਦੇ ਖੰਭਾਂ ਵਾਲਾ ।

੨. ਆਦਿ ਦਾ ਅੰਡਾ–ਜਗਤ ਦਾ ਸੋਨੇ ਵਰਗਾ ਅੰਡਾ । ਪਕਾਸ਼ ਪੁੰਜ ਨਾਮ ਦੇ ਏਹ ਸਾਰੇ ਅਲੰਕਾਰ ਹਨ।

੩. ਖਾਸ ਪੁਤ ਕੋਈ ਈਸਾ ਨਹੀਂ, ਸਰਬ ਸਾਂਝੀ ਜਿੰਦ ।

ਪ੍ਰੰਤੂ ਤੂੰ ਨਿਰੰਕਾਰ ਵਿਚ ਨਿਰ ਨਾਮ, ਅਨਾਮ ਏਂ ! ਪਰ ਭਾਵੇਂ ਨਾਮ ਵਾਲੜਾ ਭਾਵੇਂ ਅਨਾਮ, ਤੂੰ ਏਂ, ਤੂੰ ਏਂ, ਤੂੰ ਏਂ, ! ਮੈਂ ਸੁਣਨਾ ਵਾਂ, ਹਾਂ ਸੁਣਨਾ ਵਾਂ ਤੈਂਡਾ ਸਦ ਜੀਂਵਦਾ 'ਸ਼ਬਦ'। ਮੈਂ ਸੁਣਨਾ ਵਾਂ, ਹੁਣ ਪਿਆ ਸੁਣਨਾ ਵਾਂ ਤੈਂਡਾ ਸਦ ਵਜਦਾ ਗੜਗਜ ਸ਼ਬਦ ! ਮੈਂ ਸੁਣਨਾ ਵਾਂ, ਹੁਣ ਸੁਣਨਾ ਵਾਂ ਤੈਂਡਾ ਨਾਦ-ਅਨਾਦਿ ਰਸਾਦਾ[1]। ਮੈਂ ਸੁਣਦਾ ਹਾਂ, ਸੁਣਦਾ ਹਾਂ ਹੁਣ ਤੈਂਡਾ ਟਲ ਅਟੱਲ। ਮੈਂ ਸੁਣਦਾ ਹਾਂ, ਹਾਂ ਸੁਣਦਾ ਹਾਂ ਤੈਂਡੀ ਬੰਸਰੀ ਸਹੰਸਰੀ ਜਗਤ–ਥੰਮਣੀ। ਮੈਂ ਸੁਣਦਾ ਹਾਂ, ਹਾਂ ਸੁਣਦਾ ਹਾਂ ਤੈਂਡੀ ਵੀਣਾ[2]-ਨਾਬੀਨਾ, ਜੋ ਅੱਖੋਂ ਵੇ ਉਹਲੇ। ਮੈਂ ਸੁਣਦਾ ਹਾਂ, ਹਾਂ ਤੈਂਡੀ ਗਰਜ ਚਿਤ ਚੋਰ, ਮਨ ਮੋਰ ਖਿੜਾਂਵਦੀ ! ਮੈਂ ਸੁਣਨਾ ਹਾਂ, ਹਾਂ ਸੁਣਨਾ ਹਾਂ ਤੈਂਡੀਂ ਬੀਨ ਪ੍ਰਬੀਨ ਵਜਦੀ ਜੁਗ ਜੁਗ ਗਜਦੀ। ਮੈਂ ਸੁਣਨਾ ਹਾਂ, ਹਾਂ ਸੁਣਨਾ ਹਾਂ ਤੈਂਡੀ ਸਤਾਰ, ਅਤਾਰ-ਮਧਮਾ ਤੇ ਪਰਾ ਬਾਣੀਆਂ ਅਲਾਉਂਦੀਆਂ, ਮਨ ਭਾਂਵਦੀਆਂ, ਮੈਂ ਸੁਣਨਾ ਹਾਂ, ਹਾਂ ਮੈਂ ਸੁਣਨਾ ਹਾਂ ਤੈਂਡੀ ਬਲ ਅਬਲ ਅਡੋਲ ਅਮੋਲ, ਜੁਗ ਜੁਗ ਜੀਵੜਾ, ਮੈਂ ਸੁਣਨਾ ਹਾਂ, ਹਾਂ ਸੁਣਦਾ ਹਾਂ ਹੂਟੇ ਅਹੂਟੇ ਤੈਂਡੇ ਪਰੀਆਂ ਚਾਏ ਪੰਘੂੜੜੇ ਵਾਲੜੇ। ਮੈਂ ਸੁਣਦਾ ਹਾਂ, ਹਾਂ ਸੁਣਦਾ ਹਾਂ ਤੈਂਡੀ ਨਿਰਤਕਾਰੀ, ਪੈਂਟੇ ਬੰਨ ਨਚਦੀ ਅੰਕੁਸ਼ ਵਿਚਾਲੜੇ। ਮੈਂ ਸੁਣਨਾ ਹਾਂ, ਹਾਂ ਸੁਣਨਾ ਹਾਂ ਤੈਂਡੀ ਤੜਾਗੀ ਅਨੋਖੇ ਲੰਬੋਦਰ ਦਮੋਦਰ ਨਾਲ ਲਟਕਦੀ। ਮੈਂ ਸੁਣਦਾ ਹਾਂ, ਹਾਂ ਸੁਣਦਾ ਹਾਂ, ਤੇਰੀ ਸਾਰੰਗੀ ਅਨੰਗੀ ਰੰਗ ਰੰਗੇਟੜੀ ! ਮੈਂ ਸੁਣਦਾ ਹਾਂ-ਹਾਂ ਸੁਣਦਾ ਹਾਂ ਕੰਨਸੋ (Echo) ਤੈਂਡੀ ਅਰਸ਼ੋਂ ਮੁੜੀ ਸੱਦ ਨਾਦ ਦੀ। ਮੈਂ ਸੁਣਨਾ ਹਾਂ–

੧, ਰਸਾਂ ਦਾ ਆਦਿ ਤੇ ਅੰਤ।

੨. ਏਹ ਅਲੰਕਾਰ ਏ, ਭਾਵ ਲਈ ਵੇਖੋ ਸਹੰਸਰ ਨਾਮ ਵਾਹਿਗੁਰੂ ਦੇ ਅੱਗੇ।

ਹਾਂ ਸੁਣਨਾ ਹਾਂ ਤੈਂਡੀ ਧੁਨੀ ਗੁਨਗਨ ਅਰਸ਼ ਕੁਰਸ਼ ਵਲ੍ਹੇਟਦੀ ! ਮੈਂ ਸੁਣਨਾ ਹਾਂ-ਹਾਂ ਸੁਣਨਾ ਹਾਂ ਤੈਂਡੀ ਮਾਖਿਓਂ ਮਿੱਠੀ ਆਸਾ-ਵਰੀ ਸਵਾਰਦੀ ਨਿਤ ਸਵਾਰਦੀ ਆਸ-ਨਿਰਾਸ ਨਿਵਾਜਦੀ ! ਮੈਂ ਸੁਣਨਾ ਹਾਂ-ਹਾਂ ਸੁਣਨਾ ਹਾਂ ਤੈਂਡਾ 'ਕਾਨੜਾ'—ਕੁਲਿਆਨਾ[1] ਮੁਕਤੀ ਜੁਗਤੀ ਦਾ ਖਜ਼ਾਨਾ ! ਮੈਂ ਸੁਣਨਾ ਹਾਂ-ਹਾਂ ਸੁਣਨਾ ਹਾਂ ਤੈਂਡੀ 'ਟੋਡੀ' ਜੋ ਗੁਡਦੀ ਏ ਗੋਡੀ ਮੈਂਡੀ ! ——ਓ ਰਾਗਾਂ ਦੀਏ ਰਾਣੀਏ......! ਓ ਧੁਨੀਏ——ਸਧੁਨੀਏ... ਓ ਲਲਤ [2]ਬਿਲਾਵਲੀ..... ਓ ਬਸੰਤ ਸਦ-ਬਸੰਤੀ...ਓ ਸੋਰਠ ਸੋ-ਰਸ[3] ਭੀਜਿਆ...ਓ ਗਾਥਾ ਗਾਈ-ਗੁੰਫੀ ......ਓ ਕਮਲ ਕੁਸਮ ਚੰਪਾ-ਚੁਕੀ ਤਾਨ ਕਲੋਲ ......ਮਾਰੂ ਮਸਤ......ਓ ਸੂਹੀ ਅਣਛੂਹੀ ..ਓ ਸਰਬੋਤਮ ਸ੍ਰੀ ਰਾਗ...ਓ ਪ੍ਰਿਥਮ ਰਾਗ......ਓ ਮਧੁਰ-ਮਧ ਮਾਧਉ-ਓ ਦੇਵ ਗਾਈ ਦੇਵ ਗੰਧਾਰੀ......ਓ ਗਾਇਤ੍ਰੀ-ਸਾਣੰਤ੍ਰੀ......ਓ ਧੰਨ ਧੰਨੀ ਧਨਾਸਰੀ ......ਓ ਹਿੰਡੋਲ ਹੂਟੇ ਹੂਟਦੀ...ਓ ਤਿਲੰਗ-ਪੁਲੰਕਵਾਂ-ਓ ਦੀਪਕ ਸੋਮ ਸੀਪਲੜਾ......ਓ ਗੂਜਰੀ ਅਣਗਾਈ ...ਓ ਆਸਾ ਪ੍ਰਭਾਤਵੀਂ, ਓ ਆਸਾ-ਪੂਰਨ ਆਸਾਵਰੀ, ਓ ਮੇਘ ਮਨ-ਮੋਰ ਨਿਵਾਜਣਾ......ਓ ਮਾਖਿਉ ਮਿੱਠਾ ਮਾਝ, ਓ ਗਉੜੀ ਅੰਮ੍ਰਿਤ-ਪਉੜੀ,......ਓ ਬਿਹਾਗੜਾ ਸੁਭਾਗੜਾ ਓ ਵਡ ਵੱਡਾ ਵਡਹੰਸ...ਓ ਜੈਤਸਰੀ ਸੁਰਸਰੀ...ਓ ਬੈਰਾੜੀ ਕਰਨਾਠੀ...ਰਾਮ ਕਲੀ...ਕੇਸਰ ਮਲੀ...ਓ ਸੀਤਲਤਾ ਪੁੰਜ ਤੁਖਾਰੀ ..ਓ ਗਡੀਆਂ ਵਾਲੇ ਗੌਂਡ,-ਓ ਸੌਦਰੀ ਕੇਦਾਰਾ, ਓ ਨਾਟ ਠਾਟ ਨਟ-ਨਾਰਾਇਣ...ਓ ਭਾਗ ਭਰਿਆ

---

੧. ਕਲਿਆਣ ਬਖਸ਼ਣ ਵਾਲੀ ਰਾਗਣੀ ।

੨, ਸਾਰ ਰਾਗ ਗਿਣਨ ਦਾ ਭਾਂਵ ਹੈ, ਜੋ ਓਹ 'ਧੁਨੀ' ਇਨ੍ਹਾਂ ਦੀ ਮਾਂ ਹੈ ਤੇ ਇਨ੍ਹਾਂ ਵਿਚ ਸਰਬ ਸਾੜੀਏ ਮਿਠ-ਮਿੱਠੀ ।

੩. ਸੋ ਰਸ. ਵਾਹਿਗੁਰੂ ਰਸ ਨਾਲ

ਮਾਲੀ ਗਉੜਾ, ਓ ਭੈਹੀਨ ਭੈਰਉ...ਓ ਤ੍ਰਿਖਾ ਬੁਝਾਵਣੇ ਸਾਰੰਗ ...ਓ ਅਮਿਓਂ-ਲਦਿਆ ਮਲਾਰ, ਓ ਪ੍ਰਭਾਤੀ ਮਿਠ-ਮਿਠੜੀ, ਅਮ ਅਬੇ ਕੋਲੋਂ ਮਿਠੜੀ, ਹਾਂ ਜੈਜਾਵੰਤੀ, ਜੇ ਕਰਦੀ, ਕੇਲ ਕਰਦੀ, ਸੁਖ ਸੋਹਲੜੀ ਗਾਂਵਦੀ......ਨੀ ਧੁਨੀਏਂ, ਨੀ ਧੁਨੀਏਂ, ਨੀ ਧੁਨੀਏਂ, ! ਓ ਸੁੰਦਰ ਮੁੰਦਰੀਏ...ਤੇਰਾ ਨਾਮ ਏ ਅਨਾਮ, ਨਿਰਨਾਮ, ਨਾਮਾਂ ਸਿਰ ਨਾਮ! ਵਾਹ ਵਾਹ 'ਨਾਮ'...ਵਾਹਵਾ...ਵਾ...ਵਾ...ਵਾ...

"ਜਬ ਕੀ ਉਪਜੀ ਤਬ ਕੀ ਤੈਸੀ ....."

(ਸਾਰੰਗ ਮ: ੧)

ਵਾਹ ਵਾਹ ਨਿਤ ਨਵੀਏ, ਓਹੀ ਜਹੀਏ, ਉਚਮ ਉਚੀਏ, ਸੁਚਮ ਸੁਚੀਏ, ਅਮਰ ਰਾਗਣੀਏ–ਬਲਿਹਾਰ ਬਲਿਹਾਰ, ਬਲਿਹਾਰ-ਮੈਂਡੀ ਨਿਤ ਕਵਾਰੀਏ ਅੰਮਾ ! ਧੰਨ ਧੰਨ ਸੇਨ-ਅੰਗੀ ਹੂਰ ਪਰੀਏ, ਓ ਸਰਬੋਤਮ ਸੁੰਦਰੀਏ ! ਹਾਂ ਵਾਹ ਵਾਹ, ਵਾਹ ਵਾਹ, ਵਾਹ ਵਾਹ !...

੪.

ਵਾਹ ਵਾਹ ਨਾਮ-ਗੰਗਾ !

ਓ ਅਰਸ਼ੋਂ ਢੱਠੀ ਗੰਗਾ, ਜਦ ਤੇਰੀ ਤੂੰ ਮੈਂਡੇ ਕੇਸਾਂ ਨੂੰ ਹਰਾ ਭਰਾ ਨਹੀਂ ਕਰਦੀ ਤਦ ਤੇੜੀ ਮੈਂ ਬਨਬਾਸੀ ਡੱਡਕ ਬਨ ਵਿਚ ਬਨਬਾਸ ਕਰਦਾ ਹਾਂ। ਓ ਗੁਪਤ ਗੰਗਾ ! ਵਗ ਨਾ, ਵਗ ਨਾ, ਵਗ ਨਾ, ਤੇ ਮੈਂਡੇ ਅਠ ਸਠ ਨਹੀਂ-ਸਠ ਹਜ਼ਾਰ[1] ਕਲਮਲ ਪਰਹਰ! ਵਧਾਇਓਂ, ਵਧਾਇਓਂ, ਵਧਾਇਓਂ। ਓਇ ਅਜ ਮੈਂ ਭਗੀਰਥ ਜਿਨ ਗਵਾਚੀ ਗੰਗਾ ਆਂਦੀ। ਓ ਕਲਮਲੋ, ਝੜ ਜਾਓ !...ਓ ਸੱਤੇ ਪੱਤਰੋ ! ਜਾਗ ਪਵੋ, ਓ ਸਾਗਰ ਦੇ ਬੇਅੰਤ ਪੁਤਰੋ, ਜਾਗੋ ਨਾ, ਜਾਗ

---

[1] ਏਸ ਨਾਮ ਗੰਗਾ ਨੇ ਸਠ ਹਜ਼ਾਰ ਸਾਗਰ ਦੇ ਪੁਤ ਜਿਵਾਏ, ਭਾਵ ਸੁੱਤੇ ਹੋਏ ਗੁਣ ਟੁੰਬ ਜਗਾਏ-ਏਹ ਇਕ ਅਲੰਕਾਰ ਹੈ।

ਮੇਂਡੇ ਲਾਲੋ ! ਜਾਗੋ ! ਅਜ ਅਰਸ਼ੋਂ ਢੱਠੀ ਪਰ ਪਾਤਾਲ ਗਵਾਚੀ ਮੁੜ ਆਈ ਜੇ ! ਹਾਂ ਓ ਦੇਵ-ਭੂਤੀ[1] ਧੁਰੋਂ ਆਈ, ਵਾਹਿਗੁਰੂ ਜਾਈ, ਜਗਤ ਮਾਈ, ਓ ਮੈਂਡੀ ਵਿਧਾਤਾ-ਜਗ-ਧਾਤਰੀ, ਜਗਦੰਬਾ, ਮਿਸ਼ਰੀ ਮਿੱਠੀ ਅੰਮਾ ! ਓ ਸੁਰਸਰੀ, ਦੇਵਤਿਆਂ ਦੀ ਨਦੀਂ ਵਗ ਵੇਗਾਂ ਨਾਲ, ਜੋਰਾਂ ਨਾਲ, ਹੜ੍ਹਾਂ ਨਾਲ ਤੇ ਵਾਹ ਸਾਡੇ ਕਲਮਲ; ਭਾਰ ਅਠਾਰਾਂ,-ਦੁਖ ! ਹਾਂ ਵਗ ਵਗ ਵੇਗਾਂ ਨਾਲ ਓ ਅੰਮਿਓ-ਗੰਗਾ ! ..ਪਰ ਮੈਂ ਵੇਹਨਾ ਵਾਂ ਤੂੰ ਵਗਨੀ ਏਂ ਹੌਲੇ ਹੌਲੇ। ਓ [2]ਮੰਡਾਕਨੀ-ਸਹਿਜ ਅਸੂਣੀ ...ਹਾਂ ਤੂੰ ਵਗਨੀ ਏਂ ਸਹਿਜ, ਤੇ ਧੋਨੀ ਏਂ ਸਾਡੇ ਕਲਮਲ ਸਹਿਜੇ ੨! ਓ ਚਿੰਤਾ ਪੂਰਣੀ। ਜਦ ਦੀ ਤੂੰ ਏਨ੍ਹਾਂ ਦੇਸਾਂ ਵਿਚ ਆ ਵੱਸੀ ਏਂ ਤਦ ਦਾ ਓਥ ਈ ਕੋਈ ਚਾਨਣ, ਕੋਈ 'ਨੂਰ ਤੂਰ' 'ਕੋਈ ਸੀਤਲ ਚੰਨ-ਪ੍ਰਚੰਡ ! ਓ ਹਰਿ ਸਿਖਰੇ [3]ਤੂੰ ਏਂ ਮੈਂਡੀ ਕਲਗੀ ਤੇ ਜਿਗਾ, ਮੈਂਡੀ ਸਦ-ਸੁੰਦਰ ਮੋਦ-ਪੰਖੜੀ ! ਓ ਕਿਲ ਵਿਖ ਨਾਸਨ ਗੰਗਾ ! ਤੂੰ ਓਸ ਹਰਦਵਾਰ ਨਹੀਂ-ਏਸ ਹਰਦਵਾਰ ਵਿਚ ਵਸਨੀ ਏਂ, ਮੈਂਡੇ ਹਿਰਦੇ ਸਥਲ ਵਿਚ ...ਪਰ ਓ ਮਾਤਾ ! 'ਤ੍ਰੈ ਸਰੋਤਾ' (Tre-Srotah) ਤੂ ਵਸਨੀ ਏਂ ਤ੍ਰਿਭਵਣ ਵਿਚ' ਜਲ ਥਲ ਮਹੀਅਲ ਵਿਚ। ਓ ਮੰਦਰ ਖੁਲਿਆ ਹਰਿ ! ਧੰਨ ਧੰਨ ਓ ਗੰਗਾ, ਨਾਮ ਨਿਵਾਜਿਆ ਅੰਤਰਗਤਿ ਤੀਰਥ-

---

੧. Produced in Heaven ਅਰਸ਼ੋਂ ਆਈ।

੨. ਹੌਲੇ ਹੌਲੇ ਟੁਰਨ ਵਾਲੀ ਭਾਵ ਹੌਲੇ ਹੌਲੇ ਨਾਮ ਗੰਗਾ ਮੈਲ ਸਾਡੀ ਉਤਾਰਦੀ ਹੈ।

੩. Oreot of Shino ਕਲਗੀ।

੪. ਮੁਸਲਮਾਨ ਵੀਰ ਇਸ ਨੂੰ ਤੂਰ ਦਾ ਚਮਕਦਾ ਪਹਾੜ ਆਖਦੇ ਨੇ ਜੋ ਮੂਸਾ ਨੇ ਡਿਠਾ।

"ਹਰਿਮੰਦਰ 'ਸਬਦੇ' ਸੋਹਣਾ, ਕੰਚਨ ਕੋਟ ਅਪਾਰ ।
ਸਬਦ ਰੀਤਿ ਸੁਖ ਪਾਇਆ ਸਚੈ ਨਾਇ ਪਿਆਰ ।"
(ਪ੍ਰਭਾਤੀ ਮ: ੩)

ਪ.

ਵਾਹ ਵਾਹ ਅੰਮ੍ਰਿਤ ਨਾਮੇ !--

ਓ ਨਾਮ, ਜਦ ਤੂੰ ਗੁਪਤ ਸੈਂ ਤਦ ਤੂੰ ਗੁਪਤ ਗੰਗਾ ਸੈਂ, ਪਰ ਜਦ ਮੈਂ ਸਿਮਰਣ ਦਾ ਮੇਰ-ਮਧਾਣਾ ਪਾ ਤੇਨੂੰ ਰਿੜਕਿਆ, ਤੂੰ ਅੰਦਰੋਂ ਹੀ ਨਿਕਲਿਆ । ਓ ਦੇਵਤਿਓ, ਤੁਸਾਂ ਮੰਦਾਰ[1] ਦਾ ਮਧਾਣਾ ਕਿਉਂ ਬਣਾਇਆ । ਕੀ ਏਸ ਲਈ ਜੋ ਸਹਿਜੇ ਸਹਿਜੇ ਹੌਲੀ ਹੌਲੀ ਟੁਰਦੀ ਏ !—ਏ ਮੰਦਾਕਨੀ[2] ਨਾਮ ਨਾਦਨੀ !' ਓ 'ਸਹਿਜ ਪਕੇ ਸੋ ਮੀਠਾ' ਹੋਇ, ਵਾਹ ਵਾਹ ਸਿਮਰਨ ਦੀ ਸਹਿਜ ਗੁੜ੍ਹਤੀ ! ਵਾਹ ਵਾਹ ਸਹਿਜੇ ਗੁਣ ਰਾਵੀਜੈ ! ਓ ਧਨਵੰਤਰੀ[3] ਤੂੰ ਧੰਨ ਏਂ , ਪਰ ਮੈਂਡਾ ਧੰਨ ਮਨ ਏਂ, ਓ ਅੰਤਰੀਵ ਮਨ । ਧੰਨ ਧੰਨ ਤੂੰ ਓਨਮਨ ! ਓ ਬਾਸਕ-ਨਾਗ ਕਾਲ (Time) ਸਚਮੁਚ ਤੈਂਡਾ ਨੇਤ੍ਰਾ ਯਾ ਰੱਸਾ ਏ । ਓਹ ਰੱਸਾ ਜਿਸ ਨਾਲ ਨਾਮੇ ਨੇ ਸੈਲ ਮਸੈਲ ਵਾਹਿਗੁਰੂ-ਮਧਾਣਾ ਰਿੜਕਿਆ ਸੀ ! ਓ ਕਾਲ, ਜੇ ਤੂੰ ਨ ਹੋਵੇਂ ਤਾਂ ਏਹ ਸਿਮਰਣ, ਕੀਕਣ ਹੌਲੇ ਹੌਲੇ ਚਲੇ । ਧੰਨ ਧੰਨ ਓ ਵਸੀ—ਕਾਰਕ, ਬਾਸਕ-ਨਾਗ, ਓ ਕਾਲ, ਪਰ ਅਕਾਲ ਦੀ ਮੁੰਡੀ ਗੋਦ, ਓ ਸਹਣਿਆ ਮੇਰ ਮਧਾਣਿਆਂ ! ਓ ਵਸੀ ਕਾਰਕ ਕਾਲ-ਨੇਤ੍ਰਿਆ

---

੧. ਇਕ ਪਰਬਤ ਜੋ ਸਾਗਰ ਵਿਚ ਉੜ ਕੇ ਨਸ ਗਿਆ ।
੨. ਮੰਦਾਰ ਤੇ ਮੰਦਾਕਨੀ ਦੋਵੇਂ ਇਕ ਧਾਤੂ 'ਮੰਦਾ' ਹੌਲੇ ਹੌਲੇ ਟਰਨ ਵਾਲੀ Slowly ਮੰਦਆਗ ਹੌਲੇ ਹੌਲੇ ਆਰਾਧਣਾ ।
੩. ਜਿਸ ਦੇ ਹਥ ਅੰਮ੍ਰਿਤ ਦਾ ਛੰਨਾ ਸੀ ।

ਤੁਸਾਂ ਸਾਰਿਆਂ ਤੋਂ ਸੋਹਣਾ ਏਂ ਮੈਂਡਾ ਖੀਰ-ਸਾਗਰ, ਮੈਂਡਾ ਅੰਦਰ ਡੁੱਬਾ ਚਿਤ-ਸਾਗਰ, ਜਿਸ ਵਿਚ ਡੁੱਬੇ ਪਏ ਨੇ ਨੌ-ਰਤਨ, ਹਾਂ ਸਾਰੇ ਰਤਨ[1] ਤੇ ਰਤਨਾਂ ਸਿਰ ਰਤਨ, ਨੌ ਨਿਧੜਾ 'ਨਾਮ' ਓ ਅਸ਼ਟ ਤੁਸੀਂ ਅੰਮ੍ਰਿਤ ਪੀਵਨ ਵਾਸਤੇ ਤਾਂਘਦੇ ਓ, ਆਵੋ ਪੀਓ ਤੇ ਨਿਰਮਲ ਹੰਸੀ ਥੀਓ। ਪਰ ਕਾਗ ਕੀ ਜਾਣੇ ਮੋਤੀਆਂ ਦਾ ਮੁੱਲ? ਓ ਅਸੁਰੋ, ਆਵੋ ਪੀਵੋ ਓ ਅਨੀਲ ਛੰਨਾ, ਜਿਤ ਪੀਤਿਆਂ ਤੁਹਾਡਾ 'ਨੀਲ-ਕੰਠ ਵਿਸ ਭਰਿਆ ਹੋ ਜਾਏ ਰੰਗ-ਅਰੰਗ, ਪਰ ਅਨ੍ਹਾ ਸੁਕਰ[2] ਕੋਕਣ ਵੇਖੇ ਸੁਜਾਖੇ ਸੂਰਜ ਨੂੰ? ਓ ਅਸੁਰੋ, ਆਵੋ ਪੀਵੋ ਓ ਸੁਰਭੀ ਰਸ, ਜਿਤ ਪੀਤਿਆਂ ਤੁਹਾਡੀ ਤਿਖਾ ਦੂਰ ਹੋ ਜਾਵੇ। ਪਰ ਸਹੰਸਰ ਬਾਹੂ ਕੀ ਜਾਣੇ ਇਸ ਕਾਮਧਨ ਦਾ ਮੁਲ! ਜੋ ਚਿੰਤਾ ਪੂਰਣ ਦੁਧ ਦੇਂਦੀ ਏ! ਓ ਅਸੁਰੋ, ਤੁਸੀਂ ਮੈਂ ਤੋਂ ਦੂਰ ਨਹੀਂ, ਤੁਸੀਂ ਮੈਂਡੇ ਹੀ ਅੜ-ਖੜੌਤੇ ਅੰਗ ਸੰਗ ਹੋ ਜੋ ਰਸ ਚੂਸਦੇ ਹੋ ਪਰ ਰਸ-ਰਸੀਆ ਨਹੀਂ ਲਭਦੇ। ਜੇ ਮਖਣ ਖਾਣ ਤੇ ਮੁਸ਼ਤਾਕ ਹੋ ਪਰ ਮਖਣ ਖਾਣ ਨੂੰ ਨਹੀਂ ਪਹਿਚਾਣਦੇ...ਓ ਓਨਮਨ, ਓ ਚਿਤ ਸੁਚੇਤ! ਓ ਖੀਰ ਸਾਗਰ, ਅਜ ਮੈਂ ਰਿੜਕਿਆ ਵੇ, ਹਾਂ ਰਿੜਕਿਆ ਏ ਅਪਣਾ ਆਪ!

ਮਾਧਾਣਾ ਪਰਬਤ ਕਰਿ ਨੇਤਰਾ ਬਾਸਕੁ 'ਸਬਦ' ਰਿੜਕਿਓਨ
ਚਉਦਹ ਰਤਨ ਨਿਕਾਲਿਅਨੁ ਕਰ ਆਵ ਗਉਣ ਚਿਲਕਿਓਨ।
(ਵਾਰ ਸਤਾ ਬਲਵੰਡ)

ਓ ਪੁੱਠੀ ਗੰਗਾ! ਓ ਅੰਦਰੋਂ ਉਠੀ ਗੰਗਾ, ਓ 'ਹਰਿਓਂ ਗੰਗ ਵਹਾਈਐ ਦੁਨੀਆਈ ਆਖੈ ਕਿਕਿਓਨ' ਹਾਂ ਪੁਛਣ ਸੰਗਤਾਂ

1. ਹਉਮੈ ਰੂਪੀ ਵਿਸ ਜੋ ਵਿਸ਼ਨੂ ਨੇ ਪੀਤੀ ਤੇ ਨੀਲ ਕੰਠ ਹੋ ਗਿਆ।
2. ਦੈਤੇ ਗੁਰੂ (Vensu)

ਸਾਰੀਆਂ-ਭਾਈ ਕੀਕੁਣ, ਹਾਂ ਹਾਂ ਕੀਕੁਣ, ਹਾਂ ਕੀਕੁਣ ? ਏਹ ਹੋਰੋਂ ਏਹ ਪੱਠੀ, ਏਹ ਅੰਦਰੋਂ ਗੰਗਾ ! ਹਾਂ ਨਿਰਮਲ ਨੀਰਵੀਂ ਗੰਗਾ, ਖੀਰ ਸਾਗਰੀ ਗੰਗਾ, ਧਨੰਤਰੀ ਚਾਈ ਅੰਮ੍ਰਿਤ ਛਨਾ !

੮.

ਵਾਹ ਵਾਹ ਨਾਮ ਨਿਧਾਨ,

ਓਇ ਮੂੰਹ ਨਿੱਕਾ ਤੇ ਗਲ ਵੱਡੀ ! ਓ ਕਾਨੀ ਨਿੱਕੀ ਤੇ ਗਾਥਾ ਅਮੁੱਕਵੀਂ ! ਓ ਕੌਲੀ ਨਿੱਕੀ ਤੇ ਬੀਰ ਸਾਗਰ ਅਤੌਲਵਾਂ । ਓ ਪੀਊ ਦਾਦੇ ਦਾ ਖੁਲ੍ਹਿਆ ਖਜ਼ਾਨਾ । ਓਇ ਕਾਰੂ ਦੇ ਚਾਲੀ ਗੰਜ ਓ ਅਲੀ ਬਾਬੇ ਨੂੰ ਲੱਭਾ ਚਾਲੀ ਚੋਰਾਂ ਦਾ ਮਾਲ !

ਓ ਅਲਾਦੀਨ ਦਾ ਲੈਂਪ, ਓ ਜਾਦੂ ਬੰਗਾਲੇ ਦੀ ਝੁਰਲੂ ਲਕੜੀ ! ਓ ਦਿਲ ਵਸ ਕਰਨ ਵਾਲੀ ਉਰਵਸ਼ੀ, ਤੂੰ ਹਨੂਮਾਨ ਦਾ ਹਿਰਦਾ ਚੀਰੀ ਮਾਲ ! ਓ ਚੁਮੁਖੀ ਦੀਵੜਾ ਓ ਧੀਰ ਸਾਗਰ, ਓ ਰਤਨਾਗਰ, ਓ ਰਾਮ ਚੰਦ ਦੀ ਲਸ਼ਟਕਾ, ਓ ਸੀਤਾ ਗਿਰਦ ਸੀਤਲ ਘੇਰਾ । ਓ ਭੀਮਸੈਨ ਦੇ ਉਡਦੇ ਹਾਥੀ, ਓ ਮੇਰ ਸੁਮੇਰ, ਓ ਊਸ਼ਾ ਦੀ ਲਾਲੀ, ਓ ਸਤਜੁਗ, ਓ ਨਵਜੁਗ, ਓ ਸਦ ਸੂਰਜ, ਓ ਨਿਤ ਪੂਰਨ ਚੰਨ, ਓ ਦਿਨ ਚੜ੍ਹਿਆ ਚੰਦ। ਓ ਬਾਗ ਅਬਾਂਗ। ਓ ਕਲਮਾ ਅਣ ਆਖਿਆ ! ਓ ਜੀਵਨ ਗੁੜ੍ਹਤੀ ! ਓ ਨਵ ਜੀਵਨ, ਓ ਮੁਰਦਾ ਜੀਵਾਣਾ, ਓ ਕਬਰ ਖੁਲ੍ਹੀ, ਓ ਆਕਾਸ਼ ਫਾਟਾ, ਓ ਆਕਾਸ਼ ਬਾਣੀ, ਓ ਪਾਰਸ ਪਰਸ, ਓ ਕਾਮਧੇਨ ਅਮੋਲਵੀਂ ਓ ਚਿਤ ਸ਼ਾਂਤ ਚਿੰਤਾਮਣੀ !

ਓ ਅਨਪੂਰਨੀ ਅੰਮਾਂ ! ਓ ਦਾਨ ਨਿਖੁੱਟਵੀਂ, ਓ ਖੂਹਟਾ ਅੰਮ੍ਰਿਤ ਭਰਿਆ ।. ਓ ਸੂਰਜ ਰਾਤੀ ਚੜ੍ਹਿਆ ! ਓ ਸੂਰਜ ਨੇਜ਼ੇ ਚੜ੍ਹਿਆ ! ਓ ਅਣਡੁੱਬਾ ਸੂਰਜ ! ਓ ਜ਼ਿੰਦਾ ਪੀਰ, ਖ੍ਵਾਜਾ ਖਿਜ਼ਰ,

ਓ ਯਾਰੁਵੀਂ ਵਾਲਾ ਓ ਸੌ ਉ੍ਰਰ ਇਕੋਤਰ ਸੌਵਾਂ। ਓ ਦ੍ਰੋਪਤੀ ਦੀ ਲੰਮੀ ਅਮੁਕਵੀਂ ਸਾੜ੍ਹੀ, ਓ ਮਾਇਆ ਦਾ ਅਣਮੁਕ ਕਸੀਦਾ (Perelop's wef)

ਓ ਇਕੋ ਇਕ ! ਓ ਸਰਬ ਇਕ, ਓ ਨਾਦ ਬਿਨੋਦ ! ਓ ਅਣਗਾਈ ਗਾਇਤ੍ਰੀ ! ਓ ਅਣ ਵੱਜੇ ਵਾਜੇ ! ਓ ਬਾਦਲ ਬਿਨ ਘਨਹਰ ਗਾਜੇ ! ਓ ਬੂੰਦ ਸ੍ਵਾਂਤੀ ! ਓ ਹੰਸ ਚਗ ਓ-ਮਾਨਸਰੋਵਰ ਓ ਸੰਦਲ ਬਨ, ਓ ਰਸਭਰੀ ਚੰਦਨ ਵਾੜੀ ! ਓ ਰਾਮ ਬਨ, ਓ ਆਸੁਰ ਸੰਘਾਰਨ ਸ੍ਰੀ, ਓ ਦੀਰਘ ਦਾੜ੍ਹਾ।

ਓ ਦੁਰਗਾਹ ! ਓ ਦੇਵ ਰਾਜ (Kingdom of Heaven) ਓ ਗਜ ਰਾਜ !

ਨਰਸਿੰਘ ! ਓ ਨਰਹਰ ; ਓ ਪੁਤਸਪੁੱਤ ! ਓ ਪ੍ਰਚੰਡ ਮਾਰਤੰਡ, ਓ ਨਿਤ ਚੜ੍ਹਦਾ ਚਾਉ, ਓ ਪ੍ਰਕਾਸ਼ ਪੁੰਜ, ਓ ਨਿਜ ਨੈਣਾ ਦੇਵੀ ! ਓ ਨਿਜ ਜਿੰਦਾਂ ਜਵਾਲਾਮੁਖੀ ! ਓ ਗਰੁੜ ਬਾਜ ਬਜਾਇਲਾ ਓ ਨਿਤ ਨੰਦਾ ਸ਼ਿਵਾ- ਵਾਹਨ ! ਓ ਢਿਡਲ ਕਛ ! ਓ ਨਿਤ ਤਰਦਾ ਮੱਠ !

ਓ ਸਰ ਸੁਰੀ ! ਓ ਅਮਰਾਪੁਰੀ ! ਓ ਬੈਕੁੰਠ ਨਗਰ, ਓ ਬੇਗ਼ਮ ਪੁਰਾ, ਓ ਅਬਚਲ ਨਗਰ ! ਓ ਸੂਤਰ ਸਾਂਝਾਂ, ਓ ਸਰਬ ਘਟਾਂ ਮੈਂ ਤਾਗਾ ! ਓ ਅੰਗੂਠਾ ਅਨੂਠਾ !

ਓ ਅਗਮ ਧਾਮ ! ਓ ਖੰਡ ਅਖੰਡ, ਓ ਸਚਖੰਡ ! ਸਚਖੰਡ !! ਸਚਖੰਡ !!!......

ਓ ਆਵਣ ਵਾਲਿਆ ਮਸੀਹਾ ਤੂੰ ! ਓ ਮਹਿੰਦੀ ਮੀਰ ! ਨਿਤ ਪੀਰ ਤੂੰ ! ਓ ਨਿਹਕਲੰਕ ਅਵਤਾਰ ਤੂੰ। ਮੈਂਡਾ ਸ੍ਵਰਗੀ ਸੁਪਨਾ (Utspia) ਤੂੰ......ਓ ਹਭ ਮਨ-ਭਾਵਣਾ-ਸੁਫਣਾ ਤੂੰ ਹੀ ! ਓ ਤੂੰ ਹੀ ਤੂੰ, ਤੂੰ ਹੀ ਤੂੰ, ਤੂੰ ਹੀ ਤੂੰ !!!

ਮੈਨੂੰ ਆਲਸੀਏ ਉਂਘਲਾਣੇ ਨੂੰ ਜਗਾਣ ਵਾਲੜਾ ਤੂੰ, ਓਇ *ਚੌਰਾਸੀ-ਸੁੱਤੇ ਨੂੰ ਉਠਾਂਣ ਵਾਲੜਾ ਤੂੰ ਓਇ ਮੈਨੂੰ ਕੋੜ ਕੁੰਭਕਰਣੇ ਨੂੰ ਟੁੰਬ ਜਗਾਣ ਵਾਲੜਾ ਤੂੰ, ਤੂੰ ਹੀ ਤੂੰ, ਤੂੰ ਹੀ ਤੂੰ, ਤੂੰ ਹੀ ਤੂੰ !

ਤੇਰਾ ਜਨ ਰਾਮ ਨਾਮ ਰੰਗਿ 'ਜਾਗਾ' ।
ਆਲਸੁ ਛੀਜਿ ਗਇਆ ਸਭ ਤਨ ਤੇ
ਪ੍ਰੀਤਮ ਸਿਉ ਮਨ ਲਾਗਾ । ਰਹਾਉ ।
ਜਹ ਜਹ ਪੇਖਉ ਤਹ ਤਹ ਨਾਰਾਇਣ
ਸਗਲ ਘਟਾ ਮਹਿ 'ਤਾਗਾ' ।
ਨਾਮ ਉਦਕੁ ਪੀਵਤ ਜਨ ਨਾਨਕ
ਤਿਆਗਿ ਸਗਲ ਅਨੁਰਾਗਾ ।
(ਧਨਾਸਰੀ ਮ: ੫)

ਪਰ ਵਾਹ ਨਾਮ, ਵਾਹ ਵਾਹ ਵੇ, ਚੋਜ ਮੌਜੀਆ !

੭.

ਵਾਹ ਨਾਮ ਸੰਪਤੀ, ਜਦ ਤੂੰ ਮੈਂਡੇ ਕੋਲ ਨਾ ਸੇਂ-ਮੈਂ ਕੰਗਲਾ, ਪਿੰਗਲਾ ਤੇ ਨਕਟਾ । ਹੁਣ ਹਾਂ ਧਨੀ, ਕਖ ਦਾ ਬਣਿਆਂ ਲੱਖ, ਓਇ ਸਵਾ ਲੱਖ ! ਓਇ ਰੰਗ ਰੰਗਟੜਾ—ਗੁਰੂ ਦਾ ਬਣੜਾ ! ਓਇ ਕੱਖ ਦਾ ਬਣਿਆ ਲੱਖ, ਅਜ ਲੱਖਾਂ ਦਾ ਜਹੁਰੀ, ਅਜ ਲੱਖਾਂ ਤੋਲਦਾ; ਲੱਖਾਂ ਵੰਡਦਾ, ਓਇ ਪੀਉ ਦਾਦੇ ਦਾ ਖੁਲ੍ਹਿਆ ਖਜ਼ਾਨਾ "ਤੋਟਿ ਨ ਆਵੈ ਵਧਦੋ ਜਾਈ"—ਵਾਹ ਵਾ ਅਖੁੱਟ ਨਾਮ ! ਓ ਧਰਤੀ, ਤੈਂਡੇ ਲਾਲ ਹੀਰੇ ਸੋਨੇ ਢੂੰਢਣ ਲਈ ਕਈ ਮਹਮੂਦ ਗਜ਼ਨੀ ਤੋਂ ਟੁਰਦੇ ਨੀ......ਪਰ ਅਜ ਜ ਸਾਰੀ ਧਰਤੀ ਕੰਚਨ ਹੋ ਜਾਵੇ, ਤਾਂ ਮੈਂ ਬਿਨ ਓ ਨਾਮ-ਸੰਪਤ ਮੈਂ ਕੁਝ ਨਹੀਂਓ ਭਾਂਵਦਾ !

---

*methu-Saeblike ਏਹ ਵੱਡਾਂ ਸੋਤਲ ਸੀ ।

"ਜੇ ਧਰਤੀ ਸਭ ਕੰਚਨੁ ਕਰਿ ਦੀਜੈ
ਬਿਨੁ ਨਾਵੈ ਅਵਰੁ ਨ ਭਾਇਆ ਰਾਮ ।"

(ਆਸਾ ਮ: ੪)

ਓ ਕੰਚਨ, ਤੂੰ ਸਭ ਕੁਝ ਖ੍ਰੀਦਦਾ ਏਂ ਪਰ ਕੀ ਤੂੰ ਮੈਂ ਨਿਜ ਤਪਤ ਨੂੰ ਠਾਰ ਸਕਦਾ ਏਂ !—ਨਹੀਂ ਓ ਕੰਚਨ। ਤੂੰ ਵੇਂ ਜੜ੍ਹ,ਤੂੰ ਕੀਕਣ ਚੇਤਨ ਮਨ ਨੂੰ ਭਰ ਪੂਰ ਸਕਨਾ ਏਂ ? ਓ ਕੰਚਨ, ਤੈਂਡੀ ਭਾ ਬਚਪਨ ਵਿਚ ਭਾਵੇਂ ਮੈਨੂੰ ਲੁਭਾਵੇ, ਹੁਣ ਮੈਂਨੂੰ ਮ੍ਰਿਗ-ਜਲੀ (Mirage) ਵਾਂਗਰ ਸਾੜਦੀ ਊ। ਓ ਤਰਸਦੇ ਨੂੰ ਹੋਰ ਤਰਸਾਵਣ ਵਾਲੜੀ ! ਓ ਭੁਖੇ ਦੇ ਮੂੰਹੇਂ ਹੋਰ ਲੇਲਾਂ ਵਗਾਣ ਵਾਲੜੀ। ਓਇ ਤੈਂਡੀ ਬੇਤਰਸ ਭਾ, ਓਏ ਤੈਂਡੀ ਚਿਤ ਲੂਹਣੀ ਭਾ ਓ ਕੰਚਨ ਤੂੰ ਕਚ ਤੋਂ ਵੀ ਖੋਟਾ ਏਂ ਕਚ ਵਿਚੋਂ ਮੈਂਡਾ ਮਾਹੀ ਆਪ-ਪਾਰ ਤਾ ਦਿਸਨਾਂ ਵੇ, ਪਰ ਓਇ ਤੂੰ ਸਿਥਲ ਸੋਨੇ (Opaque Gold) ਤੈਂਡੇ ਵਿਚ ਕੌਣ ਕੋਈ ਪਾਰ ਤੱਕੇ। ਓ ਕੰਚਨਾ, ਤੂੰ ਕੱਚਾ ਪਾਰਾ ਵੇਂ ਜਿਥ ਰੁੜ੍ਹੈਂ ਤਿਥੈ ਸੁਰਮਈ ਲੀਕਾਂ ਪਾਵਣ ਵਾਲੜਾ, ਓਇ ਮੈਂਡੇ ਹਥ ਪੈਰ ਮੂੰਹ ਨਾ ਕਾਲਾ ਕਰਣ ਵਾਲੜਾ,ਓ ਸੁਨਹਿਰੀ ਵੰਨੇ, ਹਰਿ ਚੰਦਉਰੀ-ਭਾਹੇ, ਨੀ ਛੱਫੇਕੁਟਨ ਠਗਣੀਏਂ, ਮੈਂ ਤੈਂਡੀ ਸੜ੍ਹ-ਭਾ ਤੋਂ ਭਜ ਭੜਥ ਹੋਇਆ ਹੋਇਆ ਹਾਂ। ਓ ਨਾਮ ਸੀਤਲ ਨਾਮ, ਤੈਂ ਮੈਂਡੀ ਤਪਤ ਨਿਵਾਰੀ, ਓ ਦੁਖ-ਭੰਜਨ ਨਾਮ ! ਓਇ ਰਾਗਾਂ ਸਿਰ ਰਾਗ, ਸ੍ਰੀ ਰਾਗ ਦਾ ਮੈਂਡਾ ਪਹਿਲਾ ਊੜਾ ਇਉਂ ਆਖਦਾ ਏ–

"ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ।
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ।
ਮਤਿ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ । ..
ਧਰਤੀ ਤ ਹੀਰੇ ਲਾਲ ਜੜਤੀ ਪਲੰਘਿ ਲਾਲ ਜੜਾਉ ।
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ।

ਮਤਿ ਦੇਖ ਭੂਲਾ ਵਿਸਰੈ ਤੇਰਾ ਚਿਤ ਨ ਆਵੈ ਨਾਉ ।
(ਸਿਰੀ ਰਾਗ ਮ: ੧)

ਓ ਸੋਨਿਆ ਤੂੰ ਸੂਨਾ ਏਂ, ਤੇਂ ਵਿਚ ਸੁਖ ਨਿਧਾਨ ਦੀ ਕੋਈ ਕਿਰਨ ਨਹੀਂ ਭਾਸਦੀ । ਓ ਕਸੁੰਭੇ ਰੰਗੇ ਸੋਨਿਆ ! ਤੂੰ ਕਸੁੰਭੇ ਵਾਂਗ ਕੱਚਾ ਏਂ । ਓ ਪਾਰਸਾ, ਤੂੰ ਵੀ ਸੋਨਾ ਏਂ । ਸੋਨਾ ਘਟਨਾ ਏਂ । ਪਰ ਅਜ ਮੇਂਡੇ ਗਲ ਲੱਗਾ ਏਂ ਜਿਦਾ-ਸੋਨਾ, ਓਇ ਟੁਰਦਾ ਸੋਨਾ, ਓਇ ਸੋਲਾਂ ਵਨੀ ਸੁਧ ਸੋਨਾ, ਓ ਮਜੀਠੀ ਸੋਨਾ, ਓ ਉਡਦਾ ਸੋਨਾ, ਓਇ ਊਸ਼ਾ ਸੋਨਾ, ਓ ਲਾਲ ਗੁਲ ਲ ਸੋਨਾ, ਓ ਵਗਦਾ ਸੋਨਾ, ਓ ਸੋਨੇ ਦਾ ਅਨੀਲ ਸਾਗਰ, ਓਇ ਸੋਨੇ ਦਾ ਗਹਿਰ ਗੰਭੀਰ ਖਜਾਨਾ. ਨਿਤ ਨਵਾਂ. ਨਿਤ ਨਵੇਲਤਾ-ਨਾਮ, ਨਿਤ ਨਵਾਂਵਦਾ, ਪਾਰਸ ਪਰਸਦਾ, ਅਪਿਉ ਤ੍ਰੈ-ਤਪਕੇ-ਵੰਡਦਾ. ਓਇ ਸੁਨਹਿਰੀ ਨਾਮ, ਕਜਣ ਕਜਦਾ, ਸੁਚੜ ਕੁਵਾਉ ਵੰਡਦਾ, ਓਇ ਤ੍ਰਿਪਤ ਅਘਾਵਣਾ ।

ਓਇ ਤੈਂ ਬਿਨ ਨਾਮ, ਕਾਰੂ ਨੇ ਕੰਗਲੇ, ਤੈਂ ਬਿਨ ਨਾਮ-ਕੇਸਰ ਨੇ ਬੇਤਾਜੇ, ਤੈਂ ਬਿਨ ਨਾਮ-ਕਿੰਗ ਜਾਰਜ ਨੇ ਭੇਖਾਰੀ ! ਓਇ ਤੈਂ ਬਿਨ ਨਾਮ-ਸੁਰਨਰ ਨੇ ਲੋਚਦੇ, ਮੁਨਿਜਨ ਨੇ ਤਾਘਦੇ, ਓਇ ਤੈਂ ਬਿਨ ਨਾਮ ਇੰਦ੍ਰਾਂ ਦੇ ਸਿਘਾਸਣ ਨੇ ਡੋਲਦੇ, ਓਇ ਮੇਂਡ ਲੋਕ ਪ੍ਰਲੋਕ ਦੇ ਤੋਸ਼ੇ,ਓਇ ਹਭ ਕੋਈਂ ਦੇ ਤ੍ਰਿਸ਼ਨ-ਵਿਨਾਸ਼ਕ ਤੋਸ਼ੇ-

ਪਾਇਆ ਲਾਲ ਰਤਨ ਮਨਿ ਪਾਇਆ ।
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਿਗੁਰ ਸਬਦਿ
ਸਮਾਇਆ ॥ ਰਹਾਉ ॥
ਲਾਥੀ ਭੂਖ. ਤ੍ਰਿਸਨ ਲਾਥੀ ਚਿੰਤਾ ਸਗਲ ਬਿਸਾਰੀ ।
ਕਰੁ ਮਸਤਕਿ ਗੁਰ ਪੂਰੇ ਧਰਿਓ ਮਨ ਜੀਤੋ ਜਗੁ ਸਾਰੀ ।
ਤ੍ਰਿਪਤ ਅਘਾਇ ਰਹ ਰਿਦ ਅੰਤਰ ਡੋਲਨ ਤੇ ਅਬ ਚੂਕੇ ।

ਅਖੁਟ ਖਜਾਨਾ ਸਤਿਗਰ ਦੀਆ ਤੋਟਿ ਨਹੀਂ ਰੇ ਮੂਕੇ ।
ਅਚਰਜੁ ਏਕ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ।
ਲਾਹਿ ਪਰਦਾ ਠਾਕਰੁ ਭਰਿਓ ਤਉ ਬਿਸਰੀ ਤਾਤਿ ਪਰਾਈ।
ਕਹਿਓ ਨ ਜਾਈ ਏਹ ਅਚੰਭਿਤ ਸੋ ਜਾਨੈ ਜਿਨਿ ਚਾਖਿਆ।
ਕਹ ਨਾਨਕ ਸਚ ਭਏ ਬਿਗਾਸਾ ਗੁਰ ਨਿਧਾਨ ਰਿਦੈ ਲੈ ਰਾਖਿਆ

(ਗਉੜੀ ਮ: ੫)

ਵਾਹ ਵਾਹ ਗੁਰ ਪੂਰੇ ਦੀ ਪੂਰੀ ਦਾਤ ।
ਵਾਹ ਵਾਹ ਤ੍ਰਿਪਤ ਅਘਾਵਣਾ ਨਾਮ ।
ਵਾਹ ਵਾਹ ਭਾਹਿ ਨ ਜਾਲੇ ਨਾਮ ।
ਵਾਹ ਵਾਹ ਜਲ ਨਹੀਂ ਡਬੋ ਨਾਮ ।
ਵਾਹ ਵਾਹ ਅਖੁਟ ਖਜਾਨਾ ਨਾਮ–
ਲਾਲ ਅਮੋਲਾ ਲਾਲੋ । ਅਗਹ ਅਤੋਲਾ ਨਾਮੋ (ਗਾਓ)

੮. (ਮਾਰੂ ਮ: ੫)

ਵਾਹ ਵਾਹ ਵੇ ਅਨੂਠੜੇ ਨਾਮ, ਓਇ ਟੁਟੀ ਗੰਢਣ ਹਾਰੇ । ਓਇ ਬਾਲਕ ਮੁਖ ਖੀਰ ! ਓਇ ਪਾਵਕ ਬੁਝਾਵਕ । ਓਇ ਗਾਮ ਉਦਕ, ਓਇ ਅਮਿਓ ਸਰੋਵਰ, ਓਇ ਮਿਰਤਕ ਪੜਾ ਸਵਾਰਣ ! ਓਇ ਹਲਤ ਪਲਤ ਦਾ ਸੰਗੀ ! ਓਇ ਉਲਟਾ ਕਮਲ ! ਓਇ, ਅਮਿਉ ਪਨਿਹਾਰੀ, ਅਠਸਠ ਤੀਰਥ, ਓਇ ਜੋਤ ਜੁਗਤ ਦੀ ਕੁੰਜੀ । ਓਇ ਖੰਭ ਵਿਕਾਂਦੜੇ । ਓਇ ਰਾਜ ਅਬਿਚਲ ! ਓਇ ਸਿਰ ਛਤਰ, ਓਇ ਪਵਨ ਚਰੀ, ਓਇ ਅਡੋਲ ਇੰਦ੍ਰ ਆਸਣ, ਓਇ ਹਮ ਕੂਟ[1] ਪਰਬਤ ! ਓਇ ਪਾਰਜਾਤ ! ਓਇ ਪ੍ਰਹਿਲਾਦ

---

੧. ਇਹ ਸਾਰੇ ਅਲੰਕਾਰ ਹਨ ਨਾਮ ਦੀ ਅਦਭੁਤ ਅਸਚਰਜਤਾ ਪ੍ਰਗਟ ਕਰਣ ਵਾਲੇ, ਮਾਨੋ ਨਾਮ ਅਕਹਿ ਚੋਜ ਕਰਦਾ ਹੈ ਪਰ ਕੰਧਾਂ ਠਚਦੀਆਂ ਨਹੀਂ, 'ਨਾਮ' ਵਿਚ ਭਜਦੀਆਂ ਅਕਾਲ ਵਲ ਖੜਕਦੀਆਂ ਨੇ ।

ਦਾ ਪਰਮ ਅਹਿਲਾਦ। ਓਇ ਧਰੂ ਦਾ ਧੁਰਾ। ਓਇ ਅਬਚਲ ਜੋਤ! ਓਇ ਜਾਗਦੀ ਜੋਤ, ਓਇ ਨਿਰੰਤਰ ਨਿਤ! ਓਇ ਹਿਲੀ ਸੈਲ ਪਥਰ ਅਹਿੱਲਿਆ! ਓਇ ਕਧਾਂ ਦੋੜਦੀਆਂ! ਓਇ ਚਾਤ੍ਰਿਕ ਮੁਖ ਬੂੰਦ, ਓਇ ਸਾਰਿੰਗ ਪਾਣੀ, ਓਇ ਕੰਨਾਂ ਚਿ ਕੁੰਡਲ[1]। ਓਇ ਮਾਧੋ ਮੁਕੰਦ, ਓਇ ਰਾਧਕਾ ਦੀਆਂ ਮੁੰਦ੍ਰਕਾਂ, ਓਇ ਅਨ੍ਹੇ ਹਥ ਟੋਹਣੀ ਓਇ ਪਾਰਖ ਹਥ ਪਾਰਸ। ਓਇ ਦੇਹ ਸੁਕੰਚਨ-ਵੰਨੜੀਆ! ਓਇ ਕਲਗੀ ਵਾਲੇ ਦੇ ਹਥ ਬਾਜ! ਓਇ ਕੋਹਿਕਾਫ ਤੇ ਰਹਿੰਦਾ ਸੀ ਮਰਗ! ਓਇ ਸੋਨ ਚਿੜੀ! ਓਇ ਸੋਨੇ ਦਾ ਜਗ ਅੰਡਾ। ਓਇ ਉਡਦਾ ਹਾਥੀ ਐਰਾਵਤੀ! ਓਇ ਦੇਵਤਿਆਂ ਦਾ ਪੁਸ਼ਪ ਬਬਾਨ! ਓਇ ਅਗਸਤ ਪੀਤਾ ਸਾਗਰ। ਓਇ ਬੋਠਦਾ ਬ੍ਰਿਦ੍ਰਾਚਲ! ਓਇ ਕੜ ਪਾਟੀ ਅਮਿਉ ਬਾਵਲੀ! ਓਇ ਤੇਜਨ ਤ੍ਰਹੀ ਚੰਗੇਰੀ! ਓਇ ਫਿਰਿਆ ਦੇਹੁਰਾ! ਓ ਸਵਿਤ੍ਰੀ ਦਾ ਮੁੜ ਆਇਆ ਸਤਿਆਵਾਨ! ਓ ਅਸਵਿਨਾ ਜਵਾਈ ਸੁਕੰਨਿਆ। ਓ ਡੋਰੂ ਡਮਕਾਏ ਸ਼ਿਵ, ਓ ਚਤਰ ਭੁਜ ਹਥ ਵਜਦਾ ਸਖ। ਓਇ ਸਰਸਵਤੀ ਦੀ ਬੀਨਾ, ਓਇ ਨਾਰਦ ਦੀ ਗੰਧਰਵੀ ਵੀਨ! ਓਇ ਲਛਮਨ ਪਲਾਈ ਸੰਜੀਵਨੀ ਬੂਟੀ! ਓ ਸਾਂਵਲੇ ਨੰਦ ਲਾਲ ਦੀ ਚਹੁਜੁਗੀ ਬੰਸਰੀ। ਓਇ ਬਾਲੀ ਦਾ ਬਲ, ਓਇ ਬਾਵਨ ਦਾ ਛਲ! ਓਇ ਗੁਰੂ ਬਾਬੇ ਦੀ ਖੁਲ੍ਹੀ ਮੁੰਧਾਵਣੀ! ਓਇ ਸਤਨ ਹਥ ਰਖੀ ਕੁੰਜੀ। ਓਇ ਚਾਲ ਸੁਹਾਵੀ ਮਧੁਰਾੜੀ ਬਾਣੀ! ਓਇ ਮਮੀਹੇ ਸਿਰ ਮਲਿਆ ਤੇਲ! ਓਇ ਮੋਹੰਮਦ ਨਾਲ ਗੱਲਾਂ ਕਰਦਾ ਜਬਰੇਲ! ਓਇ ਇੰਦਰ ਦਾ ਸੋਮ! ਓਇ ਸੈਲ ਪਥਰਾਂ ਨੂੰ ਪਿਘਲਾਵਣਾ ਮੋਮ! ਓਇ ਭਵਸਾਗਰ ਤਰਦੇ ਰਾਮ ਨਾਮ ਪੱਥਰ। ਓਇ ਗੁਝੜ ਲਧਮ ਲਾਲ!

---

੧. ਇਹ ਨੇ ਤਰਲ ਨਾਮ ਦੀ ਅਦਭੁਤੰਤਾ, ਖੰਡਖੀਰ, ਨਿਘ, ਠੰਢੀ ਨਿਘ, ਗਰਮ ਬਰਫ ਦਵਾਰਾ ਪ੍ਰਗਟ ਕਰਨ ਦੇ।

ਓਇ ਭੁਮਰੀਆਂ ਪਕਾਈਆਂ ਪਾਈਆਂ ਥਾਲੈ ਮਾਹਿ ! ਓਇ ਚਹੁ ਜੁਗੀ ਪਾਸਾ । ਓਇ ਅਖੜੀਆਂ ਬਿਅੰਨ ! ਓਇ ਓਇ ਓਇ...
ਜਲ ਕੀ ਮਛਲੀ ਚੜ੍ਹੀ ਖਜੂਰ ! ਵਾਹਵਾ ਸੇਜ ਸਦ ਫੈਲਦੀ–

ਸੇਜ ਵਿਛਾਈ ਕੰਤ ਕੂ, ਕੀਆ ਹਭੁ ਸੀਗਾਰੁ ।
ਇਤੀ ਮੰਝਿ ਨ ਸਮਾਵਈ, ਜੇ ਗਲਿ ਪਹਿਰਾ ਹਾਰੁ ।
(ਮਾਰੂ ਮ: ੫ ਡਖਣੇ)

ਓਇ ਮੈਂਡਾ ਵਡਾ ਗਹਿਣਾ, ਤੇ ਐਡੀ ਵਡੀ ਮੈਂਡੀ ਗਰਦਨ,
ਨਾ ਉਹ ਮੰਨੇ ਨਾ ਉਹ ਮੁੱਕੇ । ਮੈਨੂੰ ਸਦ ਫੈਲਦਾ ਗਲਿਹਾਰ ।
ਸਦ ਫਲਦਾ ਗਣਹਾਰ । ਸਦ ਫਲਦਾ 'ਨਾਮ' ਪਿਆਰ ।
ਵਾਹ ਵਾਹ ਨੀ ਨਿਤ ਨਵੀਏਂ ਸ਼ਿੰਗਾਰ ਪਟੀਏ !

੯.

ਵਾਹ ਵਾਹ ਪੂਰਨ ਨਾਮ, ਤੂੰ ਵਾਹ ਵਾਹ, ਤੂੰ ਵਾਹ ਵਾਹ,
ਓਇ ਮੈਂਡੀ ਕਾਨੀ ਜਿਥੇ ਸੰਗਨੀ ਉ ਓਥੇ ਆ ਮਿਹਰਾਂ ਦੇ ਸਾਈਂ
ਤੇ ਹੋਰਿਓਂ ਗੰਗ ਵਹਾਈ–ਹਾਂ ਤੂੰ ਆਪੇ ਆ, ਤੇ ਆਪੇ ਗਾ ।
ਨਾਮ ਹਮਾਰੈ ਅੰਤਰ ਜਾਮੀ । ਨਾਮੁ ਹਮਾਰੈ ਆਵੈ ਕਾਮੀ ।
ਰੋਮਿ ਰੋਮਿ ਰਵਿਆ ਹਰੀ ਨਾਮੁ । ਸਤਿਗੁਰੁ ਪੂਰੈ ਕੀਨੋ ਦਾਨੁ ।
ਨਾਮ ਰਤਨੁ ਮੇਂ ਭੰਡਾਰ । ਅਗਮ ਅਮੋਲਾ ਅਪਰ ਅਪਾਰ । ਰਹਾਉ ।
ਨਾਮ ਹਮਾਰੈ ਨਿਹਚਲ ਧਨੀ । ਨਾਮ ਕੀ ਮਹਿਮਾ ਸਭ ਮਹਿ ਬਨੀ ।
ਨਾਮ ਹਮਾਰੈ ਪੂਰਾ ਸਾਹੁ । ਨਾਮ ਹਮਾਰੈ ਬੇ-ਪਰਵਾਹ ।
ਨਾਮ ਹਮਾਰੈ ਭੋਜਨ ਭਾਉ । ਨਾਮ ਹਮਾਰੈ ਮਨ ਕਾ ਸੁਆਉ ।
ਨਾਮ ਨ ਵਿਸਰੈ ਸੰਤ ਪ੍ਰਸਾਦਿ । ਨਾਮ ਲੇਤ ਅਨਹਦ ਪੂਰੇ ਨਾਦ ।...

---

੧. ਭਾਵ ਕਾਲ ਗ੍ਰਸੀ ਬ੍ਰਿਤੀ ਨੇ ਅਕਾਲ ਮੰਡਲ ਵਿਚ ਝੰਡਾ ਜਾ ਗਡਿਆ, ਏਹ 'ਨਾਮ' ਦਾ ਚੋਜ ।

ਹਉ ਨਾਹੀ ਕਿਛੁ, ਮੈ ਕਿਆ ਹੋਸਾ, ਸਭ ਤੁਮਹੀ ਕਲਧਾਰੀ ।
(ਸਾਰੰਗ ਮ: ੫)

ਧੰਨ ਧੰਨ, ਘੜੀਐ 'ਸਬਦ' ਸਚੀ ਟਕਸਾਲ ।

੧੧.

ਧੰਨ ਧੰਨ ਮੈਂਡਾ ਨਾਮ ਵਿਚੋਲਾ—

ਧੰਨ ਧੰਨ ਮੈਂਡਾ ਨਾਮ ਵਿਚੋਲੜਾ, ਜਿਨ ਇਹ ਰੰਗਣ ਰੰਗਿਆ ।
" " " " " ਜਿਨਿ ਇਹ ਟੂਟਾ ਗੰਢਿਆ ।
" " " " " ਜਿਨ ਕਰੁ ਗਹਿ ਕਢੁ ਲੀਨਾ ।
" " " " " ਜਿਨ ਕੀਨੇ ਪਤਤਿ ਪਵੀਨਾ ।
" " " " " ਜਿਨ ਸੂਕਾ ਕੀਨਾ ਹਰਿਆ ।
" " " " " ਜਿਨ ਸਗਲਾ ਕਲ ਮਲ ਝਰਿਆ ।
" " " " " ਜਿਨ ਦਾਸ ਕੀ ਪੱਜ ਰਾਖੀ।
" " " " " ਜਿਨ ਬਖਸ਼ੀ ਬਿਅੰਨ ਆਖੀ।
" " " " " ਜਿਨ ਅਕਹੁ ਪਰਮਲ ਕੀਨਾ ।
" " " " " ਜਿਨ ਅਖੁਟ ਦਾਨ ਹੈ ਦੀਨਾ ।
" " " " " ਜਿਨ ਪੂਰਨ ਕੀਨੀ ਘਾਲ ।
" " " " " ਜਿਨ ਕਟਿਆ ਜਮ-ਜਾਲ ।
" " " " " ਜਿਨ ਉਲਟਿਆ ਕੀਨੋ ਸਿਧ ।
" " " " " ਜਿਨ ਦੀਨੀ ਨੌਨਿਧ ਰਿਧ ਸਿਧ ।
" " " " " ਜਿਨ ਕਾਟੀ ਮੈਂਡੀ ਸਭ ਸੋਚਾ ।
" " " " " ਜਿਨ ਨਵ ਰੰਗਣ ਹਮ ਪੋਚਾ ।
" " " " " ਜਿਨ ਕਾਟੇ ਹਮ ਬਧਨ ਬਾਧੇ ।
" " " " " ਜਿਨ ਨਿਪਟਾਏ ਸਭ ਧੰਧਣ ਧਾਂਧੇ ।

" " " " " ਜਿਨ ਗਰਭ-ਅਗਨ ਮਹਿ ਉਬਾਰਿਆ
" " " " " ਜਿਨ ਮੈਂਡਾ ਤਪਤ ਕੜਾਹਾ ਸੀਤਲਾਰਿਆ
" " " " " ਜਿਨ ਕਾਟੀ ਮੈਂਡੀ ਪਗ-ਬੜੀ।
" " " " " ਜਿਨ ਚਾ ਟੁਕੀ ਮੈਂਡੀ ਚੌਰਾਸੀ ਜੇਵੜੀ
" " " " " ਜਿਨ ਅੰਤ ਚੁਕ ਅਨਤ ਵਿਖਾਇਆ
" " " " " ਜਿਨ ਰੰਗ ਚਲੂਲਾ ਦਰਸਾਇਆ।
" " " " " ਜਿਨ ਅਠ ਪਹਿਰ ਕੀਤੋਨ ਨਿਹਾਲਸਾ।
" " " " " ਜਿਨ ਪੂਰੀਆਂ ਮੈਂਡੀਆਂ ਹਭ ਲਾਲਸਾਂ

ਵਾਹ ਵਾਹ ਵੇ ਵਿਚ ਵਿਚੋਲਾ।
" " " ਨਾਮ ਅਮੋਲਾ।
" " " ਅਪਿਓ ਅੱਗ ਬਗੋਲਾ।
" " " ਅੰਨ੍ਹੜੀ ਹਿੰਡੋਲਾ।
" " " ਮਸਕ ਝਕੋਲਾ।
" " " ਨਿਰੰਕਾਰੀ ਝੋਲਾ।
" " " ਅਗਹ ਅਗਿਹਅਤੋਲਾ।

ਵਾਹ ਵਾਹ ਸਦ ਬਸੰਤੀ ਮੇਲਾ।
ਵਾਹ ਵਾਹ ਰੰਗ ਰੰਗਿਆ ਢੋਲਾ।
ਵਾਹ ਵਾਹ ਸਦ-ਰੰਗ ਰੱਤਾ ਮੈਂਡਾ ਚੋਲਾ।...

ਵਾਹ ਵਾਹ! ਮਸਤੀ ਮਸਤੀ! ਨਾਮ ਖੁਮਾਰੀ ਮਸਤੀ! ਸਦ ਸਵਾਈ ਮਸਤੀ।

ਮਸਤੂਲ ਮਸਤੀ!! ਖੇੜਾ ਖੇੜਾ!! ਖੇੜਾ!!!
ਰਾਮ ਰਸਾਇਣ ਨ੍ਹਾਤਾ!...ਰਾਮ ਰਸਾਇਣ ਮਾਤਾ!—
ਤੇਰਾ ਜਨੁ ਰਾਮ ਰਸਾਇਣ ਮਾਤਾ।
ਪ੍ਰੇਮ-ਰਸਾ-ਨਿਧਿ ਜਾ ਕਉ ਉਪਜੀ,
ਛੋਡਿ ਨ ਕਤਹੂ ਜਾਤਾ। ਰਹਾਉ।

ਬੈਠਤ ਹਰਿ ਹਰਿ, ਸੋਵਤ ਹਰਿ ਹਰਿ,
ਹਰਿਰਸੁ ਭੋਜਨੁ ਖਾਤਾ ।
ਅਠਸਠਿ ਤੀਰਥ ਮਜਨ ਕੀਨੋ ਸਾਧੂ ਧੂਰੀ ਨ੍ਹਾਤਾ ।
ਸਫਲ ਜਨਮ ਹਰਿ ਜਨ ਕਾ ਉਪਜਿਆ
ਜਿਨਿ ਕੀਨੋ ਸਉਤ ਬਿਧਾਤਾ ।
ਸਗਲ ਸਮੂਹ ਲੈ ਉਧਰੇ ਨਾਨਕ
ਪੂਰਨ ਬ੍ਰਹਮ ਪਛਾਤਾ ।

(ਦੇਵ ਗੰਧਾਰੀ ਮ: ੫)

ਵਾਹ ਵਾਹ ਪੂਰਨ ਬ੍ਰਹਮ ਗਿਆਨੀ–ਨਾਨਕ ! ਵਾਹ ਵਾਹ ਮੈਂਡੇ ਵਿਚ ਵਿਚੋਲੜੇ ਨਾਨਕ ! ਵਾਹ ਵਾ ਨਾ–ਅਨਿਕ 'ਨਾਮ' ਨਾਨਕ ! ਵਾਹ ਵਾਹ ਨਾਮ ਨਿਰੰਜਨ ਨਾਨਕ, ਵਾਹ ਵਾਹ ਰੰਗ ਰਲੀਆਂ ਨਾਨਕ ! ਨਾਨਕ-ਵਾਹ ਵਾਹ ਰੰਗ ਰਲੀਆ ਨਾਨਕ । ਵਾਹ ਵਾਹ ਮੈਂਡੇ ਇਸ਼ਟ ਦੇਵ ।

ਵਿਚ ਵਿਚੋਲੜੇ, ਕੇਲ ਕਰੰਦੇ, ਅੰਤ ਬਿਅੰਤੀ...'ਨਾਮ' ਨਾਨਕ ਵਾਹ ਵਾਹ !.. ਵਾਹ ਵਾਹ...ਵਾਹੋ ਵਾਹ ਸਦ-ਜੀਂਵਦੇ ਨਾਨਕ !!! ਵਾਹ ਵਾਹ ! ..ਵਾਹ...ਵਾ...ਵਾਹ ..ਵਾਹੋ ਵਾਹ ਵਿਸਮੈਈ 'ਨਾਨਕ'
...ਵਾਹ ਵਾਹ !

ਨਾ...ਅਨਿਕ...ਨ੍ਰਿਨਾਮ...ਅਨਾਮ...ਨਾਮ...ਨਾ...ਮਿ !!!

੧ੴ ਸਤਿਗੁਰ ਪ੍ਰਸਾਦਿ ।

ਹੋਰ ਵਿੱਥਾਂ ਮਿਲੀਆਂ

ਵਾਹ ਵਾਹ 'ਨਾਮ'-'ਨਾਮੀ' ਭੇਦ

(Mystery of Sprit & Self)

ਵਾਹ ਵਾਹ 'ਨਾਮ'–'ਨਾਮੀ' ਵਿਥ !!

(The Hide & Seek Play)

—ਨਾਮ—

ਵਾਹ ਵਾਹ ਨਾਮ–ਨਾਮੀ ਅਭੇਦਤਾ

(The Eternal Union)

ਭੇਦ–ਅਭੇਦਤਾ

—ਨਾਮ—

ਵਾਹ ਵਾਹ ਵਿਵਾਹ !

(Holy Union—The Consummation)

The Opha my
Deification

'ਨਾਮ' ਆਤਮਾ+ਪ੍ਰਮਾਤਮ ਨਿਰੰਕਾਰ 'ਨਾਮੀ'
ਵਾਹਿਗੁਰੂ

'ਨਾਮ' ਤੇ 'ਨਾਮੀ' ਦੀ ਭੇਦ ਅਭੇਦਤਾ

Celestial Wedding

Eternal Hide & Seek at, Lastover !

ਵਾਹਿਗੁਰੂ ਦਾ 'ਨਾਮ'—ਬੇਅੰਤ ਕਵਾਉ ਸੱਤਾ ਹੈ, ਪਰ ਏਹ 'ਨਾਮੀ'-ਵਾਹਿਗੁਰੂ ਤੋਂ ਰਤਾ ਕੁ ਹੇਠਾਂ ਹੈ, ਕਿਉਂਕਿ ਵਾਹਿਗੁਰੂ ਤਾਂ ਗੁਣ ਨਿਧ ਭਰਪੂਰ ਖਜ਼ਾਨਾ ਹੈ, ਤੇ ਓਸ ਵਾਹਿਗੁਰੂ ਦੀ ਸਿਰਫ ਅਨੰਤੀ-ਮੌਜ (Infinite Holy Ghost) ਹੈ। ਪਰ ਜੀਕਣ ਸੂਰਜ ਦੀ ਕਿਰਨ ਸੂਰਜ ਤੋਂ ਰਤਾ ਕੁ ਭਿੰਨ ਹੈ ਤੀਕਣ ਵਾਹਿਗੁਰੂ ਦਾ ਏਹ ਅਨੰਤੀ ਨਾਮ ਵੀ ਵਾਹਿਗੁਰੂ ਤੋਂ ਰਤਾਕੁ ਭਿੰਨ ਹੈ।

ਪਰ ਫਿਰ ਭਿੰਨ ਨਹੀਂ, ਕਿਉਂਕਿ ਗੁਣ ਨਿਧ ਵਾਹਿਗੁਰੂ ਜੀ ਦੀ 'ਕੁੰਜੀ' ਵੀ ਏਹ 'ਨਾਮ' ਹੈ।—ਇਸ ਦੀ ਲੋ ਨਾਲ ਪਤਾ ਲਗਦਾ ਹੈ ਜੋ ਅਨੰਤੀ ਦੇ ਅਨੰਤ ਖਜ਼ਾਨੇ ਵਿਚ ਕੀ ਕੀ ਹੈ।

'ਨਿਰੰਕਾਰ' ਵਿਚ 'ਨਾਮ' ਯਾ 'ਕਵਾਉ ਸਤਾ' ਨਹੀਂ, ਕਿਉਂ ਕਿ ਉਥੇ ਉਤਪਤ-ਪਰਲੋ ਨਹੀਂ, ਤੇ 'ਨਾਮ' ਓਹ ਕਲਾ ਹੈ ਜਿਸ ਰਾਹੀਂ ਉਤਪਤ-ਪਰਲੋ ਹੁੰਦੀ ਹੈ !—ਪਰ ਨਿਰੰਕਾਰ ਵਿਚ ਏਹ ਭਾਵੇਂ ਪ੍ਰਗਟ ਨਹੀਂ ਪਰ ਅਲੋਪ, ਅੰਦਰ ਕਿਧਰੇ 'ਗੁਪਤ' ਹੈ, ਜਦ ਨਿਰੰਕਾਰ ਵਿਚ ਚੇਸ਼ਟਾ (ਖਾਹਸ਼) ਪ੍ਰਗਟ ਹੁੰਦੀ ਹੈ ਤਾਂ ਬੇਅੰਤ ਬ੍ਰਹਮੰਡ ਬਣਦੇ ਹਨ—ਬਣਦੇ ਤੇ ਖੁਰਦੇ, ਫੇਰ ਬਣਦੇ ਤੇ ਨਿਤ ਨਿਤ ਬਣਦੇ ਨੇ। ਬੇਅੰਤ ਵਾਹਿਗੁਰੂ ਦਾ ਬੇਅੰਤ ਕਾਰਕ (Agent)

'ਨਾਮ' ਏ ! ਹੁਕਮੀ ਦਾ ਹੁਕਮੀ ਬੰਦਾ ਵੇ ਏਹ 'ਨਾਮੇ' 'ਨਾਮ' 'ਨਿਰੰਕਾਰੀ', ਮਹਲ ਤੋਂ ਬਾਹਰ ਕੋਈ ਅਣੋਖੀਆ ਖੜਾਵਾਂ ਵਾਂਗ ਪਿਆ ਹੈ ਪਰ ਏਨ੍ਹਾਂ ਖੜਾਵਾਂ ਨੂੰ ਪੂਜ ਕੇ ਹੀ ਭਗਤ ਮਨ ਬੇਅੰਤ ਵਾਹਿਗੁਰੂ ਨੂੰ ਅੰਦਰ ਅੰਦਰ ਹੀ ਚੀਨਦੇ ਨੇ। 'ਨਾਮ' ਜੀਵਨ ਜੋਗ, ਸੰਜੀਰਨ, ਜਾਂ ਸੰਜੀਵਨੀ ਸੱਤਾ ਜੇ ਹੋਈ ! ਜਦ ਏਹ ਨਾਮ-ਰਸ ਚੂਸ ਚੂਸਕੇ ਜਿੰਦੜੀ ਪ੍ਰਫੁੱਲਤ ਹੋ ਗਈ ਤਦ 'ਆਤਮਾ' ਨੂੰ ਬਿਬੇਕ-ਬਿਚਾਰ ਨਾਲ ਗੁਣਨਿਧ 'ਪ੍ਰਮਾਤਮਾ' ਦਾ ਆਪਣ ਆਪ ਮੇਲ ਹੋ ਜਾਂਦਾ ਹੈ, ਇੰਝ ਹਇਆ 'ਵਿਆਹ' ਨਾਮ ਪ੍ਰੀਤੀ ਜਿੰਦੜੀ ਦਾ ਤੇ ਨਾਮ-ਪੁੰਜ ਪ੍ਰਮਾਤਮਾ ਦਾ।

ਵਿਵਾਹ ਹੋਆ ਮੇਰੇ ਬਾਬੁਲਾ !

੧ ੴ ਸਤਿਗੁਰ ਪ੍ਰਸਾਦਿ ॥

ਵਾਹ ਵਾਹ 'ਨਾਮ' 'ਨਾਮੀ' ਭੇਦ !

ਵਾਹ ਵਾਹ ਭੇਦ-ਅਭੇਦ !

ਵਾਹ	ਵਾਹ	'ਨਾਮ'	ਵਾਹ	ਵਾਹ	'ਨਾਮੀ'
		ਜੋਤ !	,,	,,	ਜੋਤ ਸਰੂਪੀ !
,,	,,	ਆਤਮਾ !	,,	,,	ਪਰਮਾਤਮਾ !
,,	,,	ਬ੍ਰਹਮ !	,,	,,	ਪਾਰਬ੍ਰਹਮ !
,,	,,	ਤੂੰ !	,,	,,	ਤੈਂਡਾ ਪਿਤਾ !
,,	,,	ਤੂੰ	,,	,,	ਤੈਂਡਾ ਕਰਤਾ !
,,	,,	ਤੂੰ	,,	,,	ਤੈਂਡਾ ਮਾਲਕ !
,,	,,	ਤੂੰ	,,	,,	ਤੈਂਡਾ ਖਾਲਕ !
,,	,,	ਤੂੰ	,,	,,	ਤੈਂਡਾ ਪ੍ਰਿਤ ਪਾਲਕ !
,,	,,	ਤੂੰ ਆਤਮਾ	,,	,,	ਆਤਮ-ਰਾਮ !
The self !			The Universal-self		
Nam-washed-self			The Spirit		

ਵਾਹ ਵਾਹ ਨਾਮ-ਨਾਮੀ ਭੇਦ (Mystery) !

ਓ 'ਨਾਮ', ਤੈਂ ਵਿਚ ਤੇ 'ਨਾਮੀ' ਵਿਚ ਕੀ ਫ਼ਰਕ ਏ, ਫ਼ਰਕ...ਹੈ ਵੀ ਤੇ ਨਹੀਂ ਵੀ। ਵੇਖੋ ਓਹ ਚੰਨ ਅੱਖਾਂ ਨੂੰ ਠੰਡ ਪਾਵਣ ਵਾਲੜਾ, ਵਧਣ ਘਟਣ ਵਾਲਾ, 'ਚੰਨ' ਆਖਿਆਂ ਚੰਨ ਦੇ

ਸਭੇ ਚਿੰਨ੍ਹ ਚੇਤੇ ਆ ਜਾਂਦੇ ਨੇ, ਪਰ ਫੇਰ ਵੀ ਓ ਨੂਰ ਦਾ ਪੁਤਲਾ, ਓ ਚੰਨ ਅੱਖਾਂ ਦੀ ਜਦ ਜਾਂ ਮਾਰ ਤੋਂ ਬਾਹਰ ਵੇ, ਤੀਕਣ ਈ ਨਾਮ ਲਭਿਆਂ 'ਨਾਮੀ' ਲਭ ਪੈਂਦਾ ਹੈ, ਪਰ ਫੇਰ ਵੀ ਰਤਾ ਕੁ 'ਨਾਮੀ' 'ਨਾਮ' ਤੋਂ ਪ੍ਰੇਡਾ ਹੈ। ਜੀਕਣ ਖੰਡ ਆਖਿਆਂ ਮੂੰਹ ਵਿਚ ਮਿੱਠਤ ਦਾ ਰਸ ਨਹੀਂ ਆਵਦਾ, ਭਾਵੇਂ ਖ਼ਿਆਲ ਵਿਚ ਆ ਜਾਂਦੀ ਹੈ, ਤੀਕਣ 'ਨਾਮ' ਪਕੜਿਆ 'ਨਾਮੀ' ਦੇ ਨੇੜੇ ਆ ਜਾਈਦਾ ਹੈ। ਪਰ 'ਨਾਮੀ' ਅਜ਼ ਰਤਾ ਕੁ ਪ੍ਰੇਡਾ ਹੈ...ਹਾਂ ਪਰੇ, ਨੇੜੇ ਪਰ ਦੂਰ।

ਭਾਭੀਰੀ ਕੇ ਪਾਤ ਪਾਰਦੇ ਬਿਨ ਪੇਖੇ ਦੂਰਾਇਓ।...ਹਾਂ ਅਜਾਂ ਵੀ ਪਰ੍ਹਾਂ, ਹਉਮੈਂ ਦਾ ਪੜਦਾ ਪਾਟਣ ਬਾਦ ਇਕ ਹੋਰ ਪੜਦਾ, ਕੇਲ ਕਰੇਂਦਾ 'ਨਾਮ' ਲਭਣ ਦ ਪਿਛੋਂ ਵੀ ਅਜਾਂ 'ਨਾਮੀ' ਰਤਾ ਕੁ ਦੂਰ !! ਬਹੁਤਾ ਦੂਰ ਨਹੀਂ, ਪਰ ਫਿਰ ਵੀ ਅਜਾਂ ਦਿਲੀ ਦੂਰ !

ਪਰ ਹੇ 'ਨਾਮ', ਤੂੰ ਕੋਈ ਅਖਰਾਂ ਵਾਲਾ ਨਾਂ ਨਹੀਂ, ਤੂੰ ਤਾਂ ਸਚਦਾ ਨੰਦ ਵਾਂਗ ਆਪ ਅਨੰਦੀ ਏਂ, ਆਪ ਚੇਤੰਨ ਏਂ, ਆਪ ਅਨੰਤ ਏਂ, ਫਿਰ ਤੈਂ ਵਿਚ ਤੇ 'ਨਾਮੀ' ਵਿਚ ਭੇਦ ਕਿਉਂ ? ਓ ਅਨਤੀ, ਤੂੰ ਵੀ ਅਖਰਾਂ ਦੀ ਜਦ ਤੋਂ ਬਾਹਰ ਤੇ ਓਹ 'ਨਿਰੰਕਾਰ ਵੀ ਅਖਰਾਂ ਦੀ ਜਦ ਤੋਂ ਬਾਹਰ ਫਿਰ 'ਨਾਮ' 'ਨਾਮੀ' ਵਿਚ ਫ਼ਰਕ ਕੇਹਾ ? ਏਸ ਫ਼ਰਕ ਦਾ ਵਰਨਣ ਪੰਜ ਖੰਡ ਯਾਤਰਾ ਸਾਨੂੰ ਆਪਣੇ ਆਪ ਦਸਦੀ ਹੈ।'ਨਾਮ' ਨਿਰਮਲ ਚਾਨਣ ਹੈ ਚਹੁ ਜੁਗੀ,ਪਰ ਮੇਂਡਾ ਸਚਖੰਡ ਵਸਿਆ'ਨਿਰੰਕਾਰ'ਯੁਗਾਂ ਤੋਂ ਓਪਰਰਾ,ਉਚੇਰਾ ਤੇ ਪਰੇਰਾ ਹੈ। ਜਿਥੇ ਓਹ ਨਾਮ-ਨਾਮੀ, ਓ ਇਸਮਗ੍ਰਾਮੀ ਵਸਦਾ ਏ,ਓਥੇ ਨ ਅੱਖਰ ਪੁਜ ਸਕਦੇ ਨੇ, ਨਾ ਖਿਆਲ ਪੁਜ ਸਕਦੇ ਨੇ, ਨਾ ਵਲਵਲੇ ਪੁਜ ਸਕਦੇ ਨੇ, ਓਹ ਅਗਾਹਿ, ਅਗਾਧ ਅਗੰਮ ਜੁ ਹੋਇਆ। ਪਰ ਹੇ 'ਨਾਮ', ਭਾਵੇਂ ਤੂੰ ਓਥੇ ਪੁਜਨਾ ਵੇ ਪਰ ਜਦ ਓਤਪਤ ਨਾ ਸੀ, ਤੇ ਪਰਲੋ ਨਾ ਸੀ, ਤਦ ਤੂ, ਓਇ ਨਾਮ ਦੇ ਕਾਰਿੰਦਿਆ। ਤੂੰ ਵੀ

ਠਪਿਆ ਹੋਇਆ ਨਿਰੰਕਾਰ ਦੇ ਡੱਬੇ ਵਿਚ ਪਿਆ ਸੈਂ । ਓ ਅਨੰਤੀ, ਪਰ ਨਿਰੰਕਾਰ ਵਿਚ ਤੂੰ ਵੀ ਚੁਪ-ਗੜੁੱਪ ਤੂੰ ਵੀ ਸੁੱਤਾ ਸੁੱਤਾ, ਤੂੰ ਵੀ ਗੁਪਤਾ ਓ 'ਨਾਮੀ' ਨਿਰਕਾਰਾ, ਜਿਥ ਤੂ ਏਂ-ਓਥ ਨਾ ਪਾਪ ਏ ਨਾ ਪੁਨ ਏ । ਨਾ ਆਦਿ ਏ-ਨਾ ਅੰਤ ਏ । ਨਾ ਦਿਨ ਏ ਨਾ ਰਾਤ ਏ, ਨਾ ਉਤਪਤ ਏ ਨਾ ਪਰਲੋ-ਸਦਾ ਸਦਾ ਇਕ, ਸਦਾ ਸਦਾ ਇਕ--ਪਰ 'ਇਕ ਆਖਿਆਂ ਵੀ ਤੂੰ ਗਿਣਤੀ ਵਿਚ ਆਵਨਾ ਏਂ- ਓ ਨਿਰਕਾਰ ਓ ਆਕਾਰ, ਰੰਹਿਤ ਅਕਾਰ, ਓਇ ਏਕੋ ਰਹਿਤ- ਅਕਾਰ, ਤੂੰ ਜਿਥੇ ਵੇਂ ਓਥ ਬਸ ਤੂ ਏਂ—ਉਥ ਨ ਕਾਲ ਏ ਨਾ ਦੇਸ । ਨਾ 'ਜਬ ਤਬ' ਏ ਨਾ 'ਇਥੇ ਉਥੇ' ਵੇ, ਕਿਉਂਕਿ ਤੂ ਕੋਈ ਥਾਂ ਨਹੀਂ, ਤੂ ਕੋਈ ਕਾਲ ਨਹੀਂ, ਓ ਵਡ ਵਡੇ ਅਕਾਲ-ਪੁਰਖਾ ।

ਜਿਹਾ ਪੁਤ 'ਨਾਮ' ਚੋਜੀਂ, ਤੇਹਿਆ ਉਸਦਾ 'ਬਾਪੂ', ਅਲਿਪਤ ਨਿਰਮਲ, ਅਨੰਤ, ਅਖਰਾਂ ਤੋਂ ਬਾਹਰ, ਖਿਆਲਾਂ ਤੋਂ ਬਾਹਰ... ਪਰ ਫਿਰ ਵੀ ਕੁਝ ਵੀ ਹੋਵ, ਤੂੰ ਹੈਂ, ਤੂੰ ਹੈ, ਤੂੰ ਹੈਂ-ਅਨੰਤੀ ਨਾਮ ਤੋਂ ਵੀ ਉਚੇਰਾ । ਐਡਾ ਉਚੇਰਾ ਜੀਕਣ ਮੈਂਡੇ ਸਿਰ ਤੋਂ ਓਹ ਅਕਾਸ-ਗੰਗਾ ਏ ਉਚੇਰੀ । ਓ ਅਨੰਤ ਨਾਮ, ਤੂੰ ਵੀ ਇਕ ਪੱਤਰ ਏਂ, ਓਸ ਨਿਰੰਕਾਰੀ ਪੇੜ ਦਾ...ਹੈਂ, ਹੈਂ, ਹੈਂ, ਪਰ ਨਿਰੰਕਾਰ ਦਾ ਪੇੜ ਕੀਕਣ, ਬ੍ਰਿਛ ਕੀਕਣ, ਉਹ ਤਾਂ ਰੂਪ ਰੇਖ ਰੰਗ ਤੋਂ ਨਿਆਰਾ ਏ, ਉਹ ਤਾਂ ਅਕੱਥ ਕਥਾਰ ਏ । ਓ ਗੁਪਤ ਨਾਮ, ਤੂੰ ਵੀ ਓਸ ਦੀ ਗੁਝੀ ਗੰਦ ਵਿਚ ਤਦ ਉਘਲਾਨਾ ਵੇਂ, ਹਾਂ ਤਦ ਜਦ ਜੋਤ ਸਰੂਪੀ' (ਨਾਮੀ) ਜੋਤ (ਨਾਮ) ਸੰਗਿ ਸਮਾਵੈ ।

"ਜਹ 'ਜੋਤਿ ਸਰੂਪੀ' 'ਜੋਤਿ' ਸੰਗਿ ਸਮਾਵੈ ।
ਤਹ ਕਿਸਹ ਭੂਖ ਕਵਨ ਤ੍ਰਿਪਤਾਵੈ ।
ਜਹ ਆਪਨ ਊਚ ਆਪਨ ਆਪ ਨੇਰਾ ।
ਤਹ ਕਉਨ ਠਾਕੁਰ ਕਉਨੁ ਕਹੀਐ ਚੇਰਾ ।

ਬਿਸਮਨ ਬਿਸਮ ਰਹੇ ਬਿਸਮਾਦ ।
ਨਾਨਕ ਅਪਨੀ ਗਤਿ ਜਾਨਹ ਆਪਿ ।...
ਜਬ 'ਆਕਾਰ' ਇਹ ਕਛੁ ਨਾ ਦ੍ਰਿਸਟੇਤਾ ।
ਪਾਪੁ ਪੁਨ ਤਬ ਕਹਤੇ ਹੋਤਾ ।
ਜਬ ਧਾਰੀ ਆਪਨ ਸੁੰਨ ਸਮਾਧਿ ।
ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤੀ ।...
ਜਬ ਆਪਨ ਆਪਿ ਆਪ 'ਪਾਰਬ੍ਰਹਮ' ।
ਤਬ ਮੋਹ ਕਹਾ ਕਿਸ ਹੋਵਤ ਭਰਮ ।...
ਜਬ 'ਨਿਰਗੁਨ' ਪ੍ਰਭ ਸਹਜ ਸੁਭਾਇ ।
ਤਬ 'ਸਿਵ' 'ਸਕਤਿ' ਕਹਹੁ ਕਿਤ ਠਾਇ ।
ਜਬ ਆਪਹਿ ਆਪਿ ਅਪਨੀ 'ਜੋਤਿ' ਧਰੈ ।
ਤਬ ਕਵਨ ਨਿਡਰ ਕਵਨ ਕਤ ਡਰੈ ।

(ਸੁਖਮਨੀ ਮ: ੫)

ਹਾਂ ਓ ਨਿਰੰਕਾਰ ਜਿਥੇ ਤੂੰ ਵੇਂ, ਉਥੇ 'ਜੋਤ' ਵੀ ਠੱਪੀ ਹੋਈ ਤੈਂਡੇ ਵਿਚ ਏ, ਓਥੇ 'ਸ਼ਕਤੀ' ਠੱਪੀ ਹੋਈ ਤੈਂਡੇ ਵਿਚ ਏ, ਓਥੇ ਪ੍ਰਪੰਚ ਸਾਰਾ ਵੀ ਠੱਪਿਆ ਹੋਇਆ ਤੈਂਡੇ ਵਿਚ ਏ। ਓ ਕਰਤਾ, ਓ ਹਰਤਾ, ਓ ਜੋਤਿ ਸਰੂਪ ! ਤਦ ਤੈਂ ਤੋਂ 'ਜੋਤ' ਭਿੰਨ ਨਹੀਂ । ਓ ਸਿਰਜਨਹਾਰ ! ਜਦ ਕੁਦਰਤ ਦਾਸੀ ਤੈਂ ਸਾਜੀ, ਤਦ ਤੈਂਡਾ ਅਨੰਤੀਕਾਰਕ 'ਨਾਮ' ਉਠ ਖਲੋਇਆ ! ਤੂੰ ਵੀ ਬੇਅੰਤ, ਓਹ ਵੀ ਬੇਅੰਤ ! ਤੂੰ ਵੀ ਅਨੰਦੀ । ਤੂੰ ਕਲਾਧਾਰ, ਓਹ ਕਲਾ, ਤੈਂਡਾ ਹੁਕਮ ਤੇ ਓਹਦਾ ਅਦ੍ਰਿਸ਼ਟ ਤਾਣਾ ਬਾਣਾ ਪਰ ਤੂੰ ਤੇ ਓਹ ਦੋਵੇਂ ਇਕੋ ਇਕ-ਏਕੰਕਾਰ—

'ਆਪੀ' ਨੈ ਆਪਾ[1A] ਸਾਜਿਓ
ਆਪੀ ਨੈ ਰਚਿਓ ਨਾਉ[1B]
ਦੁਯੀ ਕੁਦਰਤਿ[2] ਸਾਜੀਐ,
ਕਰਿ ਆਸਣ ਡਿਠੋ ਚਾਉ।

(ਆਸਾ ਦੀ ਵਾਰ)

ਓ ਸਿਰਜਣਹਾਰ, ਤੂੰ ਆਪਣਾ ਰਚਣਹਾਰ (1a), ਤੂੰ ਆਪਣੇ ਨਾਮ ਅਨੰਤੀ (1b) ਦਾ ਵੀ ਰਚਣਹਾਰ। ਤਦ ਤਕ ਤੂੰ ਆਪੇ ਆਪ, ਫਿਰ ਆਈ ਦੂਈ ਕੁਦਰਤਿ (Objective Nature) [2]ਜਿਹਨੂੰ ਤੂੰ ਕਿਧਰੇ ਪਰ੍ਹਾਂ ਆਸਣ ਡਾਹਕੇ ਵੇਖਣਾ ਏਂ-ਪਰ ਪਰ੍ਹਾਂ ਕਿਥੇ ? ਵਿਚ ਹੀ, ਪਰ ਕਿਸੇ ਹੋਰ ਨੂਰ ਲੈਵਲ ਵਿਚ (Metaphysical Level)। ਓ 'ਨਾਮੀ'-'ਗ੍ਰਾਮੀ' ਤੂੰ ਵੇਂ ਆਦਿ ਕਰਤਾ। ਤੂੰ ਵੇਂ ਉਤਪਤ ਕਰਤਾ, ਤੂੰ ਵੇਂ ਪਰਲੋ ਕਰਤਾ, ਤੇ ਤੈਂਡਾ ਤਾਣਾ ਬਾਣਾ ਬਾਹਰ ਖੁਲ੍ਹਾ ਜਾਂ ਅੰਦਰ ਵਲ੍ਹੇਟਿਆ 'ਨਾਮ' ਏ, ਪਰ ਉ ਕਰਤਾ ਪੁਰਖ, ਤੂੰ ਰਤਾ ਕੁ ਭਿੰਨ ਏਂ ਆਪਣੇ ਸਪੁਤ-ਪੁਤ 'ਨਾਮ' ਤੋਂ। ਓ ਪਿਤਾ, ਤੇਂਡੀ ਪੁਤ ਕੋਈ ਘੁਮਾਰ ਵਾਂਗ ਜੜ੍ਹ-ਭਾਂਡੇ ਘੜਨ ਵਾਲਾ ਨਹੀਂ, ਓਹ ਚੇਤੰਨ ਭਾਂਡੇ ਰਚਦਾ ਹੈ। ਭਾਂਡ (ਜੀਵ) ਵੀ ਚੇਤਨ ਤੇ ਨਾਮ ਘਾੜਾ ਵੀ ਨਿਰਲ ਚੇਤਨ, ਆਦਿ ਸ਼ਕਤੀ ਜਾਂ ਪਰਮ ਤਤ, ਪਰ ਹੋਰ ਤੱਤਾਂ ਵਾਂਗ ਜੜ੍ਹ ਨਹੀਂ ਚੇਤਨ ਪਰ ਫਿਰ ਵੀ ਓ ਪਰਮ ਪਿਤਾ, ਤੂੰ ਆਪਣੇ ਚੇਤਨ ਪੁਤ 'ਨਾਮ' ਤੋਂ ਰਤਾ ਕੁ ਪ੍ਰੇਡਾ ਏਂ, ਜੀਕਣ ਉਹ ਚਮਕਦਾ ਚੇਨ, ਇਨ੍ਹਾਂ ਦੇ ਅੱਖਰਾਂ 'ਚੇ-ਨ' ਤੋਂ ਪ੍ਰੇਡਾ ਏਂ। ਓ ਨਿਰੰਕਾਰ ! ਤੈਨੂੰ ਇਸ ਕਰਕੇ 'ਪ੍ਰਭ' ਆਖਦੇ ਨੇ, ਕਿ ਤੂੰ ਏਂ ਪਰੀ-ਭੂ ਭਾਵ ਪੰਜ-ਭੂਤਾ (Primal elements) ਤੋਂ ਪਰੇ ! ਪਰ ਏਹ ਪੰਜ ਭੂਤ ਤਾਂ ਚੇਤਨ ਨਹੀਂ, ਜੜ੍ਹ ਨੇ, ਤੇ ਤੂੰ ਵੀ ਚੇਤਨਤਾ

ਪੁੰਜ-ਪਰ ਅਜ ਅਸੀਂ ਏਨ੍ਹਾ ਪੰਜਾਂ-ਤੱਤਾਂ ਤੋਂ ਪਾਰ, ਨਾਮ ਦੇ ਪਰਮ ਚੇਤਨ-ਤੱਤ ਤੋਂ ਵੀ, ਪਾਰ ਤਕਨੇਆਂ ਤੇ ਓ ਪਰਾ-ਪੂਰਬਲਾ-ਨਾਮ ਤੈਂ ਤੋਂ ਵੀ ਉਚੇਰਾ 'ਨਿਰੰਕਾਰ' ਆਪ ਏ-ਕਿਉਂਕਿ ਜਿਥੇ 'ਜੋਤ-ਸਰੂਪੀ' (ਨਾਮੀ) 'ਜੋਤ' (ਨਾਮ) ਸੰਗ ਸਮਾਇਆ ਹੋਇਆ ਏ ਤਿਥੇ ਅਜ ਨਾਮ ਗੁਪਤ ਏ, ਓਹ ਵੀ ਪ੍ਰਗਟ ਨਹੀਂ ਹੋਇਆ।

ਜਦ ਚੋਜੀ ਦੀ ਹੁਕਮ ਮੌਜ ਉਠੀ ਤਾਂ 'ਨਿਰੰਕਾਰ' ਵਿਚ ਪਹਿਲੋਂ 'ਸ਼ਬਦ' (ਨਾਮ) ਦਾ 'ਅਦਿਸ਼ਟ ਥੰਮ੍ਹ' ਉਠ ਖਲੋਤਾ, ਜਿਸ ਨੇ ਬਿਨ ਥੰਮ੍ਹਾਂ ਗਗਨ ਉਠਾਇਆ।

'ਆਪੀ ਨੈ ਆਪੁ ਸਾਜਿ, ਆਪੁ ਪਛਾਣਿਆ।
ਅੰਬਰ ਧਰਤਿ ਵਿਛੋੜਿ, ਚੰਦੋਆ ਤਾਣਿਆ।
ਵਿਣ ਥੰਮ੍ਹਾਂ ਗਗਨੁ ਰਹਾਇ 'ਸਬਦੁ' ਨੀਸਾਣਿਆ।
(ਰਾਮਕਲੀ ਵਾਰ ਮ: ੧)

ਮੈਂ ਵਾਰੀ ਮੈਂ ਵਾਰੀ ਮੇਰੇ ਸਾਹਿਬਾ,
ਤੂ ਆਪ ਨਿਰਾਲਮ ਲਾ ਬੈਠਾ ਤਾੜੀ।
ਮੈਂ ਵਾਰੀ ਮੈਂ ਵਾਰੀ ਮੇਰੇ ਸਾਹਿਬਾ,
ਤੂੰ ਆਪ ਨਿਰਮਲ ਅਪਣੀ ਕਲ ਧਾਰੀ।
ਮੈਂ ਵਾਰੀ ਮੈਂ ਵਾਰੀ ਮੇਰੇ ਸਾਹਿਬਾ,
ਤੂੰ ਆਪ ਅਕੱਥ ਕਥੇਂ ਨਾਮ ਮੁਰਾਰੀ।
ਮੈਂ ਵਾਰੀ ਮੈਂ ਵਾਰੀ ਮੇਰੇ ਸਾਹਿਬਾ,
ਤੂੰ ਆਪੇ ਕਰਤਾ ਖੋਲ੍ਹ ਬੈਠਾ ਨਾਮ ਪਟਾਰੀ
ਮੈਂ ਵਾਰੀ ਮੈਂ ਵਾਰੀ ਮੇਰੇ ਸਾਹਿਬਾ,
ਤੂੰ ਆਪ ਨਿਰਾਲਮ ਚੜ੍ਹ ਬੈਠਾ ਨਾਮ-ਅਟਾਰੀ।
ਮੈਂ ਵਾਰੀ ਮੈਂ ਵਾਰੀ ਮੇਰੇ ਸਾਹਿਬਾ,
ਤੂੰ ਆਪ ਅਦਿਸ਼ਟ, ਪਰ ਵੇਖੈਂ, ਵਿਗਸੈਂ ਨਾਮ-ਦ੍ਰਿਸ਼ਟਾਰੀ।

ਓ 'ਨਾਮ' ਦਿਆ 'ਨਾਮੀਆਂ', ਤੂੰ 'ਨਾਮ' ਨੂੰ ਵੀ ਕਰ ਕਰ ਵੇਹਨਾ ਏਂ, ਜੀਕਣ ਉਤਪਤ-ਪਰਲੋ ਦਾ ਕਮ 'ਨਾਮ' ਵੇਹਨਾ ਏਂ।

ਉਤਪਤਿ ਪਰਲਉ 'ਸਬਦੇ' ਹੋਵੈ।
'ਸਬਦੇ' ਹੀ ਫਿਰਿ ਓਪਤਿ ਹੋਵੈ।

(ਮਾਝ ਮ: ੩)

ਪਰ ਭਾਵੇਂ ਉਤਪਤ ਭਾਵੇਂ ਪਰਲੋ, ਤੂੰ ਦੋਹਾਂ ਤੋਂ ਪਾਰ ਪਰਾਲਾ ਨਿਰਾਲਾ—

"ਓਤਪਤਿ ਪਰਲਉ ਆਪਿ ਨਿਰਾਲਾ।"

(ਮਾਰੂ ਮ: ੧)

੨.

ਓ ਨਿਰੰਕਾਰ ਨਾਮੀ!
ਵਾਹ ਵਾਹ 'ਨਾਮ' ਰਹਿਤ 'ਨਾਮੀ'!

ਓ 'ਨਾਮ' ਤੈਂਡੇ ਹੀ ਅਗੋਂ ਸਭ ਕਰਮ-ਨਾਮ ਨ, ਕਦੀ ਕਰਤਾ, ਕਦੀ ਹਰਤਾ, ਕਦੀ ਸਦਾ-ਸਿਵ ਕਦੀ ਸੋਹਣਾ ਲਾਲਣ...ਪਰ ਹੇ ਸਰਬ ਨਾਮ, ਓ ਅਨਤੀ ਨਾਮ, ਤੂੰ ਵੀ ਜਦ ਉਸ ਧੁਰ-ਦਰਗਾਹ ਵਿਚ ਜਾਨਾ ਵੇਂ ਤਦ ਨਿਰੰਕਾਰ ਦੇ ਵਿਡ ਵਿਚ ਤੂੰ ਵੀ ਅਲੋਪ ਹੋ ਜਾਨਾ ਵੇਂ! ਏਸ ਲੀਲਾ ਦਾ ਵਡਾ ਵਡਾ ਅਕਟਰ ਤੂੰ (Hamlet in Hamlets' Drama), ਪਰ ਓ 'ਹੈਮਲਟ' ਤੂੰ ਵੀ ਅਜ ਅਖੋਂ ਓਹਲੇ ਹੋ ਗਿਆ, ਜਦ 'ਨਿਰੰਕਾਰ-ਨਗਰੀ' ਮੈਂ ਵੜਿਆ! ਓ ਨਾਮ -ਸਰਬ ਨਾਮ. ਹੁਣ ਦਸ ਓਹਦਾ ਕੀ ਨਾਮ?...ਪਰ ਨਿਰੰਕਾਰ, ਨਿਰ-ਆਕਾਰ, ਇਹ ਵੀ ਇਕ ਗੁਣ ਵਾਚਕ ਨਾਂ ਏ, ਓਸ ਗੁਝੜੀ ਸੱਤਾ ਦਾ ਕੋਈ ਕੀ ਨਾਂ ਲਏ? ਧਨ ਆਤਮਕ ਨਾਮ! ਪਰ ਇਹ ਧਨੀ ਵੀ ਪਿਛਾਂ ਰਹਿ ਗਈ ਜਦ ਉਤਪਤ ਪਰਲੋ ਪਿਛਾਂ ਰਹਿ ਗਈ! ਅਕਾਲ-ਪੁਰਖ! ਪਰ ਕਾਲ ਦਾ ਉਲਟ ਏ ਅਕਾਲ, ਜਿਥੇ

ਕਾਲ ਨਹੀਂ ਉਥੇ 'ਅਕਾਲ' ਵੀ ਕਿਥੇ ? ਜਿਥੇ ਨਾਰੀ ਨਹੀਂ, ਨਰ ਵੀ ਨਹੀਂ ! ਓਥੇ ਤੇਰੀ ਪੂਰਨ ਪੁਰਸ਼ ਵੀ ਇਕ ਨਾਟ ਏ, ਜੋ ਰਹਿ ਗਿਆ ਪਿਛੇ ! ਓ ਅੱਖਰਾਂ ਤੋਂ ਪਰ ਖੜੋਤੇ 'ਨਾਮੀ', ਓ ਨਾਮ-ਹੀਨ ਨਾਮੀ, ਓ ਨਾਮ ਨਾਮੀ, ਓ ਨਾਮ ਗ੍ਰਾਮੀ, ਓ ਨਿਰੰਕਾਰ ਨਾਮੀ, ਤੇਂਡੀ ਸਦਾ ਈ ਜੈ ! ਤੇਂਡੀ ਸਦਾ ਈ ਜੈ !...ਕਿਧਰੇ ਦੂਰ ਆਸਣ ਡਾਹੀ ਬੈਠਾ ਸਦਾ ਵੇਖਦਾ, ਸਦ ਵਿਗਸਦਾ, ਸਦ ਨਦਰੀ ਨਦਰ ਨਿਹਾਲ ! ਓ 'ਨਾਮੀ', ਤੈਂਡਾ ਕੋਈ ਨਾਂ ਨਹੀਂ ! 'ਨਾਮ' ਖੈਂਡਾ ਨਾਂ ਤਦ ਏ ਜਦ ਉਤਪਤ ਪਰਲੋ ਏ, ਸਤਿਨਾਮ ਵੀ ਤਦ ਤੇਂਡਾ ਨਾਂ ਏ ਜਦ ਸਤ-ਦਾ-ਖੁਲ੍ਹਾ ਅਖਾੜਾ ਏ, ਪਰ ਜਿਥੇ ਸਤ ਨਹੀਂ-ਅਸੱਤ ਨਹੀਂ । ਜਿਥੇ ਗਿਆਤਾ ਨਹੀਂ ਗਯੇ ਨਹੀਂ । ਉਥੇ ਕੌਣ ਕਥੇ ? ਕੌਣ ਵੇਖੇ, ਕੌਣ ਭਣੇ, ਕੌਣ ਸੁਣੇ, ਕੌਣ ਗਾਏ, ਕੌਣ ਵਜਾਏ—

ਜਹ ਆਪਨ-ਆਪ ਆਪੁ ਪਤੀਆਰਾ ।
ਤਹ ਕਉਨ ਕਥੈ ਕਉਨ ਸੁਨਨੈਹਾਰਾ ।
ਬਹੁ ਬਅੰਤ ਊਚ ਤੇ ਊਚਾ ।
ਨਾਨਕ ਆਪਨ ਕਉ ਆਪਹਿ ਪਊਚਾ ।
(ਸੁਖਮਨੀ ਮ: ੫)

ਓ ਨ੍ਰਿਨਾਮੀ, ਓ ਨਿਰੰਕਾਰੀ, ਤੈਂਡਾ ਕੌਣ ਨਾਮ, ਕੌਣ ਜਾਤੀ ?
„ „ ਤੈਂਡਾ ਕੌਣ ਵੇਸ, ਕੌਣ ਪਾਤੀ ?

---

੧. ਏਹ ਇਕ ਅਧਿਆਤਮਕ ਨੁਕਤਾ ਨਿਗਾਹ ਹੈ (metaphysical aspect) ਜਦ ਉਤਪਤ ਪਰਲੋ ਵੀ ਪਿਛਾਂਹ ਰਹਿ ਰਹਿ ਜਾਂਦੀਆਂ ਹਨ, ਵਾਹਿਗੁਰੂ ਵਾਸਤੇ ਲਾਜ਼ਮੀ ਨਹੀਂ ਜੋ ਉਹ ਜ਼ਰੂਰ ਇੰਜ ਕਰੇ, ਉਹ ਬੇਪਰਵਾਹ, ਹਰਨ ਭਰਨ ਨੇੜੂ ਜੋ ਚਾਹ ਕਰੇ, ਨਾ ਕਰੇ ਜਾਂ ਨਿਤ ਕਰੇ ।

„ „ ਤੇਂਡਾ ਕੌਣ ਮੁਖ, ਕੌਣ ਬਾਤੀ ?
„ „ ਤੇਂਡਾ ਕੌਣ ਦਿਨ, ਕੌਣ ਰਾਤੀ ?
„ „ ਤੈਂਡੀ ਕੌਣ ਪਰਲੋ, ਕੌਣ ਕੇਤਪਾਤੀ ?
ਵਾਹ ਵਾ, ਵਾਹ ਵਾ, ਨ੍ਰਿਨਾਮ ਨਿਰੰਕਾਰ !!

੩.

ਵਾਹ ਵਾਹ ਕਵਾਓ ਲੀਲ੍ਹਾ !

ਓ ਨਿਰੰਜਣ ਨਿਰਾਹਾਰ ਪਿਤਾ ! ਭਾਵੇਂ ਤੂੰ ਨਿਰਨਾਮ ਏਂ, ਪਰ ਤੈਂਡੀ ਲੀਲ੍ਹਾ ਵਿਚ ਇਕ ਖੇਡ ਪ੍ਰਪੰਚ ਰਚਨਾ ਵੀ ਏ। ਜਦ ਤੈਂਡਾ 'ਹੁਕਮ' ਤਦ ਉਠਦਾ ਏ ਪ੍ਰਪੰਚ ਗੁਬਾਰ, ਕਿੰਝ ? ਕੁਝ ਇੰਝ ਜਿੰਝ ਮੈਂਡੇ ਅੰਦਰੋਂ ਉਠਦਾ ਏ ਤੈਂਡਾ ਵਿਚਾਰ, ਆਪਣੇ-ਆਪੇ, ਸਹਜ-ਸੁਭਾਏ, ਹਾਂ ਕੁਝ ਇੰਝੇ ਜਿਕਣ ਕਵੀ ਦੇ ਦਿਲ ਵਿਚ ਉਠਦੀ ਏ ਕਵਿਤਾ ਆਪਣੇ ਆਪ, ਸਹਿਜ ਸੁਭਾਏ...ਹਾਂ ਕਵੀ ਦੀ[1] ਕਵਾਓ ਸੱਤਾ, ਸੈਭੰ-ਵਾਚਕ ਸੱਤਾ, ਕਵਿਤਾ ਦਾ ਹੜ੍ਹ ! ਓ ਵਡ-ਕਵੀਆ ਕੀ ਏਹ ਸਾਰਾ ਸੰਸਾਰ ਤੈਂਡੀ ਰਚੀ ਹੋਈ ਵਡ ਕਵਿਤਾ ਨਹੀਂ ! ਵਾਹ ਵਾਹ ਤੈਂਡਾ ਕਵਾਓ ! ਵਾਹ ਵਾਹ ਤੈਂਡਾ ਚਾਉ ! ਵਾਹ ਵਾਹ ਤੈਂ ਉਮਾਹ !!! ਵਾਹ ਵਾਹ ! ਵਾਹ ਵਾਹ ! ਵਾਹ ਵਾਹ! ਵਾਹਵਾ—ਓਇ ਅਖੇਚਲ ਵਿਸਥਾਰ, ਓਇ ਅਬਚਲੀ-ਲੀਲ੍ਹਾ—

"ਜਹ ਆਪਿ ਰਚਿਓ ਪਰਪੰਚੁ ਆਕਾਰ।
ਤਿਹ ਗੁਣ ਮਹਿ ਕੀਨੋ ਬਿਸਥਾਰ।
ਪਾਪੁ ਪੁਨੁ ਤਹ ਭਈ ਕਹ ਵਤੁ।
ਕੋਊ ਨਰਕ ਕੋਊ ਸੁਰਗ ਬੰਛਾਵਤੁ।

---

੧. ਕੀਤਾ ਪਸਾਉ ਏਕੋ ਕਹਾਉ (ਜਪੁਜੀ)

ਆਪਨ ਖੇਲੁ ਆਪਿ ਕਰਿ ਦੇਖੈ ।
ਖੇਲ ਸੰਕੋਚੈ ਤਉ ਨਾਨਕ ਏਕੈ ।

(ਸੁਖਮਨੀ)

ਓ ਖੇਡ ਖਿਡਾਉਣਿਆ ! ਓ ਸਿਰਜਨਹਾਰ, ਓ ਰਚਣਹਾਰ, ਓ ਕਰਤਾ—ਓਇ ਤੈਂਡੀ ਮਿਠੜੀ ਲੀਲ੍ਹਾ, ਪਰ ਜਦ ਖੇਲ ਸੰਕੋਚੇਂ ਤਦ ਤੂੰ ਇਕ...ਇਕ ਨਹੀਂ ਨਿਰੰਕਾਰ ! ਪਰ ਨਿਰੰਕਾਰ ਕਿਥੇ ਨਿਨਾਮ, ਅਨਾਮ ! ਓ 'ਨਾਮੀ, ਓ ਨਾਮ ਗ੍ਰਾਮੀ, ਤੈਂਡੇ ਨਾਂ ਬਹੁਤੇਰੇ ਨੇ, ਪਰ ਤਦ ਤੇਰੀ ਜਦ ਤੇਰੀ ਵਿਸਥਾਰ ਏ, ਸਰਗੁਣ ਸਰੂਪ ਵਿਚ । ਪਰ ਜਿਥ ਤੂੰ ਨਿਰਗੁਣ ਏਂ—ਓਥੇ ਤੂੰ ਨਿਰੰਕਾਰੀ ਏਂ ।—ਓਥੇ 'ਨਾਮੀ' ਆਪਣੇ ਪਿਆਰ-ਅਨੰਤੀ ਪੁਤ 'ਨਾਮ' ਤੋਂ ਵੀ ਵਿਛੜਿਆ !

'ਗੁਸਾਈ ਤੇਰਾ ਕਹਾ ਨਾਮ ? ਕੈਸੇ ਜਾਤੀ ?"

(ਮਾਰੂ ਮ: ੧)

ਓਇ ਓਪਰਿਆ ! ਓਇ ਪਰੇ-ਪਰੇਡਿਆ, ਓਇ ਨ੍ਰਿਨਾਮ ਨਾਥਾ ! ਓਇ ਪਰੀ-ਭੂ (ਪ੍ਰਭੂ) ! ਓਇ ਪਾਰਬ੍ਰਹਮ ! ਓਇ ਅਕੱਥ-ਕਥਾਰਿਆ । ਓਇ ਅਕੁਲ । ਓਇ ਅਕਲ ਕਲਾ ! ਓਇ ਨਿਸਕੱਲਾ ! ਓਇ ਨਿਰੰਜਨ ! ਓਇ ਨਿਰਗੁਣ ਓ ਸਚਖੰਡ ਵਸਿਆ ਨਿਰੰਕਾਰ...ਓ 'ਨਾਮੀ', ਓ ਜੋਤ-ਸਰੂਪੀ, ਤੂੰ ਭਿੰਨ ਏਂ ਆਪਣੇ 'ਨਾਮ' ਤੋਂ, ਆਪਣੀ ਜੋਤ ਤੋਂ, ਆਪਣੀ ਲੀਲ੍ਹਾ ਤੋਂ... ਭਿੰਨ, ਪਰ ਨੇੜੇ ਨਾਹੀਂ ਦੂਰ !! ਵਾਹ ਵਾਹ 'ਨਾਮ' ਤੋਂ ਵੀ ਭਿੰਨ, ਪਰ ਨੇੜੇ ਨਾਹੀਂ ਦੂਰ !! ਵਾਹ ਵਾਹ 'ਨਾਮ' ਤੋਂ ਵੀ ਭਿੰਨ 'ਨਾਮੀਆਂ ।

੪.

ਵਾਹ ਵਾਹ 'ਨਾਮ' ਤੇ 'ਨਾਮੀ' ਅਭੇਦ !

ਪਰ ਓ 'ਨਾਮੀ' 'ਨਾਮ' ਤੋਂ ਭਿੰਨ ਤੂੰ ਕਿਥੇ ? ਜਿਥੇ ਤੂੰ ਤਿਥੇ ਤੈਂਡਾ 'ਨਾਮ' ! ਜਿਥੇ ਤੂੰ ਤਿਥੇ ਤੈਂਡਾ ਸਦ-ਸਵਾਰਿਆ-ਨਾਮ ! ਜਿਥ ਤੂੰ ਤਿਥੇ ਤੈਂ ਅਨਤ ਅਨਾਦੀ ਨਾਮ ! ਜਿਥ ਲਾੜਾ ਓਥੇ ਲਾੜ ਦਾ ਆੜੀ । ਜਿਥ ਤੂੰ ਚਜੀ ਤਿਥ ਤੈਂਡਾ ਨਾਮ ਮਜੀ ! ਜਿਥੇ ਤੂੰ ਹੁਕਮੀ ਤਿਥੇ ਤੈਂਡਾ ਹੁਕਮੀ-ਨਾਮ ਬੰਦਾ ! ਜਿਥੇ ਤੂੰ ਅਕਾਲ, ਤਿਥੇ ਓਹ ਕਾਲ ਰਹਿਤ ਅਨਕਾਲ-ਸਰੂਪਾ ! ਜਿਥ ਤੂੰ ਤਿਥੇ ਤਿਥ ਤੈਂਡਾ ਅਨੰਤ-ਵਣਜਾਰਾ ! ਜਿਥੇ ਤੈਂਡਾ ਕਵਾਉ ਤਿਥੇ ਤੈਂਡਾਓ ਦੇਵ-ਕਤਾਰਾ ! ਜਿਥੇ ਤੂੰ ਰਾਮ, ਤਿਥ ਤੈਂਡਾ ਉਨਮਨੀ ਲਕਸ਼ਮਨ ! ਜਿਥ ਤੂੰ ਸਿਆਮ ਤਿਥੇ ਤੈਂਡਾ ਬਲਿਹਾਰੀ ਨਾਮ-ਬਲਰਾਮ !.. ਮੈਂ ਨਹੀਂ ਆਖਾਂਗਾ, ਨਹੀਂ ਆਖਾਂਗਾ, ਜਿਥੇ ਤੂੰ ਤਿਥੇ ਤੈਂਡਾ ਪ੍ਰਛਾਵਾਂ ਓ ਜੀਭ ਸੜੇ— ਓ 'ਨਾਮ' ਜੋ ਤੈਨੂੰ ਮੈਂਡੇ ਸਾਹਿਬ ਦਾ ਪ੍ਰਛਾਵਾਂ ਆਖੇ, ਹਾਂ ਕਾਲਾ ਪ੍ਰਛਾਵਾਂ, ਅਣਹੋਂਦ ਦਾ ਦੂਜਾ ਨਾਂਵ......... ਓ ਨੂਰ ਸਨੂਰਾ, ਤੈਨੂੰ ਕੌਣ ਆਖ ਪ੍ਰਛਾਵਾਂ ? ਜੋਤ-ਪੁੰਜ, ਤੂੰ ਜੇ ਜੋਤ-ਸਰੂਪੀ ਓਹ ਪ੍ਰਕਾਸ਼ ਪੁੰਜ, ਤੂੰ ਜ ਪ੍ਰਕਾਸ਼ ਸਰੂਪੀ, ਓਹ ਨੂਰੋ ਨੂਰ ! ਤੂੰ ਜੇ ਨੂਰ ਸਰੂਪੀ, ਓ ! ਵਾਹ ਵਾਹ ਵ ਅਵਿਛੜਿਆ ਆੜੀਆ, ਵਾਹ ਵਾਹ ਵੇ ਮੈਂਡੇ ਲਾਲਣ ਦੇ ਲੰਗੋਟੀਯਾਰਾ ! ਵਾਹ ਵਾਹ ਵ ਜਗਜੀਵਨ ਦੀ ਜਿੰਦੇ !!

ਓ 'ਨਾਮ' ਤੂੰ 'ਨਾਮੀ' ਤੋਂ ਕੀਕਣ ਭਿੰਨ ਏਂ ? ਕੀ ਬੂੰਦ ਸਾਗਰ ਤੋਂ ਭਿੰਨ ਏ ? ਓਹੋ ਰੂਪ, ਓਹੋ ਪਾਸਾਰਾ, ਓਹੋ ਚੇਤੰਨਤਾ ਓਹੋ ਚਮਕਾਰਾ, ਓਹੋ ਨਾਦ-ਬਿਨੋਦ-ਓਹੋ ਲਿਸ਼ਕਾਰਾ ! ਓਹੋ ਪਰਮਲ ਜੋਤ, ਓਹੋ ਚਮਤਕਾਰਾ, ਓਇ ਨਾਮ, ਓਇ ਆਤਮ, ਤੈਂ ਵਿਚ, ਮੈਂਡਾ ਰਾਮ ਰਮਈਆ ! ਓ ਆਤਮ, ਤੈਂ ਵਿਚ ਤੈਂਡੀ ਕਿਰਨ ਵਿਚ ਮੈਂਡਾ ਕਿਰਨ-ਸਾਗਰ । ਓ ਆਤਮ, ਤੈਂ ਵਿਚ ਤੈਂਡੀ ਲੁਡਦੜੀ-ਧੂੜੀ ਵਿਚ ਮੈਂਡਾ ਕੋਹਨੂਰ-ਹਿਮਾਚਲ ! ਓਇ

ਓਇ ਓਇ ਬੂੰਦ ਵਿਚ ਸਾਗਰ...ਕਿਰਨ ਵਿਚ ਰਤਨਾਗਰ... ਨਾਮ ਜਾਲ ਵਿਚ ਅਜ ਫਸਿਆ ਨਾਮੀ ਨਾਮੀ-ਅਨਾਮੀ. ਓਇ ਕੱਜ ਵਿਚ ਸਮੁੰਦਰ ! ਇਸ ਅਨੰਦੀ ਅਨੰਤ ਵਿਚ ਔਹ ਮੈਂਜੀ-ਬੇਅੰਤ. ਓਇ ਪੂਰਨ ਵਿਚ ਪਰਿਪੂਰਨ !...

'ਆਤਮ' ਮਹਿ ਨਾਮੁ' ਰਾਮੁ ਮਹਿ ਆਤਮੁ
ਚੀਨਸਿ ਗੁਰ ਬੀਚਾਰਾ ।"

(ਭੈਰਉ ਮ: ੧)

ਹਾਂ ਆਤਮਾ ਵਿਚ ਵੜਿਆ ਪਰਮਾਤਮਾ !

"ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ
ਕਵਣੁ ਬੁਝੈ, ਬਿਧਿ ਜਾਣੈ ?"

ਹਾਂ ਓਹ ਵੜਾ, ਇਸ ਨਿਕੜੇ ਆਤਮਾ ਵਿਚ, ਪਰ ਤਾਂ ਜਾਣੇ ਕੋਈ ਜੇ ਓਹ ਆਪ ਚਾ ਜਾਣਾਏ, 'ਨਾਮ' ਕਿਰਣ ਵਿਚ ਚਾ ਪਾਏ! ਓ ਅਨੰਦੀ, ਓ ਅਨੰਤੀ ਤੰਡੀ ਕੁੰਜੀ 'ਨਾਮੁ' ਦੀ ਮਧੁਰਾੜੀ ਧੁਨੀ ਏ ! ਤੈਂ ਵਾਂਗ ਓਹ ਵੀ ਅਨਹਤ ਤੇ ਬੇਅੰਤ, ਤੈਂ ਵਾਂਗ ਓਹ ਵੀ ਸੁਧ-ਚੇਤਨ, ਤੈਂ ਵਾਂਗ ਓਹ ਵੀ ਅਜੱਰ ਤੇ ਅਮੱਰ। ਓ ਮੈਂਡੀ ਨਾ ਰੱਜਣ ਵਾਲੀ ਪਿਆਸ ! ਪੀ, ਪੀ, ਪੀ, ਏਸ ਅਮੀ-ਰਸ ਨੂੰ ਪੀ-ਪੀ ਪੀ, ਆਪਣੇ ਚਿਤ ਵਿਚੋਲੜੇ—

"ਹਰਿ ਚਰਨ ਸਰਨ ਤਰਨ ਸਾਗਰ
'ਧੁਨਿ ਅਨਹਤਾ' ਰਸ 'ਬੈਨ'।
ਪਥਿਕ-ਪਿਆਸ ਚਿਤ-ਸਰੋਵਰ,
ਆਤਮ ਜਲ ਲੈਨ।

ਵਾਹ ਵਾਹ 'ਨਾਮ' ਵਿਚ 'ਆਤਮ', 'ਆਤਮ' ਵਿਚ 'ਨਾਮ-ਹੇ ਦੋਹਾਂ ਦੇ ਮਿਝ 'ਆਤਮ-ਰਾਮ', ਰਮਈਆ ਰਾਮ, ਨਾਮ ਦਾ ਨਾਮੀ, ਵਾਹ ਵਾਹ ਅਨੰਦੀ-'ਨਾਮ'। ਪੁਰਖਾਂ ਵਿਚ 'ਨਾਰ' ਬਣ ਕੇ

ਰਵਦਾ, ਨਾਰੀਆਂ ਵਿਚ ਕ੍ਰਿਸ਼ਨ ਬਣ ਕੇ ਕਰਖਦਾ, ਓਇ ਨਾ ਤੂੰ ਪੁਰਖ ਤੇ ਨਾ ਤੂੰ ਨਾਰੀ ! ਨਾ ਤੂੰ ਦਿਨ ਤੇ ਨਾ ਤੂੰ ਰਾਤ-ਦੋਹਾਂ ਵਿਚ ਸਾਂਝਾ ਚਾਨਣ, ਸਾਂਝੀ ਜਤ, ਸਾਂਝਾ-ਸਵਾਦ। ਅਕੱਥ-ਕਥਾ ! 'ਤੈਡੀ ਗਤਿ ਮਿਤਿ ਤੂੰ ਹੈਂ ਜਾਣੇਂ' ਯਾ ਜਾਣੈ ਬ੍ਰਹਮ-ਗਿਆਨੀ-

"ਦਿਨ ਮਹਿ ਰੈਣਿ, ਮਹਿ [1]ਦਿਨੀਅਰ
ਉਸਨ ਸੀਤ ਬਿਧਿ ਸੋਈ।
ਤਾਂਕੀ ਗਤਿ ਮਿਤਿ ਅਵਰ ਨਾ ਜਾਣੈ,
ਗੁਰ ਬਿਨ ਸਮਝ ਨਾ ਹੋਈ।
ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ
ਬੂਝਹੁ ਬ੍ਰਹਮ ਗਿਆਨੀ।
ਧੁਨ[2] ਮਹਿ ਧਿਆਨ, ਧਿਆਨ ਮਹਿਜਾਨਿਆ,
ਗੁਰਮੁਖਿ ਅਕਥ-ਕਹਾਨੀ।
ਮਨ ਮਹਿ ਜੋਤਿ ਜੋਤ ਮਹਿ ਮਨੂਆ,
ਪੰਚ[3] ਮਿਲੇ ਗੁਰ ਭਾਈ।
ਨਾਨਕ ਤਿਨ ਕੈ ਸਦਿ ਬਲਿਹਾਰੀ
ਜਿਨ ਏਕ 'ਸਬਦਿ' ਲਿਵਲਾਈ। (ਰਾਮ ਕਲੀ ਮ: ੧)

ਵਾਹ ਵਾਹ ਚੋਜ-ਵਿਡਾਨੜਾ, ਆਤਮ ਵਿਚ ਲੁਕਿਆ ਆਤਮ ਰਾਮ !-'ਨਾਮ' ਵਿਚ ਲੁਕਿਆ 'ਨਾਮੀ'।

੫.

ਵਾਹ ਵਾਹ ਆਤਮ ਪ੍ਰਮਾਤਮ ਚੀਨੇ ! ਓ ਸਖੀ ਸਹੇਲੜੀਓ,

---

੧. ਨਾਮ ਸੂਰਜ।
੨. ਪੰਜ ਗਿਆਨ ਇੰਦਰੇ।
੩. ਨਾਮ ਜਾਂ ਸ਼ਬਦ।

ਆਤਮ ਚੀਨ ਪਰਮਾਤਮ ਚੀਨੋ ! ਓ ਮੈਂਡੀ ਨੇਹ-ਨਵੇਲੜੀਆਂ, 'ਨਾਮ' ਚੀਨ 'ਨਾਮੀ' ਨੂੰ ਲਭੇ ! ਓ ਮੇਂਡੀਆਂ ਅੰਕ ਸਹੇੜੀਆਹ ਬ੍ਰਹਮ ਚੀ ਪਾਰਬ੍ਰਹਮ ਨੂੰ ਘਿਨੋ ! ਓ ਇਕਦੂੰ ਇਕ ਚਾੜੇ-ਇਕ ਪਉੜੀ ਬਾਦ ਦੂਜੀ ਪਉੜੀ। ਇਕ ਕੰਢੇ ਪਾਰ ਦੂਜਾ ਕੰਢਾ, ਇਕ ਲੈਵਲ ਬਾਅਦ ਦੂਜਾ ਚੱਕਰ-ਹਾਂ ਪ੍ਰਕਾਸ਼ੀ ਚੁਕਰ, ਸਰਬ-ਚਕੱਰ, ਘਟ ਵੁੱਠਾ ਚਕਰ !

ਏਹ ਜੰਦਰਾ

"ਆਤਮ ਚੀਨਿ ਪਾਰਤਮ ਚੀਨਹੁ
ਗੁਰ ਸੰਗਤਿ ਇਹੁ ਨਿਕਤਾਰਾ ਹੇ।"

ਇਹ ਕੁੰਜੀ

"ਆਤਮ ਰਾਮੁ, ਰਾਮ ਹੈ ਆਤਮ
ਹਰਿ ਪਾਈਐ ਸਬੀਦ ਬਿਚਾਰਾ ਹੈ।"

(ਮਾਰੂ ਸੋਲਹੇ ਮ: ੧)

ਹਾਂ ਆਤਮ ਮਾਹ ਪਰਮਾਮਤ ਚੀਨੇ, ਲਭੇ, ਢੂੰਢੇ, ਪਾਵੇ, ਅੰਦਰੋ ਹੀ ਅੰਦਰ, ਜੋਤਿ ਮਾਹਿ, ਚਿਤ ਸਰੋਵਰ ਭੀਤਰੇ ,ਮਨ ਅੰਦਰ ਉਨਮਨ, ਨਹਿਲੇ ਪੁਰ ਦਹਿਲਾ !

ਤਾਂ ਚੀਨ੍ਹਿਆ ਓ ਸਤਿਗੁਰ,
ਜੇ ਤੂੰ ਆਪ ਪਾਂਧਾ ਬਣ ਪੜ੍ਹਾਇਆ।
ਤਾਂ ਚੀਨਿਆ ਓ ਪਰਮਾਨੰਦਾ,[2]
ਜੇ ਤੂੰ ਆਪ ਚਾ ਓ ਘੁਟ ਪਿਲਾਇਆ।
ਤਾਂ ਚੀਨਿਆ ਓ ਪ੍ਰਤਿਪਾਲਕਾ,
ਜੇ ਤੂੰ ਓਹ ਅਮਿਓ ਮੰਮਾ ਮੁਖ ਪਾਇਆ।

---

੧. ਪੰਜ ਗਿਆਨ ਇੰਦਰੇ
੨. ਨਾਮ ਜਾਂ ਸ਼ਬਦ।

ਤਾਂ ਚੀਨਿਆ ਓ ਮਾਲਿਕਾ,
ਜੇ ਤੂੰ ਗੁਣ-ਨਿਧਾਨਾ ਚਾ ਫੜਾਇਆ।
ਤਾਂ ਚੀਨਿਆ ਓ ਚੇਜੀਆ,
ਜੁ ਓਹ ਗੁਝਾ ਕੁੰਜਾ ਤੂੰ ਪਕੜਾਇਆ।

ਬਲਿਹਾਰੀ, ਬਲਿਹਾਰੀ, ਬਲਿਹਾਰੀ, "ਅਨਹਤ ਬਾਣੀ ਪੂੰਜੀ, ਸੰਤਨ ਹਥ ਰਾਖੀ ਕੂੰਜੀ।" ਹਾਂ ਤਾਂ ਦੁਵਿਆ, ਓ ਦੁਵੀ-ਭੂਤ-ਜਤੇ, ਜੇ ਆਤਮ ਨੂਰ ਹੜ ਤੈਂ ਮੈਂ ਅੰਦਰ ਚਾ ਵਗਾਇਆ।

"ਆਤਮੇ ਨੋਆਤਮੈ ਦੀ ਪ੍ਰਤੀਤ ਹੋਇ
ਤਾ ਘਰ ਹੀ ਪਰਚਾ ਪਾਇ।"

(ਸਾਰੰਗ ਵਾਰ ਮ: ੩)

ਵਾਹ ਵਾਹ ਬ੍ਰਹਮ ਉਜਿਆਰਾ! ਓਇ ਆਤਮ ਚਾਨਣ! ਓਇ ਚੜ੍ਹਿਆ ਚੰਨ੍ਹ-ਚਾਰਾਗ! ਓਇ ਗਿਆਨ ਰਾਇ ਹੁਣ ਸੇਜੈ ਆਇਆ। ਓਇ 'ਮੇਰੀ ਸੇਜੜੀਐ ਆਡੰਬਰ ਬਣਿਆ!' ਓਇ ਆਤਮ ਜੋਰ ਭਈ ਪ੍ਰਫੁਲਤ! ਓਇ ਖਿਲ੍ਹਤੀ ਕਸਤੂਰੀ, ਓਇ ਵਗਦੀ ਨੂਰ ਬਹੁੱਟੀ, ਓ ਅਰਸੀ-ਗੰਗਾ! ਓਇ ਬੀਰ ਬਹੁਟੀ ਲਾਲਾਂ-ਜਟੀ। ਓਇ ਸਹਿਜ-ਸਮਿਜੀ! ਓਇ ਜਾਗਦੀ ਜੋਤ! ਓਇ ਤਾਰਾ ਚੜ੍ਹਿਆ ਲਮਾ! ਓਇ ਕੋਟ ਸੂਰ ਪ੍ਰਗਾਸ। ਓਇ ਗੁਣ-ਨਿਧ! ਓਇ ਰਿਧ ਸਿਧ! ਓਇ ਅਨੰਦੀ ਭੂਰਾਂ! ਓਇ ਲਟੀ, ਓਇ ਤਰਥੱਲੀ! ਓਇ ਮਿਠੀਆਂ ਝਰਨ੍ਹਾਟਾਂ! ਓਇ ਵਲਾਸ, ਓਇ ਝਖੜ-ਸੁਖੀਵਾਂ! ਓਇ ਸਮੁੰਦ, ਸਾਗਰ, ਓਇ ਅਨੰਦੀ ਲਹਿਰਾਂ, ਓਇ ਨਿਬਟ ਮਿਠੜੇ, ਓ ਲੂੰ ਲੂੰ ਜਾਗੇ, ਓ ਮੈਂ ਬੁਢ ਸੁਹਾਗਣ! ਓਇ ਮੈਂ ਰੱਜੀ, ਓਇ ਮੈਂ ਸਤ-ਪੁਤਰੀ! ਓਇ ਮੈਂ ਸੁਹਾਗਣ-ਭਾਗਣ! ਓਇ ਮੈਂ ਬਤੀ ਸੁਲੱਖਣੀ, ਓਇ ਮੈਂ ਘਰ

ਦੀ ਮਾਲਕ ! ਓਇ ਮੈਂ ਕੰਤ ਪਿਆਰੀ ! ਓਇ ਮੈਂ ਕਦੇ ਨ ਰਾਂਡ ! ਸਦ-ਸੁਹਾਗਣ । ਓਇ ਮੈਂਡਾ ਸੂਹਾ ਚੀਰਾ, ਓਇ ਮੈਂਡੀ ਭਿਜ ਅੰਗੀਆ ! ਓਇ ਮੈਂ ਲਹੁਰੀਆ, ਮੈਂਡਾ ਵਡੜਾ ਰਾਮ ਭਤਾਰ । ਓਇ ਮੈਂ ਕੇਲ ਕਰੰਦੀ ਘੜਮੜ ਰਾਣੀ ! ਓਇ ਹੂਟੇ ਹੂਟਦੀ ਅਜ ਸੁੱਚੱਜੀ । ਓਇ ਮੈਂ ਗੁਣਵੰਤੀ, ਪੁਤਰ ਵੰਤੀ, ਸਤਵਤੀ ! ਓਇ ਮੈਂ ਰੁੜਦੀ ਜਾਂਦੀ ! ਓਇ ਮੈਂ ਭਰੀ ਜਵਾਨੀ ! ਓਇ ਮੈਂ ਸਹੱਪਣ ਖਾਣੀ ! ਓਇ ਮੈਂ ਵੂੜੀ-ਨਾਨੀ, ਓਇ ਮੈਂ ਲੋਟ ਪੋਟ ਮਸਤਾਨੀ ਮਸਤ । ਓਇ ਮੈਂ ਖੀਵੀ ਸਖੀਵੀ । ਓਇ ਮੈਂ ਬਉਰਾਨੀ । ਓਇ ਮੈਂ ਬਿਨ ਪਰਾਂ ਛਾਲਾਂ ਮਾਰਦੀ । ਓਇ ਮੈਂ ਛੂਟੀ ਹਰਨੋਟੀ । ਓਇ ਮੈਂ ਤ੍ਰਪਦੀ ਕਿਰਨ ! ਓਇ ਮੈਂ ਨੂਰ ਫੁਵਾਰ ! ਓਇ ਮੈਂ ਗੰਗ ਨ੍ਹਾਤੀ । ਓਇ ਮੈ ਊਸ਼ਾ ਲਾਲੀ, ਓਇ ਮੈਂ ਸਦਾ ਨਿਹਾਲੀ। ਓਇ ਮੈਂ ਜਗ ਮਾਤਾ ਜਗ ਦਬਾ ! ਓਇ ਮੈਂ ਹਰਨੀ ਭਰਨੀ ! ਓਇ ਮੈਂ ਦਰਗਾਹ ਹਥ ਆਈ ! ਓਇ ਮੈਂ ਸੁਰ ਵਾਹਨੀ ! ਓਇ ਮੈਂ ਗਰੁੜ ਸਵਾਰ । ਓਇ ਮੈਂ ਕੁਹਕਾਫ਼ ਪਾਰ । ਓਇ ਮੈਂ ਸੀਤਲ ਅੱਗ ! ਓਇ ਮੈਂ ਨਾ-ਠਲ੍ਹਿਆ ਨੂਰ-ਵਗ । ਓਇ ਮੈਂ ਉਤਪਤ । ਓਇ ਮੈਂ ਪਰਲੋ, ਓਇ 'ਨਾਮ' ਮੈਂਡੇ ਹਥ ਝਰਲੂ । ਓਇ 'ਨਾਮ' ਮੈਂਡਾ ਘਲਿਆ ਸੇਵਕ, ਓਇ 'ਨਾਮ' ਮੈਂਡਾ ਹਥ-ਬੱਨ੍ਹਾ ਬੰਦਾ, ਮੈਂ ਅਕਾਲ, ਕਾਲ ਮੈਂਡਾ ਡੰਡਾ ! ਓ ਮੈਂ ਪਰਮਾਤਮ, ਆਤਮ-ਸਿਰ ਛਤਰ । ਓ ਮੈਂ ਸਹਿਜ ਸਮਾਣੀ ਜਿੰਦੜੀ, ਓ ਮੈਂ ਜੋਤ ਸਰੂਪੀ ਜਿੰਦੜੀ ! ਓ ਮੈਂ ਵਡ ਭਾਗਣ ਜਿੰਦੜੀ, ਊਚਮ, ਊਚ, ਊਚ ਤੇ ਊਚੀ । ਸੂਚਮ ਸੂਚ, ਸੂਚ ਅਤਿ ਸੂਚੀ । ਨਿਰਮਲ ਨਿਰਮਲ ਨਿਰਮਲ ਤੋਂਡੀ ਕਥਾ । ਨਾਮ ਲੈਤ ਦਰਦ ਦੁਖ ਲਥਾ ।

'ਸੋ ਆਖਿਆ ਜੋ ਪੇਖਿਆ ਆਖੀ ।

"ਜੇਹਾ ਡਿਠਾ ਮੈਂ ਤੇਹੋ ਕਹਿਆ ।
ਤਿਸ ਰਸ ਆਇਆ ਜਿਨ ਭੇਦ ਲਹਿਆ ।
ਜੋਤੀ ਜੋਤਿ ਮਿਲੀ ਸੁਖ ਪਾਇਆ,
ਜਨ ਨਾਨਕ ਇਕ ਪਸਾਰਿਆ ਜੀਓ ।"

(ਮਾਝ ਮ: ੫)

ਤਾਂ ਵੇਖਿਆ ਜਾਂ ਤੂੰ ਆਪ ਵਿਖਾਇਆ । ਮੈਂ ਗੁਣ ਹੀਨ, ਬੁਧ ਹੀਨ, ਲਿਵ ਹੀਨ, ਕੋਝਾ, ਕੰਗਲਾ, ਪਿੰਗਲਾ, ਅੰਨ੍ਹਾ ਬੋਲਾ ਕੀ ਜਾਣਾਂ :—

"ਨਾ ਹਉ ਕਰਤਾ, ਨਾ ਮੈਂ ਕੀਆ ।
ਅੰਮ੍ਰਿਤ ਨਾਮ ਸਤਿਗੁਰਿ ਦੀਆ !"

ਬਲਿਹਾਰ, ਬਲਿਹਾਰ, ਬਲਿਹਾਰ, ਲਖ ਲਖ ਵੇਰੀਆ !

੭.

ਵਾਹ ਵਾਹ ਨਾਮ-ਰਮਿਆ ਨਾਮੀ ! ਓ ਨਾਮ ਵਿਚ ਵਸਿਆ 'ਨਾਮੀ' ਓ ਆਤਮ ਵਿਚ ਪਰਮਾਤਮ ਓ ਅਕਾਰ ਵਿਚ ਨਿਰੰਕਾਰ, ਓ ਅੰਕਾਰ ਵਿਚ ਏਕੰਕਾਰ, ਤੂੰ ਮੈਂਡੇ ਆਪ ਤੋਂ ਭਿੰਨ ਨਹੀਂ ਅੰਦਰ ਏਂ ਅੰਦਰ ! ਧੁਰ ਅੰਦਰ ! ਪਰ ਫਿਰ ਵੀ ਬਾਹਰ, ਗੁਪਤ-ਪ੍ਰਗਟ, ਓ ਸੋਹਣਿਆ ! ਸੋਹਣਿਆ ਦਾ ਸੋਹਣਾ ਤੂੰ ਏਂ—ਚੰਨਾਂ ਦਾ ਚੰਨ ਤੂੰ ਏਂ...ਪਰ ਅੰਧਕਾਰ ਵੀ ਏਂ । ਤੈਂਡੇ ਸਰਬ ਨਾਮ, ਤੈਂਡੇ ਸਰਬ ਨਾਮ ! ਤੈਂਡੀ ਸਰਬ ਜੋਤ, ਤੈਂਡੀ ਸਗਲੀ ਓਤਪੋਤ । ਸੂਤਰ ਆਤਮਨ ਤੂੰ, ਸਰਬ ਆਤਮਨ ਤੂੰ, ਨਿਰੰਕਾਰ ਤੂੰ, ਨਿਰਵਿਕਾਰ ਤੂੰ, ਆਦਿ ਮਧ ਅੰਤ ਵਿਚ ਰਵਿਆ ਤੂੰ ! ਵਣ ਤ੍ਰਿਣ ਤ੍ਰਿਭਵਣ ਵਿਚ ਰਮਿਆ ਤੂੰ । ਜਲ ਥਲ ਮਹੀਅਲ ਵਿਚ ਵਸਿਆ ਤੂੰ ! ਓ ਸਚਖੰਡ ਵਸਿਆ ਨਿਰੰਕਾਰਾ ! ਜੈ ਹੋ !! ਜੈ ਹੋ !! ਹਉਂ ਢਾਢੀ ਤੈਂਡੇ ਦਰ ਦਾ,

ਹਉਂ ਕੂਕਰ ਤੈਂਡੇ ਘਰ ਦਾ ਹਉਂ ਕਾਂ ਤੈਂਡੇ ਵੇਹੜੇ ਕਾਂ ਕਾਂ ਕਰਦਾ। ਮੈਂ ਬੋਲਾਂ, ਮੰਗਦਾ ਦਰਸ ਦਾਨ; ਜਿਤ ਡਿਠਿਆਂ ਮੈਂਡੀ ਭੁਖ ਸਭ ਲਹਿ ਜਾਵੇ !

"ਅਰਦਾਸਿ ਸੁਣੀ ਦਾਤਾਰਿ ਪ੍ਰਭ
ਢਾਢੀ ਕਉ 'ਮਹਿਲਿ' ਬੁਲਾਵੈ।
ਪ੍ਰਭ ਦੇਖਦਿਆ ਦੁਖ ਭੁਖ ਗਈ,
ਢਾਢੀ ਕਉ ਮੰਗਣ ਚਿਤਿ ਨ ਆਵੈ।
ਸਭੇ ਇਛਾ ਪੂਰੀਆਂ ਲਗੀਆਂ ਲਗਿ ਪ੍ਰਭ ਕੇ ਪਾਵੇ।
ਹਉ ਨਿਰਗੁਣ ਢਾਢੀ ਬਖਸਿਓਨੁ ਪੁਰਖ ਵੇਦਾਵੈ।
(ਮਾਰੂ ਡਖਣੇ ਮ: ੫)

ਹੋਰ ਕਿਆ ਮੰਗਾਂ ? ਜਦ ਹੁਣ ਤ੍ਰਿਪਤ ਅਘਾਇਆ।
,, ,, ? ,, ਹੁਣ ਸੁਭਰ ਭਰਾਇਆ।
,, ,, ? ,, ,, ਰਜ ਰਜ ਖਾਇਆ।
,, ,, ? ,, ,, ਰੰਗਣ ਰੰਗਾਇਆ।
,, ,, ? ,, ,, ਮੋਇਆ ਜਿਵਾਇਆ।
,, ,, ? ,, ,, ਪੜਦਾ ਖੋਲ੍ਹ ਵਿਖਾਇਆ।
,, ,, ? ,, ,, ਭੈ ਭਰਮ ਚੁਕਾਇਆ।
,, ,, ? ,, ,, ਤੈਂਡੜਾ ਦਰਸਨ ਪਾਇਆ।
,, ,, ? ,, ,, ਆਪਣਾ ਆਪ ਸਮਾਇਆ।
ਕਿਆ ਮਾਂਗਉਂ ਕਿਆ ਦੇਵਉ ! ਜਦ ਸਭ ਕੁਝ ਤੈਂਡੜਾ।
,, ,, ? ,, ,, ਮੈਂਡੜਾ।
,, ,, ? ,, ,, ਤੂੰ ਮੈਂਡਾ ਮੈਂ ਤੈਂਡਾ।
ਘੋਲ ਘੁਮਾਈਆਂ ਘਰ ਆਇਆ ਲਾਲਣਾ।

੮.

ਵਾਹ ਵਾਹ ਸਰਬ ਨਾਮੀ ! ਤੂੰ ਆਪੇ ਗੁਪਤ ਤੂੰ ਆਪੇਪਰਗਟਨਾ, ਤੂੰ ਆਪੇ ਅਬੂਝ ਆਪੇ ਹੀ ਜਚਨਾ । ਤੂੰ ਆਪ ਕੰਤ ਆਪੇ ਕੇਲ ਕਰਦਾ । ਤੂੰ ਆਪੇ ਚੋਜੀ ਤੂੰ ਆਪੇ ਖੇਲ ਰਚਦਾ । ਤੂੰ ਆਪੇ ਬਛਰਾ ਤੂੰ ਆਪ ਖੀਰ । ਤੂੰ ਆਪ ਗੰਗਾ, ਤੂੰ ਆਪੇ ਗੰਗਾ, ਤੂੰ ਆਪੇ ਨਿਰਮਲ ਨੀਰ! ਤੂੰ ਆਪੇ ਕਵਲਾ ਤੂੰ ਆਪੇ ਕਵਲਾ ਕੰਤ । ਤੂੰ ਆਪ ਨਿਰਗੁਣ ਸਰਗੁਣ ਮੱਧ[1] ਕੇਲ-ਕਰਤ ! ਤੂੰ ਆਪੇ ਸਾਗਰ, ਤੂੰ ਆਪੇ ਬੂੰਦ । ਤੂੰ ਆਪ ਦ੍ਰਿਸ਼ਟ ਅਦ੍ਰਿਸ਼ਟ ਹੋਂਦ । ਤੂੰ ਆਪੇ ਕਰਤਾ ਕਰਣ ਜੋਗ । ਤੂੰ ਆਪੇ ਰਸੀਆ, ਆਪ ਰਸ-ਭੋਗ । ਤੂੰ ਆਪੇ ਅਲਿਪਤ ਘਟ ਘਟ ਵਾਸੀ ! 'ਬਹੁ ਬੇਅੰਤ ਊਚ ਤੇ ਊਚਾ ।' ਨਿਰਮਲ-ਨ੍ਰਿਮਲ ਅਕੱਥ ਕਥੂਰਾ !

ਸਹੰਸ ਸਹੰਸ ਸਹੰਸਰ ਤੇਰੇ ਨਾਵਾਂ ।
ਵੇ ਪਰਵਾਹ ਤੇਰੇ ਕੇੜ੍ਹੇ ਗੁਣ ਗਾਵਾਂ।

ਸਰਬ ਨਾਮੀ-ਤੂੰ ! ਸਰਬ ਨਾਮੀ ਤੂੰ ! ਅਨਾਮੀ ਤੂੰ, ਗੁਣਨਾਮੀ ਤੂੰ ! ਓ ਕਾਦਰ ਤੇਰਾ ਨਾਂ ਏ ਕੁਦਰਤ । ਓ ਕਵੀ ਤੇਂਡਾ ਕਵ੍ਰਾਉ ਵੇ ਨਵਤਨ 'ਨਾਮ' ! ਓ ਅਕਥ-ਕਥਾਰੇ ਤੈਂਡੀ ਕਥਾ ਏ ਅਕੱਥ-ਕਥਾ । 'ਨਾਮ ਚੀਨ ਦੁਖ ਦਰਦ ਲਥਾ ।

ਮੈਂ ਛਡਿਆ ਸਗਲ ਅਪਾਇਣੋ
ਭਰਵਾਸੈ ਗੁਰ ਸਮਰਥਾ ।
ਗੁਰ ਬਖਸਿਆ 'ਨਾਮ' ਨਿਧਾਨ
ਸਭੋ ਦੁਖ ਲਥਾ ।
ਭੋਗਹੁ ਭੁੰਚਹੁ ਭਾਈ ਹੋ
ਪਲੈ 'ਨਾਮ' ਅਗਥਾ ।

---

੧. ਵੇਖੋ 'ਕੇਲ ਕਰੰਦਾ' ਅੰਕ ਵਾਹਿਗੁਰੂ ਦਰਸ਼ਨ ।

ਨਾਮੁ ਦਾਨੁ ਇਸਨਾਨੁ ਦ੍ਰਿੜ
ਸਦਾ ਕਰਹੁ ਗੁਰ ਕਥਾ ।
ਸਹਜੁ ਭਇਆ ਪ੍ਰਭੁ ਪਾਇਆ
ਜਮ ਕਾ ਭਉ ਲਥਾ ।

(ਡਖਣੇ ਮਾਰੂ ਮ: ੫)

੯.

ਵਾਹ ਵਾਹ ਸਹਿਜ, ਤੇਂਡੀ ਅਕੱਥ-ਕਥਾ ! ਓ 'ਨਾਮ' ਤੂੰ ਦੀਵਾ ਬਾਲ ਕੇ ਜਦ ਮੈਨੂੰ ਅੰਦਰ ਖੜਨਾ ਵਾਂ-ਤਾਂ ਸਾਚੇ ਸਾਹਿਬ ਨੂੰ ਸਚੇ ਤਖਤ ਉਤੇ ਬੈਠਾ ਪਾਂਵਨਾ ਹਾਂ । ਓ 'ਨਾਮ' ਭਾਵੇਂ ਤੂੰ ਬੂਹਿਓਂ ਬਾਹਰ ਬਹਿ ਜਾਨਾ ਵਾਂ, ਪਰ ਤੈਂਡਾ ਗੁਪਤ ਅੰਗ ਸੰਗ ਅਗ੍ਹਾਂ ਵੀ ਜਾਨਾ ਵੇਂ. —ਓ ਸਿਮ ਸਿਮ, ਓ ਰੁਣ ਝੁਣ, ਓ ਰੁਣਝੁਨਣੇ-ਨਾਮਾ ! ਜਿਥੇ ਤੂੰ ਵਸਨਾ ਏਂ ਨਿਰੰਕਾਰ, ਓਥੇ ਸੋਚਾਂ, ਚਿੰਤਾਂ ਤੇ ਅਗੇਤਰਾਂ ਪਿਛੇਤਰਾਂ ਪਿਛ ਰਹਿ ਗਈਆਂ—ਤਿਥੈ ਸਹਜ ਹੈ—ਸਹਜ, ਅਡੋਲ ਅਮੋਲ ਸਹਜ ! ਤਿਥੈ ਸਹਜੇ ਉਤਪਤ, ਸਹਜੇ ਪਰਲੋ, ਸਹਿਜੇ ਦਿਨ-ਸਹਿਜੇ ਰਾਤ ! ਸਹਿਜ ੧ਛੇਤੀ ਜੁਗ ਧੁੰਧੂਕਾਰ ਸਹਿਜੇ ਚਾਨਾਣ । ਓ ਸਹਿਜ ! ਤੈਂਡੀ ਅਕੱਥ ਕਥਾ ਨਿਆਰੀ ਏ । ਅਤੀ ਹੀ ਪਿਆਰੀ ਏ ! ਓ ਸਹਿਜ ਘਰ ਵਸਿਆ ਦੂਲ੍ਹਿਆ ! ਤੂੰ ਸਹਿਜ ਦੀਵਾ ਬਾਲੇਂ ਤਾਂ ਮੈਂ ਆਤਮ ਵਿਚ 'ਰਾਮ' ਵੇਖਾਂ, 'ਨਾਮਾਂ' ਵਿਚ ਆਤਮ ਰਾਮ ਚਖਾਂ, ਬ੍ਰਹਮ ਵਿਚ ਪਾਰਬ੍ਰਹਮ ਪਾਵਾਂ । ਪਰ ਜੇ ਤੂੰ ਦਸੇਂ ਮੈਂਡ ਸਤਿਗੁਰਾ ਓਇ ਆਦਿ ਗੁਰਾ—

---

੧. ਬਹੁਤੇ ਜੁਗਾਂ ਦਾ ਭਾਵ ਹੈ ਜੀਵਣ 'ਛਤੀ-ਅੰਮ੍ਰਿਤ' ਨਾਕਿ ਗੇਣਵਾਂ ੩੬.

'ਸਹਜੇ' ਨੋ ਸਭ ਲੋਚਦੀ, ਬਿਨ ਗੁਰ ਪਾਇਆ ਨਾ ਜਾਇ ।
ਪੜ੍ਹਿ ਪੜ੍ਹਿ ਪੰਡਤਿ ਜੋਤਕੀ ਥਕੇ ਭੇਖੀ ਭਰਮ ਭੁਲਾਇ ।
ਗੁਰ ਭੇਟੇ ਸਹਜੁ ਪਾਇਆ ਅਪਣੀ ਕਿਰਪਾ ਕਰੇ ਰਜਾਇ ।
ਭਾਈ, ਗੁਰ ਬਿਨੁ ਸਹਜ ਨ ਹੋਇ ।
'ਸਬਦੇ' ਹੀ ਤੇ 'ਸਹਜ' ਊਪਜੇ, ਹਰਿ ਪਾਇਆ ਸਚ ਸੋਇ ।
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰ ।"
(ਸਿਰੀ ਰਾਗੁ ਮ: ੩)

ਓ ਸਚਖੰਡ ਵਸਿਆ ਨਿਰੰਕਾਰ, ਤੈਂਡੇ 'ਚਰੁਗੀ ਸ਼ਬਦ' ਨਾਲ਼ ਤੈਨੂੰ ਜਾਣਿਆ।

ਓ ਸਚਖੰਡ ਵਸਿਆ ਨਿਰੰਕਾਰ, ਤੈਂਡੀਆਂ 'ਸਬਦ ਖੜਾਵਾਂ' ਨਾਲ ਤੈਨੂੰ ਪਹਿਚਾਣਿਆ । ਹਾਂ ਬਾਹਰ ਛਡੀਆਂ ਨਾਮ ਖੜਾਵਾਂ–ਕਿਉਂਕਿ 'ਨਿਰੰਕਾਰ ਵਿਚ ਨਾ ਉਤਪਤ ਏ ਨਾ ਪਰਲੋ । ਪਰ ਫਿਰ ਵੀ ਓਸ ਸੋਦਰ' 'ਸੋ ਘਰ' ਨੇ ਤੈਂਡੀਆਂ ਨਾਮ-ਖੜਾਵਾਂ ! ਓਇ ਮਿਠ-ਮਿਠੁੜੀਆਂ ਖੜਾਵਾਂ ! ਓਇ ਭਰਤ[1] ਮੰਗੀਆਂ ਖੜਾਵਾਂ । ਓ ਪੂਜਨ ਯੋਗ ਖੜਾਵਾਂ । ਓ ਮੈਂਡੀ ਅੱਖੀਂ ਡਿਠੀਆਂ ਖੜਾਵਾਂ । ਓਇ ਮੈਂਡੀਆਂ ਜਿੰਦ ਜਾਨ ਖੜਾਵਾਂ । ਓਇ ਓਨ੍ਹਾਂ ਖੜਾਵਾਂ ਦੇ ਸਦਾ ਸਦਾ ਗੁਣ ਗਾਵਾਂ–ਹਾਂ ਪਵਿਤ ਜੜੀ ਵੇਖ ਸਿਆਣਾ, ਚਰਨ ਕਮਲ ਨਿਸਤਾਰਾ, ਓਇ ਕੇਸਾਂ ਨਾਲ ਚਵਰ ਝੁਲਾਵਾਂ ਤੇ ਚਰਨ ਧੂੜ ਮੁਖ ਲਾਵਾਂ ।

ਵਾਹ ਵਾਹ ਅਗੰਮੜੇ ਦੀਆ ਅਗੰਮੜੀਆਂ ਖੜਾਵਾਂ ।
ਵਾਹ ਵਾਹ ਅਨੂਠੇ ਦੀਆਂ ਅਨੂਠੜੀਆਂ ਖੜਾਵਾਂ ।

---

੧. ਭਰਤ ਜਦ ਮੁੜਿਆ ਤਾਂ ਰਾਮ ਦੀਆਂ ਖੜਾਵਾਂ ਪੂਜਣ ਲਈ ਲੈ ਆਇਆ । ਵਾਚਕ ਹੈ ਪੂਜ ਯੋਗ 'ਨਾਮ' ਦਾ, ਜੋ ਹੈ ਵਾਚਕ ਅਕਾਲ ਪੁਰਖ ਦਾ ।

ਵਾਹ ਵਾਹ ਵਿਸਮਾਦੀ ਦੀਆਂ ਤਾਰਾਂ ਸੀਤੀਆਂ ਖੜਾਵਾਂ।
ਵਾਹ ਵਾਹ ਅਨੰਦੀ ਦੀਆਂ ਸਦ-ਲਿਸ਼ਕਣੀਆਂ ਖੜਾਵਾਂ।
ਵਾਹ ਵਾਹ ਅਨੰਦੀ ਦੀਆਂ ਅਨੰਤ ਫੈਲੀਆਂ ਖੜਾਵਾਂ।
ਵਾਹ ਵਾਹ ਚਰਨ-ਕਮਲੀ ਖੜਾਵਾਂ—

''ਚਚਾ ਚਰਨ ਕਮਲ ਸੰਗ ਲਾਗਾ।
ਧਨਿ ਧਨਿ ਓਆ ਦਿਨਸ ਸੁਭਾਗਾ।
ਚਿਤ ਚਿਤਵਉ ਚਰਣਾਰਿਬਿੰਦ।
ਊਧ ਕਮਲ ਬਿਗਸਾਂਤ।
ਪ੍ਰਗਟ ਭਏ ਆਪਹਿ ਗੋਬਿੰਦ
ਨਾਨਕ ਸੰਤ ਮਤਾਂਤ।

(ਗਉੜੀ ਬਾਵਨ ਅਖਰੀ ਮ: ੫)

੧੮.

ਵਾਹ ਵਾਹ 'ਨਾਨ' ਵਿਚੋਲਾ! ਮੈਂਡਾ ਹਭ ਰੰਗ ਮਾਣਨ ਢੋਲਾ।
ਵਾਹ ਵਾਹ 'ਨਾਮ' ਦਾਰੂ! ਮੈਂਡੇ ਹਭੇ ਦੁਖ ਬਿਦਾਰੂ।
ਵਾਹ ਵਾਹ ਨਾਮ ਚਾਨਣ। ਮੈਂਡੇ ਖੁਲੇ ਭਾਗ ਮਥਾਵਣ।
ਵਾਹ ਵਾਹ ਨਾਮ ਅਮੋਲਾ। ਅਗਹ ਅਗਮ ਅਤੋਲਾ!

ਓ ਨਾਮ, ਤੂੰ ਸਰਧਾ ਪੂਰਕ ਏਂ, ਜਿਥ ਤੂੰ ਆਪ ਨਹੀਂ ਵੰਜਦਾ ਉਥੇ ਵੀ ਮੈਨੂੰ ਖੜਨਾ ਏਂ ਆਪ ਬਾਹਰ ਬੈਠ ਮੈਨੂੰ ਅੰਦਰ ਧਰਕਿਲਣਾ ਏਂ—ਓ ਵਿਚ-ਵਿਚੋਲ, ਓ ਮੰਝ-ਮੰਝੇਲ, ਓ ਮਿਠੜੇ ਬਸੀਠ, ਓ ਸਰਬ ਵਿਆਪਕ ਵਕੀਲ।

'ਇਛ ਪੁਨੀ ਸਰਧਾ ਸਭ ਪੂਰੀ।
ਰਵਿ ਰਹਿਆ ਸਦ ਸੰਗਿ ਹਜੂਰੀ।
ਜਿਸ ਕਾ ਸਾ ਤਿਨਿ ਲੀਆ ਮਿਲਾਇ।
ਨਾਨਕ ਭਗਤੀ 'ਨਾਮ' ਸਮਾਇ।

(ਸੁਖਮਨੀ ਮ: ੫)

ਜਿਸ ਦਾ ਸੀ ਤਿਨ ਮਿਲਾ ਲਿਆ, ਵਾਹ ਵਾਹ ਮੈਂ ਰਾਮ ਕੀ ਅੰਸ। ਹੁਣ ਨਹੀਂ ਢੇਸ, ਸਗੋਂ ਹੰਸ। ਜਿਸ ਤੇ ਉਪਜਿਅੜਾ ਸੋਈ ਫੁਨ ਹੂਆ। ਜਤੀ ਜੋਤਿ ਮਿਲੀ ਸੰਪੂਰਨ ਥੀਆ। ਉਦਕ ਉਦਕਿ ਸਮਾਇਆ ਓਤ ਪੋਤ ਰਵਿਆ ਰਘੁਰਾਇਆ। 'ਨਾਮ' ਚੀਨ ਪ੍ਰਮਾਤਮ ਚੀਨਾ! ਆਤਮ ਲਧਾ, ਪ੍ਰਮਾਤਮ ਘਿਧਾ। "ਸੰਦਰ' ਲਭ 'ਸੋ ਪੁਰਖ' ਪਾਇਆ–

'ਸੋ ਪੁਰਖ' ਨਿਰੰਜਨ ਹਰਿ ਪੁਰਖ ਨਿਰੰਜਨ,
ਹਰਿ ਅਗਮਾ ਅਗਮ ਅਪਾਰਾ।"

(ਸੋ ਪੁਰਖ ਮ: ੪)

ਓਇ ਮੈਨੂੰ ਸੋ ਪੁਰਖ ਲਧਾ ਜੀ, ਸਾਰਾ ਜਗੁ ਢੂੰਢ ਕੇ।
" " " ਛਾਣ ਕੇ।
" " ਤੂੰ ਸਭਨੀਂ ਥਾਈਂ।
" " ਜਿਥੈ ਹਉ ਜਾਈ।

ਹਾਂ 'ਕੰਚਨ ਕਾਇਆ ਕੋਟ ਗੜ੍ਹ ਵਿਚ ਹਰਿ ਹਰਿ ਸਿਧਾ। ਸੋਹਣੇ ਨੂੰ ਵੇਖ ਮੈਂ ਰੱਜਾ, ਮੈਂ ਪੁਜਾ! ਸੋਹਣੇ ਨੂੰ ਵੇਖ ਮੰਡਾ ਤਨ ਮਨ ਸਿਧਾ। ਸੋਹਣੇ ਨੂੰ ਵੇਖ ਮੈਂ ਪ੍ਰੇਮ-ਰਸ ਗੁੱਧਾ। ਹਾਂ ਹਾਂ ਮੈਂ ਅੰਬਰ ਮੁਸ਼ਕ ਝਕੋਲਿਆ! ਹਾ ਹਾਂ ਮੈਂ ਚੜ੍ਹਿਆ ਉਡਣ ਖਟੋਲਿਆ।......

ਨਾਮ ਵਰਤਣ ਨਾਮ ਮੇਂਡੀ ਰਾਸ। ਨਾਮ ਵਖਰ ਨਾਮ ਮੇਂਡੀ ਪੂੰਜੀ, ਨਾਮੇ ਖੁਲਿਆ ਏ ਬਜਰ ਕਪਾਟ। ਨਾਮ ਮੇਂਡੀ ਕੁੰਜੀ ਨਾਮ ਮੇਂਡਾ ਗੁਣਤਾਸ! ਓਇ ਨਾਮੋ ਨਾਮ-ਨਾਮੋ ਨਾਮ ਸਮਾਇਲੀਆ–

---

੧. 'ਸੰਦਰ' ਤਕ 'ਨਾਮ' ਹੈ 'ਸੋ ਪੁਰਖ'। ਇਸ ਤੋਂ ਅੱਗੇ— "ਸਚਖੰਡ ਵਸਿਆ ਨਿਰੰਕਾਰ" ਏ।

"ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ ।
ਨਿਤ ਬਾਜੇ 'ਅਨਹਤ-ਬੀਨਾ ।
ਜਗਜੀਵਨ ਦਾਤਾ ਪਾਇਆ ।
ਹਰਿ ਰਸਕਿ ਰਸਕਿ ਗੁਣ ਗਾਇਆ ।'

(ਮਹਲਾ ੫)

੧੧.

ਓਇ ਨਾਦਾ[1] ਸਮਾਇ ਲਿਓ ਰੇ ! ਓਇ ਘਰ ਆਇਆ ਸਾਜਨੜਾ । ਓਇ ਲਾੜਾ ਲਾੜੀ ਨੂੰ ਲੈਣ ਚੜ੍ਹਿਆ, ਓਇ ਨਵੀਂ ਡੋਲੀ, ਮੈਂ ਡੋਲੀ ਵਿਚ ਰਲ ਮਰੇਲੀ ! ਮੈਂ ਘੋਲੀ, ਓਇ ਘੋੜੀ[2] ਚੜ੍ਹਿਆ ਬੰਨਾ[3] ਓਇ ਲਾਲ ਢੋਲਣ ਬੰਨਾ ! ਓਇ ਮਥੇ ਚੰਨ ਬੰਨਾ । ਓਇ ਕਲਗੀ-ਜਿਗੜਾ ਬੰਨ੍ਹਾ ! ਓਇ ਸਿਰ ਸੇਹਰੜਾ ਬੰਨਾ, ਓਇ ਹਥ-ਖੂੰਡੜੀ ਬੰਨਾ ! ਓਇ ਓਇ ਅੱਖ-ਮਟੱਕੜਾ ਬੰਨਾ ! ਓਇ ਕੌਲ ਕਰੇਂਦੜਾ ਬੰਨਾ, ਓਇ ਗੜਮੜ ਬੰਨਾ । ਓਇ ਸੁਘੜ ਸੁਜਾਨੀ ਬੰਨਾ । ਓਇ ਮਾਖਿਓਂ ਮਿਠਾ ਬੰਨਾ । ਓਇ ਮਿਸਟ ਮਹਿੰਡਾ ਬੰਨਾ, ਓਇ ਚਹੁ ਜੁਗੜਾ ਬੰਨੜਾ । ਓ ਸਦ-ਸਦੀਵੀ ਬੰਨੜਾ ! ਓ ਰਸ ਰਸੀਅੜਾ ਬੰਨੜਾ ! ਓ ਪਿਰ-ਰੀਸਾਲੂ ਬੰਨੜਾ ! ਓ ਲਾਲ ਨਿਹਾਲਣ ਬਨੜਾ ! ਓ ਸਦ ਹਰਿਆਵਲ ਬੰਨੜਾ ! ਓ ਸਦ ਬਸੰਤੀ ਬਨੜਾ । ਓ ਭੰਗੜੇ ਪਾਂਦਾ

---

੧. ਦੇਖੋ ਸ੍ਰੀ ਨਾਮਦੇਵ, ਭਾਵ ਨਾਮ ਨੇ ਮੈਨੂੰ ਆਪਣੇ ਅੰਦਰ ਸਮਾ ਲਿਆ ਹੈ । ਆਤਮਾ ਪ੍ਰਮਾਤਮਾ ਵਿਚ ਡੁਬ ਕੇ ਘੁਲਣ ਲਗਾ ।
੨. ਨਾਮ ਦੀ ਘੋੜੀ ਨਾਮ ਵਾਹਨ ।
੩. ਗਭਰੂ, ਮਹਾਰਾਜ, ਨਵਾਂ ਵਿਆਹ ਕਰਨ ਵਾਲਾ ।

ਬੰਨੜਾ। ਓ ਮੋਰ[1] ਮੁਕਟੀ ਬੰਨੜਾ। ਓ ਕੰਨ-ਕੁੰਡਲੀ ਬੰਨੜਾ। ਓਇ ਪੀਰ ਪੀਤਾਂਬਰ ਬੰਨੜਾ। ਓ ਸਦ-ਸੇਤਾਂਬਰ ਬਨੜਾ, ਓ ਮਨ ਹਰਨ ਬੰਨੜਾ। ਓ ਚਿਤ ਚੋਰ ਬੰਨਣਾ। ਓ ਰਿਖੀ ਕੇਸ਼ੀ ਬੰਨੜਾ, ਓ ਸਦ-ਯੁਵਕ ਬੰਨੜਾ। ਓ ਨਵੜਾ ਬੰਨੜਾ, ਓ ਥਿਰ ਸੁਹਾਗਣ ਬੰਨੜਾ...ਵਾਹ ਵਾਹ 'ਵਰ' ਪਾਇਅੜਾ।

ਵਰ ਪਾਇਅੜਾ ਬਾਲੜੀਏ, ਆਸਾ ਮਨਸਾ ਪੂਰੀ ਰਾਮ।
ਪਿਰਿਰਾਵਿਅੜੀ 'ਸਬਦਿ' ਰਲੀ ਰਵਿ ਰਹਿਆ ਹਜੂਰੀ ਰਾਮ।
(ਸੂਹੀ ਮ: ੧)

ਤੁਸੀ ਗਾਓ ਸਖੀ, ਤੁਸੀ ਗਾਓ ਸਖੀ, ਮੈਂਡੇ ਪਿਰ ਕਾ ਮੰਗਲ ਗਾਓ।
,, ,, ,, ਸਹਜਿ ਮਿਲਾਇ, ਹਰ ਮਨ ਭਾਏ।
,, ,, ,, ਹਮ ਘਰ ਸਾਜਨ ਆਏ।
,, ,, ,, ਹਮ ਗਰ ਸਾਜਨ ਆਏ।
,, ,, ,, ਸਾਚੈ ਮੇਲਿ ਮਿਲਾਏ।
,, ,, ,, ਅਨਦਿਨ ਮੇਲ ਮਿਲਾਇ।
,, ,, ,, ਘਰ ਮਦਰ ਸੋਹਾਏ।

'ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ।'

'ਭਵਨ ਸੁਹਾਵੜਾ ਧਰਤਿ ਸੁਹਾਵੜੀ ਮਨ ਤਨ ਅਮ੍ਰਿਤ ਭਿੰਨਾ'।

ਸਫਲਿਓ ਬਿਰਖ ਸੁਹਾਵੜਾ। ਰਿਧਿ ਬੁਧਿ ਸਿਧਿ। ਪੌਂ ਬਾਰਾਂ! ਲਾਟਰੀ ਆਈ, ਮੌਜਾਂ ਤੇ ਬਹਾਰਾਂ। ਆਤਮ ਰਾਮ ਸੰਸਾਰਾ। ਸਾਚਾ ਖੇਲ ਤੁਮਾਰਾ। ਵੀਵਾਹ ਹੋਆ ਮੇਰੇ ਬਾਬਲਾ, ਵੀਂਵਾਹ! ਚਰੀ ਵਿਛੁਨੜੀ ਮੈਂ, ਵਰ ਪਾਇਆ। ਸੰਜੋਗੀ ਮੇਲੜਾ। ਵੇਖ ਵਿਗਸੀ! ਪ੍ਰੀਤਮ ਜੋੜੀ, ਪੂਰੀ ਪਰਧਾਨੋ! ਕਦੇ ਨਾ ਰਾਂਡ ਸਦਾ

---

੧. ਜਲਾਲ, ਸੁਹੱਪਣ, ਇੰਦ੍ਰੀਆਂ ਦਾ ਪਤੀ।

ਸੋਹਾਗਣ । ਤ੍ਰਿਭਵਣ ਰੂਪ ਦਿਖਾਖਿਆ । ਵਰ-ਘਰ, ਵਰ-ਘਰ ।

ਵੀਵਾਹ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ।
ਅਗਿਆਨ ਅਧੇਰਾ ਕਟਿਆ, ਗੁਰ ਗਿਆਨ ਪ੍ਰਚੰਡ ਬੁਲਾਇਆ ।
(ਸਿਰੀ ਰਾਗ ਛੰਤੁ ਮ: ੪)

ਹਾਂ ਅਜ ਵਿਆਹ, ਸਦ-ਵਿਗਸਣਾ ਵਿਆਹ[1] । ਵਿਆਹ 'ਨਾਮ' ਤੇ 'ਨਾਮੀ' ਦਾ 'ਜੀਵ' ਤੇ 'ਆਤਮਾ' ਦਾ, 'ਆਤਮ' ਤੇ 'ਪ੍ਰਮਾਤਮ' ਦਾ... ਵਾਹ ਵਾਹ ਮੈਂਡੇ ਬਲਰਾਮ ਜੀਓ ! ਹਉ ਬਲਿ ਬਲਿ ! ਹਉ ਬਲਿ ਬਲਿ !! ਹਉ ਬਲਿ ਬਲਿ !!!ਬ ..ਲ...ਰਾ.. ਮ ਜੀ–ਓ ਸੁਚੜੇ ਬਲਰਾਮ ਜੀਓ...ਓ ਦਿਲ ਧਰੂਣੇ ਬਲਰਾਮ ਜੀਓ—ਓਇ ਅਜ ਸਾਹੁਰੜੇ ਪੇਕੇ, ਮੈਂ ਖਰੀ ਸੋਹੰਦੀ, ਓਇ ਅਜ ਸੁੰਦੀ, ਮੈਂ ਸੁੰਦੀ ਹੀ ਸੁੰਦੀ, ਬਚੜੇ ਦੇਂਦੀ—ਓਇ ਪਿਰ ਧਨ ਮਿਲ ਵੇਲ[2] ਵਧੰਦੀ ।

ਹਰਿ ਰਾਮ ਰਾਮ, ਮੇਰੇ ਬਾਬੋਲਾ,
ਪਿਰ ਮਿਲਿ ਧਨ ਵੇਲ-ਵਧੰਦੀ ।
ਹਰਿ ਜੁਗਹ ਜੁਗ ਜੁਗ, ਜੁਗਹ ਜੁਗੋ,
ਸਦ ਪੀੜੀ ਗੁਰੂ ਚਲੰਦੀ । (ਸਿਰੀ ਰਾਗ ਮ: ੪)

ਵਧਾਇਓਂ ਵਧਾਇਓਂ ਪਿਰ ਮਿਲ ਧਨ ਵੇਲ ਵਧੰਦੀ । ਵਾਹ ਵਾਹ ਵਿਆਹ ਹੋਇਆ ! ਵਰ ਘਰ...ਘਰ ਵਰ...!! ਸੁਵੇਨੜਾ-ਬਨੜਾ, ਵਾਹ...ਵਾਹ...ਵਾਹ...ਹਰਿਦਰਸਾਵੜਾ !! ਵਾਹ ਵਾਹ !

---

੧. ਵਿਆਹ 'ਆਤਮ' ਤੇ 'ਪਰਮਾਤਮ' ਦਾ-ਵਿਚ ਵਿਚੋਲਾ-ਨਾਮ ਹਿੰਡੋਲਾ ।

੨. ਗਿਆਨ ਦੀ ਵੇਲ ਵਧਦੀ ਏ ਓ ਸਤਿਗੁਰਾ, ਦੀਵੇ ਨਾਲ ਦੀਵਾ ਜਗੇ ।

'ਵਾਹਿਗੁਰੂ' ਵਾਹ ਵਾਹ ! ਇਕੋ ਇਕ ।

ਵਾਹ ਵਾਹ 'ਨਾਮ'–'ਨਾਮੀ' ਭਦ-ਅਭੇਦ ਸਮਾਪਤੰ ।

The mystery of Deification Theophany.

Hallelujiah	ਵਾਹ ਵਾਹ ਵਾਹ !
"	ਵਾਹ ਵਾਹ ਵਾਹ !!
"	ਵਾਹ ਵਾਹ ਵਾਹ !!!

ਵਾਹ ਵਾਹ ਵਾਹਿਗੁਰੂ ਦਰਸ਼ਨ

(ਸੰਖੇਪ)

ਏਸ ਅੰਕ ਵਿਚ ਵਾਹਿਗੁਰੂ ਦਰਸ਼ਨ ਦੀ ਸਮੁੱਲੀ ਝਾਕੀ ਹੈ— ਜੀਕਣ ਉਹ 'ਨਿਰਗਣ' ਫਿਰ 'ਸਰਗੁਣ' ਬਣ ਜਾਂਦਾ ਹੈ—ਪਰ ਓਹਦਾ ਸਭ ਤੋਂ ਅਨੂਪਮ ਰੂਪ ਓਹ ਹੈ ਜਿਸ ਵਿਚ ਓਹ ਨਿਰਗੁਣ ਸਰਗੁਣ-ਮਧ, ਹਾਂ ਦੋਹਾਂ ਵਿਚ, ਮੰਝ ਮੰਝੇਲੇ ਬੈਠ ਹੂਟੇ ਲੈਂਦਾ ਹੈ—

ਈਘੈ ਨਿਰਗੁਣ ਊਘੈ ਸਰਗੁਣ
ਕੇਲ ਕਰਤ ਬਿਚਿ ਸੁਆਮੀ ਮੇਰਾ।

(ਬਿਲਾਵਲੁ ਮ: ੫)

ਇਹ ਉਸਦੀ ਵਿਸਮਾਦ ਜਨਕ, ਚੋਜੀ ਮੌਜੀ ਝਲਕ ਏ, ਪਰ ਦੋਹਾਂ ਪਾਸਿਆਂ ਦਾ ਧਨੀ ਓਹ ਆਪ ਏ। ਓਸ ਦੇ ਨਾਮ ਬੇਅੰਤ ਨੇ, ਸਹੰਸਰ ਨੇ। ਓਹਦੇ ਵੱਡੇ ਵੱਡੇ ਨਾਮ ਸਾਡੀ ਗੁੜ੍ਹਤੀ 'ਮੂਲਮੰਤ੍ਰ' ਵਿਚ '੧ਓ ਗੁਰਪ੍ਰਸਾਦਿ' ਵਿਚ ਨਿਰੂਪੇ ਹੋਏ ਨੇ। ਓਹ ਬਾਹਰ ਈ ਨਹੀਂ (Transcandent) ਅੰਤਰ ਗਤਿ ਵਸਿਆ (Immanent) ਪਾਰ ਬ੍ਰਹਮ ਏ। ਪਰ ਫਿਰ ਵੀ ਨਾ ਅੰਦਰ ਲਿਪਤ ਨਾ ਬਾਹਰ ਲਿਪਤ! ਓਸਦਾ ਪਸਾਰਾ ਏਹ ਸਰਬ ਸੰਸਾਰ ਜਾਂ ਵਿਸ਼ਵ ਏ-ਪਰ ਓਸ ਦੇ ਕੁਦਰਤ ਰੂਪ ਨੂੰ ਅਸੀਂ ਅਗਲੇ ਅੰਕ ਵਿਚ ਵਿਚਾਰਾਂਗ। ਸੁਹੱਪਣ ਦਾ ਪੁੰਜ ਓਹ ਏ, ਸਤ ਓਹ ਏ, ਚਿਤ ਓਹ ਏ ਅਨੰਦ ਓਹ ਏ,... ਸਭ ਕੁਝ—

ਸਭ ਕੁਝ ਓਹ ਆਪ ਏ–ਪਰ ਓਸ ਦਾ ਵਡ ਵੱਡਾ ਰੂਪ ਓਹ ਏ, ਜਦ ਓਹ ਪਾਂਧਾ ਬਣ ਕੇ ਸਾਨੂੰ ਆਪ ਪੜ੍ਹਾਂਦਾ ਏ, ਫੇਰ ਨਾਮ–ਪ੍ਰਸਾਦਿ ਨਾਲ ਸਾਨੂੰ ਅਗੰਮਵੀ ਝੂਟੇ ਦੇਂਦਾ ਏ, ਤੇ ਅਸੀਂ ਆਖਨੇ ਆਂ ਓ 'ਗੁਰਾ' ਵਾਹ ਵਾਹ! ਵਾਹ ਵਾਹ ਵਾਹਿਗੁਰਾ! ਵਾਹ ਵਾਹਵਾਹਿਗੁਰੂ!

ੴ ਸਤਿਗੁਰ ਪ੍ਰਸਾਦਿ

ਵਾਹ ਵਾਹ ਵਾਹਿਗੁਰੂ

ਵਾਹ ਵਾਹ ! ਵਾਹ ਵਾਹ !! ਵਾਹ ਵਾਹ !!! 'ਵਾਹੁ ਵਾਹੁ ਕਾ ਬਡਾ ਤਮਾਸ਼ਾ' ਵਾਹੁ ਵਾਹੁ !

ਨਿਰੰਤਰ-ਨਿੱਰੰਕਾਰ ਸਚਖੰਡ ਵਸਿਆ ! ਵਾਹੁ ਵਾਹੁ ਨਿਰਗੁਣ ਸਰਗੁਣ ਸੰਧਿ ਪੋਹ ਫੁਟਾਲੇ ਦੀ ! ਵਾਹ ਵਾਹ, ਵਾਹ ਵਾਹ ! ਤਾਰਾ ਚੜ੍ਹਿਆ ਲੰਮਾ ! ਓ ਨਦਰਿ ਨਿਹਾਲਵਿਆਂ ! ਵਾਹ ਵਾਹ ਵਾਹ... ਵਾਹ ।

ਵਾਹ ਉਚੜਿਆ ਚੰਨਾ। ਓ ਸੋਲਾਂ ਕਲਾਂ ਸੰਪੂਰਨਾ ਵਾਹ ਵਾਹ ਓ ਝੁਝੜ ਪੀਂਘਾਂ, ਉਤੇਂ ਉਤਰੀਆਂ । ਵਾਹ ਵਾਹ ਓ ਅੰਮ੍ਰਿਤ ਕੱਠਿਆ । ਮਾਨ ਅਰਸ਼ੋਂ ਢਠਿਆ । ਵਾਹ ਵਾਹ ਝਿਲਮਿਲ ਗੰਗ (Milky way) ਰੰਙਣ ਰਗ, ਰੰਗ ਚਲੂਲਵੇਂ ! ਵਾਹ ਵਾਹ ਓ ਅਰਸ਼ ਕੁਰਸ਼ ਦੀ ਗੰਢ, ਗੰਢ ਵੀ ਟੋਰਵੀਂ, ਵਾਹ ਵਾਹ ਓ ਜੋਤ ਬ੍ਰਹਮੰਡ, ਕੋਟ ਕੋਟਾਨਵੀ । ਵਾਹ ਵਾਹ ਓ ਜੋਤ ਬ੍ਰਹਮੰਡ, ਕੋਟ ਕੋਟਾਨਵੀ । ਵਾਹ ਵਾਹ ਓ ਪਰਮ ਪ੍ਰਕਾਸ਼, ਜੋਤ ਸਰੂਪਵੀਂ, ਵਾਹ ਵਾਹ ਓ ਗਿਆਨ ਪ੍ਰਚੰਡ, ਆਪ ਬਿਨਾਸਵੀਂ, ਵਾਹ ਵਾਹ ਓ ਸਦ ਬਸਤ, ਅਨੂਪ ਰੂਪਾਵਤੀ ! ਵਾਹ ਵਾਹ ਓ ਬਿਸਮਨ ਬਿਸਮ-ਤਲਿਸਮ ਵੀਟਦੀ । ਵਾਹ ਵਾਹ ਓ ਅਨਹਤ ਨਾਦ ਹਿੰਡੋਲ ਹੂਟੇ ਹੂਟਣੀ । ਵਾਹ ਵਾਹ ਓ ਅਰਸ਼ੀ ਫੁਲ ਗੁਲਾਬ, ਸੁਹੱਪਣ ਜਾਇੜਿਆ । ਵਾਹ ਵਾਹ ਓ ਬਿਮਲ ਕਮਲ ਨਿਰਲੇਪ,

ਨੌ ਖੰਡ ਵਸਿਆ। ਵਾਹ ਵਾਹ ੳ ਕੇਸਰ ਕਿਆਰੜੀ ੳ ਕੇਸ਼ਵ ਵੇਨੀ। ਵਾਹ ਵਾਹ ੳ ਸੰਦਲੀ ਬਨ ਸਗੰਧ ਗੁੰਦਿਆ। ਵਾਹ ਵਾਹ ੳ ਪਵਿਤਰ ਪਉਣ ਪ੍ਰਾਣਿ ਖਾਣਿ ਅਮੋਲਵੀਂ। ਵਾਹ ਵਾਹ ੳ ਸੀਤਲ [1]ਸੂਰਜ ਨੂਰ ਉਛਾਲਣਾ। ਵਾਹ ਵਾਹ ੳ ਸਮੁੰਦ ਸ਼ਾਹ ਸੁਲਤਾਨ। ਖੀਰ ਨੀਰ ਨਿਧਾਨੜਾ। ਵਾਹ ਵਾਹ ੳ ਹੇਮ ਕੁੰਟ ਪਰਬਤ ਅਡੋਲ ਕਦੇ ਨਾ ਹਿਲਿਆ। ਵਾਹ ਵਾਹ ੳ ਮੇਰ ਸੁਮੇਰ, ਸੁਵਰਨ ਵੰਨਿਆ। ਵਾਹ ਵਾਹ ੳ ਗੰਭੀਰ ਗਗਨ ਧੀਰ, ਘਟ ਘਟ ਵਸਿਆ। ਵਾਹ ਵਾਹ ਘਟਾ ਟੇਪ ਅਨੂਪ ਰੁਣ ਝੁਣ ਗਾਵਣੀ। ਵਾਹ ਵਾਹ ਨੀਲ ਅਨੀਲ, ਅਨਾਹਦ ਅਹਤ, ਜੁਗ ਜੁਗ ਏਕੜਾ। ਵਾਹ ਵਾਹ ਨਦਰੀ ਨਦਰਿ ਨਿਹਾਲੀ ਅਠ ਪਹਿਰ ਨਿਹਾਲਿਆ। ਵਾਹ ਵਾਹ ੳ ਨਾਦ ਬਿਨੋਦ, ਕਡ ਅਨੰਦੀਆ। ਵਾਹ ਵਾਹ ੳ ਪਰਮਲ ਪੁੰਜ, ਬਿਮਲ ਸਰੂਪਵੀ ਵਾਹ ਵਾਹ ੳ ਏਕਮ ਏਕ, ਸਰਬ ਸਰਬ ਸਮੇਟਵੀਂ। ਵਾਹ ਵਾਹ ੳ ਚੋਜ ਅਨੰਦ, ਨਿਤ ਚੜੇ ਸਵਾਇਆ। ਵਾਹ ਵਾਹ ੳ ਕੀਰਤਨ ਨਿਰਬਾਨ, ੳ ਰਾਗ ਰਤਨ ਪਰਵਾਰ ਪਰੀਆ ਛੋਹਿਆ।... ੳ ਸੁਖ ੳ ਅਕਹਿ ਸੁਖ ੳ ਪਰਮ ਸੁਖ।

ਵਾਹ ਵਾਹ ਰਾਸ ਮੰਡਲ, ਅਖੰਡਮੰਡਲ ਨਿਰੰਕਾਰਵੀ ! ੳ ਅਨੰਦ, ੳ ਅਨੰਦੋ ਅਨੰਦ, ੳ ਅਨੰਦੋ ਅਨੰਦ ਘਣਾ !!

ੳ ੳ ੳ। ਵਾਹ ਵਾਹ ਵਾਹੋ !! ਵਾਹ ਵਾ...ਵਾਹ ਵਾਹ ਵਾਹ ! ੳ ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ .. ਧਨ ਧੰਨ ਧੰਨ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ !! ਵਾਹ ਵਾਹ, ਵਾਹ ਵਾਹ ! ਵਾਹਿਗੁਰੂ, ਵਾਹਿਗੁਰੂ !! ਵਾਹਿਗੁਰੂ !!!

ਵਾਹਿ : .. ਗ..... ਰੂ !

---

੧. ਨੂਰ ਸੂਰਜ ਦੇ ਦੇਸ਼।

ਬੇਅੰਤ ਵਾਹਿਗੁਰੂ

ਓ ਨਿਰੰਕਾਰ ! ਤੇਂਡਾ ਤਾਂ ਕੋਈ ਆਕਾਰ ਨਹੀਂ ਪਰ ਫੇਰ ਤੇਂਡਾ ਹੀ ਏ ਪਸਰਿਆ ਪਸਾਰਾ ! ਤੇਂਡੇ ਸਹੰਸਰ ਈ ਨਾਮ ਨੇਂ ! ਪਰ ਮਹੰਸਰ ਆਖਣ ਨਾਲ 'ਬੇਅੰਤ' ਨੂੰ 'ਅੰਤ' ਦੇ ਕੁੱਜੇ ਅੰਦਰ ਡਕਣਾ ਏ ! ਓ ਬੇਅੰਤ, ਓ ਅਨੰਤ, ਓ ਬੇ-ਸ਼ੁਮਾਰ, ਓ ਅਗਣਿਤ, ਤੇਂਡੇ ਨਾਮ ਸਹੰਸਰ ਨਹੀਂ। ਕੋਟਾਨ ਕੋਟ ਨੇ, ਨਹੀਂ ਨਹੀਂ ਓ ਅਸੰਖ ਨੇ, ੧੦,੦੦,੦੦,੦੦,੦੦,੦੦,੦੦,੦੦, ੦,੦੦) ਹਾਂ ਪਰ ਓ ਅਸੰਖ ਜਿਸ ਦੀਆਂ ਪਿਛਲੀਆਂ ਸਿਫ਼ਰਾਂ, ਦਾ ਕੋਈ ਅੰਤ ਨਹੀਂ, ਸੁੰਨ ਵਲੀਆਂ ਸਿਫ਼ਰਾਂ, ਕੀ ਮੈਂ ਤੇਂਡੇ ਨਾਂ ਆਖਾਂ ਸਮੁੰਦਰ ਦੇ ਕੰਢੇ ਰੇਤ-ਦਾਣਿਆਂ ਜਿਤਨੇ ਹਨ ? ਹਾਂ, ਪਰ ਰੇਤ ਤਾਂ ਗਿਣੀ ਮਿਣੀ ਹੈ। ਤੀਕਣ ਹੀ ਰੇਤ ਕਿਣਕੇ ਅੰਤ ਦੀ ਝੋਲੀ ਵਿਚ ਪਏ ਹੋਏ ਨੇ ਤੇ ਤੂੰ ਬੇਅੰਤ ਏਂ। ਓ ਅਗਿਣਤਿਆ ! ਕੀ ਤੇਂਡੇ ਨਾਮ ਮੈਂ ਸੂਰਜ ਕਿਰਨਾਂ ਕਰਕੇ ਆਖਾਂ ! ਹਾਂ ਨੇ, ਪਰ ਸੂਰਜ ਕਿਰਨਾਂ ਨੂੰ ਇਕ ਪਾਸਿਓਂ ਸੂਰਜ ਦਾ ਆਪਣਾ ਡੱਕਾ ਲੱਗਾ ਹੋਇਆ ਹੈ, ਭਾਵੇਂ ਦੂਜੇ ਪਾਸਿਓਂ ਬੇਅੰਤ ਨੇ ਪਰ ਓ ਅਗਿਣਤਿਆ, ਤੂੰ ਹਰ ਪਾਸਿਓਂ ਬੇਅੰਤ ਬੇਅੰਤ ਏਂ ! ਓ ਅਗਿਣਤਿਆ ! ਤੇਂਡੇ ਨਾਂ ਫਿਰ ਮੈਂ ਦਿਨ ਘੜੀ, ਪਲ, ਚਸਾ ਮਹੂਰਤ ਕਰਕੇ ਆਖਾਂ ਜੋ ਕਾਲ ਵਾਂਗ ਨਿਤ ਨਵੇਂ, ਨਿਤ ਆਏ, ਬੇਅੰਤ ਫੈਲੇ ਨੇ ਹਾਂ ਨੇ, ਪਰ ਓ ਅਗਿਣਤਿਆ ਕਾਲ ਤਾਂ ਆਪ ਕਾਲ ਵਸ ਏ, ਓਹਨੂੰ ਮਹਾਕਾਲ ਹੜੱਪ ਕਰਕੇ ਜਦ ਪਰਲੋ ਕਰ ਛਡਦਾ ਹੈ ਤਾਂ ਦਿਨ ਰਾਤ ਨਹੀਂ ਪਲ ਚਸਾ ਤੇ ਘੜੀਆਂ ਨਹੀਂ, ਮਿੰਟ ਸਕਿੰਟ ਨਹੀਂ, ਪਰ ਤੂੰ ਏਂ ਓ ਅਗਿਣਤਿਆ, ਅਨਦ ਪਰਲੋ ਤੇ ਉਤਪਤਾਂ ਦਾ ਸਾਜਨ ਹਾਰਾ ! ਓ ਕਾਨ੍ਹੀਓ ! ਜੇ ਸੂਰਜ ਕਿਰਨਾਂ ਸਭ ਲਿਖਣ ਲਗ ਪੈਣ ਤੇ ਅਕਾਸ਼ ਤਖਤੀ ਬਣ

ਜਾਏ ਤੇ ਸਪਤ ਸਾਗਰ ਦਵਾਤ, ਤਾਂ ਵੀ ਤੈਂਡੇ ਨਾਮ ਕੌਣ ਲਿਖ ਸਕਦਾ ਹੈ ? ਓ ਬੇਅੰਤ, ਤੂੰ ਵਾਹ ਵਾਹ, ਤੂ ਵਾਹ ਵਾਹ-ਬੇਅੰਤ-ਤੂੰ ਬੇਅੰਤ-"ਤੂੰ ਬੇਅੰਤ ਪਾਰਬ੍ਰਹਮ ਸੁਆਮੀ ਗਤਿ ਤੇਰੀ ਜਾਇ ਨ ਲਾਖੀ।

(ਸਾਰੰਗ ਮ: ੫)

ਓ ਬੇਅੰਤ ਤੋਂ ਵੀ ਵਡੇ ਬਹੁ ਬੇਅੰਤ, ਨਿਮਸਕਾਰ—

"ਬਹੁ ਬੇਅੰਤ ਊਚ ਤੇ ਊਚਾ
ਨਾਨਕ ਆਪਸ ਕਉ ਆਪਹਿ ਪਹੂਚਾ।"

(ਸੁਖਮਨੀ)

ਵਿਸਮਾਦੀ ਪਾਂਧਾ ਵਾਹਿਗੁਰੂ

ਓ ਬੇਅੰਤ ਨਿਰੰਕਰ ! ਤੈਂਡੇ ਤਾਂ ਬੇਅੰਤ ਨਾਂ ਨੇ, ਪਰ ਸਭ ਤੋਂ ਮਿਠੜਾ ਨਾਂ ਤੈਂਡਾ ਓਹ ਏ ਜਦ ਤੂੰ ਪਾਂਧਾ ਬਣ ਸਾਨੂੰ ਊੜਾ ਐੜਾ ਪੜ੍ਹਾਨਾ ਵੇਂ। ਸਾਨੂੰ ਪੈਂਤੀ ਅਖਰੀ ਦਸਨਾ ਵੇਂ ਓ ਅੰਨ੍ਹੇ ਨੂੰ ਗਿਆਨ ਚਖਸ਼ੂ ਦੇਣ ਵਾਲੀਏ ਦਿਬਜ ਜੋਤੇ ! ਤੈਂਡਾ ਉਚਮ ਊਚਾ, ਸੂਚਮ ਸੂਚਾ ਨਾਂ 'ਗੁਰਦੇਵ' ਏ। ਓ ਸਤਿਗੁਰੂ, ਓ ਆਦਿ ਗੁਰੂ, ਤੈਂ ਸਭ ਨੂੰ ਵੇਦ ਸ਼ਾਸਤਰ ਤੇ ਵਿਚਾਰਾਂ ਦਸੀਆਂ, ਤਾਂ ਫਿਰ ਰਿਸ਼ੀਆਂ ਮੁਨੀਆਂ ਨੇ ਬਾਹਰ ਕੂਕ ਸੁਣਾਈਆਂ। ਓ ਗੁਰਦੇਵ ! ਤੈਂ ਮਾ ਬਣਕੇ ਗਿਆਨ ਦਾ ਮੰਮਾ ਸਾਡੇ ਮੂੰਹ ਵਿਚ ਪਾਇਆ, ਤੈਂ ਪਿਤਾ ਬਣ ਸਾਨੂੰ ਖਰੀ ਖੁਰਾਕ ਪੁਚਾਈਆ ! ਓ ਅੰਨ ਪੂਰਨਾ ਦਾਤਾ ! ਓ ਸਹਸਰ ਨਾਮ ਵਾਲਿਆ ! ਬੇਅੰਤ ਤੈਂਡੇ ਨਾਮ, ਪਰ ਨਾਮੀ ਸਿਰ ਨਾਮ ਤੈਂਡਾ 'ਗੁਰੂ' ਏ—ਗਿਆਨ ਪੁੰਜ, ਸਤ ਚੰਦ੍ਰਮਾ, ਪਾਪ, ਹਰਤਾ ਪਵਿਤਰ ਕਰਤਾ...ਹਾਂ ਸਖਾ ਸੁਆਮੀ ! ਤੇ ਅੰਤ ਨੂੰ ਸਹੋਦਰਾ, ਓਸੇ[1] ਉਦਰ ਤਾਂ ਨਵਾਂ ਜੰਮਣ ਵਾਲਾ...ਓ ਆਦਿ

---

੧. ਨਾਮ ਪੇਟ।

ਜੁਗਾਦੀ ਗੁਰ, ਓ ਜੁਗ ਜੁਗ ਗੁਰ, ਓ ਅੰਗ ਸੰਗ ਗੁਰ, ਓ ਸਦਾ-ਨਾਲੇ-ਵਹਿਗੁਰੂ ਨਿਮਸਕਾਰ—

ਗੁਰ ਦੇਵ ਮਾਤਾ, ਗੁਰਦੇਵ ਪਿਤਾ,
ਗੁਰਦੇਵ ਸੁਆਮੀ ਪਰਮੇਸੁਰਹ।
ਗੁਰਦੇਵ ਸਖਾ ਅਗਿਆਨ ਭੰਜਨ,
ਗੁਰ ਦੇਵ ਬੰਧਿਪ ਸਹੋਦਰਹ।
ਗੁਰਦੇਵ ਸਾਤਿ ਸਤਿ ਬੁਧਿ ਮੂਰਤਿ
ਗੁਰਦੇਵ ਪਾਰਸ ਪਰਸ ਪਰਾ।
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰ
ਗੁਰਗਿਆਨ ਮਜਨ ਅਪਰੰਪਰਾ।
ਗੁਰਦੇਵ ਕਰਤਾ ਸਭਿ ਪਾਪ ਹਰਤਾ,
ਗੁਰਦੇਵ ਪਵਿਤ੍ਰ ਪਵਿਤ ਕਰਾ।
ਗੁਰਦੇਵ ਆਦਿ ਜੁਗਾਦਿ ਜੁਗ ਜੁਗ
ਗੁਰਦੇਵ ਮੰਤ ਹਰਿ ਜਪਿ ਉਧਰਾ।
ਗੁਰਦਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ,
ਹਮ ਮੂੜ ਪਾਪੀ ਜਿਤ ਲਗ ਤਰਾ।
ਗੁਰਦੇਵ ਸਤਿਗੁਰ ਪਾਰਬ੍ਰਹਮ ਪਰਮੇਸਰ ਗੁਰਦੇਵ
ਨਾਨਕ ਹਰਿ ਨਮਸਕਰਾ।

ਓਇ ਆਦਿ ਗੁਰੂ, ਜਦ ਇਹ ਸ੍ਰਿਸ਼ਟੀ ਵੀ ਨਾਂਹ ਸੀ, ਹਾਂ ਓ ਜੁਗਾਂਦੀਆ, ਜੁਗਾਂ ਤੋਂ ਵੀ ਪਹਿਲੋਂ ਗਿਆਨ ਵੰਡਣ ਵਾਲਿਆ, ਮੁੜ ਮੁੜ ਨਮਸਕਾਰ—

ਆਦਿ ਗੁਰਏ ਨਮਹ! ਜੁਗਾਦਿ ਗੁਰਏ ਨਮਹ!
ਸਤਿਗੁਰ ਏ ਨਮਹ! ਸ੍ਰੀ ਗੁਰ ਦੇਵ ਏ ਨਮਹ!

(ਸੁਖਮਨੀ)

ਵਾਹ ਵਾਹ ਓ ਸਿਖਾਵਣ ਹਾਰਿਆ, ਵਾਹ ਵਾਹ ਓਇ ਜਗਤ ਗੁਰੂਆ ! ਵਾਹ ਵਾਹ ਓ ਆਦਿ ਜੁਗਾਦੀ ਘਟ ਘਟ ਵਾਸੀ ਜੋਤ !

ਕੇਲ-ਕਰੰਦਾ ਵਾਹਿਗੁਰੂ

ਨਿਰਗੁਣ ਸਰਗੁਣ ਮਧ ਹੂਟੇ ਹੂਟਦਾ !!

ਓ ਸਤਿਗੁਰੂ ਨਿਰੰਕਾਰ ! ਤਾਂ ਈ ਮੈਨੂੰ ਆਪਨੜੇ ਸੋਹਣੇ ਨਾਂ ਪੜ੍ਹਾਏ ਨੇ ! ਏਸ ਪਾਸੇ ਸਰਗੁਣ ਨਾਂ, ਤੈਂਡੇ ਗੁਣ ਵਾਚਕ, ਤੈਂਡੇ ਵਿਸ਼ੇਸ਼ਣ ਵਾਚਕ, ਤੈਂਡੇ ਕਰਤਬ ਵਾਚਕ—ਤੇ ਦੂਜੇ ਪਾਸੇ ਨਿਰਗੁਣ ਨਾਂ, ਜੋ ਅਕੱਥ ਨੇ, ਜੋ ਨਿਅੱਖਰੇ ਨੇ, ਕਿਉਂਕਿ ਓ ਅਖਰਾਂ ਦੇ ਉਪਰਲੀ ਅਵਸਥਾ ਦੇ ਬਧਕ ਨੇ ! ਅਗਮ ਅਗੋਚਰ, ਨਿਰਬਿਕਾਰ ਆਦਿ, ਹਾਂ ਓ ਦੋ ਪਾਸੇ ਖੜੋਤੀਆਂਦੇ ਕਤਾਰਾਂ ਨਾਵਾਂ ਦੀਆਂ, ਜੀਕਣ ਉਰਾਰ ਪਾਰ ਬੂਟਿਆਂ ਦੀਆਂ ਦੋ ਕਤਾਰਾਂ ਹੁੰਦੀਆਂ ਨੇ ਸੜਕ ਦੇ ਸੱਜੇ-ਖੱਬੇ । ਪਰ ਓ ਚੋਜੀਆ, ਤੈਂਡਾ ਮਨੂੰ ਓਹ ਵੇਸ ਤੇ ਓਸ ਤੇ ਓਹ ਭੇਸ ਤੇ ਓਹ ਚੋਜ-ਅਚਾਰ ਡਾਢਾ ਈ ਭਾਂਵਦਾ ਏ, ਜਦ ਤੂੰ ਏਨ੍ਹਾਂ ਦੋਹਾਂ ਸਫ਼ਾਂ ਵਿਚ, ਪਰ ਨਾਲ ਵਿਚਕਾਰ ਨਚਦਾ ਜਾਪਦਾ ਏਂ । ਕਲ ਕਰਦਾ, ਤਾਣੀ ਤਣੀਂਦਾ, ਹਭ ਰਗ ਮਾਣੂਅ —

ਈਘੈ ਨਿਰਗੁਣ ਊਘੈ ਸਰਗੁਣ
ਕੇਲ ਕਰਤ ਬਿਚਿ ਸੁਆਮੀ ਮੇਰਾ ।

(ਬਿਲਾਵਲ ਮ: ੫)

ਓ ਵਿਚ ਪੀਂਘ ਪਾ ਝੂਟੇ ਝੂਟਣ ਵਾਲਿਆ ! ਤੈਂਡੀ ਅਰਸ਼ੋਂ ਉਤਰੀ ਪੀਂਘ ਮੈਂ ਹੁਣ ਪਿਆ ਵੇਹਨਾ ਵਾਂ,ਓਹਦੀ ਮਨਮੋਹਣੀ ਲੋ, ਤੇ ਝੂਟੇ, ਓ ਹਿੰਡੋਲੇ ਵਿਚ ਬਹਿ ਝੂਟੇ ਲੈਣ ਵਾਲਿਆ, ਤੈਂਡਾ ਫੁੱਲਾਂ ਜੜਿਆ ਪੰਘੂੜਾ ਮੈਂ ਪਿਆ ਵੇਹਨਾ ਵਾਂ ਜਿਸਨੂੰ ਸੁਰਿਨਰ ਤੇ ਮੁਨਿ ਜਨਾਂ ਨੇ ਆਪਣੀਆਂ ਅੱਖਾਂ ਤੇ ਚਕਿਆ ਹੋਇਆ ਏ । ਤੇ ਓਸ

ਪੰਘੂੜੇ ਦੀ ਲੋ ਮੈਨੂੰ ਆਪਣੇ ਆਪ ਵਲ ਖਿਚ ਰਹੀ ਊ ! ਓ ਦੋਹਾਂ ਪਿੜਾ ਵਿਚ ਖੇਡਣ ਵਾਲਿਆ ! ਖਿਡਾਰੀਆ ! ਓ ਹਸਦਾ ਖੇਡਦਾ ਟਪਦਾ ਨਚਊਆ । ਓ ਮਝ ਮਝਲੇ ਦੁੜੰਗੇ ਮਾਰਨ ਵਾਲਿਆ ਹਿਰਨਵਾ ! ਓਇ ਤੇਰਾ ਅਰਸ਼ੀ ਪੀਂਹੜਾ ਪਰੀਆਂ ਚੁਕਿਆ । ਓ ਮੈਂਡਾ ਗੁਲਫ਼ਾਮ ਫੁੱਲ ਬੁੱਲਿਆਂ ਨਾਲ ਖੇਡਦਾ । ਓ ਅਰਸ਼ ਕੁਰਸ਼ ਵਿਚ ਮੇਖਲੀ ਲਾ ਅਨਖੇ ਫੁਲ ਉਣਦਾ। ਓਇ ਰਾਸ ਮੰਡਲ ਦਾ ਕ ਹਨ ! ਓ ਮੁਰਲੀ ਮਨੋਹਰ ! ਓ ਚਿਤ ਚੋਰ ! ਓ ਲਾਲਣ ! ਓ ਸਿਆਮ ਸੁੰਦਰ ! ਓ ਵਿਸਮਾਦੀ, ਓ ਲਾਡ-ਲਡਊਆ, ਓ ਚੋਜੀ...ਹਾਂ ਤੈਂਡੇ ਅਨਿਕ ਨਾਮ ਨੇ ਅਜ ਮੈਨੂੰ ਝੂਟੇ ਦੇਣ ਵਾਲਾ ਨਾਮ ਅਤੀ ਹੀ ਲੁਭਾਂਵਦਾ ਏ। ਓ ਝੂਟੇ ਲੈਣ ਵਾਲਿਆ ! ਹਾਂ ਝੂਟੇ ਈ ਝੂਟੇ ! ਹੂਟ ਈ ਹੂਟੇ। ਖੇੜਾ ਹੀ ਖੇੜਾ, ਨਜ਼ਦੇ ਤਰੰਗ—ਈਘੈ-ਊਘੈ—ਇਧਰ ਉਧਰ ਦੋਹਾਂ ਕੰਡਿਆਂ ਵਿਚ ਕੇਲ ਕਰੇਂਦਾ, ਕੀਕਣ ਕਰਾਂ ਮੈਂ ਉਪਮਾ ਇਸ ਨਵਤਨ ਨਾਮ ਦੀ—

> ਮੇਰੇ ਲਾਲਨ ਦੀ ਸੋਭਾ ।
> ਸਦ ਨਵਤਨ ਮਨ ਰੰਗੀ ਸੋਭਾ ।
>
> (ਕਲਿਆਨ ਮ: ੫)

ਓ ਲਾਲਣ, ਅਜ ਤੈਂਡਾ ਉਹ ਨਾਮ ਮੈਨੂੰ ਚੰਗਾ ਲਗਦਾ ਈ ਸੋਨੇ ਦਾ ਪੁਲ ਬਣ ਸਰਗੁਣ ਨਿਰਗੁਣ ਨੂੰ ਕਛਦਾ ਈ ! ਓ ਲਚਕਦਾਰ ਲਛਮਣ ਝੂਲਾ, ਜੋ ਲੋਕ ਪ੍ਰਲੋਕ ਨੂੰ ਜੋੜਦਾ ਈ ! ਓ ਸੂਤਰ ਆਤਮਾ ਜੋ ਘਟਾਂ ਘਟਾਂ ਨੂੰ ਰਾਗ ਰੰਗ ਨਾਲ ਸੀੜਦਾ ਈ । ਬਲਿਹਾਰੀ ਬਲਿਹਾਰੀ ਓ ਅਨੂਠੇ ਨਾਮ, ਓ ਬਿਸਮਾਦੀ ਨਾਮ, ਓ ਝੂਟੇ ਝੂਟਵੇਂ ਨਾਮ, ਵਾਹ ਵਾਹ ਵੇ ਤੈਂਡਾ ਵਾਹ ਵਾਹ ਨਾਮ ! ਓ ਸਰਗੁਣ ਨਿਰਗੁਣ, ਜੋਬਨਾਂ ! ਓ ਈਘੈ ਊਘੈ ਵਿਚ ਮਜਾ ਮਾਣਦਾ, ਓ

---

੧. ਅਨੰਦ

ਟੌਰਵੀਂ ਗੇਂਦ,ਓ ਆਨੰਦੀਆ, ਜਦ ਤੂੰ ਸਾਰੇ ਨਾਮ ਲਾਹ-ਨਿਰਗੁਣ ਸਰਗੁਣ ਪਰ੍ਹਾਂ ਛੱਡ ਪਿੜ ਵਿਚ ਆ ਜਾਵਨਾ ਏਂ ਤਾਂ ਤੈਂਡਾ ਅਨੂਪਮ-ਰੂਪ ਕੌਣ ਸਹਿ ਸਕਦਾ ਏ ! ਓ ਅਨ-ਅੰਗੀ ਅੰਗਾਂ, ਓ ਰੰਗਨ ਰੰਗਾ, ਓ ਬਿਸਮ ਤਰੰਗਾ, ਦੋਹਾਂ ਕੇਂਢਿਆਂ ਵਿਚ ਨਚਦਾ ਤੇ ਕਦੇ ਨਾ ਥਕਦਾ ! ਅਰਸ਼ ਕੁਰਸ਼ ਵਿਚ ਸਤਰੰਗੀ ਪੀਂਘ ਪਰ ਝੂਟੇ ਝੂਟਦਾ ! ਓ ਵਜਦਾ-ਗਜਦਾ-ਗੇਂਦਦਾ ਨਾਮ ਅਨਹਤ ਅਨਹਦ ਨਾਮ...ਪਰ ਹਾਏ ਅਖਰੋ, ਤੁਹਾਡੇ ਨਾਲ ਕੀਕਣ ਨਿਅਖਰੇ ਨੂੰ ਬਨ੍ਹਾਂ? ਛਾਨਣੀ ਨਾਲ ਕੀਕਣ ਸਮੁੰਦਰ ਪਕੜਾਂ ? ਓ ਵਿਸਮਾਦੀ ਨਾਮਾਂ ਤੈਂਡਾ ਨਾਮ ਅੱਖਰਾਂ ਵਿਚ ਅਜ ਮੈਨੂੰ ਹੋਰ ਕੋਈ ਨਹੀਂ ਲਭਦਾ ਸਿਵਾਏ !'ਵਾਹ ਵਾਹ' ਦੇ—

ਤੂੰ ਧੰਨ ਧੰਨ, ਤੂੰ ਧੰਨ, ਨਿਤ ਧੰਨ ਧੰਨ—ਪਰ ਧੰਨ ਧੰਨ ਵੀ ਪਿਛਾਂਹ ਰਹਿ ਗਏ,ਤੇ ਵਾਹ ਵਾਹ ਬਸੰਤ ਹਿੰਡੋਲੇ ਵਿਚ ਅਜ ਅਗਾਂਹ ਉਠ ਤੁਰਿਆ। ਚਾਈਂਏ ਨਾਲ ਚਾਉ। ਝੂਟੇ ਅਮੁਕਵੇਂ ਝੂਟਣ ਲਈ। ਓ ਸਤਿਗੁਰੋ, ਓ ਗੁਰਾਂ ਦੇ ਗੁਰੋ, ਓ ਗੁਰੂ ਤੂੰ ਏਂ ਵਾਹ ਵਾਹ...ਤੈਂਹਡਾ ਸਭ ਤੋਂ ਸੋਹਣਾ ਨਾਮ ਏ 'ਵਾਹੁ ਗੁਰੂ' ! ਵਾਹਿਗੁਰੂ ਵਾਹ ਵਾਹ ਵਾਹਿਗੁਰੂ, ਵਾਹ ਵਾਹ ਵਾਹਿਗੁਰੂ।

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ।

(ਸਵਈਏ ਮ: ੪)

ਸਹੰਸਰ ਨਾਮਾਂ ਵਾਲੜਾ ਵਾਹਿਗੁਰੂ

ਓ ਸਰਗੁਣ-ਨਿਰਗੁਣ ਦੋਹਾਂ ਨੂੰ ਢਕਣ ਵਾਲਿਆ ਵਾਹਿਗੁਰੂ ! ਤੈਂਡੇ ਨਾਮ ਅਨੇਕਾਂ ਨੇ ! ਤੂੰ ਗੋਬਿੰਦ ਏਂ ਜਦ ਇੰਦ੍ਰਿਆਂ (ਗੋ) ਵਿਚ ਆਪਣੀ ਜਿੰਦ ਰੂਪੀ 'ਬਿੰਦ' ਪਾਂਵਦਾ ਏਂ। ਤੂੰ ਗੋਪਾਲ ਏ, ਜਦ ਓਹਨਾਂ ਨੂੰ ਪਾਲਦਾ ਏਂ, ਤੂੰ ਗਵਰਧਨ ਧਾਰੀ ਏਂ, ਜਦ ਸ੍ਰਿਸ਼ਟੀ ਨੂੰ

ਆਪਣੇ ਸੂਤਰ ਆਤਮਾ ਦੁਆਰਾ ਚੁਕ ਰਖਦਾ ਏਂ, ਤੂੰ ਕ੍ਰਿਸ਼ਨ ਏਂ, ਜਦ ਆਪਣੀ ਆਕਰਖਣ-ਸਤਾ ਦੁਆਰਾ ਸਭ ਨੂੰ ਆਪਣੇ ਤਾਣੇ—ਪੇਟੇ ਵਿਚ ਤਣ ਰਖਨਾ ਏਂ ਪਰ ਓ ਲਾਲਨਾ, ਜਦ ਮੈਂ ਤੈਂਡੇ ਪੰਘੂੜੇ ਵਿਚ ਬੈਠੇ ਹੂਟੇ ਹੁਟਨਾਂ ਹਾਂ ਤਾਂ ਤੈਂਡਾ ਚਾ ਕੋਈ ਹੋਰ ਈ ਏ। ਓ ਪੰਘੂੜ ਵਿਚ ਬੈਠ ਪੰਜੀਰੀਆਂ ਖਾਣ ਵਾਲਿਆ ਲਾਲਣਾਂ ! ਅਜ ਤੈਂਡੇ ਨਾਲ ਮੈਂਡੀ ਏ, ਪ੍ਰੀਤ ਚਿਤ-ਚੂਰੀ ਖਾਣ ਵਾਲਿਆ ਲਾਲਣਾ ! ਅਜ ਤੈਂਡੇ ਨਾਲ ਮੈਂਡੀ ਏ ਪ੍ਰੀਤ ਪੁਰਾਣੀ, ਜੋ ਖਿਚਿਆਂ ਨਹੀਂ ਟੁਟਦੀ, ਛੋੜਿਆਂ ਨਹੀਂ ਛੁਟਦੀ। ਓ ਅਪੂਰਵ ਚੋਜੀਆ ਸਭ ਤੈਂਡੇ ਈ ਨਾਮ ਨੇ, ਜਿਤਨੇ ਨਾਮ ਸਸਾਰ ਵਿਚ ਜੀਵ ਜੰਤਾ ਦੇ ਨੇ, ਪਰ ਸਭ ਤੋਂ ਸੋਹਣਾ ਓ ਸਰਬ ਸਾਂਝਾਨਾਮ ਏ ਤੇਰਾ, ਜੋ ਸਭਨਾਂ ਵਿਚ ਏ ਰਵੰਤਾ, ਕੇਲ ਕਰੇਂਤਾ, ਸਰਗੁਣ ਨਿਰਗੁਣ ਜੁੜੰਤਾ—

ਮੇਰੇ ਸਾਹਿਬਾ ! ਤੇਰ ਚੋਜ ਵਿਡਾਣਾ ॥
ਜਲਿ ਥਲਿ ਮਹੀਅਲਿ ਭਰਿ ਪੁਰਿ ਲੀਣਾ
ਆਪੇ ਸਰਬ ਸਮਾਣਾ ।੧। ਰਹਾਉ ।
ਜਹ ਜਹ ਦੇਖਾਂ ਤਹ ਜੋਤਿ ਤੁਮਾਰੀ ਤੇਹਾ ਰੂਪ ਕਨੇਹਾ ।
ਇਕਤੁ ਰੂਪ ਫਿਰਹਿ* ਪਰ ਛੰਨਾ ਕੋਇ ਨਾ ਕਿਸਹੀ ਜੇਹਾ ।
ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ।
ਏਕ ਪੁਰਬ ਮੈਂ ਤੇਰਾ ਦੇਖਿਆ ਤੂੰ ਸਭਨਾ ਮਾਹਿ ਰਵੰਤਾ ।
(ਸੋਰਠਿ ਮ: ੧)

ਓ ਸਭਨਾਂ ਵਿਚ ਰਮਿਆਂ, ਪਰ ਸਭਨਾਂ ਤੋਂ ਪਰਛੰਨਿਆਂ । ਓ ਸਭਨਾਂ ਦਾ ਸੰਗੀ ਪਰ ਅਰੰਗੀ ! ਓ ਸਾਹਿਬਾਂ ਤੈਂਡੇ ਚੋਜ ਵਿਡਾਨੜੇ ਪਰ ਸਭਨਾਂ ਤੋਂ ਵਿਡਾਨੜਾ ਤੈਂਡਾ ਸਰਬ ਸਮਾਣਾ ਨਾਮ, ਗਜਦਾ

* ਵਖ ਵਖ

ਤੇ ਵਜਦਾ, ਤੇਂ ਸਿਰ ਮਿਰ ਚੜ੍ਹ ਹਸਦਾ। ਵਾਹ ਵਾ ਵੇ ਤੈਂਡਾ ਨਵਰਤਨ ਨਾਮ ਵਾਹ ਵਾਹ ਵ ਤੇਂਡਾ ਅਕੱਥਨੀਯ ਨਾਮ ! ਓ ਪਰਾਪੂਰਬਲਾ ਸਤਿਨਾਮ ! ਵਾਹ ਵਾਹ, ਵਾਹ ਵਾਹਿਗੁਰੂ !

ਓ ਵਾਹਿਗੁਰੂ ਸਰਗੁਣ ਰੂਪ ਧਾਰ ਕੇ ਕਦੇ ਤਾਂ ਪੀਤਾਂਬਰੀ ਬਣ ਜਾਨਾ ਏਂ, ਪੀਲੇ ਬਸਤੀ ਕਪੜ ਪਾ ਕੇ,ਓ ਸਦ-ਬਸੰਤਾ, ਕਦੇ ਤੂੰ ਸੈਤਾਂਬਰੀ ਬਣ ਜਾਨਾਂ ਏਂ ਚਿੱਟੇ ਕਪੜੇ ਓਢ ਕੇ, ਓ ਸਦ-ਹਿਮਾਚਲਾ, ਪਰ ਵਾਸਤਵ ਵਿਚੋਂ ਤੂੰ ਵਰਨਾਂ ਚਹਨਾਂ ਤੋਂ ਬਾਹਰ ਏਂ। ਓ ਨਿਰੰਕਾਰੀ ਪੁਰਖਾ, ਤੈਂਡ ਨਾਮ ਬਅਤ ਨੇ, ਪਰ ਬੇਅੰਤ ਨਾਮ ਫਿਰ ਵੀ 'ਇਕ' ਨੇ। ਓ ਬੇਅੰਤ ਕਿਰਨਾਂ ਦੇ ਇਕ ਪ੍ਰਕਾਸ਼ ਪੁੰਜ, ਓ ਸੂਰਜਾ ! ਓ ਵਡ ਵਡਿਆ, ਤੈਂਡਾ ਢਿਡ ਵਡਾ ਏ, ਕੋਟ ਕੋਟਾਨ ਬ੍ਰਹਿਮੰਡ ਸਾਭਣ ਵਾਲਾ। ਤੂੰ ਏ ਲੰਬ-ਓਦਰੀ, ਧਰ ਤੈਂਡੇ ਕੂਲ ਢਿਡ ਨ ਅਨੂਪਮ ਤੜਾਗੀ ਬੱਧੀ ਹੋਈ ਏ ਜੋ ਇਹਨਾਂ ਸਭ ਜੀਆਂ ਜੰਤਾਂ ਨੂੰ 'ਨਿਯਮ' ਵਿਚ ਬੰਨ੍ਹ ਰਖਦੀ ਏ। ਏਸ ਕਰਕੇ ਤੂੰ ਏ *ਦਮ-ਓਦਨੀ, ਓ ਲੰਬੋਦਰ ਦਮਦਰਾ ! ਓ ਹਉਮੈ ਰੂਪੀ ਮਧੂ ਨੂੰ ਮਾਰਣ ਵਾਲਿਆ। ਓ ਇੰਦ੍ਰੇ ਸਖੀਆਂ ਵਿਚ 'ਨਾਮ' ਬੀਨ ਵਜਾਣ ਵਾਲਿਆ ਕ੍ਰਿਸ਼ਨਾ ! ਤੂੰ ਵੇਂ ਆਸੁਰੀਆ ਸ਼ਕਤੀਆਂ ਦਾ ਘਾਤਕ - ਓ ਨੇੜੇ ਪਰ ਦੂਰ ਪਾਰਬ੍ਰਹਮ, ਓ ਘਟ ਘਟ ਵਾਸੀ ਅੰਤਰਯਾਮੀ, ਓ ਸਦਾ ਦ੍ਰਿੜ ਅਚੁਤ—

ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ
ਮਧੁ ਸੂਦਨ, ਦਾਮੋਦਰ ਸੁਆਮੀ।
ਰਿਖੀ ਕੇਸ਼, ਗੋਵਰਧਨਧਾਰੀ ਮੁਰਲੀ ਮਨੋਹਰ ਹਰਿ ਰੰਗਾ।
ਮੋਹਨ ਮਾਧਵ ਕ੍ਰਿਸ਼ਨ ਮੁਰਾਰੇ।
ਜਗਦੀਸਰ ਹਰਿ ਜੀਉ ਅਸੁਰਸੰਘਾਰੇ।

---

* ਦਮਨ ਕਰਨਾ, ਦਬਾ ਰਖਣਾ।

ਜਗਜੀਵਨ ਅਬਿਨਾਸੀ ਠਾਕੁਰ, ਘਟ ਘਟ ਵਾਸੀ ਹੈ ਸੰਗਾ।

(ਮਾਰੂ ਮ: .)

ਓ ਤੈਂਡੇ ਕਮਲ ਵਰਗੇ ਸੋਹਣੇ ਨੇਤਰ ਨੇ ਪ੍ਰਕਾਸ਼ ਪੁੰਜ, ਪਰ ਫਿਰ ਵੀ ਕਈ ਨੇਤਰ ਨਹੀਂ ਕਿਉਂਕਿ ਤੂੰ ਨਿਰੰਕਾਰ ਏਂ। ਓ ਤੈਂਡੇ ਗਲ ਬਨਾ ਦੀ ਬਸਤੀ ਮਾਲਾ ਏ, ਪਰ ਫਿਰ ਵੀ ਤੈਂਡੇ ਗਲ ਕੁਝ ਨਹੀਂ, ਕਿਉਂਕਿ ਤੈਂਡਾ ਰੂਪ ਅਰੂਪ ਏ।" ਓ ਚਾਰ ਬਾਹਵਾਂ ਵਾਲਿਆ! ਇਕ ਹਥ ਵਜਦਾਂ ਤੈਂਡਾ 'ਨਾਮ' ਸੰਖ ਏ, ਦੂਜੇ ਹੱਥ ਵਿਚ ਸਰਬ ਘਾਤਕ ਕਾਲ ਦਾ ਸੁਦਰਸ਼ਨ ਚੱਕਰ ਏ, ਤੀਜ ਹਥ ਵਿਚ ਸਭ ਨੂੰ ਤ੍ਰਾਣ ਬਖਸ਼ਣ ਵਾਲੀ ਬਲਵਾਨ ਗਦਾ ਏ ਮੁਗਦਰ ਤੇ ਚੌਥੇ ਹੱਥ ਵਿਚ ਸੁੰਦਰਤਾ ਦਾ 'ਕਮਲ' ਏ! ਪਰ ਸਹੰਸਰ ਬਾਹਾਂ ਵਾਲਿਆ! ਵਾਸਤਵ ਵਿਚ ਤੈਂਡੀ ਕੋਈ ਬਾਂਹ ਨਹੀਂ। ਕਿਉਂਕਿ ਤੂ ਅਨੰਗ (ਅਨ-ਅੰਗ) ਏਂ। ਓ ਸ਼ਾਡਾ ਰੱਥ ਖਿਚਣ ਵਾਲਿਆ ਸ਼ਾਰਥੀਆ, ਓ ਜੀਵ-ਆਤਮਨ, ਤੂੰ ਸਰਬ ਸੰਸਾਰ ਦੇ ਰਥ ਖਿਚਨਾ ਏਂ ਪਰ ਵਾਸਤਵ ਵਿਚ ਨਹੀਂ ਖਿਚਦਾ, ਕਿਉਂ ਜੇ ਬਿਨਾਂ ਥੰਮਾਂ ਗਗਨ ਰਹਾਨਾ ਏਂ। ਓ ਅਕਲ ਕਲਾ! ਓ ਸੋਹਣਿਆ! ਤੈਂਡੇ ਸਿਰ ਤੇ ਅਕਾਸ਼ ਰੂਪੀ ਮੁਕਟ ਏ ਤੇ ਔਹ ਸੋਹਣੀਆਂ ਘਾਟੀਆਂ ਦ ਤੈਂਡੇ ਮਾਨੋ ਕਾਲ ਕੁੰਡਲ ਨੇ, ਪਰ ਫਰ ਏਹ ਮੁਕਟ ਓਹ ਕੁੰਡਲ ਨਹੀਂ, ਕਿਉਂਕਿ ਤੈਂਡਾ ਕੋਈ ਮੁਖ ਨਹੀਂ, ਮੂੰਹ ਨਹੀਂ, ਓ ਨਿਰਾਹਾਰ ਰੋਟੀ ਖਾਣ ਵਾਲਿਆ—

ਨਿਰਾਹਾਰੀ ਨਿਰਵੈਰ ਸਮਾਇਆ।
ਧਾਰਿ ਖੇਲੁ ਚਤਰਭੁਜ ਕਹਾਇਆ।
ਸਾਵਲ ਸੁੰਦਰ ਰੂਪ ਬਣਾਵਹਿ,
ਬੇਣ ਸੁਨਤ ਸਭ ਮੋਹੇ ਗਾ।

ਬਨ ਮਾਲਾ ਬਿਭੂਖਨ ਕਮਲ ਨੈਨ,
ਸੁੰਦਰ ਕੁੰਡਲ ਮੁਕਟ ਬੈਨ।
ਸੰਖ ਚਕਰ ਗਦਾ ਹੈ ਧਾਰੀ,
ਮਹਾ..........'ਰਾ
ਪੀਤ ਪੀਤੰਬਰ ਤ੍ਰਿਬਣ ਧਣੀ,
ਜਗ
ਸਹਸ ਭਗ ਭਗਵਾਨ ਬੀਠਲਾ,
ਮੈਂ ਗਣਤਿ ਨ ਆਵੇ ਸਰਬੰਗਾ।

ਓ ਮੁਰਲੀ ਮਨੋਹਰ! ਨਾਮ-ਵੀਣਾਂ ਵਜਾਵਣ ਵਾਲਿਆ! ਤੈਂਡੀ ਇਸ ਅਕਹਿ ਮੁਰਲੀ ਨੇ ਸਾਰਾ ਸੰਸਾਰ ਠਲੂ ਰਖਿਆ ਏ–ਹਾਂ ਆਪਣੇ ਅਕਰਸ਼ਣ (ਖਿਚ) ਨਾਲ! ਓ ਵੀਣਾ! ਘਟ ਘਟਾਂ ਵਿਚ ਰਮਾਣ ਵਾਲੀ ਏ। ਹਭ ਕਈਂ ਨੂੰ ਟੰਬ ਜਗਾਣ ਵਾਲੀ ਏ! ਤੂੰ ਸਾਵਲ ਸੁੰਦਰ ਦਾ ਮੁਖ-ਅੰਗ ਏਂ—ਪਰ ਹਾਇ! ਕਈ ਕੀਕਣ ਕਥਨ ਕਰ ਉਸ ਸਰਬ ਅੰਗੀ ਦੇ ਬੇਅੰਤ ਅੰਗ ਤੇ ਫਰ ਉਸਦੇ ਜੋ ਨ ਸਰਬਗ, ਫਿਰ ਅਨ-ਅੰਗ ਅਨੰਗ! ਨਾ, ਨਾ, ਨਾ –ਤੈਂਡ ਸਰਬ ਨਾ.....ਓ ਕਥਨ ਬਦਨੀ ਤੋਂ ਬਾਹਰਲੇ ਨਾਵੇਂ! ਓ ਰਸਨਾ, ਚੁਪ ਹੋ ਜਾ, ਤੈਂਡੇ ਕਥਨ ਦ੍ਰਿਸ਼ਟਮਾਨ ਦੇ ਨੇ ਪਰ ਅੰਤਕੀ ਕੀਕਣ ਬੇਅੰਤ ਨੂੰ ਕਥ.....ਓ ਹੀਅੜਾ ਖੁਲੂ ਜਾ ਤੇ ਗਾ 'ਓਹ–ਨਾਮ' ਜੋ ਆਪੇ ਵਜੇ—

ਸਗਲ ਨਾਮ ਨਿਧਾਨ ਤਿਨ ਪਾਇਆ
ਅਨਹਤ ਸਬਦ ਮਨਿ ਵਾਜੰਗਾ।
ਕਿਰਤਮ ਨਾਮ ਕਥੇ ਤੇਰੇ ਜਿਹਬਾ
ਸਤਿਨਾਮੁ ਤੇਰਾ ਪਰਾ ਪੂਰਬਲਾ।

ੳ "ਆਪ ਕਥਹਿ ਤੇ ਆਪ ਵਖਾਣਹਿ" 'ਨਾਮ' ! ੳ ਆਪਿ ਵਜੇ 'ਸਤਿਨਾਮ', ਸਦਾ ਸਦਾ ਨਮਸਕਾਰ।

ਕਰਤੂਤਿ ਸਤਿ, ਸਤਿ ਜਾਕੀ 'ਬਾਣੀ'।
ਸਤਿ ਪੁਰਖ ਸਭ ਮਾਹਿ ਸਮਾਣੀ।
ਸਤਿਨਾਮੁ ਪ੍ਰਭ ਕਾ ਸੁਖਦਾਈ।
ਵਿਸ੍ਵਾਸ ਸਤਿ ਨਾਨਕ ਗੁਰ ਤੇ ਪਾਈ।

(ਸੁਖਮਨੀ)

ੳ ਵਾਹਿਗੁਰੂ, ਨਮੋ, ਨਮੋ, ਨਮੋ ! ਨਮੋ ਸਰਬ ਆਤਮ, ਨਮੋ ਪਰਮਾਤਮ !

ਨਮੋ ਸਰਬ-ਅੰਤਰ, ਨਮੋ ਨਿਤ ਨਿਰੰਤਰ ! ਨਮੋ ਸਦਾ ਬੈਕੁੰਠਵਾਸੀ, ਨਮੋ ਘਟ ਘਟ ਨਿਵਾਸੀ। ਨਮੋ ਸਰਬ ਨਾਮੀ, ਨਮੋ ਸਰਬ ਠਾਮੀ, ਨਮੋ ਸਰਬ ਜੋਗੀ, ਨਮੋ ਸਰਬ ਭੋਗੀ ! ਨਮੋ ਚਤਰ ਭੁਜ, ਨਮੋ ਭੁਜਾ ਹੀਨ, ਸ਼ਕਤੀ-ਪੁੰਜ, ਨਮੋ ਚੰਦ ਚੰਦੇ, ਨਮੋ ਸੂਰਜ ਸੂਰਜੇ। ਨਮੋ ਸਰਬ ਅੰਗੇ, ਨਮੋ ਅਨ-ਅੰਗੇ। ਨਮੋ ਸਰਬ ਪ੍ਰਾਣੰ, ਨਮੋ ਸਰਬ ਤ੍ਰਾਣੰ। ਨਮੋ ਕਵਲ ਨੈਨ,ਨਮੋ ਮਧੁਰ ਬੈਨ, ਨਮੋ ਪਰਮ ਅੰਤਰ, ਨਮੋ ਸਦ-ਸੁਤੰਤਰ। ਨਮੋ ਸਰਬ ਰੂਪੰ, ਨਮੋ ਸਰਬ ਭੂਪ, ਨਮੋ ਰਿਖੇਸਵਰ, ਨਮੋ ਮੁਕਤੇਸ਼ਵਰ, ਨਮੋ ਨਵਤਨ ਨਿਤੰ, ਨਮੋ ਅਮਿਓ ਅਮਿਤ ਨਮੋ ਤਤਸਤੰ, ਨਮ ਪਰਮਤਤੇ। ਨਮੋ ਜਗਤ ਕਰਤਾ, ਨਮੋ ਜਗਤ ਹਰਤਾ, ਨਮੋ ਪਰਮ ਸਾਖੀ, ਨਮੋ ਪਰਮ ਆਖੀ, ਨਮੋ ਨਮੇਸ਼ਵਰ, ਪਰਮ ਏਸ਼ਵਰ, ਨਮੋ ਜਗਤੇਸ਼ਵਰ, ਨਮੋ ਅਬਿਨਾਸ਼ੀ, ਨਮੋ ਅਘੁਨਾਸ਼ੀ, ਨਮੋ ਜਿੰਦ ਜਾਨੰ, ਨਮੋ ਸੁੰਦਰਤਾ ਖਾਣੰ, ਨਮੋ ਮਨਮੋਰ, ਨਮੋ ਚਿਤ ਚੋਰ, ਨਮੋ ਮੀਰ ਮੁਕੰਦ, ਨਮੋ ਪਰਮਾਨੰਦ, ਨਮੋ ਪਰਮ ਬੁਧੰ, ਨਮੋ ਨਿਧ ਸਿਧਿ, ਨਮੋ ਪਰਮ ਤੇਜੰ, ਨਮੋ ਕੋਲ ਸੇਜੇ। ਨਮੋ ਆਦਿ ਜੁਗਾਦੀ, ਨਮੋ ਪਰਮ ਅਨਾਦੀ।

ਨਮੋ ਸਚਦਾ ਨੰਦੇ, ਨਮੋ ਅਨੰਦ ਕੰਦੇ। ਨਮੋ ਓਅੰਕਾਰੇ ਨਮੋ ਏਕੰਕਾਰੰ। ਨਮੋ ਸਰਬ ਕਾਲੰ, ਓਕਾਲ ਅਕਾਲ। ਨਮੋ ਨਿਰੰਕਾਰ ਨਿਤ, ਨਮੋ ਅਮਤੋਜ ਅਮਿਤ! ਵਾਹ ਵਾਹ ਆਦਿ ਗੁਰੂ, ਵਾਹ ਵਾਹ, ਵਾਹ ਵਾਹ ਵਾਹਿਗੁਰੂ! ਵਾਹ ਵਾਹ ਜਗਦ ਗੁਰੂ—ਵਾਹ ਵਾਹ, ਵਾਹ ਵਾਹ ਵਾਹਿਗੁਰੂ" ਵਾਹ ਵਾਹ ਸਦਾ ਸ਼ਿਵ ਸੱਤਿਗੁਰੂ ਵਾਹਵਾਹ ਵਾਹ ਵਾਹ ਵਾਹਿ ਗੁਰੂ !!!

ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ ਵਾਹਿ ਜੀਓ।

ਮੈਂਡਾ ਵਿਸਥੀਰਨ ਵਾਹਿਗੁਰੂ!

ਚਿੜੀ ਦੀ ਚੂੰ ਚੂੰ ਵਿਚ ਵਸਨਾਏਂ ਤੂੰ, ਓ, ਚੰਕੁੰਟ-ਵਾਸੀਆ! ਕਾਲੇ ਕਾਂ ਦੀ ਕਾਂ-ਕਾਂ ਵਿਚ ਵਸਨਾਏਂ ਤੂੰ ਓ ਕਾਲ ਬਿਕਾਲਿਆ ਤੋਤੇ ਦੀ ਮਿਠੜੀ ਲਟ ਪਟ ਵਿਚ ਵਸਨਾਏਂ ਤੂੰ ਓ ਲਟ ਪਟ ਲਟ-ਪੰਛੀਆ! ਕੋਇਲ ਦੀ ਕੂ ਕੂ ਵਿਚ ਵਸਨਾ ਏਂ ਤੂੰ ਓ ਅੰਬੀ-ਛਾਂ-ਵਸਨਿਆਂ! ਹਾਥੀ ਦੀ ਚਿੰਘਾੜ ਵਿਚ ਤੇ ਘੋੜ ਦੀ ਹਿਣਹਿਣਾਹਟ ਵਿਚ ਵਸਨਾ ਏਂ ਓ ਅਸ੍ਵਪਤ, ਓ ਗਜਪਤ, ਸ਼ੇਰ ਦੀ ਦਹਾੜ ਵਿਚ ਵਸਨਾ ਏਂ ਤੂੰ, ਗੜਗਜ ਅਕਲੀਆ! ਓ ਮਿੱਠੀ, ਕੌੜੀ, ਤੋਤਲੀ ਬਾਣੀ ਅਲਾਉਣ ਵਾਲਿਆ! ਓ ਗਾਣ ਤਰਾਨੇ ਅਨੂਠੜੇ ਗਾਵਣ ਵਾਲਿਆ! ਓ ਨਾਗ-ਬੀਨਾਂ ਵਜਾਵਣ ਵਾਲਿਆ! ਬਲਿਹਾਰ, ਮੈਂ ਬਲਿਹਾਰ!

ਗੁਲਾਬ ਦੀ ਰਸ ਭਿੰਨੀ ਲਾਲੀ ਵਿਚ ਤੂੰ ਵਸਨਾਏਂ। ਚੰਬਲੀ ਦੀ ਚਿਟਿਅੱਤ ਵਿਚ ਵਸਨਾ ਏਂ। ਪਹੁ-ਫੁਟਾਲ ਦੀ ਸਤਰੰਗੀ ਪੀਂਘ ਵਿਚ ਤੂ ਝੂਝਨਾਂ ਏਂ। ਓ ਚਲੂਲੜ ਨਾਮ-ਪਟਕੇ ਵਿਚ ਰੰਗਣ ਵਾਲਿਆ ਲਿਲਾਰੀਆ। ਤੈਂਡਾ ਮਨ-ਭਾਵਣਾ ਵੇਸ ਅਵੇਸ! ਵਾਹ ਵਾਹ ਵੇ ਰੰਗ ਰਤੜੇ ਲਰਾਰੀਆ।

ਉਨੀਂਦਰਿਆਂ ਵਿਚ ਵਸਨਾ ਏਂ ਤੂੰ ਓ ਨਾਂ-ਨੀਂਦ੍ਰਿਆ ਜਾਗਦਿਆਂ ਵਿਚ ਵਸਨਾ ਏਂ ਤੂੰ ਓ ਸਦ-ਜਾਗਦਿਆ। ਓ ਰਾਤ ਦਿਨ, ਦੁਖ ਸੁਖ, ਅਜ ਕਲ ਵਿਚ ਵਸਣ ਵਾਲਿਆ, ਪਰ ਉਪਰਿਆ (Transcendent) ! ਘਟ ਘਟ ਵਿਚ ਵਸਨਾ ਏਂ, ਪਰ ਕਿਤ ਵੀ ਨਹੀਂ ਲਿਪਨਾ ਓ ਅਲੇਪ ਲਿਪਨਾ। ਮੰਦੇ ਵਿਚ ਤੂੰ ਚੰਗੇ ਵਿਚ ਤੂੰ, ਲੜਾਈ ਵਿਚ ਤੂੰ, ਰਾਗ ਵਿਚ ਤੂੰ। ਜੰਰ ਵਿਚ ਤੂੰ, ਅਜੱਰ ਵਿੱਚ ਤੂੰ, ਚਰ ਵਿਚ ਤੂੰ, ਅਚਰ ਵਿਚ ਤੂੰ, ਮੋਮ ਵਿਚ ਤੇ ਪੱਥਰ ਵਿਚ ਤੂੰ, ਜਲ ਵਿਚ ਤੂੰ ਥਲ ਵਿਚ ਤੂੰ, ਇਤ ਵੀ ਤੂੰ, ਉਤ ਵੀ ਤੂੰ, ਅਰਸ਼ ਵੀ ਤੂੰ ਫਰਸ਼ ਵੀ ਤੂੰ। ਉਤਪਤ ਵੀ ਤੂੰ, ਪਰਲੋ ਵੀ ਤੂ। ਚਿਤ ਵੀ ਤੂੰ, ਅਚੇਤ ਵੀ ਤੂੰ। ਨੇੜ ਵੀ ਤੂੰ, ਦੂਰ ਵੀ ਤੂੰ। ਸੁਖ ਵੀ ਤੂੰ, ਦੁਖ ਵੀ ਤੂੰ। ਕਰਮ ਵੀ ਤੂੰ, ਅਕਰਮ ਵੀ ਤੂੰ, ਅਨਤ ਵੀ ਤੂੰ, ਅਨਦ ਵੀ ਤੂੰ। ਆਦਿ ਵੀ ਤੂੰ ਅੰਤ ਵੀ ਤੂੰ। ਅਨਾਦ ਵੀ ਤੂੰ ਅਨਾਹਤ ਵੀ ਤੂੰ। ਅਵੱਲ ਵੀ ਤੂੰ, ਆਖਰਵੀ ਤੂੰ। ਆਰ ਵੀ ਤੂੰ, ਪਾਰ ਤੂੰ। ਤੂੰਹੇਂ ਹੀ ਤੂੰ, ਤੂੰਹੇਂ ਹੀ ਤੂੰ, ਤੂੰਹੇਂ ਹੀ ਤੂੰ !! ਵਾਹ ਵਾਹ ਵਾਹਿਗੁਰੂ !!!

ਚੋਜੀ-ਮੌਜੀ ਵਾਹਿਗੁਰੂ !!

ਵਾਹਿਗੁਰੂ ਤੇਂਡੇ ਕੌਤਕ ਅਨੰਤ ਨੇ, ਪਰ ਅਜ ਤੇਂਡਾ 'ਤੈਂ ਤੇ ਮੈਂ' ਵਾਲਾ ਕੌਤਕ ਅਤੀ ਹੀ ਰਸਦਾਇਕ ਭਾਸਦਾ ਏ। ਜਦ ਤੂੰ ਸਰਬ ਆਪ, ਖਿੰਡ ਫੰਡ ਕੇ ਤੂੰ ਤੇ ਮੈਂ ਬਣ ਜਾਨ੍ਹਾਂ ਏਂ, ਤੇ ਆਪਣੀ ਲੀਲ੍ਹਾ ਆਪ ਰਚਾਨਾਂ ਏਂ। ਹਾਂ ਤੂੰ ਫਿਰ ਕ੍ਰਿਸ਼ਨ ਬਣ ਆਪਣੀਆਂ ਗੋਪੀਆਂ ਦੀਆਂ ਅੱਖਾਂ ਨੂੰ ਪਿਛੋਂ ਆ ਕੇ ਡੱਬੇ ਦੇ ਲੈਨਾ ਏਂ। ਫਿਰ ਓਹਨਾਂ ਨੂੰ ਆਹਨਾਂ ਏਂ-'ਬੁਝ ਮੈਂ ਕੌਣ ਆਂ ?' ਓ ਬੁਝ-ਬੁਝੱਕੜਾ, ਬੁਝਣ ਵਾਲਾ ਵੀ ਤੂੰ ਆਪ, ਤੇ

ਅੱਖਾਂ ਬੇਨੂਣ ਵਾਲਾ ਵੀ ਤੂੰ ਆਪ, ਪਰ ਜਦ ਭੁਲ ਭੁਲ ਕੇ ਤੈਂਡੀਆਂ ਸਖੀਆਂ ਤੈਨੂੰ ਲਭ ਲੈਂਦੀਆਂ ਨੇ.. ਤਾਂ ਓਇ ਕੇਡੀ ਉਚੀ ਖੁਸ਼ੀ ਦੀ ਲਹਿਰ ਉਠਦੀ ਏ. ਓਇ ਕੋਈ ਅਸਮਾਨ ਜਿੱਡੀ ਉੱਚੀ। ਓਹਨਾਂ ਸਖੀਆਂ ਦਾ ਕਲੇਜਾ ਗਜ ਗਜ ਉਚਾ ਧੜਕਦਾ ਈ ਤੈਨੂੰ ਲਭ ਕੇ. ਖੁਸ਼ੀਆਂ ਵਿਚ ਭਲ ਭਲਈਆਂ ਨੂੰ ਭੰਨ ਤੋੜ ਕੇ ਤੇ ਵਿੱਥਾਂ ਦੀਆਂ ਖਾਈਆਂ ਟਪਕੇ ! ਓ ਚੋਜੀਆਂ ਓ ਮੌਜੀਆ, ਤੈਡੇ ਕੌਤਕ ਨੀ ਨਿਆਰੇ, ਓਇ ਤੈਂਡੀ ਤੇ ਮੈਂਡੀ ਮੈਂ ਦੇ ! ਸੂਰਜ ਵਿਚ ਕਿਰਨਾਂ ਤੇ ਫਿਰ ਸੁਭਰ ਭਰਿਆ ਸੂਰਜ, ਹਾਂ ਉਨ੍ਹਾਂ ਕਿਰਨਾਂ ਦੇ ਨਿਕਲਣ ਨਾਲ ਤੂੰ ਨਹੀਉਂ ਏਂ ਘਟਦਾ, ਤੂੰ ਏਂ ਪੂਰਨ, ਪਰੀਪੂਰਨ-ਪਰ ਜਦ ਓਹ ਕਿਰਨਾਂ ਭਟਕਦੀਆਂ ਨੇ, ਅਰਸ਼ ਛਡ ਕੁਰਸ਼ ਤੇ ਆਵਨੀਆਂ ਨੇ, ਤੇ ਏਧਰ ਓਧਰ ਭਜਨੀਆਂ ਨੇ ਤੇ ਫਿਰ ਤੈਨੂੰ ਜਾ ਛੋਂਹਦੀਆਂ ਨ ਤਦ ਉਠਦੀਆਂ ਨੀ ਅਨੰਦ ਦੀਆਂ ਘੋੜੇ ਸਵਾਰ ਲਹਿਰਾਂ। ਤਦ ਉਠਦੀਆਂ ਨੇ ਅਨੰਦ ਸਾਗਰ ਦੀਆਂ ਜਵਾਰ ਭਾਟੇ ਵਾਲੀਆਂ ਲਹਿਰਾਂ ਓ ਤਦ ਨੀ ਰਾਗ ਰੰਗ, ਕੁਲਾਹਲ ਤੇ ਵਿਸਾਖੀ-ਭੰਗੜੇ ਅਨੋਖੜ। ਓ ਤੈਂਡੀ ਤੈਂ ਤੇ ਮੈਂਡੀ ਮੈਂ-ਓ ਹਿਮਾਲਾ ਪਰਬਤ ਤੇ ਇਹ ਓਹਦੇ ਪੈਰਾਂ ਵਿਚ ਪੈਰ ਮਲਿਆ ਰੇਤ ਕਿਣਕਾ, ਓਹ ਅਨੰਦੀ ਸਾਗਰ ਤੇ ਇਹ ਲਹਿਰ ਲਿਤਾੜਿਆ ਇਕ ਤਰੰਗ ਦੁਖ-ਸੁਖ ਕੜਿਆ। ਓਹ ਪ੍ਰਕਾਸ਼ ਪੁੰਜ, ਏਹ ਹਨੇਰ ਘੁਪ ਘੇਰਿਆ ਹਾਂ। ਏਨ੍ਹਾਂ ਵਿਚ ਅਤੀ ਹੀ ਭਿਆਨਕ ਵਿਥ ਈ, ਪਰ ਓਇ ਵਿਥਾਂ ਮੇਲਣ ਵਾਲਿਆ ! ਓਇ ਇਕ ਕਦਮ ਨਾਲ ਸਾਰੀ ਧਰਤੀ ਕਛਣ ਵਾਲਿਆ, ਓ ਬਾਵਨਾ, ਬਲਿਹਾਰ ਬਲਿਹਾਰ ! ਓਇ ਤੈਂਡੀ ਤੈਂ ਤੇ ਮੈਂਡੀ ਮੈਂ, ਦੋ ਵਖਰੇ ਮੰਜੇ ਨੇ ਪਰ ਓ ਬਾਹਾਂ ਨਾਲ ਬਾਹੀਆਂ ਭੰਨਣ ਵਾਲਿਆ, ਸਭ ਤੈਂਡੀ ਸਹਿਜ ਸੇਜਾ ਤੇ ਸੁੱਤੇ ਪਏ

ਨੇ। ਓ ਤੈਂਡੀ ਤੈਂ ਤੇ ਮੈਂ ਮੇਂਡੀ ਉਨੀਂਦਰੀ ਅੱਖ ਦੇ ਸਫੁਰਨਿਓਂ ! ਓ ਡਰਾਵਣੇ ਧਮਕਾਵਣੇ, ਸਫੁਰਨਿਓ ਅਜ ਅੱਖਾਂ ਖੁਲਣ ਤੇ ਤੁਸੀਂ ਦੂਰ ਕਾਫ਼ੂਰ। ਓ ਅੱਖਾਂ ਬੰਨ੍ਹਣ ਵਾਲਿਆ, ਓ ਅੱਖਾਂ ਖੋਲ੍ਹਣ ਵਾਲਿਆ, ਚੋਜੀਆ, ਤੂੰ ਆਪੇ ਆਪ ਤੇ ਮੈਂ ਇਕ ਸੁਫਨਾ ਓ ਵਾਹ ਵਾਹ ਵੇ ਖੇਡ ਖਿਡਊਆ ਵਾਹ ਵਾਹ ਵੇ ਵਡ ਰਾਸੀਆ, ਓਇ ਰਾਸਾਂ ਵਿਚ ਘੁੰਡ ਚੁਕ ਕੇ ਮਿਲਣ ਵਾਲਿਆ, ਵਾਹ ਵਾਹ ਵ ਚੋਜੀਆ ਮੌਜੀਆ ਵਾਹਿਗੁਰੂ।

ਵਾਹਿਗੁਰੂ ! ਤੂੰ ਤਾਂ ਬੈਕੁੰਠਵਾਸੀ ਸਦੀਣਾ ਏਂ, ਪਰ ਰਵਦਾਸ ਵਰਗੇ ਤਮ੍ਹਾਤੜਾਂ ਨੂੰ ਅਪਨਾਣ ਤੂੰ ਕੀਕਣ ਹੇਠ ਉਤਰ ਆਵਨਾ ਏਂ। ਓਇ ਤੈਨੂੰ ਆਣ ਵਿਚ ਰਤਾ ਢਿਲ ਨਹੀਂ। ਰਤਾ ਕੁ ਝਿਜਕ ਨਹੀਂ। ਓ ਕੁਰਸ਼ ਨੂੰ ਅਰਸ਼ ਬਣਾਣ ਵਾਲਿਆ, ਓ ਗਰੀਬਾਂ ਦੇ ਸਿਰ ਛਤਰ ਰਖਣ ਵਾਲਿਆ, ਤੂੰ ਵੇਂ ਗਰੀਬ ਨਿਵਾਜ ਗੁਸਈਆਂ। ਗਰੀਬਾਂ ਦੇ ਕਖਾਂ ਦੀ ਕੁਲੀ, ਓਇ ਬੀਠਲਾਹੀ, ਕੀ ਤੈਂਡੇ ਕੂਲੇ ਚਰਨਾ ਵਿਚ ਨਹੀਂ ਚੁਭਦੀ, ਓਇ ਨਹੀਂ ਚੁਭਦੀ। ਓ ਬੀਠਲਾ ਤੂੰ ਆਪ ਜੁ ਪੱਟ ਵਿਠਾਨਾਂ ਏਂ, ਜਿਥੇ ਜਾਨਾਂ ਦੇਂ ਓ ਲਾਲ ਗੁਲਾਲ ਵੀਟਣ ਵਾਲਿਆ, ਓਇ ਕੱਖਾਂ ਦੀ ਕੁਲੀ ਨੂੰ ਭਾਗ ਲਾਣ ਵਾਲਿਆ ! ਤੈਨੂੰ ਕਖ ਪਿਆਰੇ ਲਗਦੇ ਨੇ। ਭਗਤਾਂ ਦੀਆਂ ਲੀਰਾਂ ਪਿਆਰੀਆਂ ਨੇ, ਓ ਭਗਤਾਂ ਦੇ ਪੈਰਾਂ ਦੀਆਂ ਵਿਆਈਆਂ ਤੇ ਮਲਾਈਆਂ ਬੰਨ੍ਹਣ ਵਾਲਿਆ ਬੀਠਲਾ, ਓ ਕੱਖਾਂ ਦੀ ਲਾਜ ਰਖਣ ਵਾਲਿਆ ! ਤੇ ਕੱਖਾਂ ਵਿਚ ਕੋਹਿਨੂਰਾਂ ਦੀ ਗੰਗਾ ਵਹਾਣ ਵਾਲਿਆ ਭਗੀਰਥਾ ! ਓ ਜੰਗਲਾਂ ਵਿਚ ਮੰਗਲ ਕਰਨ ਵਾਲਿਆ ! ਓ ਰੱਕੜਾਂ ਵਿਚ ਗੰਗਾ ਵਹਾਣ ਵਾਲਿਆ ! ਓ ਧਰਣੀਧਰ ਮੇਂਡੀ ਕੱਖਾਂ ਦੀ ਕੁਲੀ ਛੱਤਣ ਵਾਲਿਆ ! ਬਲਿਹਾਰ, ਵਾਹ ਵਾਹ ਵੇ ਗਰੀਬਨਿਵਾਜ ! ਵੇ ਗੁਸਈਆਂ, ਵਾਹ ਵਾਹ ਵੇ

ਭਗਵਾਨ ਬੀਠਲਾ ! ਬਲਿਹਾਰ ਵਾਹਿਗੁਰੂ ! ਬਲਿਹਾਰ ।

ਓ ਅਨੰਦੀ, ਓ ਨੰਦ ਕੇ ਨੰਦਨ, ਓ ਮੀਰ ਮੁਕੰਦ, ਓ ਪੀਤਾਂਬਰ, ਓ ਸੇਤਾਂਬਰ, ਓ ਰੰਗ ਰਸੀਆ, ਓ ਅਨੂਠੀਆ ਲੀਲ੍ਹਾਂ ਦੇ ਮਾਲਕਾ, ਤੈਂਡੇ ਚੋਜ ਨਿਰਾਲੇ ਨੇ, ਓ ਨੀਚਾਂ ਨੂੰ ਊਚ ਕਰਨ ਵਾਲਿਆ, ਉਚਿਆਂ ਨੂੰ ਵੀ ਨੀਚਾ ਤੂੰ ਹੀ ਕਰਨਾ ਏਂ । ਓ ਨਦੀਆਂ ਵਿਚ ਟਿੱਬੇ ਵਿਖਾਣ ਵਾਲਿਆ ! ਹਿਮਾਲਾ ਦੀ ਊਠ ਗਰਦਨ ਵੀ ਤੂੰ ਹੀ ਤੋੜਨਾਂ ਏਂ । ਓ ਕੀੜਿਆਂ ਨੂੰ ਪਾਤਸ਼ਾਹੀ ਦੇਣ ਵਾਲਿਆ ! ਕਾਰੂਆਂਦੀ ਟੈਂ ਵੀ ਤੂੰਹੇਂ ਲਤਿਆੜਨਾਂ ਵੇਂ । ਓ ਚੋਜੀਆ, ਗਲ ਗਲ ਵਿਚ ਤੈਂਡਾ ਕੋਈ ਰਾਜ਼ ਏ ਉਤਪਤ ਵਿਚ ਵੀ ਰਾਜ਼ ਏ, ਪਰਲੌ ਵਿਚ ਵੀ ਰਾਜ਼ ਏ, ਤੈਂਡੀ ਬਸੰਤ ਵਿਚ ਵੀ ਰਾਜ਼ ਏ । ਪਤਝੜ ਵਿਚ ਵੀ ਰਾਜ਼ ਏ । ਓ ਵਡੇ ਜੰਦਰੇ ਮਾਰਣ ਵਾਲਿਆ ! ਬਲਿਹਾਰ ! ਪਰ ਜਦ ਤੂੰ ਸਿਮ ਸਿਮ ਦੀ ਤਲਿਸਮ ਕੁੰਜੀ ਸਾਡ ਹਥ ਚਾ ਫੜਾਨਾ ਏਂ ਤਦ ਜੰਦਰੇ ਖੁਲ੍ਹ ਜਾਂਦੇ ਨੇ ਝਟ ਪਟ, ਤਾਂ ਓ ਗੁਝਿਆ, ਫਿਰ ਮੈਂਡਾ ਗੁਪਤ ਅਨੰਦ ਖਜਾਨਾ ਸਾਡੇ ਹੱਥ ਆਨਾ ਵੇ ! ਓ ਛੁਪਿਆ, ਓ ਲੁਕਿਆ ! ਤੈਨੂੰ ਫੇਰ ਮੈਂ ਨੰਗ-ਮੁਨੰਗਾ ਵੇਖ ਕੇ ਨਚਨਾ ਹਾਂ ! ਓ ਬਾਵਰਿਆ, ਓ ਬਾਵਰਾ ਕਰਨ ਵਾਲਿਆ ! ਓ ਤਲਿਸਮ ਦੀ ਹੋਲੀ ਖੇਡਣ ਵਾਲਿਆ । ਵਾਹ ਵਾਹ ਤੈਂਡੀਆਂ ਅਨਦ ਦੀਆਂ ਬੋਰੀਆਂ, ਵਾਹ ਵਾਹ ਤੈਂਡੇ ਰਸਾਂ ਦੇ ਲੱਦੇ ਜਹਾਜ਼, ਵਾਹ ਵਾਹ ਤੈਂਡੇ ਅਨੰਦ ਦੀਆਂ ਘਟਾ-ਟੋਪ ਬਦਲੀਆਂ, ਛਮਾ ਛਮ ਬਰਸਦੀਆਂ । ਓ ਪੋਹ-ਫਟਾਲ ਪਿਚਕਾਰੀ ਖੇਡਣ ਵਾਲਿਆ, ਓ ਗੁਝਿਆ, ਓ ਤਲਿਸਮੀ, ਓ ਟੋਇਆਂ ਨੂੰ ਟਿੱਬੇ ਕਰਣ ਵਾਲਿਆ ! ਤੈਂਡੀ ਈ ਨਾਂ ਵੇ-ਵਾਹ ਵਾਹ.. ਵਾਹਿਗੁਰੂ । ਓ ਜਾਦੂ ਟਲ ਖੜਕਾਣ ਵਾਲਿਆ, ਓ ਜਾਦੂ ਸੀਟੀਆਂ ਚਲਾਣ

ਵਾਲਿਆ, ਓ ਜਾਦੂ ਨਾਦ ਵਜਾਣ ਵਾਲਿਆ-ਓ ਬਿਨ ਥੰਮ੍ਹਾਂ ਗਗਨ ਰਹਾਣ ਵਾਲਿਆ, ਕਲਿ ਕਾਰੀਆ, ਬਲਿਹਾਰ। ਓਇ ਤੈਂਡੀ ਨਿਕੀ ਜਿਹੀ ਖੇਡ ਤੇ ਸਾਡਾ ਜੁਗਾਂ ਦਾ ਵਿਛੋੜਾ, ਓਇ ਤੈਂਡੀ ਨਿਕੀ ਜਿਹੀ ਮੁਸਕਣੀ ਤੇ ਚੌਰਾਸੀ, ਦੀਆਂ ਹੇਠ ਢਠੀਆਂ ਬੜੀਆਂ......ਓ ਕਲ ਕੌਸਲੀਆਂ, ਓ ਕੌਤਕ ਹਾਰੀ, ਓ ਅਨੰਦ ਮਦਾਰੀ, ਬਲਿਹਾਰ, ਓ ਮੈਂਡੇ ਵਾਹਿਗੁਰੂ, ਮੈਂ ਬਲਿਹਰ, ਮੈਂ ਬਲਿਹਾਰ, ਮੈਂ ਬਲਿਹਾਰ ! ਵਾਹ ਵਾਹ ਵੇ ਮੈਂਡਾ ਚੋਜੀ ਨਾਦ ਬਿਨੋਦੀ, ਵਾਹ ਵਾਹ ਵੇ ਮੈਂਡਾ ਚੋਜੀ ਅਨੰਦ ਬਿਸਮਾਦੀ ਵਾਹ ਵਾਹ ਵੇ ਮੈਂਡਾ ਵਾਹਿਗੁਰੂ ਰੰਗ ਰਤੜਾ ਆਦਿ ਜੁਗਾਦੀ।

ਪਿਤਾ-ਪੂਤ-ਸਮ-ਵਾਹਿਗੁਰੂ ।

ੳ ਕਰਤਾ ਪੁਰਖ ! ਤੂੰ ਵੇਂ ਮੇਂਡਾ ਪਿਤਾ, ਨਾਲੇ ਮੇਂਡੀ ਮਾਤਾ, ਮੇਂਡੀ ਸਖਾ,ਨਾਲੇ ਭਰਾਤਾ । ਹਾਂ ਤੂੰ ਵੇਂ ਮੇਂਡਾ ਏਹ, ਓਹ । ਮੇਂਡਾ ਹਰ ਇਕ ਸਾਕ ਅੰਗ । ੳ ਤੈਂਡੇ ਕਰਕੇ ਹੀ ਮੈਨੂੰ ਆਪਣੀ ਮਾਂ ਪਿਆਰੀ ਏ ਕਿਉਂਕਿ ਤੂੰ ਓਸ ਵਿਚ ਵੀ ਦਿਸਨਾ ਏਂ ੳ ਵਾਹਿਗੁਰੂ ! ਉ ਸਰਬ-ਸਾਂਝੇ ਆਤਮਾ ! ਮੈਨੂੰ ਆਪਣਾ ਪੁਤ ਵੀ ਤਾਂ ਹੀ ਪਿਆਰਾ ਏ ਜੇ ਤੂੰ ਓਸ ਵਿਚ ਵੀ ਦਿਸਨਾ ਏਂ । ੳ ਸਾਂਝੇ ਵਾਹਿਗੁਰੂ ! ੳ ਹਰ ਕੋਈ ਵਿਚ ਰਮਣ ਵਾਲਿਆ ! ੳ ਆਤਮਾ, ੳ ਆਤਮਾ ਅਰਸ਼ੀ ਬਣਕੇ ਲਿਸ਼ਕਣ ਵਾਲਿਆ, ਤੈਂਡਾ ਹੀ ਜਲਵਾ ਚਹੁੰ ਕੂੰਟਾ ਵਿਚ ਸੁਭਾਵਮਾਨ ਏ । ੳ ਕੁਦਰਤ ਵਸਿਆ—

"ਇਹ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ।" ੳ ਘਟ ਘਟ ਵਸਿਆ, ਤੈਂਡੀ ਹੀ ਅਣਡਿਠ ਰੋਸ਼ਨੀ ਨਾਲ ਜਗਦੇ ਨੇ ਤੇ ਜਗ-ਮਗ ਕਰਦੇ ਨੇ ! ੳ ਅਰਸ਼ੀ ਤਾਰੇ ਤੇ ਫ਼ਰਸੀ ਜੁਗਨੂੰ, ੳ ਉਪਰਲੀ ਅਕਾਸ਼ ਗੰਗਾ ਤੇ ਏਹ ਧਰਤੀ ਭਗੀਰਥੀ, ੳ ਵਡੇ ਸਤ ਰਿਸ਼ੀ ਤੇ ਇਹ ਸਤ ਵਡੇ ਰਿਸ਼ਤੇਦਾਰ । ਮਾਂ ਪਿਓ, ਭੈਣ ਭਰਾ, ਪਤਨੀ ਤੇ ਪੁਤ ਧੀਆਂ ! ੳ ਪਿਤਾ ਬਣਕੇ ਮੈਨੂੰ ਗਲ ਲਾਣ ਵਾਲਿਆ ! ੳ ਸਾਰੇ ਜਗ ਨੂੰ ਅੰਨ ਪਹੁੰਚਾਣ ਵਾਲਿਆ, ਅੰਨ ਦਾਤਾ ! ਤੂੰ ਸਚਾ ਤੇ ਸੁਚਣਾ ਪਿਤਾ ਏਂ । ਤੇਂਡੇ ਖਜ਼ਾਨੇ ਸਦਾ ਹੀ ਭਰਪੂਰ ਨੇ, ਤੇਂਡਾ ਰਾਜ ਚੋਕੂੰਟੀਂ ਏ ।

ਤੇ ਤੈਂਡਾ ਦਾਨ ਵੀ ਤੈਂ ਵਾਂਗ ਅਖੁੱਟ ਏ। ਪਰ ਵੇਖ ਤੇਰਾ ਚੋਜ! ਜਦ ਤੂ ਆਪਣੀ ਸਾਰੀ ਬਾਦਸ਼ਾਹੀ ਦੀਆਂ ਕੁੰਜੀਆਂ ਆਪਣੇ ਪੁਤਰਾਂ ਦੇ ਹਥ ਚਾ ਫੜਾਨਾ ਏ। ਤੇ ਆਪਣੇ ਪੁਤਰਾਂ ਨੂੰ ਆਪਣੇ ਸਿੰਘਾਸਨ ਤੇ ਚਾ ਬਿਠਾਨਾ ਏਂ। ਓ ਵਾਹਿਗੁਰੂ ਤੇਰੀ ਉਪਮਾ ਕੋਈ ਕੀਕੁਣ ਕਰ ? ਓ ਨਾਮ ਪਾਰਸ ਨਾਲ ਪਰਸਣ ਨਿਵਾਜਣ ਵਾਲਿਆ, ਓ ਅਬਿਨਾਸ਼ੀ ਰਾਜ ਬਖਸ਼ਣ ਵਾਲਿਆ, ਦਾਲ ਦਾਤਾਰਾ, ਚਖੱਨੀਏ !

ਬਾਪੁ ਹਮਾਰਾ ਸਦ ਚਰੰਜੀਵੀ।
ਭਾਈ ਹਮਾਰੇ ਸਦ ਹੀ ਜੀਵੀ।
ਮੀਤ ਹਮਾਰੇ ਸਦ ਅਬਿਨਾਸੀ ।
ਕਟੁੰਬ ਹਮਾਰੇ ਨਿਜ ਘਰਿ ਵਾਸੀ।
ਮੰਦਰ ਮੇਰੇ ਸਭ ਤੇ ਊਚੇ ।
ਦੇਸ ਮੇਰੇ ਬੇਅੰਤ ਅਪੂਚੇ ।
ਰਾਜ ਹਮਾਰਾ ਸਦ ਹੀ ਨਿਹਚਲੁ।
ਮਾਲੁ ਹਮਾਰਾ ਅਖੂਟ ਅਬੇਚਲ।

(ਭੈਰਉ ਮ: ੫)

ਓ ਵੇਖੋ ਨਾ, ਪਹਿਲੋਂ ਦਾਤਾ ਤੇ ਰਤਾਕੁ ਓਪਰਾ ਪ੍ਰਤਿਪਾਲਕ, ਫੇਰ ਨਿਕਟ ਬੈਠਾ-ਪਾਂਧਾ, ਪਿਆਰਾ ਫੇਰ ਪਿਤਾ ਪਰ ਅਜਾਂ ਰਤਾਂ ਪਰੇਰੇ; ਫੇਰ ਪਿਤਾ ਪੁਤ ਵਿਚ 'ਨਾਮ' ਦੀ ਸਾਂਝ, ਫਿਰ ਪਤੀਜਿਆ ਹੋਇਆ ਪਿਤਾ...ਤੇ ਅੰਤ ਨੂੰ-

ਪਿਤਾ ਪੂਤ ਏਕੈ ਰੰਗਿ ਲੀਨੇ।

ਹਾਂ ਇਕੋ ਇਕ ਏਕੰਕਾਰ ! ਓ ਪੁਤ ਦੇ ਸਿਰ ਤੇ ਆਪ ਛਤਰ ਰਖਣ ਵਾਲਿਆ ! ਓ ਪੁਤ ਨੂੰ ਆਪ ਕੇਸਰੀ ਟਿੱਕਾ ਲਾਵਣ ਵਾਲਿਆ ! ਓ 'ਪੁਤ' ਨੂੰ ਪਿਤਾ ਦਾ ਮੁਰਾਤਬਾ ਬਖਸ਼ਣ

ਵਾਲਿਆ ! ਤੂੰ ਏਂ ਨੀਚਾਂ ਨੂੰ ਊਚ ਕਰਣ ਵਾਲਾ, ਊਚਾਂ ਨੂੰ ਊਚਮ ਊਚਾ ਰੁਤਬਾ ਬਖਸ਼ਣ ਵਾਲੜਾ । ਮੈਂਡਾ ਏਕਕਾਰ ਵਾਹਿਗੁਰੂ ! ਵਾਹ ਵੇ ਸਫ਼ਲ ਫਲਿਆ ਬ੍ਰਿਛ ! ਵਾਹ ਵਾਹ ਆਤਮ-ਚੁਗਣਾ ਹੰਸ ! ਵਾਹ ਵਾਹ ਤ੍ਰਿਪਤ-ਅਘਾਇੜਾ–ਆਤਮਾ ।

ਜਿਨੀ ਆਤਮ ਚੀਨਿਆ ਪਰਮਾਤਮੁ ਸੋਈ ।
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ।
(ਆਸਾ ਮ: ੧)

ਵਾਹ ਵਾਹ ਪਿਤਾ ਪੁਤ ਦੀ ਅਨੋਖੀ ਨਾਮ ਗੰਢ, ਵਾਹ ਵਾਹ ਪਿਤਾ ਪੁਤ ਦੀ ਚਿਰੰਜੀਵੀ ਸਾਂਝ ! ਵਾਹ ਵਾਹ ਸਦ-ਸਥਿਰ ਪਾਤਿ-ਸ਼ਾਹੀ !! ਵਾਹ ਵਾਹ ਵਡੀ ਵਡਿਆਈ ਮੈਂਡੇ ਵਾਹਿਗੁਰੂ ਦੀ।

ਆਪਹਿ ਆਪ-ਆਪ—ਵਾਹਿਗੁਰੂ !!

ਓ ਮੈਂਡੇ ਮਨਮੋਹਣ ਬਹੁਰੂਪੀਆ ! ਕਦੇ ਤੂੰ ਮਦਾਰੀ ਬਣਕੇ ਮੈਨੂੰ ਨਚਾਨਾ ਏਂ, ਕਦੇ ਪਾਂਧਾ ਬਣ ਪੜ੍ਹਾਨਾ ਏਂ ਕਦੀ ਤੂੰ ਪਿਤ ਬਣ ਕੇ ਮੈਨੂੰ ਗਲ ਨਾਲ ਲਾਨਾ ਏਂ । ਕਦੀ ਪਤੀ ਬਣ ਕੇ ਮੈਨੂੰ ਅਪਨਾਣਾ ਏਂ । ਹਾਂ ਵਿਛੋੜ ਤੇ ਫਿਰ ਜੋੜ । ਹਾਂ ਏਹ ਕਾਸ ਲਈ ? ਕੀ ਇਸ ਕਰਕੇ ਦੋਫੇੜ ਤਾਂ ਜੁ ਦੋ-ਹੱਥੜ ਤਾੜੀ ਵੱਜੇ ! ਕੀ ਇਸ ਲਈ ਜਿ ਦੋ-ਮੂੰਹੀਂ ਢੋਲਕੀ ਵੱਜੇ ! ਕੀ ਇਸ ਲਈ ਜੇ ਤੂ ਹਥ ਵਿਚ ਹੱਥ ਪਾ ਦੋਵੇਂ ਕਿਲ-ਕਿਲੀ ਪਾਈਏ ਤੇ ਨਚੀਏ ! ਉਧਰ ਤੂੰ ਆਪ, ਤੇ ਏਧਰ ਤੇਰਾ ਪ੍ਰਛਾਵਾਂ। ਨਹੀਂ ਨਹੀਂ-ਏਧਰ ਵੀ ਤੂੰ ਏਂ, ਤੂੰ ਆਪ ਹਰ ਰੂਪ ਵਟਾਇੜਾ, ਓ ਮੈਂਡਾ ਬਹੁਰੰਗੀ—

ਬਹੁਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣ ।
ਹਰਿ ਰੰਗਿ ਰਾਤੇ ਨਾਨਕਾ ਕਰਮਿ ਸਚਾ ਨੀਸਾਣ ।

ਪਉੜੀ—
ਆਪੇ ਧਰਤੀ ਆਪੇ ਹੈ[1] ਗਾਹਕੁ
ਆਪਿ ਜੰਮਾਇ ਪੀਸਾਵੈ ।
ਆਪਿ ਪਕਾਵੈ ਆਪਿ ਭਾਡੇ ਦੇਇ ਪਰੋਸੈਂ
ਆਪੇ ਹੀ ਬਹਿ ਖਾਵੈ ।
ਆਪੇ ਜਲੁ ਆਪੇ ਦੇ ਛਿੰਗਾ
ਆਪੇ ਚੁਲੀ ਭਰਾਵੈ ।
ਆਪੇ ਸੰਗਤਿ ਸਦਿ ਬਹਾਲੀਐ
ਆਪੇ ਵਿਦਾ ਕਰਾਵੈ । (ਰਾਗੁ ਬਿਹਾਗੜਾ ਮ: ੪)

ਓ ਬਹੁਰੰਗੀਆ, ਤੂੰ ਆਪੇ ਮਛੀ, ਆਪੇ ਮਾਛੀ, ਆਪੇ ਹੀ ਜਾਲ । ਤੂੰ ਆਪੇ ਰਸਿਆ, ਆਪਿ ਰਸ ਆਪੇ ਰਾਵਣਹਰ, ਤੂੰ ਆਪ ਨਾਰ, ਚੋਲੜਾ ਵੀ ਤੂੰ ਹੈਂ, ਤੂੰ ਆਪੇ ਸੇਜ ਭਤਾਰ । ਤੂੰ ਆਪੇ ਜੋਗੀ, ਤੂੰ ਆਪੇ ਭੋਗੀ । ਤੂੰ ਆਪੇ ਪਤਣ ਤੂੰ ਆਪੇ ਪਾਤਣੀ । ਤੂੰ ਆਪੇ ਸਾਗਰ ਤੂੰ ਆਪੇ ਬੋਹਿਥਾ, ਤੂੰ ਆਪੇ ਸੂਤ ਤੂੰ ਆਪੇ ਮਣੀਆ । ਤੂੰ ਆਪੇ ਜਲ, ਤੂੰ ਆਪ ਜਲ ਤਰੰਗ । ਤੂੰ ਆਪੇ ਥਲ, ਤੂੰ ਆਪੇ ਥਲ-ਥਮ੍ਹ ! ਤੂੰ ਆਪੇ ਸ਼ਾਹ, ਆਪ ਵਣਜਾਰਾ । ਤੂੰ ਆਪੇ ਕਾਸਟ, ਤੂੰ ਆਪੇ ਕਾਸਟ ਅਗਨੀ । ਤੂੰ ਆਪੇ ਆਕਾਸ਼, ਤੂੰ ਆਪੇ ਹੀ ਗਗਨੰਤਰ ਨਾਦ । ਤੂੰ ਆਪੇ ਗੋਪੀ ਆਪੇ ਕਾਹਨ ! ਤੂੰ ਆਪੇ ਮੰਝ (Immanent) ਤੂੰ ਆਪੇ ਹੀ ਬਾਹਰ (Transcendent) । ਤੂੰ ਆਪੇ ਸੂਖਮ ਆਪੇ ਅਸਥੂਲ । ਤੂੰ ਆਪੇ ਜੜ੍ਹ[2] ਆਪੇ ਹੀ ਚੇਤਨ । ਤੂੰ ਆਪੇ ਮਨ, ਆਪੇ ਉਨਮਨ ।

---

੧. ਫਸਲ ਗਾਹਣ ਵਾਲਾ ਕਿਰਸਾਣ ।

੨. This is not Pantheism ਵੇਖੋ ਅਗਲਾ ਅੰਕ । This is monism ਕਿਉਂਕਿ ਉਹ ਵਿਚ ਹੋਕੇ ਵੀ ਬਾਹਰ ਹੈ । ਰੁਪਏ ਵਿਚੋਂ 'ਪੰਦਰਾਂ' ਆਨੇ ਬਾਹਰ ਤੇ ਇਕ ਆਨਾ ਅੰਦਰ ।

ਤੂੰ ਆਪੇ 'ਨਾਮ' ਤੂੰ ਆਪ ਨਿਰੰਜਨ। ਤੂੰ ਆਪੇ ਆਪੇ ਤੂੰ ਆਪੇ ਆਪੇ, ਤੂੰ ਸਭ ਕਿਝੁ ਆਪਹਿ ਆਪ'' ......ਵਾਹ ਵਾਹ ਰੂਪ ਵਟਾਂਦਾ ਬਹੁ ਰੰਗੀ। ਵਾਹ ਵਾਹ ਆਪੇ ਖੇਡ ਵਰਤਾਂਦਾ ਅਨੰਤ ਤਰੰਗੀ। ਵਾਹ ਵਾਹ ਨਿਰਮਲ ਨਿਰਬਾਣ ਸਦਾ ਸਾਖੀ ਤੇ ਅਸੰਗੀ।

ਆਪੇ ਕੰਡਾ ਤੋਲ ਤਰਾਜੀ ਆਪੇ ਤੋਲਣਹਾਰਾ।
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ।

(ਸੂਹੀ ਮ: ੧)

ਓ ਮੇਰੇ ਲਾਲ ਜੀਓ, ਮੈਂ ਤੈਂਡਾ ਅੰਤ ਨ ਜਾਣਾ। ਓ ਮਰੇ ਲਾਲ ਜੀਓ ਤੂੰ ਆਪੇ ਸਰਬ ਸਮਾਣਾ। ਓ ਮੇਰੇ ਲਾਲ ਜੀਓ ਤੂੰ ਆਪ ਹੀ ਹਭ ਰੰਗ ਮਾਣਾ। ਓ ਮੇਰੇ ਲਾਲ ਜੀਓ ਤੂੰ ਆਪੇ ਖੇਡ ਖਿਡਾਣਾ। ਓ ਮੇਰੇ ਲਾਲ ਜੀਓ, ਤੂੰ ਆਪੇ ਲਾਡ ਲਡਾਣਾ। ਓ ਮੇਰੇ ਲਾਲ ਜੀਓ, ਤੂੰ ਆਪੇ ਜਾਨ ਸੁਜਾਨਾ। ਓ ਮੇਰੇ ਲਾਲ ਜੀਓ, ਤੂੰ ਆਪੇ ਕਥੈ ਤੇ ਆਪ ਵਖਾਣਾ। ਓ ਮੇਰੇ ਲਾਲ ਜੀਓ, ਤੂੰ ਆਪੇ ਗੁਪਤ ਤੇ ਆਪੇ ਪ੍ਰਗਟਣਾ। ਓ ਮੇਰੇ ਲਾਲ ਜੀਓ, ਤੂੰ ਆਪਹਿ ਰਚਹਿੰ ਇਹ ਚੋਜ ਵਿਡਾਣਾ। ਓ ਮੇਰੇ ਲਾਲ ਜੀਓ, ਤੂੰ ਸਦਾ ਸਮਰਥ, ਕਰਣ ਕਰਾਵਣਾ। ਓ ਮੇਰੇ ਲਾਲ ਜੀਓ, ਤੂੰ ਆਪੇ ਰਵੇਂ, ਆਪੇ ਵੇਖ ਵਿਗਸਾਣਾ, ਓ ਮੇਰੇ ਲਾਲ ਜੀਓ, ਤੂੰ ਕੁਦਰਤ ਸਾਜ ਵਰਤੇਂ ਆਪ ਪਰਧਾਨਾ। ਓ ਮੇਰੇ ਲਾਲ ਜੀਓ ਤੂੰ ਕਰੈਂ ਕਰਾਏਂ ਸਭ ਕਿਛ ਆਪੇ ਤੇ ਆਪੇ ਵੇ ਪਰਵਾਹਣਾ ! ਓ ਮੇਰੇ ਲਾਲ ਜੀਓ, ਮੈਂ ਤੈਂਡਾ ਅੰਤ ਨ ਜਾਣਾ, ਮੈਂ ਘੋਲੀ, ਮੈਂ ਘੋਲੀ-ਮੈਂ ਸਦਾ ਸਦਾ ਕੁਰਬਾਣਾਂ!! ਓ ਆਪਹਿ ਆਪ, 'ਨਾਦ' ਵਜਾਣਾ ਤੇ ਸਦ ਸਦ ਵਾਹਿਗੁਰੂ–ਵਿਗਸਾਣਾ।

'ਅਪ੍ਰਮਾਣ-ਸੰਪੂਰਨ ਵਾਹਿਗੁਰੂ'

ਤੂੰ ਆਪੇ ਖਚਤ, ਅਖਚਤ ਭੀ ਤੂੰਹੈਂ, ਤੂੰ ਜਾਤ ਮੇਰੀ ਪਾਤੀ।
ਤੂੰ ਆਪੇ ਰਸੀਆ ਰਸ ਭੀ ਤੂੰਹੇਂ ਤੂੰ ਪਰੈਪਰੇ ਪਾਰ ਪਰਾਤੀ।
ਤੂੰ ਪੂਰਾ ਹਮ ਊਰੇ ਪਿਆਰ, ਤੂੰ ਅਗੰਮ ਅਗੰਮ ਅਜਾਤੀ।
ਤੂੰ ਨਿਰਬਾਨ ਸਦ-ਸਦ ਨਿਰਲੇਪਾ, ਤੂੰ ਅਵਯੁਕਤ ਅਨਾਤੀ।
'ਤੂੰ ਮਰੈ ਪਰੈ ਅਪਰੰਪਰੁ ਸੁਆਮੀ
ਮਿਤਿ ਜਾਨਹੁ ਆਪਨ ਗਾਤੀ।'

ਓ ਮਾਇਆ ਵਿਚ ਰਲ ਮਿਲਿਅੜਾ, ਪਰ ਫਿਰ ਵੀ ਵਾਹ ਵਿਸਵੋਂ ਪਰੇ, ਓ ਲੱਕ ਲੱਕ ਡੁੱਬਾ ਸ੍ਰਿਸ਼ਟੀ ਵਿਚ, ਪਰ ਉਪਰਲਾ ਧੜਾ ਉਚੇਰਾ, ਓ ਆਪਣੇ ਚਿਕੜ ਵਿਚ ਆਪ ਲਿਬੜਿਆ, ਪਰ ਕਮਲ ਵਾਂਗ ਸਦ ਨਿਰਲੇਪ। ਓ ਆਪਣੇ ਪਸੀਨੇ ਵਿਚ ਪੰਘਰਿਆ, ਪਰ ਸਦਾ ਸ਼ੁਧ ਚੇਤੰਨ-ਅਨੰਦ ਮਾਨ। ਓ ਆਪਣੀ ਰਤ ਵਿਚ ਭਿੱਜਾ, ਪਰ ਅਭਿਜ ਸੁਹਣੱਪ। ਓ ਆਪਣੀ ਮਾਇਆ ਨਾਲ ਆਪ ਛਾਇਆ, ਪਰ ਸਦਾ ਅਨੁ-ਗ੍ਰਹਿਣਾ ਚੰਨ (Un eclipsable Moon). ਓ ਖੱਚਤ ਅਖੱਚਤ, ਓ ਅਲੇਪ ਨਿਰਲੇਪਾ, ਓ ਕੁਦਰਤ ਤੇ ਕਾਦਰ ਕੁਦਰਤ ਤੂੰ ਵੋਂ ਸੋਲਾਂ ਆਨੇ ਪਰੇ ਪਰੇਡਾ (Transcendent) ! ਬਅੰਤ ਪੂਰੇ (Infinite) ਵਿਚੋਂ ਜੇ ਬੇਅੰਤ (Infivnite) ਵੀ ਕੱਢ ਦੇਈਏ ਤਾ ਵੀ ਪਿਛੋਂ ਬੇਅੰਤ ਹੀ ਰਹਿੰਦਾ ਹੈ—ਏਹ ਵੇ ਪੂਰੇ ਦੀ ਪੂਰੀ ਕਾਰ, ਪੂਰੇ ਦਾ ਪੂਰਾ ਚੋਜ, ਪੂਰੇ ਦੀ ਪੂਰੀ ਲੀਲ੍ਹਾ, ਓ ਬੇਅੰਤ ਅਕਾਸ਼, ਤੈਂਡੇ ਵਿਚੋਂ ਮਾਇਆ ਦੇ ਕਿਤਨੇ ਹੀ ਘੜੇ ਭਰੀਏ ਤੂੰ ਵੋਂ ਓਡੇ ਦਾ ਓਡਾ, ਰਤਾ ਕੁ ਵੀ ਨਹੀਂ ਘਟ। ਓ ਨੂਰ ਪੁੰਜ ਸੂਰਜਾ, ਤੈਂਡੇ ਵਿਚੋਂ ਕਿਤਨੀਆਂ ਹੀ ਕਿਰਨਾਂ ਪਈਆਂ ਪਰ ਤੂੰ ਵੋਂ ਪੂਰਾ, ਸਦਾ ਹੀ ਪੂਰਾ, ਕਦੀ ਨ ਊਰਾ—

ਪੂਰਾ ਪ੍ਰਭੁ ਆਰਾਧਿਐ ਪੂਰਾ ਜਾਕਾ ਨਾਉ ।
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਓ ।

(੨੩ ਸਲੋਕ ਸੁਖਮਨੀ)

ੳ ਪੂਰਨ, ੳ ਪਰੀ ਪੂਰਨ, ੳ ਸਦਾ ਸਪੂਰਨ ਵਾਹਿਗੁਰੂ, ਮੈਂ ਤੈਂ ਬਿਨ ਅਵਰ ਨ ਜਾਤਾ ।

ਪੂਰਨ ਪੂਰਿ ਰਹਿਓ ਸਰਬ ਥਾਈ ਅਵਰ ਨ ਕਤਹੂੰ ਜਾਤਾ ।
ਘਟਿ ਘਟਿ ਅੰਤਰਿ ਸਰਬ ਨਿਰੰਤਰ ਰੰਗਿ ਰਵਿਓ ਰੰਗ ਰਾਤਾ ।

(ਗੂਜਰੀ ਮ: ੫)

ੳ ਬੇਅੰਤ ਵਿਚੋਂ ਬੇਅੰਤ (Infinite) ਕਢਣ ਤੇ ਵੀ ਨਾ ਘਟਣ ਜੇਤੇ, ਬਲਿਹਾਰ ਬਲਿਹਾਰ, ਸਦ ਬਲਿਹਾਰ ! ੳ ਸਮਸਤ ਇਕ, ੳ ਸਪੂਰਨ ਇਕ, ੳ ਬੇਅੰਤ ਇਕ ਜੇਤੇ—ਵਾਹ ਵਾਹ ਵਾਹ ਵਾਹ-ਵਾਹ ਵਾਹ !!!

ਜਿਮੀ ਜਮਾਨ ਕੈ ਬਿਖ ਸਮਸਤ ਏਕ ਜੋਤਿ ਹੈ ।
ਨਾ ਘਾਟ ਹੈ ਨਾ ਬਾਢ ਹੈ ਨਾ ਘਾਟ ਬਾਢ ਹੋਤ ਹੈ ।
ਨ ਹਾਨਿ ਹੈ ਨ ਬਾਨਿ ਹੈ ਸਮਾਨ ਰੂਪ ਜਾਨੀਐ ।
ਮਕੀਨ ਔ ਮਕਾਨ ਅਪ੍ਰਮਾਨ 'ਤੇਜ' ਜਾਨੀਐ ।

(ਅਕਾਲ ਉਸਤਤਿ)

ਓਇ ਮੈਂ ਕੇਹੜਾ ਤੈਂਡਾ ਪ੍ਰਮਾਣ ਮਿਸਾਲ (Example) ਦੇਵਾਂ ? ੳ[1] ਅਪ੍ਰਮਾਣ ਜੇਤੇ ! ੳ ਪਰੀਪੂਰਨ, ਸੰਪੂਰਨ ਵਾਹਿਗੁਰੂ ॥

---

੧. With example can till. ਜਿਸ ਦੀ ਕਈ ਮਿਸਾਲ ਨਹੀਂ। ਏਸ ਕਰਕੇ ਸਾਡਾ ਵਾਹਿਗੁਰੂ ਮਾਇਆ-ਡੱਬਾ ਨਹੀਂ (Pantheism)- ਏਹ ਤਾਂ ਸੋਲਾਂ ਆਨੇ ਬਾਹਰਲੇ ਘਰ ਵਿਚ (monism)-ਪਰ ਏਸ ਨੂੰ ਸਮਝਣ ਵਾਸਤੇ ਪ੍ਰਮਾਣ ਯਾ ਮਿਸਾਲ ਨਹੀਂ ।

੧ੳ ਅਜੂਨੀ ਸੰਭਉ ਵਾਹਿਗੁਰੂ

ੳ ਮਾਇਆ ਦੀ ਹਦਬੰਦੀ ਤੋਂ ਪ੍ਰੇਡਿਆ[1] ! ੳ ਕਾਲ ਦੀ ਚਕਰੀ ਤੋਂ ਉਪਰੇਰਿਆ, ਤੈਨੂੰ ਮੈਂ ਕਿਹੜੇ ਪ੍ਰਮਾਣ ਨਾਲ ਵਿਚਾਰਾਂ। ੳਨਿਅਖਰੇ[2] ਅਖਰਾ ! ੳ ਰੂਪ ਰੇਖ ਰੰਗ-ਰਹਿਤ 'ਪੁਰਸ਼ਾ[3] ਮੈਂ ਤੇਂਡਾ ਕੀਕਣ ਸਵੈਸਿਥਿਤ (ਸੈਭੰ) ਤੇ ਜੂਨ ਰਹਿਤ ਰੂਪ ਅਖਰਾਂ ਵਿਚ ਚਾ ਪਕੜਾਂ। ੳਇ ਰੀਂਗਦੀ ਸਪਣੀ, ਕੀਕਣ ਉਸ ਉਡਾਰੂ ਗਰੜ ਨੂੰ ਪਕੜੇ। ੳ ਨਿਰਾਲੇ ਪੁਰਸ਼ਾ, ਘਟਾਂ ਘਟਾਂ ਵਿਚ ਰੰਵਦਾ, ਰੋਮ ਰੋਮ ਵਿਚ ਰਸਦਾ, ਪਰ ਕੁਖ ਨਹੀਂ ਵੜਦਾ, ੳਇ ਤੂੰ ਕੀਕਣ ੳ ਪਵਣ ਪਤਲਿਆਂ, ਕਾਲੀਆਂ ਕੁਖਾਂ ਵਿਚ ਵੜੇਂ ? ਜੇ ਮੈਂ ਤੈਨੂੰ ਅਵਤਾਰ ਧਾਰਦਾ ਆਖਾਂ ਤੇ ਕੱਖਾਂ ਵਿਚ ਭਟਕਦਾ ਆਖਾਂ ਤਾਂ ਮੇਂਡੀ ਇਹ ਕਾਨੀ ਤੇ ਔਹ ਰਸਨਾ ਜਲੇ। ਏਹ ਰਾਮ ਹੋਰ ਏ ਕੌਸ਼ਲਿਆ ਦੀਆਂ ਕੁਖਾਂ ਵਿਚ ਪਲਦਾ ਤੇ ਉਹ ਰਮਈਆ ਰਾਮ ਹੋਰ ਏ ਜੋ ਵੇ ਜੂਨਾਂ ਰਹਿਤ 'ਅਯੋਨੀ'—

"ਜੋ ਕਹੋ 'ਰਾਮ' ਅਯੋਨਿ ਅਜੈ ਅਹਿ,
ਕਾਹੇ ਕੋ ਕੌਸਲ-ਕੁਖ ਜੂਯੋ ਜੂ ?

---

੧. ਪਰੇ Transcendent.

੨. Beyond all words and forms.

੩. ਸ਼ਕਲ ਵਾਲਾ ਨਹੀਂ, ਪ੍ਰਵੇਸ਼ ਵਾਲਾ ਸਰਬ ਫੈਲਿਆ।

ਕਾਲ ਹੂੰ ਕਾਨ੍ਹ, ਕਹੈਂ ਜਿਹ ਕੋ,
ਇਹ ਕਾਰਣ ਕਾਲ ਤੇ ਦੀਨ ਭਯੋ ਜੂ।
ਸਾਂਤ ਸਰੂਪ ਬਿ–ਬੈਰ ਕਹਾਯੋ,
ਸੁ ਕਯੋਂ ਪਖ ਕੋ ਰਥ ਹਾਕ ਧਯੋ ਜੂ।
ਤਾਹੀਂ ਕੋ ਮਾਨ ਪ੍ਰਭੁ ਕਰਕੇ
ਜਿਹਕੋ, ਕੋਊ ਭੇਦ ਨਾ ਲੈ, ਨਾ ਲਯੋ ਜੀ।

(੩੩ ਸਵੈਜੇ)।

ਜੇ ਏਹ ਰਾਮ ਵੀ ਅਜੂਨੀ ਹੋਂਦਾ ਤਾਂ ਕੁਸ਼ਲਿਆ ਦੀ ਕੁਖ ਵਿਚ ਗਰਭਦਾ ? ਜੇ ਇਹ ਕ੍ਰਿਸ਼ਨ ਕਾਲ ਨੂੰ ਵਸ ਕਰਨ ਵਾਲੜਾ ਸੀ, ਤਾਂ ਓਹ ਕਿਉਂ ਕਾਲ-ਬਧਕ ਤੋਂ ਅੰਤ ਹਰਿਆ ? ਜੇ ਓਹ ਵੇ ਨਿਰਪੱਖੀ, ਨਿਰਭਉ, ਨਿਰਵੈਰ ਤਾਂ ਕਿਉਂ ਇਕ ਪਾਂਡਵਾਂ ਦਾ ਇਕ-ਪੱਖੀ-ਰਥ ਟੋਰਣ ਆਇਆ ਤੇ ਅਰਜਨ ਦੇ ਅੰਗ ਸੰਗ ਚਾ ਹੋਇਆ। ਓਇ ਮੈਂਡਾ ਰਾਮ, ਮੈਂਡਾ ਕ੍ਰਿਸ਼ਨ, ਮੈਂਡਾ ਘਨੀਸ਼ਾਮ, ਮੈਂਡਾ ਸਾਂਵਲ-ਸੁੰਦਰ ਰਾਮਈਆ, ਮੈਂਡਾ ਗਿਰਧਰ, ਮੈਂਡਾ ਧਰਨੀਧਰ, ਮੈਂਡਾ ਬਾਵਨ ਰੂਪ, ਮੈਡਾ ਪਵਨ ਪਤਲਾ, ਮੈਂਡਾ ਚੋਜੀ ਮੌਜੀ-ਕੋਈ ਹੋਰ ਵੇ, ਕੋਈ ਹੋਰ ਵੇ, ਕੋਈ ਹੋਰ ਵੇ।...ਓਸ ਨਿਤ ਵਾਜੇ, ਨਿਤ ਗਾਜੇ, ਨਾਮ ਵਾਲੜਾ, ਹਾਂ ਸਤ ਦੀ ਖਾਣ...... ਸਤਿਨਾਮ ...... ਨਿਰਬਿਕਾਰ, ਨਿਰਰੂਪ, ਨਿਰਅਕਾਰ...ਜੂਨ ਰਹਿਤ 'ਅਜੂਨੀ'... ਕਾਲ ਰਹਿਤ 'ਅਕਾਲ' ......ਮੂਰਤੀ-ਰਹਿਤ ਪਰ ਸੱਤ–ਮੂਰਤਿ... ਓਇ ਮੈਂਡਾ ਅਕਾਲ ਪੁਰਖ ਵੇ ਅਜੂਨੀ ਸਵੈ ਸਥਿਤ, ਆਪਣ੍ਹੇ ਆਪ ਵਿਚ ਇਸਥਿਤ (ਸੈਭੰ), ਨਿਰਭਉ-ਨਿਰਵੈਰ ਕਰਤਾ ਪੁਰਖ, ਹਰਤਾ ਪੁਰਖ, ਕਰਤਾ ਪੁਰਖ... ਪਾਲਦਾ ਪੋਸਦਾ, ਜੰਮਦਾ–ਮਰਦਾ... ਵਿਸਥੀਰਿਆ (ੳ) ਓਅੰਕਾਰ ਵਾਂਗ ਤ੍ਰਿਭਣ-

ਵੀਟਿਆ, ਪਰ ਫਿਰ ਵੀ ਇਕੋ ਇਕ : ਏਕੰਕਾਰ...ਵਾਹ ਵਾਹ, ਵਾਹ ਵਾਹ, ਵੇ ਵਾਹ ਵਾਹ!

ੴ ਸਤਿਨਾਮੁ ਕਰਤਾ ਪੁਰਖ, ਨਿਰਭਉ ਨਿਰਵੈਰੁ, ਅਕਾਲ ਮੂਰਤਿ, ਅਜੂਨੀ ਸੈਭੰ।

ਗੁਰਪ੍ਰਸਾਦਿ—ਵਾਹਿਗੁਰੂ !!

ਓ ਏਕੰਕਾਰ, ਓ ਓਂਕਾਰ, ਤੈਂਡਾ ਹੀ ਪਹਿਲਾ ਤੇ ਅਖੀਰਲਾ ਨਾਂ 'ਗੁਰਦੇਵ' ਏ–

ਪਹਿਲੋਂ ਸਾਨੂੰ ਊੜਾ-ਐੜਾ ਦਸਣ ਵਾਲੜਾ ਤੇ ਅੰਤ ਨੂੰ ਲੋਕ ਪ੍ਰਲੋਕ ਤੇ ਆਪਣੇ ਆਪ ਦੀ ਗੰਮਤਾ ਬਖਸ਼ਣ ਵਾਲੜਾ। ਓ ਗੁਰੂ, ਓ ਵਾਹਿਗੁਰੂ, ਤੂੰ ਸਾਨੂੰ ਅਣ ਮੰਗਿਆ ਦਾਨ ਦੇਵਨਾ ਏਂ। ਓ ਦਾਨ ਦਾਤਾਰਾ, ਓ ਇਕ ਨਜ਼ਰ ਨਾਲ ਪਰਬਤ ਤੋਲਣ ਵਾਲਿਆ, ਤੂੰ ਸਾਨੂੰ ਬਿਨ ਤਕੜੀ ਤੋਲਦਾ ਏਂ। ਓ ਵਣਜਾਰਿਆ ਮਿਤਰਾ, ਤੂੰ ਪਤਾ ਨਹੀਂ ਕੀ ਖੱਟੀ ਖਟਨਾ ਏਂ। ਕੱਖ ਲੈਕੇ ਲੱਖ ਚਾ ਪੱਲੇ ਪਾਨਾਏਂ। ਓ ਸਵਾਏ ਤੋਲ ਤੋਲਣ ਵਾਲਿਆ ਸ਼ਾਹਾ, ਤੈਂਡੀ ਸ਼ਾਹ ਸਰਾਫ਼ੀ, ਅਣੋਖੀ ਏ-ਦੇਣਾ ਹੀ ਦੇਣਾ, ਸਵਾਇਆ ਦੇਣਾ। ਸੂਦ ਦਰ ਸੂਦ ਦੇਣਾ। ਓ ਵਡ ਸ਼ਾਹਾ, ਏਹ ਤੈਂਡਾ 'ਬਿਰਦ' ਏ, ਏਹ ਤੈਂਡੀ ਬ੍ਰਿਦਤਾ ਏ, ਵਡਿਆਈ ਏ, ਕੱਚ ਦੇ ਬਦਲੇ ਕੰਚਨ ਦੇਣਾ......ਓ ਵਡ ਸ਼ਾਹਾ, ਹਭ ਕੇਈਂ ਨੂੰ ਦੇਣਾ ਤੇ ਦੇਣਾ, ਤੇ ਦੇਣਾ......ਤੇ ਦੇਣੋਂ ਨ ਸੰਗਣਾ......ਪਾਲਣਾ ਤੇ ਪੋਸਣਾ...... ਸੁਝਾਣਾ ਤੇ ਬੁਝਾਣਾ.. ... ਸੁਝਾ ਬੁਝਾ ਕੇ ਆਪਣਾ ਸਾਂਝੀਵਾਲ ਬਨਾਣਾ......ਅੰਤ ਨੂੰ ਅਪਣਾ ਆਪਾ, ਆਪਣਾ ਸਭ ਕੁਝ। ਨਾਂ ਦਾ ਛੱਤਰ ਸਿਰ ਰਖਣਾ ! ਵਾਹ ਵਾਹ ਵਡੇ ਸ਼ਾਹ ਵਾਹ ਵਾਹ-- ਓ ਗੁਰਾ ਗੁਰ ਵਾਹ ਵਾਹ ਤੈਂਡਾ ਬਿਰਦ। ਓ ਗੁਰਾ, ਉਚੜੇ ਤੋਂ ਉਚੜੇ ਦ੍ਰਿਸ਼ ਦਸਣ ਵਾਲਿਆ, ਧਰਤੀ ਤੇ ਰੀਂਙਣ ਵਾਲੇ ਨੂੰ

ਬੋਹੜ ਦਾ ਵਡਾ ਬੂਟਾ ਦਸਣਾ, ਬੋਹੜ ਤੇ ਵਸਣ ਵਾਲੜੇ ਨੂੰ ਗੁਰੂ-ਗੋਰਖਨਾਥ ਦਾ ਟਿੱਲਾ, ਏਸ ਟਿੱਲੇ ਵਾਲੇ ਨੂੰ ਸ਼ਿਵਾਲਕ ਦੀ ਪਹਾੜੀ, ਸ਼ਿਵਾਲਕ-ਵਾਸੀ ਨੂੰ ਹਿਮਾਲਾ ਪਰਬਤ, ਹਿਮਾਲ਼ਾ ਵਾਲੇ ਸੁਮੇਰ ਪਰਬਤ, ਤੇ ਓਥੇ ਦੇਵਤਿਆਂ ਦਾ ਚੋਕੁੰਟੀ ਨਾਲੇ, ਚੋਜੁਗ ਵਾਸਾ, ਉਪਰ ਹੀ ਉਪਰ, ਵਧ ਤੋਂ ਵਧ, ਬੇਅੰਤ ਤੋਂ ਪਰੇ ਬੇਅੰਤ,

ਪਤਿਤ ਪਵਿਤ੍ਰ ਗੁਰ ਹਰਿ ਕੀਏ,
ਮੇਰੀ ਜਿੰਦੜੀਏ——
ਚਹੁੰ ਕੁੰਟੀ ਚਹੁ ਜੁਗ ਜਾਤੇ ਰਾਮ ।

(ਬਿਹਾਗੜਾ ਮ: ੪)

ਓ ਪੂਰਬ ਪਛਮ ਉਤਰ ਦਖਣ ਦਾ ਅਬਿਚਲ ਰਾਜ, ਓ ਜੁਗਾਂ ਜੁਗਾਂਤਰਾਂ ਦਾ ਰਾਜ......ਫੇਰ ਪਤਿਤਾਂ ਨੂੰ ! ਏਹ ਤੈਂਡਾ ਈ ਬਿਰਦ ਏ, ਓ ਪਤਿਤ ਪਾਵਨਾ ! ਓ ਗ੍ਰੀਬ ਨਿਵਾਜ ਗੁਸਈਆਂ, ਏ ਤੈਂਡਾ ਈ ਬਿਰਦ ਏ ਨੀਚਾਂ ਨੂੰ ਉਚਾ ਕਰਨਾ, ਓ ਲਾਲ,

"ਐਸੀ ਲਾਲ ਤੁਝ ਬਿਨ ਕੌਨ ਕਰੇ ।"

ਓ ਪਤਿਤ ਪਾਵਨ ਪਿਤਾ, ਜੇ ਤੂੰ ਸਾਨੂੰ ਨਿਆਂ-ਤਰੱਕੜ ਨਾਲ ਹੀ ਤੋਲੇਂ ਤਾਂ ਸਾਡੀ ਕਿਥੇ ਢੋਈ ਏ, ਅਸੀ ਰਾਤ ਦਿਨ ਬੁਰੇ ਚਿਤਵਣੇ ਚਿਤਵਦੇ ਹਾਂ । ਸੁਫਨੇ ਵਿਚ ਚੰਚਲ ਮਨ ਉਪਰ ਚੜ੍ਹਦਾ ਤੇ ਲਹਿੰਦਾ ਏ ਤੇ ਝੂਠੇ ਤਾਣੇ ਬਾਣੇ ਬੁਣਦਾ ਏ ! ਓ ਬਖਸ਼ਿੰਦ-ਮਹਿਰਮਾ, ਸਾਡਿਆਂ ਖਾਤਿਆਂ ਵਲ ਨ ਜਾਣ ਵਾਲਿਆ, ਤੇ ਅਖ ਤਕਕੇ ਅਖ ਪਰਤਣੇ ਵਾਲਿਆ——

ਲੇਖੈ ਕਤਹਿ ਨ ਛੂਟੀਐ, ਖਿਨ ਖਿਨ ਭੂਲਣਹਾਰ,
ਬਖਸ਼ਨ ਹਾਰਾ ਬਖਸ਼ਲੈ, ਨਾਨਕ ਪਾਰ ਉਤਾਰ ।

(ਗਉੜੀ ਮ: ੫)

ੳ ਪਿਤਾ, ਜੇ ਤੂੰ ਝਿੜਕਨਾ ਵੀ ਏਂ ਤਾਂ ਵੀ ਮਾਰ ਕੇ ਛਾਵੇਂ ਸੁਟਨਾ ਏਂ । ੳ ਮਾਰਕੁਟ ਕੇ ਗਲੇ ਲਾਵਣ ਵਾਲਿਆ !

ਜੈਸਾ ਬਾਲਕ ਭਾਇ ਸੁਭਾਈ, ਲਖ ਅਪਰਾਧ ਕਮਾਵੈ ।
ਕਰ ਉਪਦੇਸ ਝਿੜਕੇ ਬਹੁ ਭਾਤੀ, ਬਹੁੜ ਪਿਤਾ ਗਲਿ ਲਾਵੈ ।
ਪਿਛਲੇ ਅਉਗੁਣ ਬਖਸ ਲਏ ਪ੍ਰਭੁ, ਆਗੈ ਮਾਰਗਿ ਪਾਵੈ ।
(ਸੋਰਠਿ ਮ: ੫)

ੳ ਅਭੁੱਲ ਗੁਰੂ ਕਰਤਾਰ, ਤੂੰ ਸਾਡੀਆਂ ਭੁੱਲਾਂ ਨੂੰ ਵੇਖਨਾ ਏਂ, ਪਰ ਵੇਖ ਕੇ ਅਣਡਿਠ ਕਰਨਾ ਏਂ । ੳ ਅਭੁੱਲ ਗੁਰੂ ਕਰਤਾਰ ! ਤੂ ਮਿੱਠੇ ਹੰਟਰ ਮਾਰਨਾ ਏਂ, ਤੈਂਡੀ ਝਿੜਕ ਵਿਚ ਮਾਖਿਉਂ ਝੜੀ ਏ ! ੳ ਅਭੁੱਲ ਗੁਰੂ ਕਰਤਾਰ । ਤੂੰ ਨਿਆਂਕਾਰੀ ਏਂ, ਪਰ ਜੇਨਿਆਂ ਤੇ ਹੀ ਨਿਰਭਰ ਹੋਵੇਂ ਤਾਂ ਹਮਾਤੜਾਂ ਲਈ ਖਿਨ ਖਿਨ ਗਲ ਫਾਂਸੀ ਏ । ੳ ਅਭੁੱਲ ਗੁਰੂ ਕਰਤਾਰ । ਤੈਂਡੇ ਤਰੱਕੜ ਵਿਚ ਅਦਲ ਨਾਲ ਦਿਆਂ ਤਾਂ ਵੀ ਪਾਸਕੂ ਏ । ਓਹ ਪਾਸਕੂੰ ਜੋ ਲੱਖਾਂ ਈ ਕਲਮਲਾ ਤੋਂ ਭਾਰਾ ਏ ! ੳ ਅਭੁੱਲ ਗੁਰੂ ਕਰਤਾਰ, ਤੂੰ ਅਕ੍ਰਿਤਘਣਾਂ ਨੂੰ ਪਾਲਦਾ ਏਂ । ਵਿਸ ਭਰੇ ਸਪ ਵੀ ਤੈਂਡੀ ਕੁਖ ਵਿਚ ਪਲਰਦੇ ਨੇ, ੳ ਅਭੁੱਲ ਗੁਰੂ ਕਰਤਾਰ, ਤੈਂਡੀ ਈ ਓਟ ਏ ਜਗਜੀਵਨਾ, ਨਹੀਂ ਤਾਂ ਕੁਚਲ ਕਠੋਰ-ਕਪਟਿ ਕਾਮੀ ਕੀਕੁਣ ਛੁੱਟਣ । ੳ ਅਭੁੱਲ ਗੁਰੂ ਕਰਤਾਰ ! ਤੂ ਨਹੀਂ ੳ ਭੁਲਦਾ, ਪਰ ਫਿਰ ਵੀ ਭੁਲਨਾ ਏਂ । ਜਦ ਸਾਡੀਆਂ ਵਡੀਆਂ ਵਹੀਆਂ ਉਪਰ ਲੀਕ ਚਾ ਮਾਰਨਾ ਏਂ—

ਪਰ ਇਹ ਤੈਂਡੀ ਭੁਲ ਨਹੀਂ, ਏਹ ਤੈਂਡਾ ਬਿਰਦ ਏ, ੳ ਵੇਖ ਕੇ ਅਣਡਿੱਠ ਕਰਨ ਵਾਲਿਆ ! ੳ ਅਭੁੱਲ, ੳ ਜਾਣ ਬੁਝ ਕੇ ਭੁਲਣ ਵਾਲਿਆ ! ਤੂੰ ਏਂ ਬਖਸ਼ਿੰਦ ਦੀਨ ਦਿਆਲ ! ੳ ਬਖਸ਼ਿੰਦ-ਮਹਿਰਮਾ ! ਅਸੀਂ ਭੁਲ ਭੁਲ ਕੇ ਭੁਲਨੇ ਹਾਂ, ਪਰ ਤੂੰ

ਸਦ ਸਦ ਬਖਸ਼ਨਾ ਏਂ—

ਹਮ ਬਾਰਿਕ ਪਿਤਾ ਪ੍ਰਭ ਦਾਤਾ ।
ਭੂਲਹਿ ਬਾਰਿਕ ਅਨਿਕ ਲਖ ਬਰੀਆ,
ਅਤੇ ਠਉਰ ਨਹੀਂ ਜਹ ਜਾਤਾ ।......
ਪਿਤਾ ਕ੍ਰਿਪਾਲ ਆਗਿਆ ਇਹੁ ਦੀਨੀ,
ਬਾਰਕ ਮੁਖ ਮਾਗੈ ਸੋ ਦੇਨਾ ।
ਨਾਨਕ ਬਾਰਿਕ ਦਰਸ ਪ੍ਰਭ ਚਾਹੈ,
ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ।

(ਮਲਾਰ ਮ: ੫)

ਓ ਮਾਲਕ, ਓ ਖਾਲਕ, ਅਣਮਗਿਆ ਦਾਨ (ਨਾਮ) ਦੇਵਣਾ ਤੈਂਡਾ ਬਿਰਦ ਏ—ਏਹ ਤੈਂਡਾ ਆਪ ਦਿਤਾ ਦਾਨ ਏ, ਏਹ ਮਹਾ ਪੁਨੀਤ 'ਪ੍ਰਸ਼ਾਦ' ਓਇ ਤੈਂਡੇ, ਮਹਾਂ ਪ੍ਰਸ਼ਾਦ ਵਿਚ ਮੈਂ ਕੀ ਤੈਨੂੰ ਦੇਵਾਂ-ਕੀ ਦੇ ਸਕਨਾਂ ਹਾਂ, ਦੇਣ ਦਾ ਦਾਵਾ ਕਰਨਾ ਵੀ ਮੇਰੀ ਵਡੀ ਬੇਸਮਝੀ ਏ, ਓ ਜਾਣੀ ਜਾਣ ਦਾਤਿਆ :—

ਕਿਆ ਦੇਵਉ ਜਾ ਸਭ ਕਿਛੁ ਤੇਰਾ ।
ਸਦ ਬਲਿਹਾਰੀ ਜਾਉ ਲਖ ਬੇਰਾ ।
ਤਨ ਮਨੁ ਜੀਉ ਪਿੰਡ ਦੇ ਸਾਜਿਆ ।
ਗੁਰ ਕਿਰਪਾ ਤੇ ਨੀਚ ਨਿਵਾਜਿਆ ।
ਖੋਲ ਕਿਵਾਰਾ* ਮਹਿਲ ਬੁਲਾਇਆ ।
ਜੈਸਾ ਸਾ ਤੈਸਾ ਦਿਖਲਾਇਆ ।
ਕਹੁ ਨਾਨਕ ਸਭ ਪੜਦਾ ਤੂਟਾ ।
ਹਉ ਤੇਰਾ ਤੂੰ ਮੈ ਮਨਿ ਵੂਠਾ ।

(ਰਾਮਕਲੀ ਮ: ੫)

---

*ਮਹਿਲ ਦਾ ਦਰਵਾਜ਼ਾ ਖੋਲ੍ਹ ਕੇ 'ਨਾਮ' ਦਿਤਾ ।

ਵਾਹ ਵਾਹ ਮੈਂਡਾ ਬਖਸ਼ਿੰਦ ਮਹਿਰਮ, ਤੇ ਵਾਹ ਵਾਹ ਤੈਂਡੀ ਬਖਸ਼ਿਸ਼। ਵਾਹ ਵਾਹ ਖੁਲ੍ਹਿਆ ਹੋਇਆ ਭਿਤ, ਤੇ ਵਾਹ ਵਾਹ ਵਾਹਿਗੁਰੂ-ਦਰਸ਼ਨ ! ਵਾਹ ਵਾਹ ਤੈਂਡਾ ਮਹਿਲ ਬੁਲਾਵਣਾ, ਤੇ ਵਾਹ ਵਾਹ ਜੈਸਾ ਸਾ ਤੈਸਾ ਵਿਖਾਲਣਾ, ਵਾਹ ਵਾਹ ਭਰਮ ਪੜਦੇ ਦਾ ਟੁਟਣਾ ਤੇ ਵਾਹ ਵਾਹ ਮੈਂ-ਤੈਂ ਦਾ ਜੁਟਣਾ! ਵਾਹ ਵਾਹ ਤੈਂਡੀ ਦਾਤ ਅਖੁੱਟ, ਵਾਹ ਵਾਹ ਮੈਂਡੇ ਭਰੇ ਖਜ਼ਾਨੇ ਦੀ ਲੁਟ ! ਓ ਮਾਲਕਾ, ਓ ਖਾਲਕਾ, ਮੈਂ ਤੈਨੂੰ ਕੀ ਦੇਵਾਂ। ਹਾਂ ਕੀ ਦੇਵਾਂ..."ਜਾਂ ਸਭੁ ਕਿਛੁ ਤੇਰਾ !" ਓ ਦੇਣ ਲੈਣ ਦਾ ਕੌੜਕੂ ਦਾਣਾ-ਪੀਹਣ ਵਾਲਿਆ, ਮੈਂ ਚਕੀ ਵਾਂਗ ਹੁਣ ਸਦ ਸਦ ਘੁਮਾਂ, ਤੈਂਡ ਚਰਨ ਕਮਲ ਚੁੱਮਾਂ ! ਬਲਿਹਾਰੀ, ਬਲਿਹਾਰੀ, ਬਲਿਹਾਰੀ-ਦਿਉਹਾੜੀ ਸਦ ਵਾਰੀ, ਲੱਖਾਂ ਵਾਰੀ, ਲਖ ਲਖ ਵ ਰੀ !!

ਓ ਪ੍ਰਸਾਦੀ ਗੁਰੂ, ਓ ਦਾਨ ਦਾਤਾਰਾ ! ਤੂੰ ਦੇਨਾਂ ਏਂ ਦੇਨਾ ਏਂ, ਸਦ ਸਦ ਹੀ ਦੇਨਾ ਏ :-

ਜਬ ਦਾਂਤ ਨਾ ਥੇ ਤਬ ਦੂਧ ਦੀਓ
ਜਬ ਦਾਂਤ ਦੀਓ ਫਿਰ ਅੰਨ ਨਾ ਦੇਗਾ ?
ਜਬ ਬੁਧ ਦੀਓ ਤਬ ਸੁਧ ਦੀਓ
ਜਬ ਸੁਰਤ ਦੀਓ ਤਬ ਸਬਦ ਦੀਓ,

......ਤੂੰ ਦੇਨਾ ਈ ਦੇਨਾ ਏਂ, ਤੂੰ ਏਹ ਔਹ ਸਭ ਕਿਛੁ ਦੇਵਨਾ ਏਂ, ਓਇ ਤੂੰ ਆਪਣਾ ਆਪ ਆਪਣਾ ਨਾਮ ਵੀ ਕਵਾੜ ਖੋਲ੍ਹ ਕੇ ਜਾ ਦੇਵਨਾ ਏਂ-ਓ ਮਹਾਂ ਪ੍ਰਸਾਦੀ, ਮਹਾਂ ਦਾਨੀ, ਨਾਮ ਦਾਤਾਰਾ !

ਓ ਪ੍ਰਸਾਦੀ-ਗੁਰੂ ਤੂੰ ਤਾਂ ਸਦਾ ਸਦਾ ਅੰਮ੍ਰਿਤ ਛੰਨਾ ਲੈ ਕੇ ਸਾਡੇ ਦਰ ਤੇ ਖੜੋਤਾ ਏਂ ਪਰ ਹਾਇ ਮੈਂ ਸੁੱਤੀ, ਮੈਂ ਸੁੱਤੀ ਕੀਕੁਣ ਤੈਂਡੀ ਦਾਤ ਨੂੰ ਪੀਵਾਂ :—

ਸੋਇ ਰਹੀ ਪ੍ਰਭ ਖਬਰਿ ਨਾ ਜਾਨੀ।
ਭਉਰ ਗਇਆ ਬਹੁਰੀ ਪਛੁਤਾਨੀ।

ਪ੍ਰਭ ਮਿਲਬੇਕੀ ਲਾਲਸਾ, ਤੇਰਾ ਆਲਮ ਕਹਾ ਗਇਓਰੀ।

ਕਰ[1] ਮਹਿ 'ਅੰਮ੍ਰਿਤ' ਆਣਿ ਨਿਸਾਰਿਓ :
ਖਿਸਰ ਗਇਓ ਭੂਮ ਪਰਿ ਡਾਰਿਓ।
ਸਾਦਿ ਮੋਹਿ ਲਾਦੀ ਅਹੰਕਾਰੇ।
ਦੋਸੁ ਨਾਹੀ ਪ੍ਰਭ ਕਰਣੈਹਾਰੇ।

(ਆਸਾ ਮ: ੫)

ਹਾਂ ਦੋਸ ਨਹੀਂ ਪ੍ਰਭ ਕਰਣੇਹਾਰੇ। ਤੂੰ ਤਾਂ ਅੰਮ੍ਰਿਤ ਆਣ ਸਾਡੇ ਹਥ ਵਿਚ ਪਾਇਆ ! ਪਰ ਹਾਏ ਉਂਗਲਾਂ ਵਿਚ ਵਿਥਾਂ ਹੋਣ ਕਰਕੇ ਓ ਹੇਠਾਂ ਵੀਟ ਗਿਆ–ਅਗਿਆਨ ਦੀਆਂ ਵਿਥਾਂ ਨੇ ਮੇਂਡਾ 'ਪ੍ਰਸ਼ਾਦ' ਚੂਸ ਲਇਆ। ਓਇ ਦੋਸ ਨਹੀਂ ਪ੍ਰਭ ਤੈਂਡਾ-ਮੇਂਡਾ ਆਲਸ ਓਇ ਲਾਲਸੀਆ ! ਮੈਂਡਾ ਸਾਦ ਮੋਹ ਤੇ ਅਹੰਕਾਰ, ਮੈਂਡੀ ਮੋਹ ਮਲਿਨ ਨੀਂਦ ਬਖਸ਼ਿੰਦ-ਜਿੰਦੇ।

ਓ ਪ੍ਰਸਾਦੀ ਗੁਰ-ਤੁੱਠ ਵੁੱਠ ! ਓ ਆਪਣੀ ਮੇਹਰ ਦੀ ਛਹਿਬਰ ਲਾ ! ਓ ਪ੍ਰਸਾਦੀ ਗੁਰ, ਤੁਠ ਵੁਠ–

'ਸਰਨਿ ਤੇਰੀ ਕਟਿ ਮਹਾਂ ਬੇੜੀ"

ਓ ਪ੍ਰਸਾਦੀ ਗੁਰ, ਤੁੱਠ ਵੁੱਠ, ਅੰਧ ਕੂਪ ਤੇ ਕਢ ਮੈਂਡੇ ਕਿਰਪਾਲਾ ! ਓ ਪ੍ਰਸਾਦੀ–ਗੁਰ, ਤੁੱਠ ਵੁੱਠ, ਚਿੰਤਾ ਚਿਖਾ ਪਰ ਜਾਲ ਤੂੰ ਕਟ ਸਾਡੇ ਕਲਮਲ ਮਹਾਂ-ਬਿਕਰਾਲ !

ਓ ਪ੍ਰਸਾਦੀ-ਗੁਰ ! –ਤੂੰ ਤਾਂ ਰਤਾ ਕੁ ਤਾੜਨਾਂ ਸਾਏਂ, ਤੂੰ ਤਾਂ ਸਾਨੂੰ ਰਤਾ ਕੁ ਅਜ਼ਮਾਉਣਾ ਸਾਏਂ, ਤੂੰ ਤਾਂ ਸਾਨੂੰ ਰਤਾ ਕੁ ਭਰ–

੧ ਹੱਥ

ਮਾਉਨਾ ਸਾਏਂ, ਹਾਂ ਭਰਮਾਉਣ ਲਈ ਨਹੀਂ, ਸਗੋਂ ਅਗੋਂ-ਆਏ ਸੁਖ ਨੂੰ ਵਧੇਰਾ ਅਨਭਵਣੇ ਲਈ, ਦੁਖ ਨੂੰ ਵੇਖ ਕੇ ਸੁਖ ਜਾਨਣ ਲਈ ! ਓ ਪ੍ਰਸਾਦੀ-ਗੁਰ ਤੈਂਡਾ 'ਪ੍ਰਸਾਦ' ਭਾਵੇਂ ਮੁਫ਼ਤ ਪਰ ਫਿਰ ਵੀ ਕਿਆ ਅਨੂਠਾ ਏ, ਮੈਂਡੇ ਸਾਰੇ ਵਿੰਗ ਟਿੰਗ ਕਢਣ ਵਾਲੜਾ ਤੇ ਕਢ ਅਨੰਦ ਰਸ ਭਰਨ ਵਾਲੜਾ–

"ਅਨਿਕ ਬੀਂਗ ਦਾਸ ਕੇ ਪਰ ਹਰਿਆ !
ਕਰਿ ਕਿਰਪਾ ਪ੍ਰਭ ਅਪਨਾ ਕਰਿਆ ।
ਤੁਮਹਿ ਛਡਾਇ ਲੀਓ ਜਨੁ ਅਪਨਾ ।
ਉਰਝਿ ਪਰਿਓ ਜਾਲੁ ਜਗੁ ਸੁਪਨਾ ।
ਪਰਬਤੰ ਦੋਖ ਮਹਾ ਬਿਕਰਾਲਾ ।
ਖਿਨ ਮਹਿ ਦੂਰਿ ਕੀਏ ਦਇਆਲਾ ।

(ਸੂਹੀ ਮ: ੫)

ਓਇ ਜਿਤਨਾ ਵਡਾ ਮੈਂਡਾ ਕਲਮਲਾਂ-ਦਾ-ਦਾਰੂ, ਤਿਤਨੀ ਪਤਲੀ ਤੈਂਡੀ ਨਾਮ ਅਗਨੀ । ਜਿਤਨਾ ਭਿਆਨਕ ਮੈਂਡਾ ਰੋਗ, ਤਿਤਨਾ ਤੈਂਡਾ ਕਾਰੀ ਅੰਮ੍ਰਿਤਧਾਰਾ ! ਓ ਦੁਖ ਸਮੂਹਾਂ ਨੂੰ ਨਾਮ-ਝਰਲੂ ਨਾਲ ਕਾਫ਼ੂਰ ਕਰਣ ਵਾਲਿਆ ਮਹਾਂ ਪ੍ਰਸਾਦਾ ! ਓਇ ਅੰਤ ਟਪ 'ਬਿਅੰਤ' ਦੇ ਹੂਟੇ ਹੂਟਾਣ ਵਾਲਿਆ ਹਿੰਡੋਲਿਆ ! ਬਲਿਹਾਰੀ, ਬਲਿਹਾਰੀ, ਮੈਂ ਸਦ ਬਲਿਹਾਰੀ !

ਓ ਕਲਮਲੋ ! ਤੁਹਾਡਾ ਰੂੰ-ਅੰਬਾਰ ਹੁਣ ਅਜ ਧੂਆਂ-ਧਾਰ ਏ ! ਓ ਕਲਹਿ ਕਲੇਸ਼ੋ, ਤੁਹਾਡੀ ਕਾਲਖ ਅਜ ਕਿਸੇ ਅਨੋਖੇ ਸਾਬਣ ਨੇ ਧੋਤੀ ਏ ! ਓ ਦੁਖਾਂ ਦੇ ਭਵ ਸਾਗਰਾ, ਅਜ ਤੈਨੂੰ ਮੈਂ ਇਕ ਡੀਕ ਨਾਲ ਅਗਸਤ ਵਾਂਗ ਪੀਨਾਂ ! ਓ ਚਿਤ ਹਿਮਾਲਾ, ਅਜ ਤੂੰ ਬਿੰਧਿ-ਆਂਚਲ ਵਾਂਗ ਬਹਿ ਗਿਆ ਏਂ ! ਓਇ ਮੈਂ ਸੁੱਕਾ ਅਜ ਹਰਿਆ ! ਓਇ ਮੈਂ ਡੁੱਬਾ ਅਜ ਤੁਰਿਆ ! ਓਇ ਮੈਂ ਅੰਨ੍ਹਾ ਅਜ ਹੋਇਆ

ਸੁਜ਼ਾਖ਼ਾ! ਓਇ ਮੈਂ ਕੰਗਲਾ ਅਜ ਧਨੀ ਲਾਖਾ ਬਾਖਾ ! ਓਇ ਮੈਂ ਪਿੰਗਲਾ ਅਜ ਪਰਬਤ ਚੜ੍ਹਿਆ ! ਓਇ ਮੈਂ ਸਖਣਾ, ਅੱਜ ਸੁਭਰ ਭਰਿਆ ! ਓਇ ਮੈਂ ਪਤਿਤ, ਅਜ ਪਾਵਨ, ਓਇ ਮੈਂ ਜੜ੍ਹ ਅਜ ਸੂਖਮ ਬਾਵਨ ! ਓਇ ਮੈਂ ਕੇਹੜਾ ਅਜ ਨਿਰਮਲ ਹੰਸ ! ਓਇ ਮੈਂ ਕੀਟ ਅਜ ਸੋਢਿ ਬੰਸ। ਓਇ ਮੈਂ ਨੀਚੋਂ ਹੀ ਅਤਿ ਨੀਚ ਅਜ ਹਰਿਜਨ ! ਓਇ ਮੈਂ ਮਹਾਂਮਲੀਨ ਅਜ ਮੁਨਿਜਨ ! ਓਇ ਮੈਂ ਘੋਰ ਅਸੁਰ, ਅਜ ਸਰਸ਼ਟ ਸੁਰਿਨਰ ! ਓਇ ਮੈਂ ਨਿਤ ਮੋਇਆ, ਅਜ 'ਨਾਮ' ਅਮਰ ! ਓਇ ਮੈਂ ਇਹ, ਓਇ ਮੈਂ ਉਹ ...ਓਇ ਮੈਂ ਤੂੰ, ਤੂੰ ਮੈਂ, ਨਾਂ ਇਹ ਨਾ ਓਹ !!

'ਤ੍ਰਿਣੰ ਤੇ ਮੇਰੰ, ਸਹਕੰਤ ਹਰੀਅੰ।
ਬੂੰਡੰਤ ਤਰੀਅੰ, ਊਣੰਤ ਭਰੀਅੰ।
ਅੰਧਕਾਰ ਕੋਟਿ ਸੂਰ ਉਜਾਰੰ।
ਬਿਨਵੰਤ ਨਾਨਕ ਹਰਿਗੁਰ ਦਯਾਰੰ।

ਓ 'ਸੂਕੇ ਹਰੇ ਕੀਏ ਖਿਨ ਮਾਹਿ'–'ਨਾਮ'–ਓ ਪ੍ਰਸ਼ਾਦੀ ਦਾ 'ਪ੍ਰਸ਼ਾਦ', ਓ ਮਹਾਦਾਨੀ ਦਾ 'ਦਾਨ', ਓ ਵਡ–ਵਡਾ ਦਾਨ, ਬੇਅੰਤਵਾਂ ਨਾਮ ! ਓ ਦੁਖ ਭੰਜਨ ਨਾਮ, ਓ ਜੀਅਦਾਨ ! ਓ ਸਰਬ ਕਲਿਆਨ ! ਓ ਖੇਮ ਸਾਂਤ ਰਿਧਿ ਨਵ ਨਿਧ ! ਓ ਨਾਦ ਬਿਨੋਦ ! ਓ ਕੋਡ ਅਨੰਦ ! ਓ ਬਿਸਮਨ ! ਓ ਆਦ ਜੁਗਾਦ ! ਓ ਪ੍ਰੀਆ-ਲਾਧ ! ਓ ਪ੍ਰੈ-ਅਲਾਦ। ਓ ਪਰਮ ਨਾਮ, ਓ ਪਰਮ ਸੁਖ ! ਓ ਪਰਮ ਅਨੰਦ ! ਓ ਅਨੰਦੋ ਅਨੰਦ ! ਓ ਊਚ ਮੂਚ, ਸੂਚ ਨਾਮ !... ਪ੍ਰਸਾਦ, ਪ੍ਰਸਾਦ, ਮਹਾ ਪ੍ਰਸਾਦਿ !!!

---

੧. ਤੀਲਾ ਸੁਮੇਰ ਪਰਬਤ ਹੋ ਗਿਆ। ਸੁੱਕਾ ਹਰਿਆ, ਡੁੱਬਾ ਤਰਿਆ, ਖਾਲੀ ਭਰਿਆ, ਹਨੇਰੇ ਵਿਚ ਚਾਨਣਾ, 'ਸੋਦਰ' ਤੇ 'ਨਾਮ' ਨਾਲ।

ੴ ਜਨਮ ਮਰਣ ਨਿਵਾਰਣ 'ਗੁਰ ਪ੍ਰਸਾਦਿ' ਤੈਂਡੀ ਗਾਥਾ ਅਕੱਥ ਏ, ਅਕੱਥ ਏ !!

ਗਾਥਾ ਗੁੰਫ ਗੋਪਾਲ, ਕਥੰ ਕਥੰ ਮਾਨ ਮਰਦਨਹ
ਹਤੰ ਪੰਚ ਸ਼ਤ੍ਰੇਣ !
ਨਾਨਕ ਹਰਿਬਾਣੀ ਪ੍ਰਹਾਰਣਾ ।
ਬਚਨ ਸਾਧ ਸੁਖ ਪੰਥਾ
ਲਹੰਥਾ ਬਡ ਕਰਮਣਾ ।
ਰਹੰਤਾ ਜਨਮ ਮਰਣੇਨ ਰਮਣੰ
ਨਾਨਕ ਹਰਿ ਕੀਰਤਨਹ । (ਮਾਰੂ ਗਾਥਾ-੬-੭)

ਵਾਹ ਵਾਹ ਗੁਰ ਪ੍ਰਸਾਦੀ ਦੀ ਗੁੰਦੀ ਹੋਈ ਗਾਥਾ ! ਪੰਚ ਸ਼ਤਰੂ ਹਰਣੀ । ਵਾਹ ਵਾਹ ਗੁਰ ਪ੍ਰਸਾਦੀ, ਵਾਹ ਵਾਹ ਗੁਰ ਪ੍ਰਸਾਦੀ, ਵਾਹਿਗੁਰੂ, ਬਲਿਹਾਰ, ਬਲਿਹਾਰ, ਵਾਹ ਵਾਹ, ਵਾਹ ਵਾਹ, ੧ੴ ਸਤਿਗੁਰ ਪ੍ਰਸਾਦਿ-ਵਾਹਿਗੁਰੂ ।

ਵਾਹ ਵਾਹ ਹਰਿ ਦਰਿਸਾਵੜਾ !!

ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ—
'ਦਰਸਨ ਦੇਖਿ ਸਗਲ ਦੁਖ ਨਾਸਹਿ' ਚਰਨ ਕਮਲ ਬਲਿਹਾਰਾ
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ—
ਓ ਸਚਿਆ, ਓ ਸੁਚਿਆ, ਸਤਿਗੁਰੁ ਮੈਂਡੇ ਦਾਨ ਦਾਤਾਰਾ ।
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ-
'ਦਰਸਨ ਦੇਖਿ ਭਈ ਨਿਹਕੇਵਲ, ਜਨਮ ਮਰਣ ਦੁਖ ਨਾਸਾ' ।
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ-
ਤੂੰ ਮੇਰੀ ਓਟ ਬਲਿਬੁਧੀ ਧਨ ਤੂੰ ਹੈਂ, ਮੇਰਾ ਭਰਵਾਸਾ ।
ਬਲਿਹਾਰ, ਬਲਿਹਾਰ, ਮੈਂਡੇ ਵਾਹਿਗੁਰੂ -
'ਹਰਿ ਜੀਉ ਕੇ ਦਰਸਨ ਕਉ ਕੁਰਬਾਨੀ ।
ਬਲਿਹਾਰ ਬਲਿਹਾਰ ਮੈਂਡੇ ਵਾਹਿਗੁਰੂ—
'ਬਚਨ' ਨਾਦ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕ ਸਮਾਨੀ ।
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ—
'ਛੂਟਰਿ ਤੇ ਗੁਰਿ ਕੀਈ ਸੁਹਾਗਨਿ ਹਰਿ ਪਾਇਓ ਸੁਘੜ ਸੁਜਾਨੀ।
ਬਲਿਹਾਰ, ਬਲਿਹਾਰ, ਮੈਂਡੇ ਵਾਹਿਗੁਰੂ-
'ਜਿਹ ਘਰ ਮਹਿ-ਬੈਸਨ ਨਹੀਂ ਪਾਵਤ ਸੋ ਥਾਨ ਮਿਲਿਓ ਬਾਸਾਨੀ।
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ—
"ਤੈਂਡੇ ਜੁਗ ਚਾਰੜੇ,, ਸੋਹਿਲੜੇ ਅਗਿਆਨੀ ਗਾਏ ।"

---

੧. ਦਰਸ਼ਨ ਵਾਹਿਗੁਰੂ ਦੇ ।

ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–
ਤੈਂਡੀ ਅਕਥ ਕਥਾ ਅਜ ਗੂੰਗਾ ਗਾਏ ।
ਬਲਿਹਾਰ ਬਲਿਹਾਰ ਮੈਂਡੇ ਵਾਹਿਗੁਰੂ–
ਹਾਂ ਅਜ ਗੂੰਗਾ ਬਕੈ ਤੇ ਗਾਵੈ ਛੰਦ ।
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–
ਪਿੰਗਲ ਪਰਬਤ ਪਾਰ ਚੜ੍ਹੇ, ਪੇਖਤ ਹੋਇ ਅਨੰਦ !
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–
"ਪਿੰਗਲ ਪਰਬਤ ਪਾਰਿ ਪਰੇ ਖਲ ਚਤਰ ਬਕੀਤਾ ।"
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–
'ਅੰਧੁਲ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ।
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–
"ਸਿੰਘ ਬਿਲਾਈ ਹੋਇ ਗਇਓ ਤ੍ਰਿਣ ਮੇਰ ਦਿਖੀਤਾ ।"
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–
"ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ।"
ਬਲਿਹਾਰ ਬਲਿਹਾਰ ਮੈਂਡੇ ਵਾਹਿਗੁਰੂ–
"ਮਨ ਤਨ ਇਛਾ ਪੂਰੀਆ ਵਡ ਭਾਗੀ ਪਾਇਐ ।"
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–
'ਤਨ ਮਨ ਨਿਰਮਲ ਹੋਇਆ,ਗੁਰ ਜਾਪ ਜਪਾਈਐ ।
ਬਲਿਹਾਰ ਬਲਿਹਾਰ ਮੈਂਡੇ ਵਾਹਿਗੁਰੂ–
"ਸੀਤਲ ਸਾਂਤਿ ਸੰਤੋਖਿ ਹੋਇ ਸਭ ਬੂਝੀ ਤ੍ਰਿਸਨਾ ।"
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–
'ਬੁਧਿ ਪ੍ਰਗਾਸ ਪ੍ਰਗਟ ਭਈ, ਉਲਟਿ ਕਮਲ ਬਿਗਸਾਨਾ ।"
ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–
'ਦਹਦਿਸਿ ਧਾਵਤ ਮਿਟਿ ਗਏ, ਨਿਰਮਲ ਥਾਨਿ ਬਸਾਨਾ ।"

ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ—

'ਰਾਖਨ ਹਾਰੈ ਰਾਖਿਆ, ਭਏ ਭ੍ਰਮ ਭਸਨਾ[1] ।"

ਬਲਿਹਾਰ ਬਲਿਹਾਰ ਮੈਂਡੇ ਵਾਹਿਗੁਰੂ–

"ਹਰਿਰਸੁ ਚਾਖਤ ਧ੍ਰਾਪਿਆ, ਮਨਿ ਰਸ ਲੈ ਹਸਨਾ ।"

ਬਲਿਹਾਰ, ਬਲਿਹਾਰ ਮੈਂਡ ਵਾਹਿਗੁਰੂ–

"ਭਰਮ ਮੋਹ ਧ੍ਰੋਹ ਸਭ ਨਿਕਸੇ ਜਬ ਕਾ ਦਰਸਨੁ ਪਾਇਆ ।

ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–

,ਵਰਤਣਿ ਨਾਮ ਨਾਨਕ ਸਚੁ ਕੀਨਾ ਹਰਿ ਨਾਮੇ ਰੰਗਿ ਸਮਾਇਐ ।"

ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–

ਬਲਿਹਾਰ, ਲਖ ਲਖ ਬਾਰ ।

ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–

ਬਲਿਹਾਰ, ਲਖ ਲਖ ਬਾਰ ।

ਬਲਿਹਾਰ, ਬਲਿਹਾਰ ਮੈਂਡੇ ਵਾਹਿਗੁਰੂ–ਤੈਂਡੇ ਸਦ ਬਲਿਹਾਰੀ 'ਨਾਮ ਤੋਂ'

" " " " ਰੰਗ ਰਤੜੇ 'ਨਾਂ' ਤੋਂ !!!

" " " " ਗੁਰਪ੍ਰਸਾਦਿ 'ਨਾਂ' ਤੋਂ !!!

ਧੰਨ ਧੰਨ ਮੈਂਡਾ[2] ਮਿਸ਼ਟ–ਗੁਰੂ ਏ, "ਜਿਨ ਰਾਖ ਲੀਨਾ ਜਨ ਕਾ ਪਰਦਾ !"

" " " " 'ਜਿਨ ਕਰੁ ਗਹਿ ਕਾਢ ਲੀਨਾ ਜਨ ਕੜ੍ਹਦਾ ।'

" " " " 'ਜਿਨ ਭਰਮ ਕਾ ਪੜਦਾ ਖੋਲ੍ਹਾ ।'

---

੧ ਭਸਮ

੨ ਵਿਚੋਲਾ ਪਰ ਮਿਠਾ

,, ,, ,, ,, ,, 'ਜਿਨ ਕੀਤਾ ਪ੍ਰਬਤ ਵਾਂਗ ਅਡੋਲਾ ।'
,, ,, ,,[1] ,, ,, 'ਜਿਨ ਹਰਿ ਰਾਸ ਸੰਪਤ ਵਿਖਾਈ ।'
,, ,, ,, ,, ,, 'ਜਿਨ ਨਿਰਧਨ ਦੇ ਘਰ ਗੰਗਾ ਵਗਾਈ ।'
,, ,, ,, ,, ,, ,, 'ਜਿਨ ਭਉ ਸਾਗਰ ਮੈਂ ਤਾਰਿਆ ।'
,, ,, ,, ,, ,, ,, 'ਜਿਨ ਸਚਖੰਡ ਕਿਵਾੜ ਖੁਲ੍ਹਾਰਿਆ।
,, ,, ,, ,, ,, ,, ਜਿਨ ਦਿਤਾ ਮੈਨੂੰ ਸੁਚੜਾ ਸਿਰੋਪਾਉ।'
,, ,, ,, ,, ,, ,, ਜਿਨ ਕੀਤਾ ਮੈਂਡਾ ਚੌਕੁੰਠੀ ਪਸਾਉ।'
,, ,, ,, ,, ,, ,, ਜਿਨ ਸੇਵਾ ਸਫਲ ਜਨ ਕੀ ਕੀਤੀ ।'
,, ,, ,, ,, ,, ਜਿਨ ਦਾਸ ਆਪਣੇ ਦੀ ਪੈਜ ਰਖ ਲੀਤੀ
,, ,, ,, ,, ,, ਜਿਨ ਮੈਂ ਪਾਥਰ ਨਾਉ ਚੜ੍ਹਾਇਆ ।"
,, ,, ,, ,, ,, ਜਿਨ ਮੈਂ ਚੌਜੁਗ ਸੁੱਤਾ ਟੁੰਭ ਜਗਾਇਆ
,, ,, ,, ,, ,, ਜਿਨ ਮੈਂ ਛੁੱਟੜ ਕੀਤੀ ਸਦ ਸੁਹਾਗਣ ।
,, ,, ,, ,, ,, ਜਿਨ ਮੈਂ ਦਿਤਾ ਆਪਣਾ ਆਪ ਭਾਗ ਸੁਭਾਗਣ ।
,, ,, ,, ,, ,, ਜਿਨ ਮੈਂ ਸਦ ਬਸੰਤੀ ਚੋਲੜਾ ਪਵਾਇਆ ।
,, ,, ,, ,, ,, ਜਿਨ ਮੈਂ ਗੇਰੂ ਰੰਗ ਰੰਗਾਇਆ ।
,, ,, ,, ,, ,, ਜਿਨ ਬਖਸ਼ੇ ਮੈਂ ਨਿਤ ਨਾਦ ਅਨੂਠ ।
,, ,, ,, ,, ,, ਜਿਨ ਡਿਠਿਆਂ ਸਭ ਕਿਲਵਿਖ ਛੂਟੇ ।'
,, ,, ,, ,, ,, ਜਿਨ ਗਿਆਨ ਅੰਞਨ ਨੇਤ੍ਰੀ ਪਾਇਆ
,, ,, ,, ,, ,, ਜਿਨ ਤ੍ਰਿਭਵਣ ਰੂਪ ਵਿਖਾਇਆ ।
,, ,, ,, ,, ,, ਜਿਨ ਆਪਸ ਕਉ ਕੀਨੀ ਆਦੇਸੁ ।
,, ,, ,, ,, ,, ਜਿਨ ਆਪਸ ਕਉ ਆਪਹਿ ਸਾਦੇਸ਼ ।

੧. ਸ਼ਾਬਾਸ

ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ
ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ ।
ਧੰਨੁ ਧੰਨੁ ਗੁਰ ਨਾਨਕ, ਜਨ ਕੇਰਾ,
ਜਿਤੁ ਮਿਲਿਐ ਚੂਕੇ ਸਭ ਸੋਗ ਸੰਤਾਪੇ ।
ਵਾਹ ਵਾਹ ਸਚ ਖੰਡੀ ਦਰਸਾਵੜਾ;
ਵਾਹ ਵਾਹ ਬਿਸਮ ਖੰਡੀ ਦਰਸਾਵੜਾ ।
ਵਾਹ ਵਾਹ ਅਨੂਪਮ ਦਰਸਾਵੜਾ,
ਵਾਹ ਵਾਹ ਅਰੂਪਮ ਦਰਸਾਵੜਾ ।
ਵਾਹ ਵਾਹ ਊਚਮ ਊਚਾ ਦਰਸਾਵੜਾ,
ਵਾਹ ਵਾਹ ਸੂਚਮ ਸੁਚਾ ਦਰਸਾਵੜਾ ।
ਵਾਹ ਵਾਹ ਰਸ-ਭਿੰਨੜਾ ਦਰਸਾਵੜਾ,
ਵਾਹ ਵਾਹ ਅੰਮ੍ਰਿਤ ਗੁਧਾ ਦਰਸਾਵੜਾ ।
ਵਾਹ ਵਾਹ ਸੋਦਰੀ ਦਰਸਾਵੜਾ,
ਵਾਹ ਵਾਹ ਸੋ-ਘਰੀ ਦਰਸਾਵੜਾ ।
ਵਾਹ ਵਾਹ ਸਚਦਾ ਨੰਦੀ ਦਰਸਾਵੜਾ,
ਵਾਹ ਵਾਹ ਪਰਮਾਨੰਦੀ ਦਰਸਾਵੜਾ ।
ਵਾਹ ਵਾਹ ਅਤਿ ਸੋਹਣਾ ਦਰਸਾਵੜਾ,
ਵਾਹ ਵਾਹ ਮਨ ਮੋਹਣਾ ਦਰਸਾਵੜਾ ।
ਵਾਹ ਵਾਹ ਦੂਖ ਨਿਵਾਰਨ ਦਰਸਾਵੜਾ,
ਵਾਹ ਵਾਹ ਸੁਖ ਦ੍ਰਿੜ੍ਹਾਵਨਾ ਦਰਸਾਵੜਾ ।
ਵਾਹ ਵਾਹ ਕੇਲ ਕਰੇਂਦਾ ਦਰਸਾਵੜਾ
ਵਾਹ ਵਾਹ ਖੇਡ ਖਿਡੇਂਦਾ ਦਰਸਾਵੜਾ ।
ਵਾਹ ਵਾਹ ਪੂਰਨ ਪੂਰਿਆ ਦਰਸਾਵੜਾ,
ਵਾਹ ਵਾਹ ਅਪ੍ਰਮਾਨ ਸੰਪੂਰਨ ਦਰਸਾਵੜਾ ।

ਵਾਹ ਵਾਹ ਚਹੁਕੁੰਡੀ ਦਰਸਾਵੜਾ,
ਵਾਹ ਵਾਹ ਚਹੁਜੁਗੀ ਦਰਸਾਵੜਾਂ ।
ਵਾਹ ਵਾਹ ਸੁਖ ਮਹਲੀ ਦਰਸਾਵੜਾ,
ਵਾਹ ਵਾਹ ਨਿਜ ਮਹਲੀ ਦਰਸਾਵੜਾ ।
ਵਾਹ ਵਾਹ ਸਰਗੁਣੀ ਦਰਸਾਵੜਾ,
ਵਾਹ ਵਾਹ ਨਿਰਗੁਣੀ ਦਰਸਾਵੜਾ ।
ਵਾਹ ਵਾਹ ਓਅੰਕਾਰੀ ਦਰਸਾਵੜਾ,
ਵਾਹ ਵਾਹ ਏਕੰਕਾਰੀ ਦਰਸਾਵੜਾ ।
ਵਾਹ ਵਾਹ ਸੁੰਨ ਸਮਾਧੀ ਦਰਸਾਵੜਾ,
ਵਾਹ ਵਾਹ ਨਿਰੰਕਾਰੀ ਦਰਸਾਵੜਾ ।
ਵਾਹ ਵਾਹ ਖੋਜ ਖੋਜੀ ਦਰਸਾਵੜਾ,
ਵਾਹ ਵਾਹ ਚੋਜ ਚੋਜੀ ਦਰਸਾਵੜਾ ।
ਵਾਹ ਵਾਹ ਗੁਰਪ੍ਰਸਾਦੀ ਦਰਸਾਵੜਾ,
ਵਾਹ ਵਾਹ ਮਹਾਂ ਪ੍ਰਸਾਦੀ ਦਰਸਾਵੜਾ ।
ਵਾਹ ਵਾਹ ਦੂਈ ਰਹਿਤ ਦਰਸਾਵੜਾ,
ਵਾਹ ਵਾਹ ਸਾਂਤ ਸਹਿਤ ਦਰਸਾਵੜਾ ।
ਵਾਹ ਵਾਹ ਸਦ ਬਸੰਤੀ ਦਰਸਾਵੜਾ,
ਵਾਹ ਵਾਹ ਨਿਤ ਅਨੰਤੀ ਦਰਸਾਵੜਾ ।
ਵਾਹ ਵਾਹ ਅਨਹਤ ਬਾਜੰਤ੍ਰੀ ਦਰਸਾਵੜਾ,
ਵਾਹ ਵਾਹ ਗਗਨੰਤਰੀ ਦਰਸਾਵੜਾ ।
ਵਾਹ ਵਾਹ ਸਰਬ ਆਤਮ ਦਰਸਾਵੜਾ,
ਵਾਹ ਵਾਹ ਪਰਮ ਆਤਮ ਦਰਸਾਵੜਾ ।
ਵਾਹ ਵਾਹ ਜੁਗੋ ਜੁਗ ਜਗਜੀਵਨ ਦਰਸਾਵੜਾ ।
ਵਾਹ ਵਾਹ ਸੂਝ ਆਤਮ ਸਰਬ ਸੀਵਣ ਦਰਸਾਵੜਾ ।

ਵਾਹ ਵਾਹ ਹਰਨ ਭਰਨ ਦਰਸਾਵੜਾ,
ਵਾਹ ਵਾਹ ਕਾਰਣ ਕਰਣ ਦਰਸਾਵੜਾ ।
ਵਾਹ ਵਾਹ ਨਿਤ–ਤਰਲ ਦਰਸਾਵੜਾ,
ਵਾਹ ਵਾਹ ਸਦ ਸਰਲ ਦਰਸਾਵੜਾ ।
ਵਾਹ ਵਾਹ ਮਹਾਕਲੀ ਦਰਸਾਵੜਾ,
ਵਾਹ ਵਾਹ ਸਦ ਅਕਾਲੀ ਦਰਸਾਵੜਾ ।
ਵਾਹ ਵਾਹ ਸੁਹਾਵੜਾ ਦਰਸਾਵੜਾ,
ਵਾਹ ਵਾਹ ਸੁਭਾਗੜਾ ਦਰਸਾਵੜਾ ।
'ਰਾਜ ਨਾ ਚਾਹਉ ਮੁਕਤਿ ਨਾ ਚਾਹਉ',
ਮਨਿ ਪ੍ਰੀਤਿ ਚਰਨ ਕਮਲਾਰੇ ।
(ਦੇਵ ਗੰਧਾਰੀ ਮ: ੫)

ੴ ਸਤਿਗੁਰ ਪ੍ਰਸਾਦਿ

ਲਾਵਾਂ ਫੇਰੇ

ਤੇ

ਸਹਿਜ ਅਵਸਥਾ

"ਪ੍ਰਾਰਬ੍ਰਹਮ ਪ੍ਰਭ ਦ੍ਰਿਸਟੀ ਆਇਆ,
ਪੂਰਨ ਅਗਮ ਬਿਸਮਾਦ।"
(ਗਉੜੀ ਮ: ੧)

੧ ੴ ਸਤਿਗੁਰ ਪ੍ਰਸਾਦਿ

'ਜੀਵ' ਤੇ 'ਜਗਜੀਵਨ' ਦੀ ਕੁੜਮਾਈ,

ਲਾਵਾਂ-ਫੇਰੇ ਤੇ ਵਿਆਹ

|

ਸੱਚਾ ਸਹਜਧਾਰੀ ਜੀਵਣ !

|

ਸਹਜ ਤੇ ਚਾਰ ਅੰਗ

ੴ ਅਨੂਪਮ ਸਹਜ, ਤੈਂਡੀ ਅਨੂਪਮ ਕਥਾ ! ਜੀਕਣ ਗ੍ਰਿਹਸਥ ਆਸ਼੍ਰਮ ਵਿਚ ਇਸਤਰੀ ਤੇ ਭਰਤਾ ਦਾ ਵਿਆਹ ਹੋਂਦਾ ਏ, ਤੀਕਣ ਹੀ ੴ ਰਸਾਲੂ ਪਿਤਾ, ਤੂੰ ਜੰਞ ਬੰਨ੍ਹ ਕੇ ਆਵਨਾ ਏਂ ਤੇ ਜੀਵਨ ਰੂਪੀ ਪਤਨੀ ਨੂੰ ਵਿਆਹ ਕੇ ਲੈ ਜਾਵਨਾ ਵੇਂ ! ਜੀਕਣ ਵਿਆਹ ਕੋਲੋਂ ਢੇਰ ਚਿਰ ਪਹਿਲੋਂ 'ਕੁੜਮਾਈ, ਹੁੰਦੀ ਏ, ਤੀਕਣ ਈ 'ਪਰਮ ਆਤਮਾ' ਤੇ 'ਆਤਮਾ' ਵਿਚ ਸਤ-ਸੰਤੋਖ-ਭਾਉ ਦੀ ਤ੍ਰੇਹਰੀ ਗੰਢ ਪੈਂਦੀ ਏ, ਇਹ ਅਗੇਤਰੀ ਰਸਮ ਸਾਨੂੰ ਆਹਮੋ-ਸਾਹਮਣੇ ਤਾਂ ਭਾਵੇਂ ਨਹੀਂ ਕਰਦੀ, ਪਰ ਮਿਲਣ ਦਾ ਬੰਧੇਜ ਬੰਨ੍ਹ ਦੇਂਦੀ ਏ-

'ਸਤੁ ਸੰਤੋਖੁ ਕਰਿ ਭਾਉ'
ਕੁੜਮ ਕੁੜਮਾਈ ਆਇਆ, ਬਲਿਰਾਮ ਜੀਉ ।

(ਸੂਹੀ ਛੰਤੁ)

ਫਿਰ ਜਦ ਪਰਸਪਰ ਪਿਆਰ ਹੋਰ ਵਧ ਗਿਆ, ਤਾਂ ਤੇ ਹੋਰ ਨਜ਼ਦੀਕੀ ਹੋਈ ਤਾਂ

'ਫੇਰੇ ਤਤੁ ਦਿਵ ਏ ।

ਭਾਵ 'ਲਾਵਾਂ-ਫੇਰ' ਦੀ ਅਧਿਆਤਮ ਰਸਮ ਚਲਦੀ ਏ। ਓ ਸੋਹਣੇ ਲਾੜਿਆ, ਓ ਛੈਲ ਛਬੀਲੇ ਗਭਰੂਆ ਤੇਂਡੀਆਂ ਵੀ ਇਕ ਨਹੀਂ–ਚਾਰ ਲਾਵਾਂ ਨੇ ਤੇ ਇਨ੍ਹਾਂ ਦੀਆਂ ਸਿਲਸਲੇਵਾਰ ਪਉੜੀਆਂ ਇਉਂ ਨੇ–

ਵਿਆਹ	ਸਹਜਧਾਰੀ ਜੀਵਣ	The Union
ਚੋਥੜੀ ਲਾਂਵ	੪ ਸਹਜ	Supreme equilibrium in solemnly
ਤੀਜੜੀ ਲਾਂਵ	੩ ਬੇਰਾਗ	Internal Detachment With world iii
ਦੂਜੜੀ ਲਾਂਵ	੨ ਅਨਹਦ	ਸ਼ਬਦ ਵਜਾਇਆ The Secret World found ii
ਪਹਿਲੀ ਲਾਂਵ	੧ ਪਰਵਿਰਤੀ	ਕਰਮ Good Morals I

ਕੁੜਮਾਈ–(ਸਤੁ, ਸੰਤੋਖ, ਭਾਉ)

ਇਨ੍ਹਾਂ ਚਵ੍ਹਾਂ ਪਉੜੀਆਂ ਦੇ ਚੜ੍ਹੇ ਬਿਨਾਂ ਕੋਈ ਪ੍ਰਾਣੀ ਵਾਹਿਗੁਰੂ ਜੀਵਣ ਪਾ ਨਹੀਂ ਸਕਦਾ, ਅਸੀਂ ਕਿਸੇ ਪਉੜੀ ਨੂੰ ਅੱਖੋਂ ਓਹਲੇ

ਨਹੀਂ ਕਰ ਸਕਦੇ, ਨਹੀਂ ਤਾਂ ਤਿਆਰੀ ਅਧੂਰੀ ਤੇ ਕੱਚ ਨਿਕੱਚੀ ਰਹੇਗੀ। ਇਕ ਨਹੀਂ-ਚਾਰ ਪੜਾ, ਤੇ ਪਉੜੀ ਵਾਰ, ਹਾਂ ਏਸ ਰਾਹੀਂ ਅਸਾਂ ਉਪਰਲੇ-ਧਾਮ ਨੂੰ ਜਾਣਾ ਏ। ਸਾਡਾ ਬੈਕੁੰਠ ਸਵਰਗ ਬਸ ਇਹੋ ਸੰਸਾਰ ਏ, ਪਰ ਸੰਸਾਰ ਓਹ ਜਿਸ ਵਿਚ ਸੰਸ ਰੂਪ ਮਲੀਨਤਾ ਨਹੀਂ ਜਿਸ ਵਿਚ ਭਾਵੇਂ ਦੁਖ ਹੈ ਨੇ, ਪਰ ਕਾਹੜੇ ਨਹੀਂ, ਸਗੋਂ 'ਸਹਜ' ਜੋ ਟੋਇਆਂ ਟਿਬਿਆਂ ਨੂੰ ਟਪਦੀ ਅਰਸ਼ ਵੰਨੇ ਧਾਂਵਦੀ ਏ! ਓ ਸਰਜਧਾਰੀ ਜੀਵਣ, ਓ ਅਨੂਠੀ-ਪਉੜੀਓ, ਤੁਸੀ ਕੇਹੀਆਂ ਸੁਹਾਵਣੀਆ ਓ, ਸੰਗ ਮਰਮਰ ਤੋਂ ਵੀ ਸੋਹਣੀਆਂ! ਸੋਨੇ ਤੋਂ ਵੀ ਸੋਹਣੀਆਂ, ਪਾਰਸ ਤੋਂ ਵੀ ਸੋਹਣੀਆਂ! ਏਹਨਾਂ 'ਪਉੜੀਆਂ' ਰਾਹੀਂ 'ਕਾਗ' 'ਹੰਸ' ਹੋ ਜਾਂਦੇ ਨੇ, ਤੇ ਅਸੁਰ ਸੁਰਿ-ਨਰ ਬਣਕੇ ਤ੍ਰਿਭਵਣ ਦਾ ਰਾਜ ਚਾ ਪ੍ਰਾਪਤ ਕਰਦੇ ਨੇ।

੯. ਨੀਂਹ (ਕੁੜਮਾਈ)

ਇਸ ਮੰਦਰ ਦੀ ਤਹਿ ਅਸੱਤ ਨਹੀਂ-ਸਤ ਏ, ਕਿਉਂ-ਕਿ ਜਿਸ ਨੇ ਏਸ ਮਾਰਗ ਵਲ ਪੈਰ ਰਖਣਾ ਏ ਓਸ ਨੇ ਭ੍ਰਮ, ਤੇ ਸੰਸਿਆਂ ਦੀਆਂ ਮ੍ਰਿਗ-ਜਲੀਆਂ ਟਪਕੇ ਅਗੇ ਵਧਣਾ ਏ। ਏਸ ਕਰਕੇ ਏਸ ਨੂੰ ਸਤ-ਮਾਰਗ ਵੀ ਆਂਹਦੇ ਨੇ।

ਦੂਜੀ ਤਹਿ ਸੰਤੋਖ ਦੀ ਹੈ, ਦੁਖ ਸੁਖ ਵਿਚ ਸਮਤਾ ਤੇ ਸਬਰ ਭਾਵੇਂ ਸ਼ੁਰੂ ਸ਼ੁਰੂ ਵਿਚ ਸਮਤਾ ਔਖੀ ਹੈ ਪਰ ਅਗਲੀਆਂ ਪਉੜੀਆਂ ਆਪਣੇ ਆਪ ਇਸ ਬੁਨਿਆਦ ਨੂੰ ਪਕੀਆਂ ਕਰਦੀਆਂ ਜਾਂਦੀਆਂ ਹਨ ਤੇ ਇਹ ਸਫ਼ਰ ਫਿਰ ਆਪੇ ਸੌਖਾ ਲਗਣ ਲਗ ਪੈਂਦਾ ਹੈ।

ਤੀਜੀ ਜ਼ਰੂਰੀ ਨੀਂਹ ਹੈ ਪ੍ਰੇਮ ਦੀ, ਕਿਉਂ ਕਿ ਇਸ ਗਾਰੇ ਯਾ ਸੀਮਿੰਟ ਨੇ ਸਾਰੀ ਮੰਜ਼ਲ ਬੰਨ੍ਹ ਰਖਣੀ ਏ ।

ਸਤ ਦੀਆਂ ਇਟਾਂ ਬਣਾਓ, ਸੰਤੋਖ ਦਾ ਗੜ੍ਹਾ ਖੁਟੋ, ਤੇ ਪ੍ਰੀਤ ਦੇ ਚੂਨੇ ਗਾਰੇ ਨਾਲ ਇਸ ਨੀਂਹ ਨੂੰ ਭਰੋ । ਇਉਂ 'ਜੀਵ ਦੀ 'ਵਾਹਿਗੁਰੂ ਜੀ' ਨਾਲ 'ਕੁੜਮਾਈ' ਹੋ ਜਾਂਦੀ ਹੈ ।

ਅ. 1 ਪਹਿਲੀ—ਲਾਂਵ

ਪਹਿਲੀ ਲਾਂਵ ਇਹ ਹੈ—
ਹਰਿ ਪਹਿਲੜੀ ਲਾਂਵ ਪਰਵਿਰਤੀ
ਕਰਮ ਦ੍ਰਿੜਾਇਆ ਬਲਿਰਾਮ ਜੀਉ ।
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ
ਪਾਪੁ ਤਜਾਇਆ ਬਲਿਰਾਮ ਜੀਉ ।
ਧਰਮ ਦ੍ਰਿੜਹੁ ਹਰਿ ਨਾਮ ਧਿਆਵਹੁ
ਸਿਮ੍ਰਿਤਿ ਨਾਮੁ ਦ੍ਰਿੜਾਇਆ ।
ਸਤਿਗੁਰੁ ਗੁਰਪੂਰਾ ਆਰਾਧਹੁ
ਸਭ ਕਿਲਵਿਖ-ਪਾਪੁ ਗਵਾਇਆ ।
ਸਹਜ ਅਨੰਦ ਹੋਆ ਵਡਭਗੀ
ਮਨਿ ਹਰਿ ਹਰਿ ਮੀਠਾ ਲਾਇਆ ।
ਜਨ ਕਹੈ ਨਾਨਕ ਲਾਂਵ ਪਹਿਲੀ
ਆਰੰਭ ਕਾਜ ਰਚਾਇਆ ।

(ਸੂਹੀ-੪)

ਓ ਬਲਿਰਾਮ ਜੀਓ, ਮੈਂ ਤੁਹਾਡੇ ਉਪਰੋਂ ਬਲਿ ਬਲਿ ਜਾਵਾਂ! ਅਨਿਕ ਵਾਰੀ। ਪਹਿਲੀ ਲਾਂਵ ਵਿਚ, ਹੇ ਬਲਿਹਾਰ ਜੀਓ, ਕਾਰਜ ਦੀ ਆਰੰਭਕ ਰਸਮ ਏ, ਭਾਵ ਇਥੋਂ ਗ੍ਰਿਹਸਥ ਆਸ਼੍ਰਮ ਯਾ ਦੁਨਿਆਵੀ-ਜੀਵਣ ਸ਼ੁਰੂ ਹੈ। ਇਸ ਵਿਚ ਸਭ ਤੋਂ ਜ਼ਰੂਰੀ ਗਲ ਏਹ ਹੈ ਜੁ ਅਸੀਂ ਧਾਰਮਿਕ ਜਾਂ ਸੰਸਾਰੀ ਕਿਰਤ ਵਿਰਤਵਿਚ (ਪਰਵਿਰਤੀ ਕਰਮ) ਵਿਚ ਸੱਚੇ ਹੋਈਏ, ਸਾਡੀ ਕਮਾਈ ਦਸਾਂ ਨਹੁੰਆਂ ਦੀ ਹੋਵੇ, ਇਸ ਵਿਚ ਬਿਖ ਰਤੀ ਜਿੰਨੀ ਵੀ ਨਾ ਹੋਵੇ। ਇੰਜ ਆਪਣੀ ਕਮਾਈ (ਆਪਣੇ ਧਰਮ) ਜੋ ਵੀ ਸਾਡਾ ਕੰਮ ਹੋਵੇ; ਉਸ

ਵਿਚ ਨੇਕ ਨੀਅਤ ਹੋਕੇ ਕੰਮ ਕਰਣਾ ਏਹ ਆਧਿਆਤਮ ਵਿਦਿਆ ਊੜਾ ਐੜਾ ਹੈ। ਇਸ ਬਿਨਾ ਛਲਾਂਘ ਉਪਰ ਮਾਰਨੀ ਭਾਰੀ ਗਲਤੀ ਹੈ।

ਆਪਣੀ ਕਿਰਤ-ਵਿਰਤ ਵਿਚ ਸੁੱਚੇ ਹੋ ਕੇ ਵਾਹਿਗੁਰੂ ਜੀ ਦਾ ਨਾਮ ਸਿਮਰਨ ਕਰੋ 'ਹਥ ਕਾਰ ਵਲ, ਦਿਲ ਯਾਰ ਵਲ', ਤ ਮੁੜ ਮੁੜ ਸਿਮਰਨ ਕਰਨ ਨਾਲ ਆਪਣੀ ਪਕੀ ਪ੍ਰੀਤੀ ਵਾਹਿਗੁਰੂ ਜੀ ਨਾਲ ਪਾ ਲਵੇ। ਇੰਜ ਆਪਣੇ ਧਰਮ ਵਿਚ ਦ੍ਰਿੜ੍ਹਤਾ ਪਾਕੇ, ਜਿਹਾ ਕਿ ਸਿਮ੍ਰਤੀਆਂ ਵੇਦ ਸ਼ਾਸਤਰ ਮੁੜ ਮੁੜ ਕੇ ਆਖਦੇ ਨੇ (ਬਾਣੀ ਬ੍ਰਹਮਾ ਵੇਦ ਧਰਮ ਦ੍ਰਿੜ੍ਹਹੁ) ਤੁਸੀਂ ਪਾਪ ਤੇ ਭੈੜੇ ਕਰਮ ਤਿਆਗ ਦੇਵੋ, ਇਹਨਾਂ ਦੀ ਜਗ੍ਹਾ ਗੁਣ ਸੰਗ੍ਰਹ ਕਰੋ 'ਅਵਗਣ ਵਿਕਣ, ਗੁਣ ਰਵਾਂ ਬਲਿਰਾਮ ਜੀਉ,-ਅਉਗਣ ਵੇਚ ਕੇ ਗੁਣ ਲੈ ਲਓ, ਪੱਲੇ ਬੰਨ੍ਹ ਲਓ। ਸਤਿਗੁਰੂ ਪੂਰੇ ਗੁਰੂ ਦਾ ਦਿਤਾ ਹੋਇਆ ਉਪਦੇਸ ਦਿਲੋਂ ਮਨੋ ਚੇਤੇ ਰਖੋ। ਇਉਂ ਵਡੇ ਨਿਕੇ ਪਾਪ (ਕਿਲਵਿਖ) ਤਜ ਕੇ ਸੁਭਾਵਕ ਅਨੰਦ (ਸਹਜ ਅਨੰਦ) ਦੇ ਮੰਡਲ ਵਿਚ ਪੈਰ ਰਖੋ। ਵਡਭਾਗੇ ਹਨ ਓਹ ਜੀਵ ਜੋ ਇਸ ਸਤ-ਮਾਰਗ ਤੇ ਕਦਮ ਰਖਦੇ ਨੇ ਇੰਜ ਕਿਰਤ ਵਿਚ ਸੁੱਚੇ ਹੋ ਅਗੇ ਪੈਰ ਪੁਟਦੇ ਨੇ।

ਦੂਜੀ ਲਾਂਵ

ਹਰਿ ਦੂਜੀ ਲਾਂਵ ਸਤਿਗੁਰ ਪੁਰਖੁ,
ਮਿਲਾਇਆ ਬਲਿਰਾਮ ਜੀਉ ।
ਨਿਰਭਉ ਭੈ ਮਨੁ ਹੋਇ ਹਉਮੈ ਮੈਲ
ਗਵਾਇਆ ਬਲਿਰਾਮ ਜੀਉ ।

ਨਿਰਮਲੁ ਭਉ ਪਾਇਆ,
ਹਰਿਗੁਣ ਗਾਇਆ ਹਰਿ ਵੇਖੈ ਰਾਮ ਹਦੂਰੇ ।
ਹਰਿ ਆਤਮਰਾਮੁ ਪਸਾਰਿਆ ਸੁਆਮੀ,
ਸਰਬ ਰਹਿਆ ਭਰਪੂਰੇ ।
ਅੰਤਰ ਬਾਹਰਿ ਹਰਿ ਪ੍ਰਭੁ ਏਕੋ,
ਮਿਲਿ ਹਰਿਜਨ ਮੰਗਲ ਗਾਏ ।
ਜਨੁ ਨਾਨਕੁ ਦੂਜੀ ਲਾਵ ਚਲਾਈ,
'ਅਨਹਦ-ਸਬਦ' ਵਜਾਏ ।੨।

ਦੂਜੀ ਲਾਂਵ ਵਿਚ ਵਾਹਿਗੁਰੂ ਜੀਵਨ ਨੂੰ ਪਾਵਣ ਦਾ ਢੰਗ ਏਹ ਜੁ ਸਿਮਰਨ ਐਡਾ ਪੁਰਪੱਕ ਕਰ ਲਏ ਤੇ ਧਿਆਨ ਵਿਚ ਐਡਾ ਪ੍ਰਬੀਨ ਹੋ ਜਾਏ ਜੋ 'ਅਨਹਦ ਸਬਦ' ਓਸ ਨੂੰ ਅਨਦਿਣ ਆਪਣੇ ਹਿਰਦੇ ਅੰਦਰ ਆਪਣੇ ਆਪ ਸੁਣਾਈ ਦੇਣ ਲਗ ਪਏ– ਆਪ-ਵਜੀ ਧੁਨੀ ਅਨਭਵਤਾ ਦੇ ਦਰਵਾਜ਼ੇ ਖੋਲ੍ਹ ਦੇਂਦੀ ਹੈ । ਤੇ ਇੰਜ ਨਿਰੰਕਾਰ (ਪੁਰਖ) ਮਾਨੋ ਮਨ-ਮੰਦਰ ਵਿਚੋਂ ਹੀ ਆ ਮਿਲਦਾ ਹੈ । ਹੁਣ ਵਾਹਿਗੁਰੂ ਜੀ ਦੇ ਕਾਨੂਨਾਂ ਦਾ ਭੈ, ਡਰ ਰਖਦੇ ਤੇ ਸਿਧੇ ਮਾਰਗ ਤੇ ਚਲਣ ਨਾਲ ਨਿਰਭਉ ਅਵਸਥਾ ਆ ਲਭਦੀ ਹੈ, ਕਿਉਂ ਕਿ ਜਦ ਪਾਪ ਨਹੀਂ ਕਰਨੇ ਤਾਂ ਡਰ ਕਿਸਦਾ- ਡਰ ਤਦ ਤੋੜੀ ਏ ਜਦ ਤੋੜੀ ਅੰਦਰ ਕਪਟ ਏ, ਅਸੱਤ ਏ । ਸ਼ਬਦ-ਚਾਨਣ ਨਾਲ ਹਉਮੈ ਦੀ ਮੈਲ ਵੀ ਧੋਤੀ ਜਾਂਦੀ ਹੈ । ਤੇ ਭੈ ਬਦਲ ਕੇ ਮਿਠਾ ਭਉ (ਡਰ) ਬਣ ਜਾਂਦਾ ਹੈ ਔਗਣ ਹਟ ਕੇ ਗੁਣ ਅੰਦਰ ਆਵਣ ਲਗ ਪੈਂਦੇ ਹਨ ਤੇ ਵਜਦੇ ਸ਼ਬਦ ਰਾਹੀਂ ਵਾਹਿਗੁਰੂ ਹਾਜ਼ਰ ਨਾਜ਼ਰ ਇਥੇ ਉਥੇ ਭਾਸਣ ਲਗ ਪੈਂਦਾ ਹੈ ਹਾਂ ਇਹ ਪ੍ਰਤੀਤ ਹੋ ਜਾਂਦਾ ਹੈ ਜੁ ਇਕੋ ਆਤਮਾ ਦਾ ਪਸਾਰਾ ਓਤ ਪੋਤ ਪਸਰਿਆ ਪਿਆ ਹੈ, ਫਿਰ ਘਰ ਬਾਹਰ ਓਹੋ ਵਾਹਿਗੁਰੂ ਜੀ

ਦੇ ਪਰਤੱਖ ਦਰਸ਼ਨ ਅਨਹਦ ਸਬਦ ਦਵਾਰਾ ਹੁੰਦੇ ਨੇ ਤੇ ਗੁਰਮੁਖਾਂ ਨਾਲ ਮਿਲ ਕੇ ਦਿਲ ਵਿਚ ਵਧੇਰੀ ਪ੍ਰੀਤ ਉਪਜਦੀ ਏ, ਇਉਂ ਸਾਡ ਅੰਦਰੋਂ ਵਾਹਿਗੁਰੂ ਜੀ ਦੇ ਜੱਸ (ਮੰਗਲ) ਦੀ ਲੜੀ ਉਪਜਦੀ ਏ।

3. ਤੀਜੜੀ ਲਾਂਵ

ਹਰਿ ਤੀਜੜੀ ਲਾਂਵ ਮਨਿ ਚਾਉ ਭਇਆ
ਬੈਰਾਗੀਆ ਬਲਿਰਾਮ ਜੀਓ।
ਸੰਤ ਜਨਾਂ ਹਰਿ ਮੇਲਿ ਹਰਿ ਪਾਇਆ
ਵਡਭਾਗੀਆ ਬਲਿਰਾਮ ਜੀਉ।
ਨਿਰਮਲ ਭਉ ਪਾਇਆ ਹਰਿਗੁਣ ਗਾਇਆ
ਮੁਖ ਬੋਲੀ ਹਰਿ ਬਾਣੀ।
ਸੰਤ ਜਨਾਂ ਵਡਭਾਗੀ ਪਾਇਆ
ਹਰਿ ਕਥੀਐ ਅਕਥ ਕਹਾਣੀ।
ਹਿਰਦੈ ਹਰਿ ਹਰਿ ਹਰਿਧੁਨਿ ਉਪਜੀ
ਹਰਿ ਜਪੀਐ ਮਸਤਕਿ ਭਾਗ ਜੀਉ।
ਜਨੁ ਨਾਨਕ ਬੋਲੇ ਤੀਜੀ ਲਾਵੈ
ਹਰਿ ਉਪਜੈ ਮਨਿ ਬੈਰਾਗ ਜੀਉ।੩।

ਤੀਜੀ ਲਾਂਵ ਵੇਲੇ ਅਨਹਦ ਸਬਦ ਦੁਆਰਾ ਮਨ ਵਿਚ ਐਡੀ ਪ੍ਰੀਤ ਉਪਜਦੀ ਹੈ ਜੁ ਜੀਅ ਕਰਦਾ ਹੈ ਜੁ 'ਮਾਇਆ' ਨੂੰ ਪੂਰਨ

ਤਿਆਗ ਕੇ ਪ੍ਰਾਣੀ ਬੈਰਾਗੀ (Detached) ਹੋ ਜਾਏ, ਭਾਵ ਦਿਲ ਕਰਦਾ ਹੈ ਜੁ ਗ੍ਰਿਹਸਤ ਆਸ਼੍ਰਮ ਨੂੰ ਵੀ ਛਡ ਕੇ ਨਿਹੰਗ ਤੇ ਨਿਸ਼ੰਗ ਹੋ ਜਾਏ, ਤੇ ਹਰ ਵੇਲੇ ਸੰਤਾਂ ਨਾਲ ਮੇਲ ਜੋਲ ਰਖਣ ਦਾ ਚਾਉ ਉਠਦਾ ਹੈ ਜੋ ਸੰਤ ਜਨ ਵਡੇ ਭਾਗਾਂ ਨਾਲ ਮਿਲਦੇ ਹਨ । ਫਿਰ ਜੀ ਕਰਦਾ ਹੈ ਜੁ ਸ਼ੁਧ ਸਚਦਾ ਨੰਦ ਪਾਰਬ੍ਰਹਮ ਦੇ ਗੁਣ ਹੀ ਗਾਂਦੇ ਰਹੀਏ, ਤੇ ਮੂੰਹੋਂ ਵਾਹਿਗੁਰੂ ਦੀ ਬਾਣੀ ਹੀ ਕਥਨ ਕਰੀਏ। ਅੰਦਰੋਂ ਬਾਹਰੋਂ ਰੋਮ ਰੋਮ ਵਿਚੋਂ ਵਾਹਿਗੁਰੂ ਜੀ ਦੀ ਧੁਨੀ ਉਪਜਦੀ ਹੈ ਜੋ ਅਨਹਤ ਆਪ ਵਜੀ ਤੇ ਅਖੰਡ ਹੈ । ਏਹ ਵਡੇ ਭਾਗਾਂ ਦਾ ਨਤੀਜਾ (ਜਪੀਐ ਮਸਤਕਿ ਭਾਗ ਜੀਉ) ਹਾਂ ਇਹ ਹੈ ਤੀਜੜੀ ਅਵਸਥਾ, ਜਿਸ ਵਿਚ ਸੰਸਾਰ ਵਲੋਂ ਮੂੰਹ ਮੁੜਦਾ ਨਜ਼ਰ ਆਉਂਦਾ ਏ ਤੇ ਜੀਵ 'ਵੈਰਾਗ ਮਈ, ਅਵਸਥਾ ਵਿਚ ਚਲਾ ਜਾਂਦਾ ਹੈ।

ਪਰ ਵੈਰਾਗ ਵੈਰਾਗ ਵਿਚ ਵੀ ਫ਼ਰਕ ਹੈ। ਇਕ ਵੈਰਾਗ ਤਾਂ ਐਵੇਂ ਭਜ ਟੁਰਨਾ ਹੈ ਚੂੰਚ ਗਿਆਨ ਦੇ ਕਾਰਣ, ਦੂਜਾ ਵੈਰਾਗ ਓਹ ਹੈ ਜੋ ਅਨਹਤ ਸ਼ਬਦ ਨੇ ਸਾਡੇ ਅੰਦਰ ਬੀਜਿਆ ਹੈ-ਪਰ ਚੌਥੀ ਲਾਂਵ ਦਸੇਗੀ ਜੋ ਵੈਰਾਗ ਵਾਲੀ ਦਸ਼ਾ ਨੂੰ ਅਸਾਂ ਕਾਬੂ ਪਾਵਣਾ ਹੈ, ਤੇ ਗ੍ਰਿਸਤ ਆਸ਼੍ਰਮ ਵਿਚ ਰਹਿੰਦੇ ਹੋਏ, ਵਾਹਿਗੁਰੂ ਜੀਵਨ ਬਤੀਤ ਕਰਣਾ ਹੈ ਨਾਕਿ 'ਸੰਨਿਆਸ' ਧਾਰਨ ਕਰਕੇ ਤੇ ਜੰਗਲਾਂ ਵਿਚ ਫਿਰ ਕੇ।

4. ਚੌਥੀ ਲਾਂਵ

ਹਰਿ ਚਉਥੜੀ ਲਾਂਵ ਮਨਿ 'ਸਹਜੁ' ਭਇਆ
ਹਰਿ ਪਾਇਆ 'ਬਲਰਾਮ ਜੀਉ ।

ਗੁਰਮਖਿ ਮਿਲਿਆ ਸੁਭਾਇ ਹਰਿ
ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ ।
ਮੀਠਾ ਲਾਇਆ ਮੇਰੇ ਪ੍ਰਭ ਭਾਇਆ
ਅਨੁਦਿਨ ਹਰਿ ਲਿਵ ਲਾਈ ।
ਮਨ ਚਿੰਦਿਆ ਫਲੁ ਪਾਇਆ ਸੁਆਮੀ
ਹਰਿਨ ਮ ਵਜੀ ਵਾਧਾਈ ।
ਹਰਿ' ਪ੍ਰਭਿ ਠਾਕੁਰਿ ਕਾਜੁ ਰਚਾਇਆ
ਧਨ ਹਿਰਦੈ ਨਾਮਿ ਵਿਗਾਸੀ ।
ਜਨੁ ਨਾਨਕੁ ਬੋਲੇ ਚਉਥੀ ਲਾਵੈ
ਹਰਿ ਪਾਇਆ ਪ੍ਰਭੁ ਅਵਿਨਾਸੀ । ੪ ।

ਚੌਥੀ ਲਾਂਵ ਵਿਚ ਪੂਰਨ ਵਾਹਿਗੁਰੂ ਦੀ ਪ੍ਰਾਪਤੀ ਹੈ ! ਤੀਜੀ ਅਵਸਥਾ ਵਿਚ ਜੇ ਮਨ ਇਕ-ਰੁਖਾ ਹੋਕੇ-ਮਾਇਆ ਤੋਂ ਪਰੇਡੇ ਹੋ ਕੇ ਟੁਰ ਪਿਆ ਸੀ ਤਾਂ ਹੁਣ ਓਹ ਆਪਣੀ ਗਲਤੀ ਆਪੇ ਦਰੁਸਤ ਕਰ ਕੇ ਮਾਇਆ ਵਿਚ ਰਹਿੰਦਾ ਹੋਇਆ ਨਿਰਲੇਪ ਜੀਵਨ ਬਤੀਤ ਕਰਨ ਲਗ ਪੈਂਦਾ ਹੈ,ਅੰਤਰ ਬਾਹਰ ਇਕ ਭੁਲਿਆ ਹੋਇਆ

-ਸਹਜ-

ਸਹਜ ਇਸਥਿਤ (Supreme equilibrium) ਇਸੇ ਨੂੰ 'ਸਹਜ ਸਮਾਧੀ' ਵੀ ਆਖਦੇ ਹਨ । ਇਸ ਵਿਚ ਅੱਖਾਂ ਮੀਟਣੀਆਂ ਤੇ ਕੰਮ ਛਡ ਬਹਿਣਾ ਨਹੀਂ, ਸਗੋਂ ਕੰਮ ਕਾਜ ਕਰਦਿਆਂ, ਟੁਰਦਿਆਂ ਫਿਰਦਿਆਂ, "ਹਸੰਦਿਆਂ' ਖੇਡੰਦਿਆਂ, ਪਹਿਨੰਦਿਆਂ ਵਿਚੇ ਹੋਵੈ ਮੁਕਤਿ ।"

ਉਂਜ ਤਾਂ ਭਾਵੇਂ ਇਹ ਗਲ ਅਚੰਭਾ ਜਿਹੀ ਜਾਪਦੀ ਹੈ ਕਿਉਂ ਕਿ ਅਸੀਂ 'ਜੋਗ' ਨੂੰ ਸੁੰਨ ਸਮਾਧ, ਚੁਪ ਚਾਪ ਅਵਸਥਾ

ਸਮਝਦੇ ਹਾਂ ਪਰ ਓਹ ਭਾਵੇਂ ਪਹਿਲਾ ਪੜਾ ਹੋਵੇ, ਅਖੀਰਲਾ ਨਹੀਂ। ਅਖੀਰਲੇ ਵਿਚ ਤਾਂ ਉਪਾਧ ਰਹਿਤ ਅਖੰਡ ਸਮਾਧੀ ਏ, 'ਊਠਤ ਬੈਠਤ ਸੋਵਤ ਜਾਗਤ', ਤੇ ਇਕ ਔਖੇ ਮਰਹਲੇ ਨੂੰ ਸਿਰੇ ਚਾੜ੍ਹਨ ਵਾਲੀ ਅਚੰਭਾ-ਸ਼ਕਤੀ 'ਅਨਹਦ ਸ਼ਬਦ' ਏ, ਜੋ ਪ੍ਰੀਤ ਨਾਲ ਰਾਤ ਦਿਨ ਵਜਦ ਏ, ਇਉਂ 'ਅਨਦਿਨ ਹਰਿ ਲਿਵ ਲਾਈ' ਦੀ ਹੈ ਤੇ ਮਨ-ਇਛਤ ਫਲ ਭਾਵ ਵਾਹਿਗੁਰੂ ਜੀਵਨ ਦਾ ਅਕਹਿ ਰਸ ਆਂਵਦਾ ਹੈ ਤੇ ਇਉਂ ਪ੍ਰਤੀਤ ਹੁੰਦਾ ਹੈ ਜੋ ਸਾਡਾ ਮਨ ਆਪਣੇ ਆਪ ਨੂੰ ਵਧਾਈ ਦੇ ਰਿਹਾ ਹੈ-'ਵਧਾਇਓਂ, ਵਧਾਇਓਂ, ਵਧਾਇਓਂ' (ਹਰਿਨਾਮ ਵਜੀ ਵਾਧਾਈ), ਇਹ ਹਰਿਨਾਮ ਸਿਮਰਣ ਨਾਲ ਅਨਹਦ ਨਾਮ ਦੀ 'ਗੰਗਾ' ਵਗਣ ਦਾ ਨਤੀਜਾ ਹੈ! ਇਹ ਕੰਮ ਵਾਹਿਗੁਰੂ ਨੇ ਵਾਸਤਵ ਵਿਚ ਆਪ ਅਰੰਭਿਆ ਸੀ, ਇਹ ਪਲੀਤਾ ਉਸ ਨੇ ਆਪ ਹੀ ਲਾਇਆ ਸੀ, ਤੇ ਆਪੇ ਹੀ ਹੁਣ 'ਧਨ' ਨੂੰ 'ਪਿਰ' ਨਾਲ ਚਾ ਸੂ ਮੇਲਿਆ! ਓ ਪਿਆਰਿਆ-ਆਪਿਆ, ਓ ਵਾਹਿਗੁਰੂਆ, ਏਹ ਤੈਂਡਾ ਆਪਣਾ 'ਬਿਰਦ' ਏ ਤੈਂਡੀ ਸ਼ਬਦ-ਜੋਤ ਨਾਲ ਮਨ ਵਿਚ ਪ੍ਰਕਾਸ਼ ਹੋਇਆ ਏ (ਹਿਰਦੈ ਨਾਮ ਵਿਗਾਸੀ) ਤੇ ਇਉਂ ਅਨੰਦ ਦੀਆਂ ਨਦੀਆਂ ਵਹਿ ਟੁਰੀਆਂ ਨੇ। ਸਚ ਏ ਓ ਪ੍ਰੀਤਮਾ, ਇਸ ਦੇ ਪਿਛੋਂ ਤੂੰ ਅਡ ਨਹੀਂ ਤੇ ਮੈਂ ਅਡ ਨਹੀਂ-ਤੂੰ ਮੈਂ ਮਿਲਕੇ 'ਸਹਜ-ਜੀਵਨ' ਵਿਚ ਲੀਨ ਹੋ ਜਾਂਦੇ ਨੇ—

'ਜਨ ਨਾਨਕ ਬੋਲੇ ਚਉਥੀ ਲਾਵੈ
ਹਰਿ ਪਾਇਆ ਪ੍ਰਭ ਅਬਿਨਾਸੀ।

ਤੇ ਵਰ ਵੀ ਕੇਹੜਾ ਪਾਇਆ ?

ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ
ਸਦ ਨਵਤਨ ਬਾਲ-ਸਖਾਈ।

ਨਾਨਕ ਕਿਰਪਾ ਕਰਿਕੈ ਮੇਲੇ,
ਵਿਛੁੜਿ ਕਦੇ ਨਾ ਜਾਈ। (ਸੂਹੀ ਛੰਤੁ)

ੳ ਅਗੰਮੜੇ-ਵਰਾ ! ਤੈਂਡਾ ਰੂਪ ਅਨੂਪ ਏ, ਸਦ ਨਵਤਨ, ਨਵੇਂ ਤੋਂ ਨਵਾਂ ਰੰਗ ਵਾਲਾ, ਸਦਾ ਨਵੀਨ ਤੇ ਸਦਾ ਸਹਾਈ (ਬਾਲ-ਸਖਾਈ)।

ਵਾਹ ਵਾਹ ਸੋਹਣੇ ਦਾ ਸੋਹਣਾ ਰੂਪ ! ਬਾਂਕੇ ਦੇ ਬਾਂਕੇ ਬੈਣ ! ਰੂੜੇ ਦੀ ਗੂੜ੍ਹੀ ਲੀਲ੍ਹਾ, ਆਪੇ ਦੀ ਆਪੁ ਸਮਾਈ ! ਫਿਰ ਵਿਛੁੜ ਕਦੇ ਨਾ ਜਾਈ ! ਪਿਰ ਛੈਲ ਛਬੀਲਾ, ਫਿਰ ਤੂੰ, ਫਿਰ ਮੈਂ, ਸਦ ਜੀਂਵਦਾ, ਸਦ ਜਾਗਦਾ, ਸਦ ਲਾਡ ਲਡਾਂਵਦਾ, ੳ ਅਨੰਦਮਈ ਜੀਵਣ, ੳ ਵਿਸਮਾਦੀ ਵਲਵਲਾ, ਲੰਮ ਸਲੰਮਾ ੳ ਗੰਗਾ-ਮਈ ਨਿਰਮਲਤਾ ! ਚਾਉ ਸੁਆਉ ਦਾ ਸਦ-ਪੰਘੂੜਾ, ਰਸਨ ਭਰੇ ਰੱਸ, ਮੰਗਲ ਸਦ ਅਨੂਠੇ, ਜੀਵਨ ਸਦ-ਥਿਰ ਥੀਵਨ ! ਹਾਂ ਵਾਹਿਗੁਰੂ, ਜੀਵਣ, ਅਕਹਿ ਸਦ ਜੀਵਣ !

੨.

ਇਸ ਅਣੋਖੀ ਅਵਸਥਾ, 'ਸਹਜ' ਅਵਸਥਾ ਦੇ ਇਕ ਨਹੀਂ ਚਾਰ ਮੁਖ ਅੰਗ ਨੇ ! ਇਸ ਅਰਬੀ-ਬਿਬਾਨ, ਇਸ ਸੁਨਿਹਰੀ ਪਲੰਘ, ਜਿਸ ਉਪਰ ਸੁਰਿਨਰ ਤੇ ਮੁਨਿਜਨ ਬਿਰਾਜਮਾਨ ਹਨ ਦੇ ਚਾਰ ਪਾਵੇ ਇਹ ਹਨ-

ਪਰਵਿਰਤੀ ਧਰਮ — ਭੈ (ਵਾਹਿਗੁਰੂ ਜੀ ਦਾ)

(Duty) — (Fear of the Lord)



ਅਨਹਦ ਸ਼ਬਦ
(Mytsic Union
with logos)

ਬੈਰਾਗ
Inner Detachment
whlile Doing duty

(੧) 'ਪਰਵਿਰਤ-ਧਰਮ' ਵਿਚ ਦ੍ਰਿੜ੍ਹਤਾ ਸਾਨੂੰ ਆਪਣੇ ਪੈਰਾਂ ਉਪਰ ਆਪ ਖੜਾ ਕਰਦੀ ਹੈ ਤੇ ਸਾਨੂੰ ਹੋਰਾਂ ਉਪਰ ਬੋਝਲ ਨਹੀਂ ਬਣਾਂਦੀ। ਜਦ ਤਕ ਅਪਣੀ ਦਸਾਂ ਨਹੁੰਆਂ ਦੀ ਕਿਰਤ ਨਹੀਂ ਤੇ ਉਸ ਵਿਚ ਸੁਚ-ਸੰਜਮ ਨਹੀਂ, ਤਦ ਤਕ ਵਾਹਿਗੁਰੂ ਜੀਵਣ ਅਸੰਭਵ ਹੈ, ਕਿਉਂ ਕਿ ਇਹ ਨੀਂਹ ਹੈ ਜਿਸ ਉਪਰ ਸਹਜਿ ਮਹਿਲ ਨੇ ਉਸਰਨਾ ਹੈ। ਕਿਰਤ ਵਿਰਤ ਵਿਚ ਪਵਿਤਰਤਾ ਤੇ ਉਦਮ ਗ੍ਰਹਮਤ ਮਾਰਗ ਦੇ ਵਡੇ ਥੰਮ ਨੇ, ਏਸ ਕਰਕੇ ਆਪਣੇ ਧਰਮ (Duty) ਵਿਚ, ਜੋ ਵੀ ਹੋਵੇ ਮਾਨੋ ਸਾਡਾ ਪਰਮ-ਧਰਮ ਏ!

(੨) 'ਭੈ' ਦਾ ਭਾਵ ਹੈ, ਵਾਹਿਗੁਰੂ ਜੀ ਨੂੰ ਹਾਜ਼ਰ ਨਾਜ਼ਰ ਜਾਣਨਾ ਤੇ ਖੋਟੇ ਕਮਾਂ ਤੋਂ ਬਚਣਾ, ਜੀਕਣ ਪੁਲੀਸ ਦੇ ਸਾਮ੍ਹਣੇ ਡਾਕੂ ਡਾਕਾ ਨਹੀਂ ਮਾਰਦੇ! ਜੇ ਵਾਹਿਗੁਰੂ ਜੀ ਨੂੰ ਉਥੇ ਵੀ ਹਾਜ਼ਰ ਵੇਖੀਏ ਜਿਥੇ ਪੁਲੀਸ ਨਹੀਂ ਤਾਂ ਮਨ ਆਪੇ ਹੀ ਵਕਾਰਾਂ ਤੋਂ ਮੁੜ ਜਾਂਦਾ ਹੈ।

'ਭੈ' ਬਿਨ ਘਾੜਤ ਕਚ 'ਨਿਕੱਚ'

ਭੈ ਬਿਨਾਂ ਧਰਮਿਕ ਜੀਵਨ ਬਿਲਕੁਲ ਹੀ ਕੱਚਾ ਹੈ। ਤੇ ਤਜਰਬੇ ਦੀ ਭਠੀ ਵਿਚ ਆ ਕੇ ਸੜ ਬਲ ਜਾਂਦਾ ਹੈ। ਇਸ ਕਰਕੇ 'ਭੈ' ਚੇਤਨ 'ਸਹਜ' ਦਾ ਇਕ ਮੁਖ ਅੰਗ ਹੈ–

ਭੈ ਬਿਨ ਭਰਮ ਨਾ ਕਟੀਐ ਨਾਮ ਨ ਲਗੈ ਪਿਆਰੁ।
ਸਤਿਗੁਰ ਤੇ ਭਉ ਉਪਜੈ ਪਾਈਐ ਮੋਖ ਦੁਆਰੁ।
'ਭੈ' ਤੇ 'ਸਹਜ' ਪਾਈਐ, ਮਿਲਿ ਜੋਤੀ ਜੋਤਿ ਅਪਾਰੁ।

(ਮਲਾਰ ਵਾਰ)

ਵਾਸਤਵ ਵਿਚ 'ਨਿਰਭਉ' ਬਣਣ ਦੀ ਜੁਗਤੀ ਵੀ ਏਹੋ ਵੇ-
'ਸੋ ਨਿਰਭਉ ਜਿਨ ਭਉ ਪਾਇਆ।'

(੩) ਉਪ੍ਰੋਕਤ ਦੋ ਪੜਾ ਭਾਵੇਂ 'ਧਰਮ' ਦੀਆ ਪਉੜੀਆਂ ਹਨ, ਪਰ ਇਨ੍ਹਾਂ ਤੋਂ ਇਲਾਵਾ 'ਅਨਹਦ-ਸ਼ਬਦ' ਨਾਲ ਨਿਜ-ਸੰਬਧ ਜਦ ਤੋੜੀ ਨਾ ਹੋਵ ਤਦ ਤੋੜੀ ਬਿਸਮਾਦ ਦਾ ਝੂਟਾ ਨਹੀਂ ਆਂਵਦਾ ਪਰ ਜਦ 'ਪ੍ਰੀਤ-ਸਿਮਰਨ' ਨਾਲ ਏਹ ਅਰਸ਼ੀ ਝੂਟਾ ਆਂਵਦਾ ਹੈ ਤਾਂ ਸਾਰਾ ਸੰਸਾਰ ਇਕ ਅਣੋਖੇ ਰੰਗ ਵਿਚ ਰੰਗਿਆ ਜਾਂਦਾ ਹੈ ਤੇ ਇਉਂ ਭਾਸਦਾ ਹੈ ਮਾਨੋ ਸੰਸਾਰ ਵਿਚ 'ਸਦ-ਬਸੰਤ' ਦਾ ਖੇੜਾ ਭਰਿਆ ਗਿਆ ਹੈ।

ਮਾਈ ਰੀ ! ਪੇਖਿ ਰਹਿਓ ਬਿਸਮਾਦਿ ।
ਅਨਹਦ ਧੁਨੀ ਮੇਰਾ ਮਨੁ ਮੋਹਿਓ
ਅਚਰਜ ਤਾਕੇ ਸ੍ਵਾਦ । ਰਹਾਉ ।
ਮਾਤ ਪਿਤਾ ਬੰਧਪਿ ਹੈ ਸੋਈ ਮਨਿ ਹਰਿ ਕਉ ਅਹਲਾਦ ।
ਸਾਧ ਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ ਪਰਮਾਦ ।
ਡੋਰੀ ਲਪਟਿ ਰਹੀ ਚਰਨਾ ਸੰਗਿ ਭ੍ਰਮ ਸਗਲੇ ਖਾਦ ।
ਏਕ ਆਧਾਰ ਨਾਨਕ ਜਨੁ ਕੀਨਾ ਬਹੁਰਿ ਨ ਜੋਨਿ ਭ੍ਰਮਾਦ ।
(ਸਾਰੰਗ ਮ: ੫)

ਜਦ ਏਹ ਡੋਰੀ ਵਾਹਿਗੁਰੂ ਜੀ ਦੇ ਚਰਨਾਂ ਨਾਲ ਸਾਨੂੰ ਗੰਢਦਾ ਹੈ ਤਾਂ ਅਕਹਿ ਰਸ ਆਂਵਦਾ ਹੈ, ਕਿਉਂ ਕਿ ਸਰਬ ਚੇਤਨ (Consciousness) ਦਾ ਦਰ ਖੁਲ੍ਹਦਾ ਹੈ। ਤੇ ਮਨ ਨੂੰ ਅਕਾਲੀ ਰਸ ਦਾ ਝੂਟਾ (ਅਹਿਲਾਦ) ਆਂਵਦਾ ਹੈ, ਫਿਰ ਇਸ ਬਿਨਾਂ ਰਹਿਨ ਨਹੀਂ ਹੁੰਦਾ, ਏਹ ਸਾਡੀ ਮਾਂ, ਪਿਓ ਤੇ ਸਖਾ ਬਣ ਜਾਂਦੀ ਹੈ, ਏਹ ਵੇ ਲਚਕਦਾਰ ਅਖੰਡ–ਤਾਰ, ਚੇਤਨਤਾ ਦੀ ਪੁੰਜ, ਅਨੰਦ ਦਾ ਸੋਮਾ:–

ਸਬਦਿ ਚੀਨਿ ਸਹਜ ਘਰਿ ਆਵਹਿ ।
(ਬਿਲਾਵਲ ਮ: ੩)

(੪) ਚੌਥਾ ਅੰਗ ਹੈ 'ਬੈਰਾਗ' ਜਿਸ ਦਾ ਭਾਵ ਮਾਇਆ ਨੂੰ ਦੁਰਕਾਰਨਾ ਨਹੀਂ, ਪਰ ਕਮਲ ਵਾਂਗ ਨਿਰਲੇਪ ਹੋ ਕੇ ਰਹਿਣਾ। ਵੈਰਾਗਮਈ ਅਵਸਥਾ ਵਿਚ ਚਿਤ ਵਾਹਿਗੁਰੂ ਵਲ ਹੋ ਜਾਂਦਾ ਤੇ ਮਾਇਆ ਵਲੋਂ, ਅਬਊਟਰਨ (About turn) ਮੁੜ ਜਾਂਦਾ ਹੈ—ਜੀਕਣ ਰੇਲ ਦਾ ਇੰਜਣ ਆਪਣੇ ਚਕੱਰ ਉਪਰ ਆਕੇ ਭਵਾਟੀ ਖਾ ਜਾਂਦਾ ਹੈ।

"ਭੈ' ਤੇ 'ਬੈਰਾਗ' ਉਪਜੈ, ਹਰਿ ਖੋਜਤ ਫਿਰਣਾ।
ਖੋਜਤ ਖੋਜਤ 'ਸਹਜ' ਉਪਜਿਆ ਫਿਰਿ ਜਨਮਿ ਨਾ ਮਰਣਾ।

ਏਨ੍ਹਾਂ ਦਾ ਤਤ 'ਸਹਜ' ਏ! 'ਸਹਜ' ਇਨ੍ਹਾਂ ਦਾ ਭਾਵੇਂ ਸਾਂਝਾ ਘਰ ਹੈ ਪਰ ਫਿਰ ਭੀ ਸਭ ਤੋਂ ਉਚੇਰਾ ਏ ਕਿਉਂ ਕਿ ਓਹ ਇਕ ਅਣੋਖਾ ਸੰਸਾਰੀ ਜੀਵਨ ਏ-ਉਹ ਨਵ-ਜੀਵਨ ਜਿਸ ਵਿਚ ਰਸ ਕੁਟ ਕੁਟ ਕੇ ਭਰਿਆ ਪਿਆ ਵੇ ਤੇ ਜਿਸ ਵਿਚ ਵਾਹਿਗੁਰੂ ਜੀ ਆਪ ਵਸਦੇ ਨੇ ਤੇ ਰਸਦੇ ਨੇ, ਤੇ ਵਿਗਸਦੇ ਨੇ। 'ਸਹਜ' ਦੀ ਅਣੋਖੀ ਪਲੰਘੀਰੀ। ਸਹਜ ਦੀ ਪਵਣ ਭੰਭੀਰੀ!

ਓ ਸਹਜ, ਤੈਂਡੀ ਅਕੱਥ ਕਥਾ ਅਤੀ ਈ ਅਨੂਪਮ ਏ, ਕਥੀ ਨਹੀਂ ਜਾਂਦੀ। ਮੁਕਤੀ ਦੀ ਜੁਗਤੀ ਤੂੰ ਏਂ, ਕਿਰਤ ਵਿਰਤ ਦੀ ਕੁੰਜੀ ਤੂੰ ਏਂ ਸੁਖ ਸਾਗਰ ਦੀ ਖਾਣ ਤੂੰ ਏਂ, ਅਰਸ਼ੀ ਜੀਵਣ ਦੀ ਗੁੜ੍ਹਤੀ ਤੂੰ ਏਂ, ਓ ਸੋਹਣਿਆ, 'ਸਹਜ ਜੀਵਣਾਂ ਜਦ ਤੈਂਡੀ ਸੀਤਲ ਪਵਣ ਮੈਂਡੇ ਹਿਰਦੇ ਅੰਦਰ ਆਂਵਦੀ ਏ, ਤਾਂ ਚੌਰਾਸੀ ਦੇ ਸੜੇ ਹੋਏ ਮੈਂਡੇ ਮਾਰੂ ਸਥੱਲ ਹਰੇ ਭਰੇ ਹੋ ਕੇ ਫੁਟ ਉਠਦੇ ਨੇ ਤੇ ਫੇਰ ਚਲੂਲੜੇ ਵੇਸ ਵਿਚ ਟਹਿਕਦੇ ਨੇ! ਓ ਹਰੀ-ਭਰੀ, ਲਾਲ ਗੁਲਾਲ, ਚਿਕਨੀ ਚੋਪੜੀ ਅਵਸਥੇ! ਤੂੰ ਸਚ ਮੁਚ ਵਾਹਿਗੁਰੂ ਵਲ੍ਹੇਟੀ ਏਂ! ਨਿਰਮਲ, ਨਿਰਛਲ, ਅਤੀ ਕੋਮਲ, ਸਦ-ਗੁੰਦੀ, ਸਦ ਫੁਲਦੀ, ਰਸਦਾਇਕ ਅਵਸਥਾ ਤੂੰ

१ ੳ)   (ਕੀ ? ਓਹੀ !!)   (१ ੳ

ਸੰਸਾਰੁ ਕੀ ਏ ?

'ਆਤਮਰਾਮ ਸੰਸਾਰਾ' (ਸੂਹੀ)

ਪ੍ਰਸ਼ਨ (?) ਤੋਂ ਪੁਛਦੇ ਪੁਛਦੇ ਉਤਰ ਆਉਂਦਾ ਏ ਏਕੰਕਾਰ (?) !

? ? ? ?

ਵਿਥ ਮੇਲਣਾ
ਨਾਦ ਬਿੰਦੂ
?
ਪੂਰਨ ਏਕਤਾ

ਏਕੰਕਾਰ

१ੳ

। ਪ੍ਰਸ਼ਨ ਚਿਨ੍ਹ ।

| ਨਾਦ ਬਿੰਦੂ |

| ਹਾਂ, ਕੀ ਏ ? ਕੀ ਏ, ਏਹ |

| ਏ ਕੰਕਾਰ | ਏ !!

'ਨਾਦ-ਬਿੰਦ' (ਸ਼ਬਦ)
ਮੇਲ ਨਾਲ ਪ੍ਰਤੀਤ
ਹੋਂਦਾ ਏ...ਕੀ ?

(१)

१ ੳ)   (१ ੳ

ਏਂ । ਓ 'ਸਹਜ' ! ਤੈਂਡੇ ਗੰਗਾ ਨੀਰ ਵਿਚ ਤੈਂਡੀਆਂ ਪ੍ਰੀਤ-ਪ੍ਰੋਤੀਆਂ ਮਛੀਆਂ ਨਿਤ ਨਿਤ ਗੋਤੇ ਮਾਰਦੀਆਂ ਨੇ ! ਓ ਸੁੱਚੇ, ਸੁੱਚੇ ਤੇ ਸਦ ਬਸੰਤੀ ਜੀਵਣ, ਤੈਥੋਂ ਬਲਿਹਾਰ, ਇਸ ਸਹਜ-ਸਿਘਾਸਨ, ਇਸ ਉਚੇ ਤਖਤ ਤੇ ਬੈਠ ਕੇ ਪਤਾ ਲਗਦਾ ਏ-ਸੰਸਾਰ ਕੀ ਏ !' ਤੇ ਉਤਰ ਦੀ ਗੂੰਜ ਰੋਮ ਰੋਮ ਵਿਚੋਂ ਇਓਂ ਫੁਟ ਉਠਦੀ ਏ—ਆਤਮ ਰਾਮ ਸੰਸਾਰਾ ! ਸਾਚਾ ਖ਼ੇਲ ਤੁਮਾਰਾ'

(ਸੂਹੀ ਮ: ੧)

ਓ ਮਾਇਆ-ਛਾਇਆ ! ਜੇ ਤੈਨੂੰ ਹੀ ਗਹੁ ਨਾਲ ਵੇਖੀਏ ਤਾਂ ਤੂੰ ਏਂ ਵੇ ਓਅੰਕਾਰ, ਨਿਰੰਕਾਰ ਦੀ ਆਪ ਵਲ੍ਹੇਟੀ ਸੁੰਦਰ 'ਸਾੜ੍ਹੀ' ਚੋਜੀ ਦਾ ਵਡਕਾ ਚੋਜ ! ਇਸ 'ਚੋਜੀ' ਵਿਚ ਚੋਜੀ ਮਈ ਚੁਭੀ ਮਾਰਕੇ ਸਦਾ ਲਈ ਇਕ ਮਿਕ ਹੋ ਜਾਣਾ, ਏਕੰਕਾਰ ਹੋ ਜਾਗਣਾ,

ਹਾਂ, ਏਹ ਵੇ, ਏਹ ਵੇ, 'ਸਹਜ' ਅਵਸਥਾ !!

ਸੁੰਦਰ ਸੁਘੜ, ਸਰੂਪ, ਬਿਚੱਖਣ, ਬਿਸਮੈਇਕ, ਰਸ-ਲੱਦ ਰਸ-ਗੁੱਧੀ, ਓ 'ਸਹਜ'-ਧਾਰੀ ਜੀਵਣ !!!